ਐਤਵਾਰ, 10 ਮਈ, 2026
27 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 339

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • SUNDAY, 10 MAY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

## ਕੈਬਨਿਟ ਮੰਤਰੀ ਸੰਜੀਵ ਅਰੋੜਾ ਈ ਡੀ ਵੱਲੋਂ ਗ੍ਰਿਫ਼ਤਾਰ

**ਚੰਡੀਗੜ੍ਹ** : ਪੰਜਾਬ ਦੇ ਬਿਜਲੀ, ਉਦਯੋਗ, ਨਿਵੇਸ਼ ਪ੍ਰੋਤਸਾਹਨ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸੰਜੀਵ ਅਰੋੜਾ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਅਧਿਕਾਰੀਆਂ ਨੇ ਚੰਡੀਗੜ੍ਹ ਦੇ ਸੈਕਟਰ 2 ਸਥਿਤ ਉਨ੍ਹਾ ਦੀ ਸਰਕਾਰੀ ਰਿਹਾਇਸ਼ 'ਤੇ ਕਈ ਘੰਟੇ ਚੱਲੀ ਤਲਾਸ਼ੀ ਮੁਹਿੰਮ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਹੈ।

ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਅਰੋੜਾ ਦੇ ਹੱਕ ਵਿੱਚ ਟਵੀਟ ਕੀਤੇ ਹਨ । ਈ ਡੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਮਨੀ ਲਾਂਡਰਿੰਗ ਨਾਲ ਸੰਬੰਧਤ ਇੱਕ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਅਰੋੜਾ ਨੂੰ ਭਗਵੰਤ ਮਾਨ ਕੈਬਨਿਟ ਵਿੱਚ ਸਭ ਤੋਂ ਸ਼ਕਤੀਸ਼ਾਲੀ ਮੰਤਰੀ ਮੰਨਿਆ ਜਾਂਦਾ ਹੈ ਅਤੇ ਉਹ 'ਆਪ' ਸਰਕਾਰ ਅਤੇ ਰਾਜ ਦੇ ਉਦਯੋਗਪਤੀਆਂ ਵਿਚਕਾਰ ਸੰਬੰਧ ਬਣਾਉਣ ਲਈ ਅਗਵਾਈ ਕਰ ਰਹੇ ਸਨ। ਈ ਡੀ ਦੇ ਅਧਿਕਾਰੀ ਸਵੇਰੇ ਤੜਕਸਾਰ ਅਰੋੜਾ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਪਹੁੰਚੇ ਸਨ। ਕਰੀਬ 20 ਅਧਿਕਾਰੀ ਅੱਠ ਗੱਡੀਆਂ ਵਿੱਚ ਆਏ। 'ਆਪ' ਆਗੂ 'ਤੇ ਇਹ ਤੀਜੀ ਤਲਾਸ਼ੀ ਹੈ, ਜਦ ਕਿ ਇੱਕ ਤਲਾਸ਼ੀ ਮੁਹਿੰਮ ਇੱਕ ਮਹੀਨੇ ਤੋਂ ਵੀ ਘੱਟ ਸਮਾਂ ਪਹਿਲਾਂ ਚਲਾਈ ਗਈ ਸੀ। ਈ ਡੀ ਦੇ ਅਧਿਕਾਰਤ ਸੂਤਰਾਂ ਨੇ ਦੱਸਿਆ ਕਿ



ਦਿੱਲੀ, ਗੁਰੂਗ੍ਰਾਮ ਅਤੇ ਚੰਡੀਗੜ੍ਹ ਵਿੱਚ ਪੰਜ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ, ਜਿਸ ਵਿੱਚ ਅਰੋੜਾ ਦੇ ਪਰਵਾਰ ਦੁਆਰਾ ਪ੍ਰਮੋਟ ਕੀਤੀ ਗਈ ਕੰਪਨੀ ਹੈਂਪਟਨ ਸਕਾਈ ਰਿਐਲਿਟੀ ਲਿਮਟਿਡ ਦੇ ਦਫਤਰ ਅਤੇ ਸੰਜੀਵ ਅਰੋੜਾ ਦਾ ਘਰ ਸ਼ਾਮਲ ਹੈ। ਇਕ ਅਧਿਕਾਰੀ ਨੇ ਕਿਹਾ ਕਿ ਈ ਡੀ ਨੇ ਸੰਜੀਵ ਅਰੋੜਾ ਵੱਲੋਂ ਆਪਣੀ ਕੰਪਨੀ ਰਾਹੀਂ 100 ਕਰੋੜ ਰੁਪਏ ਤੋਂ ਵੱਧ ਦੇ ਮੋਬਾਇਲ ਫੋਨਾਂ ਦੀਆਂ ਫਰਜ਼ੀ ਜੀ ਐੱਸ ਟੀ ਖਰੀਦਾਂ ਅਤੇ ਦੁਬਈ ਤੋਂ ਭਾਰਤ ਵਿੱਚ ਨਜਾਇਜ਼ ਫੰਡਾਂ ਨੂੰ ਵਾਪਸ ਲਿਆਉਣ (ਰਾਊਂਡ ਟ੍ਰਿਪਿੰਗ) ਲਈ ਕੀਤੇ ਗਏ ਵੱਡੇ ਪੱਧਰ ਦੇ ਮਨੀ ਲਾਂਡਰਿੰਗ ਦੇ ਮਾਮਲੇ ਦਾ ਪਤਾ ਲਗਾਇਆ ਹੈ। ਫਰਜ਼ੀ ਆਈ ਟੀ ਸੀ ਦਾ ਦਾਅਵਾ ਕਰਨ ਅਤੇ ਨਿਰਯਾਤ ਕ੍ਰੈਡਿਟ 'ਤੇ ਜੀ ਐੱਸ ਟੀ ਰਿਫੰਡ ਅਤੇ ਡਿਊਟੀ ਡਰਾਅ ਬੈਕ ਪ੍ਰਾਪਤ ਕਰਨ ਲਈ ਦਿੱਲੀ ਦੀਆਂ ਗੈਰ-ਮੌਜੂਦ ਫਰਮਾਂ ਤੋਂ ਕਈ ਫਰਜ਼ੀ ਜੀ ਐਸ ਟੀ ਖਰੀਦ ਬਿੱਲ ਪ੍ਰਾਪਤ ਕੀਤੇ ਗਏ ਹਨ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਹੋਇਆ ਹੈ ਅਤੇ ਨਿੱਜੀ ਮੁਨਾਫਾ ਕਮਾਇਆ ਗਿਆ ਹੈ।

ਐਨਫੋਰਸਮੈਂਟ ਡਾਇਰੈਕਟੋਰੇਟ ਨੇ 157.12 ਕਰੋੜ ਰੁਪਏ ਦੇ ਫਰਜ਼ੀ ਨਿਰਯਾਤ ਨਾਲ ਸੰਬੰਧਤ ਕਥਿਤ ਵਿਦੇਸ਼ੀ ਮੁਦਰਾ ਉਲੰਘਣਾ ਦੇ ਮਾਮਲੇ ਵਿੱਚ ਮੈਸਰਜ਼ ਹੈਂਪਟਨ ਸਕਾਈ ਰਿਐਲਟੀ ਲਿਮਟਿਡ ਅਤੇ ਪੰਜਾਬ ਦੇ ਉਦਯੋਗ ਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਨਾਲ ਜੁੜੀਆਂ ਇਕਾਈਆਂ ਦੇ ਬੈਂਕ ਖਾਤਿਆਂ, ਡੀਮੈਟ ਹੋਲਡਿੰਗਜ਼ ਅਤੇ ਅਚੱਲ ਜਾਇਦਾਦਾਂ ਨੂੰ ਆਰਜ਼ੀ ਤੌਰ 'ਤੇ ਜ਼ਬਤ ਕਰ ਲਿਆ। ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਵਿੱਚ ਹੈਂਪਟਨ ਸਕਾਈ ਰਿਐਲਟੀ ਲਿਮਟਿਡ ਦੇ ਕਈ ਬੈਂਕ ਖਾਤੇ, ਕਾਵਿਆ ਅਰੋੜਾ ਦੇ ਡੀਮੈਟ ਖਾਤੇ ਅਤੇ ਮਿਉਚੁਅਲ ਫੰਡ ਹੋਲਡਿੰਗਜ਼ ਤੋਂ ਇਲਾਵਾ ਲੁਧਿਆਣਾ, ਮੋਹਾਲੀ ਅਤੇ ਗੁਰੂਗ੍ਰਾਮ ਵਿੱਚ ਸਥਿਤ ਅਚੱਲ ਜਾਇਦਾਦਾਂ ਸ਼ਾਮਲ ਹਨ।

## ਭਾਜਪਾ ਵੱਲੋਂ ਏਜੰਸੀਆਂ ਦੀ ਰਾਜਸੀ ਹਿੱਤਾਂ ਲਈ ਵਰਤੋਂ : ਮੁੱਖ ਮੰਤਰੀ

**ਸੰਗਰੂਰ/ਧੂਰੀ (ਪ੍ਰਵੀਨ ਸਿੰਘ/ਮੋਹਿਤ ਗਰਗ/ ਮਨੋਹਰ ਸੱਗੂ/ਬਿੰਨੀ ਗਰਗ)**



ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਭਾਜਪਾ ਕੋਲ ਈ ਡੀ, ਸੀ ਬੀ ਆਈ, ਇਨਕਮ ਟੈਕਸ, ਚੋਣ ਕਮਿਸ਼ਨ ਆਦਿ ਚਾਰ-ਪੰਜ ਅਜਿਹੇ ਹਥਿਆਰ ਹਨ, ਜਿਨ੍ਹਾਂ ਨੂੰ ਭਾਜਪਾ ਰਾਜਨੀਤੀ ਕਰਨ ਵਾਸਤੇ ਵਰਤ ਰਹੀ ਹੈ, ਪਰੰਤੂ ਇਹ ਹਥਿਆਰ ਪੰਜਾਬ ਵਿਚ ਨਹੀਂ ਚੱਲਣੇ। ਮਾਨ ਸ਼ਨੀਵਾਰ ਨੂੰ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਟਿਕਾਣਿਆਂ ਉਪਰ ਈ ਡੀ ਦੀ ਛਾਪੇਮਾਰੀ ਦੇ ਵਿਰੋਧ 'ਚ ਬੁਲਾਈ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਭਾਜਪਾ ਈ ਡੀ ਦੀ ਛਾਪੇਮਾਰੀ ਕਰਵਾ ਕੇ ਧਮਕਾਉਂਦੀ ਹੈ ਕਿ ਭਾਜਪਾ ਜੁਆਇੰਨ ਕਰ ਲਓ, ਫਿਰ ਸਭ ਕੁਝ ਮਾਫ਼ ਹੈ। ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਦੇ ਕਾਰੋਬਾਰ ਉਪਰ ਦੋ ਦਿਨ ਛਾਪੇਮਾਰੀ ਚੱਲੀ ਅਤੇ ਤੀਜੇ ਦਿਨ ਅਸ਼ੋਕ ਮਿੱਤਲ ਭਾਜਪਾ 'ਚ ਸ਼ਾਮਲ ਹੋ ਗਏ। ਕਮਾਲ ਦੀ ਗੱਲ ਕਿ ਨਾਲ ਸਨਮਾਨ ਵੀ ਦਿੰਦੇ ਹਨ। ਮਿੱਤਲ ਨੂੰ ਵਾਈ ਪਲੱਸ ਸਕਿਉਰਟੀ ਵੀ ਦੇ ਦਿੱਤੀ। ਮਾਨ ਨੇ ਕਿਹਾ ਕਿ ਉਹ ਮੋਦੀ ਅਤੇ ਸ਼ਾਹ ਨੂੰ ਦੱਸਣਾ ਚਾਹੁੰਦੇ ਹਨ ਕਿ ਇਹ ਪੰਜਾਬ ਹੈ, ਗਿੱਦੜ ਧਮਕੀਆਂ ਤੋਂ ਡਰਨ ਵਾਲਾ ਨਹੀਂ। ਉਨ੍ਹਾ ਕਿਹਾ ਕਿ ਮੋਦੀ ਨੂੰ ਇੱਕ ਵਾਰ ਤਿੰਨ ਕਾਲੇ ਖੇਤੀ ਕਾਨੂੰਨਾਂ ਮੌਕੇ ਪੰਜਾਬੀਆਂ ਅੱਗੇ ਝੁਕਣਾ ਪਿਆ ਸੀ ਅਤੇ ਮੁਆਫ਼ੀ ਵੀ ਮੰਗੀ ਸੀ। ਸ਼ਾਇਦ ਉਦੋਂ ਦਾ ਹੀ ਦਰਦ ਮਨ ਵਿਚ ਰੱਖੀ ਬੈਠੇ ਹਨ। ਉਹਨਾ ਕਿਹਾ ਕਿ ਪੱਛਮੀ ਬੰਗਾਲ ਵਿਚ ਪਿਛਲੇ ਕਈ ਦਿਨਾਂ ਤੋਂ ਅੱਗ ਲੱਗੀ ਹੋਈ ਹੈ। ਉਨ੍ਹਾ ਦੋਸ਼ ਲਾਇਆ ਕਿ ਦੋ ਫਿਰਕਿਆਂ ਨੂੰ ਲੜਾਉਣਾ ਇਨ੍ਹਾਂ ਦਾ ਕੰਮ ਕਰਨ ਦਾ ਤਰੀਕਾ ਹੈ, ਪਰੰਤੂ ਨਫਰਤ ਦੀ ਰਾਜਨੀਤੀ ਪੰਜਾਬ ਵਿਚ ਨਹੀਂ ਚੱਲਣੀ। ਜੇ ਕੋਈ ਪੰਜਾਬ ਵੱਲ ਮੈਲੀ ਅੱਖ ਨਾਲ ਵੇਖੇਗਾ ਤਾਂ ਪੰਜਾਬੀ ਅੱਖ ਕੱਢ ਲੈਂਦੇ ਹਨ। ਉਨ੍ਹਾ ਦੋਸ਼ ਲਾਇਆ ਕਿ ਇਹ ਈ ਡੀ ਦੇ ਛਾਪਿਆਂ ਨਾਲ ਚੋਣਾਂ ਦੀ ਤਿਆਰੀ ਕਰਦੇ ਹਨ। ਉਨ੍ਹਾ ਭਾਜਪਾ ਨੂੰ 'ਭਾਰਤ ਜਲਾਓ ਪਾਰਟੀ' ਕਰਾਰ ਦਿੰਦਿਆਂ ਚਿਤਾਵਨੀ ਦਿੱਤੀ ਕਿ ਅਜਿਹੀ ਖੇਡ ਪੰਜਾਬ ਨਾਲ ਨਾ ਖੇਡੋ, ਕਿਉਂਕਿ ਪੰਜਾਬੀ ਲੋਕਤੰਤਰ ਦਾ ਘਾਣ ਨਹੀਂ ਹੋਣ ਦੇਣਗੇ। ਇਸ ਮੌਕੇ ਮੀਡੀਆ ਸਲਾਹਕਾਰ ਬਲਤੇਜ ਸਿੰਘ ਪਨੂੰ ਅਤੇ ਵਿਧਾਇਕ ਨਰਿੰਦਰ ਕੌਰ ਭਰਾਜ ਵੀ ਮੌਜੂਦ ਸਨ।

### 'ਬੇਅਦਬੀ ਵਿਰੋਧੀ ਕਾਨੂੰਨ ਤੋਂ ਪਿੱਛੇ ਨਹੀਂ ਹਟਾਂਗੇ'

**ਅੰਮ੍ਰਿਤਸਰ** : ਪੰਜਾਬ ਵਿੱਚ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਲੈ ਕੇ ਅਕਾਲ ਤਖ਼ਤ ਸਾਹਿਬ ਅਤੇ ਸੂਬਾ ਸਰਕਾਰ ਵਿਚਾਲੇ ਟਕਰਾਅ ਤੇਜ਼ ਹੋ ਗਿਆ ਹੈ। ਸੰਗਰੂਰ ਵਿਖੇ 'ਸ਼ੁਕਰਾਨਾ ਯਾਤਰਾ' ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਕਰ ਦਿੱਤਾ ਕਿ ਇਹ ਕਾਨੂੰਨ ਹੁਣ ਲਾਗੂ ਹੋ ਚੁੱਕਾ ਹੈ ਅਤੇ ਰਾਜਪਾਲ ਦੇ ਦਸਤਖ਼ਤਾਂ ਤੋਂ ਬਾਅਦ ਇਸ ਨੂੰ ਵਾਪਸ ਲੈਣ ਜਾਂ ਬਦਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੁੱਖ ਮੰਤਰੀ ਨੇ ਸਿੱਖ ਸੰਸਥਾਵਾਂ ਦੇ ਇਤਰਾਜ਼ਾਂ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਜਦੋਂ ਲੋਕ ਸੜਕਾਂ 'ਤੇ ਸਖ਼ਤ ਕਾਨੂੰਨ ਦੀ ਮੰਗ ਕਰ ਰਹੇ ਸਨ, ਉਦੋਂ ਸਰਕਾਰ ਨੂੰ ਚੁੱਪ ਰਹਿਣ ਲਈ ਕੋਸਿਆ ਜਾਂਦਾ ਸੀ, ਪਰ ਹੁਣ ਜਦੋਂ ਉਮਰ ਕੈਦ ਅਤੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਵਾਲਾ ਸਖ਼ਤ ਕਾਨੂੰਨ ਬਣਾਇਆ ਗਿਆ ਹੈ, ਤਾਂ ਇਸ ਦਾ ਵਿਰੋਧ ਕਿਉਂ ਕੀਤਾ ਜਾ ਰਿਹਾ ਹੈ?

## ਪੰਜਾਬ ਔਰੰਗਜ਼ੇਬ ਵਾਂਗ ਮੋਦੀ ਦੇ ਜ਼ੁਲਮਾਂ ਵਿਰੁੱਧ ਲੜੇਗਾ : ਕੇਜਰੀਵਾਲ



**ਨਵੀਂ ਦਿੱਲੀ** : ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਚੰਡੀਗੜ੍ਹ ਸਥਿਤ ਟਿਕਾਣਿਆਂ 'ਤੇ ਈ ਡੀ ਦੇ ਚੱਲ ਰਹੇ ਛਾਪਿਆਂ ਦਰਮਿਆਨ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤੁਲਨਾ ਮੁਗਲ ਸਮਰਾਟ ਔਰੰਗਜ਼ੇਬ ਨਾਲ ਕੀਤੀ ਅਤੇ ਕਿਹਾ ਕਿ ਪੰਜਾਬ ਉਨ੍ਹਾ ਦੇ ਜ਼ੁਲਮਾਂ ਵਿਰੁੱਧ ਲੜੇਗਾ। ਕੇਜਰੀਵਾਲ ਨੇ 'ਐੱਕਸ' 'ਤੇ ਇੱਕ ਪੋਸਟ ਵਿੱਚ ਕਿਹਾ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ। ਕਈ ਸੌ ਸਾਲ ਪਹਿਲਾਂ ਔਰੰਗਜ਼ੇਬ ਨੇ ਜ਼ੁਰਮ ਅਤੇ ਜ਼ੁਲਮ ਰਾਹੀਂ ਦੇਸ਼ ਦੇ ਕਈ ਹਿੱਸਿਆਂ 'ਤੇ ਕਬਜ਼ਾ ਕਰ ਲਿਆ ਸੀ। ਮੋਦੀ ਜੀ ਨੇ ਵੀ ਧੋਖੇ ਨਾਲ ਦੇਸ਼ ਦੇ ਕਈ ਹਿੱਸਿਆਂ 'ਤੇ ਕਬਜ਼ਾ ਕਰ ਲਿਆ ਹੈ। ਉਸ ਤੋਂ ਬਾਅਦ ਔਰੰਗਜ਼ੇਬ ਪੰਜਾਬ ਆਇਆ। ਮੋਦੀ ਜੀ ਹੁਣ ਪੰਜਾਬ ਵੀ ਆ ਗਏ ਹਨ। ਔਰੰਗਜ਼ੇਬ ਨੇ ਗੁਰੂਆਂ 'ਤੇ ਬਹੁਤ ਜ਼ੁਲਮ ਕੀਤੇ ਸਨ। ਮੋਦੀ ਜੀ ਵੀ ਪੰਜਾਬੀਆਂ 'ਤੇ ਅੱਤਿਆਚਾਰ ਕਰ ਰਹੇ ਹਨ, ਪਰ ਗੁਰੂਆਂ ਨੇ ਕੁਰਬਾਨੀਆਂ ਰਾਹੀਂ ਔਰੰਗਜ਼ੇਬ ਦਾ ਟਾਕਰਾ ਕੀਤਾ ਅਤੇ ਲੋਕਾਂ ਨੂੰ ਬਚਾਇਆ। ਅੱਜ ਗੁਰੂਆਂ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਪੰਜਾਬ ਮੋਦੀ ਜੀ ਦੇ ਅੱਤਿਆਚਾਰਾਂ ਦਾ ਟਾਕਰਾ ਕਰੇਗਾ ਅਤੇ ਪੂਰੇ ਦੇਸ਼ ਨੂੰ ਉਨ੍ਹਾ ਦੇ ਜ਼ੁਲਮਾਂ ਤੋਂ ਬਚਾਏਗਾ। ਕੇਜਰੀਵਾਲ ਨੇ ਕਿਹਾ ਕਿ ਕੁਝ ਸਾਲ ਪਹਿਲਾਂ ਮੋਦੀ ਜੀ ਨੇ ਪੰਜਾਬ ਦੇ ਕਿਸਾਨਾਂ ਨੂੰ ਚੁਣੌਤੀ ਦਿੱਤੀ ਸੀ ਅਤੇ ਉਨ੍ਹਾਂ ਨੂੰ ਕਿਸਾਨਾਂ ਅੱਗੇ ਝੁਕਣਾ ਪਿਆ ਸੀ। ਛਾਪਿਆਂ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਮੋਦੀ ਜੀ ਨੇ ਪੂਰੇ ਪੰਜਾਬ ਨੂੰ ਚੁਣੌਤੀ ਦਿੱਤੀ ਹੈ। ਬੰਗਾਲ ਚੋਣਾਂ ਖਤਮ ਹੁੰਦੇ ਹੀ ਮੋਦੀ ਨੇ ਪੰਜਾਬ ਵਿੱਚ ਰੋਜ਼ਾਨਾ ਈ ਡੀ ਦੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਮੋਦੀ ਨੇ ਪੰਜਾਬ ਨੂੰ ਭਾਰੀ ਸੱਟ ਮਾਰੀ ਹੈ। 'ਆਪ' ਮੁਖੀ ਨੇ ਕਿਹਾ ਕਿ ਅਸ਼ੋਕ ਮਿੱਤਲ ਦੇ ਘਰ ਛਾਪਾ ਮਾਰਿਆ ਗਿਆ ਅਤੇ ਅਗਲੇ ਹੀ ਦਿਨ ਉਨ੍ਹਾ ਨੂੰ ਭਾਜਪਾ ਵਿੱਚ ਸ਼ਾਮਲ ਕਰ ਲਿਆ ਗਿਆ।

ਕੇਜਰੀਵਾਲ ਨੇ ਕਿਹਾ ਕਿ ਈ ਡੀ ਦੇ ਛਾਪੇ ਦਾ ਮਕਸਦ ਚੋਰੀ ਦੇ ਪੈਸੇ ਦਾ ਪਤਾ ਲਗਾਉਣਾ ਨਹੀਂ ਸੀ, ਇਹ ਸਿਰਫ਼ ਅਸ਼ੋਕ ਮਿੱਤਲ ਨੂੰ ਤੋੜਨਾ ਅਤੇ ਉਨ੍ਹਾ ਨੂੰ ਭਾਜਪਾ ਵਿੱਚ ਸ਼ਾਮਲ ਕਰਨਾ ਸੀ। ਕੁਝ ਦਿਨ ਪਹਿਲਾਂ ਸੰਜੀਵ ਅਰੋੜਾ ਦੇ ਘਰ ਵੀ ਛਾਪਾ ਮਾਰਿਆ ਗਿਆ ਸੀ। ਜਦੋਂ ਉਹ ਭਾਜਪਾ ਵਿੱਚ ਸ਼ਾਮਲ ਨਹੀਂ ਹੋਏ ਤਾਂ ਉਨ੍ਹਾ ਦੇ ਟਿਕਾਣਿਆਂ 'ਤੇ ਫਿਰ ਤੋਂ ਛਾਪਾ ਮਾਰਿਆ ਗਿਆ।

## ਪੰਜਾਬ ਸਰਕਾਰ ਨੇ ਸ਼ੁਰੂ ਕੀਤੀ 'ਮੇਰੀ ਰਸੋਈ ਯੋਜਨਾ'

**ਸੰਗਰੂਰ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਆਪਣੇ ਜੱਦੀ ਜ਼ਿਲ੍ਹੇ ਸੰਗਰੂਰ ਦੇ ਪਿੰਡ ਭਲਵਾਨ ਤੋਂ 'ਮੇਰੀ ਰਸੋਈ ਯੋਜਨਾ' ਦੀ ਸ਼ੁਰੂਆਤ ਕੀਤੀ। ਇਸ ਯੋਜਨਾ ਤਹਿਤ ਪੰਜਾਬ ਦੇ ਲਗਭਗ 40 ਲੱਖ ਗ਼ਰੀਬ, ਦਲਿਤ ਅਤੇ ਪੱਛੜੇ ਪਰਵਾਰਾਂ ਨੂੰ ਪੌਸ਼ਟਿਕ ਭੋਜਨ ਦੀਆਂ ਕਿੱਟਾਂ ਮੁਫ਼ਤ ਵੰਡੀਆਂ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਵਧਦੀ ਮਹਿੰਗਾਈ ਦੇ ਦੌਰ ਵਿੱਚ ਇਹ ਸਕੀਮ ਸੰਘਰਸ਼ਸ਼ੀਲ ਪਰਵਾਰਾਂ ਦੀ ਰਸੋਈ ਦਾ ਬੋਝ ਘਟਾਉਣ ਲਈ ਇੱਕ ਸਿੱਧਾ ਕਦਮ ਹੈ। ਉਨ੍ਹਾ ਦਾਅਵਾ ਕੀਤਾ ਕਿ 'ਆਪ' ਸਰਕਾਰ ਸਿਰਫ਼ ਐਲਾਨ ਨਹੀਂ ਕਰਦੀ, ਸਗੋਂ ਮੁਫ਼ਤ ਬਿਜਲੀ, ਸਿਹਤ ਸਹੂਲਤਾਂ ਅਤੇ ਖੁਰਾਕ ਸੁਰੱਖਿਆ ਰਾਹੀਂ ਲੋਕਾਂ ਨੂੰ ਅਸਲ ਰਾਹਤ ਦੇ ਰਹੀ ਹੈ।

ਯੋਜਨਾ ਦੇ ਵੇਰਵੇ ਸਾਂਝੇ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਹਰ ਲਾਭਪਾਤਰੀ ਪਰਵਾਰ ਨੂੰ ਹਰ ਤਿੰਨ ਮਹੀਨੇ ਬਾਅਦ ਇੱਕ ਵਿਸ਼ੇਸ਼ 'ਕਿੱਟ' ਮਿਲੇਗੀ, ਜਿਸ ਵਿੱਚ ਸਰ੍ਹੋਂ ਦਾ ਤੇਲ, ਦਾਲਾਂ, ਖੰਡ, ਨਮਕ, ਹਲਦੀ ਅਤੇ ਰਸੋਈ ਦਾ ਹੋਰ ਜ਼ਰੂਰੀ ਸਾਮਾਨ ਹੋਵੇਗਾ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਸਿਰਫ਼ ਕਣਕ-ਦਾਲ ਤੱਕ

• ਬਾਕੀ ਸਫਾ 2 'ਤੇ

## ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਦੇਹਾਂਤ



**ਚੰਡੀਗੜ੍ਹ** : ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਪ੍ਰਸਿੱਧ ਇਤਿਹਾਸਕਾਰ ਅਤੇ ਉੱਘੇ ਵਿਦਵਾਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਸ਼ਨੀਵਾਰ ਸਵੇਰੇ ਪੰਚਕੂਲਾ ਵਿਖੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। 96 ਵਰ੍ਹਿਆਂ ਦੇ ਪ੍ਰੋ. ਵੜੈਚ ਨੇ ਆਪਣੀ ਵਸੀਅਤ ਮੁਤਾਬਕ ਆਪਣੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜਾਂ ਲਈ ਪੀ ਜੀ ਆਈ ਚੰਡੀਗੜ੍ਹ ਨੂੰ ਦਾਨ ਕਰ ਦਿੱਤਾ, ਜੋ ਉਨ੍ਹਾ ਦੇ ਸਮਾਜ ਪ੍ਰਤੀ ਸਮਰਪਣ ਦੀ ਵੱਡੀ ਮਿਸਾਲ ਹੈ। ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿੱਚ ਲੰਮਾ ਸਮਾਂ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਉਣ ਵਾਲੇ ਪ੍ਰੋ. ਵੜੈਚ ਨੇ ਆਪਣੀ ਪੂਰੀ ਜ਼ਿੰਦਗੀ ਦੇਸ਼ ਦੇ ਕ੍ਰਾਂਤੀਕਾਰੀ ਅੰਦੋਲਨਾਂ, ਖਾਸ ਕਰਕੇ ਗ਼ਦਰ ਲਹਿਰ ਅਤੇ ਸ਼ਹੀਦ ਭਗਤ ਸਿੰਘ ਵਰਗੇ ਸੂਰਬੀਰਾਂ ਦੇ ਇਤਿਹਾਸ ਨੂੰ ਤੱਥਾਂ ਅਤੇ ਦਸਤਾਵੇਜ਼ਾਂ ਦੇ ਅਧਾਰ 'ਤੇ ਲਿਖਣ ਲਈ ਅਰਪਿਤ ਕਰ ਦਿੱਤੀ। ਉਨ੍ਹਾ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ 62 ਤੋਂ ਵੱਧ ਕਿਤਾਬਾਂ ਲਿਖੀਆਂ ਅਤੇ ਸੰਪਾਦਿਤ ਕੀਤੀਆਂ। ਉਨ੍ਹਾ ਦੀ ਖੋਜ ਸਿਰਫ਼ ਕਿਤਾਬਾਂ ਤੱਕ ਹੀ ਸੀਮਤ ਨਹੀਂ ਸੀ, ਸਗੋਂ ਉਨ੍ਹਾ ਅਦਾਲਤੀ ਲੜਾਈਆਂ ਲੜ ਕੇ ਕਈ ਸੁਤੰਤਰਤਾ ਸੈਨਾਨੀਆਂ ਦੇ ਪਰਵਾਰਾਂ ਨੂੰ ਉਨ੍ਹਾਂ ਦੀਆਂ ਜ਼ਬਤ ਕੀਤੀਆਂ ਜਾਇਦਾਦਾਂ ਵਾਪਸ ਦਿਵਾਈਆਂ ਅਤੇ ਅਸਲ ਹੱਕ ਦਿਵਾਏ। ਜਲੰਧਰ ਵਿੱਚ ਸਥਿਤ 'ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਕ੍ਰਾਂਤੀਕਾਰੀ ਖੋਜ ਕੇਂਦਰ' ਅੱਜ ਵੀ ਉਨ੍ਹਾ ਦੁਆਰਾ ਇਕੱਠੇ ਕੀਤੇ ਹਜ਼ਾਰਾਂ ਦੁਰਲੱਭ ਦਸਤਾਵੇਜ਼ਾਂ ਅਤੇ ਕ੍ਰਾਂਤੀਕਾਰੀਆਂ ਦੀਆਂ ਨਿੱਜੀ ਵਸਤਾਂ ਨੂੰ ਸੰਭਾਲੀ ਬੈਠਾ ਹੈ। ਉਨ੍ਹਾ ਦੇ ਜਾਣ ਨਾਲ ਪੰਜਾਬ ਦੇ ਸਾਹਿਤਕ ਅਤੇ ਇਤਿਹਾਸਕ ਹਲਕਿਆਂ ਵਿੱਚ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਤਿਗੁਰੂ ਉਦੇ ਸਿੰਘ ਨੇ ਕਿਹਾ ਹੈ ਕਿ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਨਾਮਧਾਰੀ ਸੰਪ੍ਰਦਾਇ ਅਤੇ ਗ਼ਦਰ ਲਹਿਰ ਦੇ ਮਾਨਵਤਾਵਾਦੀ, ਕੌਮੀ, ਕੌਮਾਂਤਰੀ ਅਤੇ ਅਗਾਂਹਵਧੂ ਚਰਿੱਤਰ ਨੂੰ ਪ੍ਰਮਾਣਿਕ ਇਤਿਹਾਸਕ ਸਰੋਤਾਂ ਦੇ ਹਵਾਲੇ ਨਾਲ ਪੰਜਾਬੀ ਭਾਈਚਾਰੇ ਦੀ ਸੋਚ ਦਾ ਹਿੱਸਾ ਬਣਾਉਣ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਪੰਜਾਬ ਦੇ ਇਤਿਹਾਸ ਦੀ ਖੋਜ ਲਈ ਉਨ੍ਹਾਂ ਦੀ ਦੇਣ ਅਦੁੱਤੀ ਹੈ।

### ਗੋਲਡ ਮੈਡਲ ਜੇਤੂ ਮੁੱਕੇਬਾਜ਼ ਦੀ ਮੌਤ



**ਮਾਨਸਾ** : ਮਾਨਸਾ ਸ਼ਹਿਰ ਦੇ ਮਿਉਂਸਪਲ ਵਾਰਡ ਨੰਬਰ 3 ਦੇ ਰਹਿਣ ਵਾਲੇ 20 ਸਾਲਾ ਗੋਲਡ ਮੈਡਲ ਜੇਤੂ ਮੁੱਕੇਬਾਜ਼ ਨਵਦੀਪ ਸਿੰਘ ਦੀ ਸ਼ੁੱਕਰਵਾਰ ਨੂੰ ਕਥਿਤ ਤੌਰ ਉੱਤੇ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਉਸ ਨੇ 2024 ਵਿੱਚ ਸੂਬਾ ਸਰਕਾਰ ਦੀਆਂ 'ਖੇਡਾਂ ਵਤਨ ਪੰਜਾਬ ਦੀਆਂ' ਅਤੇ ਪਿਛਲੇ ਸਾਲ ਪੰਜਾਬ ਸਟੇਟ ਸੀਨੀਅਰ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਦੌਰਾਨ ਸੋਨ ਤਗਮੇ ਜਿੱਤੇ ਸਨ। ਮ੍ਰਿਤਕ ਦੇ ਪਿਤਾ ਜਸਪਾਲ ਸਿੰਘ, ਜੋ ਕਿ ਇੱਕ ਦਿਹਾੜੀਦਾਰ ਮਜ਼ਦੂਰ ਹਨ, ਨੇ ਦੱਸਿਆ ਕਿ ਉਨ੍ਹਾ ਦੇ ਪੁੱਤਰ ਦੀ ਮੌਤ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਹੈ। ਉਨ੍ਹਾ ਇਸ ਮਾਮਲੇ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ।

### ਸ਼ੁਭੇਂਦੂ ਅਧਿਕਾਰੀ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਵਜੋਂ ਹਲਫ਼ ਲਿਆ

**ਕੋਲਕਾਤਾ** : ਸ਼ੁਭੇਂਦੂ ਅਧਿਕਾਰੀ ਨੇ ਸਨਿੱਚਰਵਾਰ ਪੱਛਮੀ ਬੰਗਾਲ ਦੇ ਪਹਿਲੇ ਭਾਜਪਾ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਰਾਜਪਾਲ ਆਰ ਐੱਨ ਰਵੀ ਨੇ ਇੱਕ ਸ਼ਾਨਦਾਰ ਸਮਾਗਮ ਵਿੱਚ ਅਧਿਕਾਰੀ ਨੂੰ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਮੰਤਰੀ, ਐੱਨ ਡੀ ਏ ਸ਼ਾਸਤ ਰਾਜਾਂ ਦੇ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਸ਼ਾਮਲ ਹੋਏ। ਅਧਿਕਾਰੀ ਦੇ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਭਾਜਪਾ ਦੇ ਸੀਨੀਅਰ ਆਗੂ ਅਤੇ ਪਾਰਟੀ ਦੀ ਸੂਬਾ ਇਕਾਈ ਦੇ ਸਾਬਕਾ ਮੁਖੀ ਦਿਲੀਪ ਘੋਸ਼ ਨੇ ਨਵੀਂ ਕੈਬਨਿਟ ਵਿੱਚ ਮੰਤਰੀ ਵਜੋਂ ਸਹੁੰ ਚੁੱਕੀ। ਭਾਜਪਾ ਵਿਧਾਇਕ ਅਗਨੀਮਿੱਤਰਾ ਪਾਲ, ਅਸ਼ੋਕ ਕੀਰਤਨੀਆ, ਨਿਸਿਥ ਪ੍ਰਮਾਨਿਕ ਅਤੇ ਖੁਦੀਰਾਮ ਟੂਡੂ ਨੇ ਵੀ ਮੰਤਰੀ ਵਜੋਂ ਸਹੁੰ ਚੁੱਕੀ।

### ਦਿੱਲੀ ਹਵਾਈ ਅੱਡੇ 'ਤੇ ਕਰੋੜਾਂ ਦੀ ਡਰੱਗਜ਼ ਜ਼ਬਤ

**ਦਿੱਲੀ** : ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਨਸ਼ੀਲੇ ਪਦਾਰਥਾਂ ਦੀ ਇੱਕ ਵੱਡੀ ਖੇਪ ਜ਼ਬਤ ਕੀਤੀ ਹੈ। ਕਸਟਮ ਅਧਿਕਾਰੀਆਂ ਨੇ ਬੈਂਕਾਕ ਤੋਂ ਆਉਣ ਵਾਲੇ ਦੋ ਯਾਤਰੀਆਂ ਨੂੰ ਰੋਕਿਆ ਅਤੇ ਲਗਭਗ 35 ਕਿਲੋਗ੍ਰਾਮ ਉੱਚ-ਗ੍ਰੇਡ ਹਾਈਡਰੋਪੋਨਿਕ ਮਾਰੀਜੁਆਨਾ ਜ਼ਬਤ ਕੀਤਾ, ਜਿਸ ਦੀ ਅਨੁਮਾਨਤ ਕੀਮਤ ਲਗਭਗ 34.93 ਕਰੋੜ ਰੁਪਏ ਹੈ।


## ਵਿਨੇਸ਼ ਫੋਗਾਟ ਨੂੰ ਕਾਰਨ ਦੱਸੋ ਨੋਟਿਸ, 26 ਜੂਨ ਤੱਕ ਖੇਡਣ 'ਤੇ ਰੋਕ



**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਯੂ ਐੱਫ ਆਈ) ਨੇ ਸਨਿੱਚਰਵਾਰ ਵਿਨੇਸ਼ ਫੋਗਾਟ ਨੂੰ ਇੱਕ ਕਾਰਨ ਦੱਸੋ ਨੋਟਿਸ ਜਾਰੀ ਕੀਤਾ, ਜਿਸ ਵਿੱਚ ਉਨ੍ਹਾ 'ਤੇ ਅਨੁਸ਼ਾਸਨਹੀਣਤਾ ਅਤੇ ਡੋਪਿੰਗ ਵਿਰੋਧੀ ਨਿਯਮਾਂ ਦੀ ਉਲੰਘਣਾ ਦੇ ਦੋਸ਼ ਲਗਾਏ ਗਏ ਹਨ। ਉਨ੍ਹਾ ਨੂੰ 26 ਜੂਨ ਤੱਕ ਘਰੇਲੂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਅਯੋਗ ਘੋਸ਼ਿਤ ਕਰ ਦਿੱਤਾ ਗਿਆ ਹੈ। ਭਾਰਤੀ ਕੁਸ਼ਤੀ ਫੈਡਰੇਸ਼ਨ ਨੇ ਇੱਕ 15 ਪੰਨਿਆਂ ਦੇ ਨੋਟਿਸ ਵਿੱਚ ਦੋਸ਼ ਲਗਾਇਆ ਹੈ ਕਿ ਵਿਨੇਸ਼ ਦੇ ਵਿਹਾਰ ਕਾਰਨ ਦੇਸ਼ ਨੂੰ ਸ਼ਰਮਿੰਦਗੀ ਝੱਲਣੀ ਪਈ ਹੈ ਅਤੇ ਭਾਰਤੀ ਕੁਸ਼ਤੀ ਦੇ ਅਕਸ ਨੂੰ ਸੱਟ ਵੱਜੀ ਹੈ। ਫੈਡਰੇਸ਼ਨ ਅਨੁਸਾਰ ਉਨ੍ਹਾ ਫੈਡਰੇਸ਼ਨ ਦੇ ਸੰਵਿਧਾਨ, ਕੌਮਾਂਤਰੀ ਕੁਸ਼ਤੀ ਨਿਯਮਾਂ ਅਤੇ ਡੋਪਿੰਗ ਵਿਰੋਧੀ ਨਿਯਮਾਂ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ। ਫੈਡਰੇਸ਼ਨ ਨੇ ਚਾਰ ਮੁੱਖ ਦੋਸ਼ਾਂ 'ਤੇ ਵਿਨੇਸ਼ ਤੋਂ ਜਵਾਬ ਮੰਗਿਆ ਹੈ।

ਇਨ੍ਹਾਂ ਵਿੱਚ 2024 ਪੈਰਿਸ ਓਲੰਪਿਕ ਦੌਰਾਨ ਭਾਰ ਪੂਰਾ ਨਾ ਹੋਣ ਕਾਰਨ ਅਯੋਗ ਕਰਾਰ ਦਿੱਤਾ ਜਾਣਾ, ਡੋਪਿੰਗ ਵਿਰੋਧੀ ਨਿਯਮਾਂ ਦੇ ਤਹਿਤ ਆਪਣੇ ਕਥਿਤ ਟਿਕਾਣੇ ਦੀ ਜਾਣਕਾਰੀ ਦੇਣ ਵਿੱਚ ਅਸਫਲ ਰਹਿਣਾ ਅਤੇ ਮਾਰਚ 2024 ਦੇ ਚੋਣ ਟਰਾਇਲਾਂ (ਜੋ ਉਸ ਸਮੇਂ ਦੇ ਐਡਹਾਕ ਪੈਨਲ ਵੱਲੋਂ ਕਰਵਾਏ ਗਏ ਸਨ) ਦੌਰਾਨ ਦੋ ਵੱਖ-ਵੱਖ ਭਾਰ ਵਰਗਾਂ ਵਿੱਚ ਮੁਕਾਬਲਾ ਕਰਨਾ ਸ਼ਾਮਲ ਹੈ।

## ਅਮਰੀਕਾ ਵੱਲੋਂ ਜੰਗਬੰਦੀ ਦੀ ਉਲੰਘਣਾ ਦੇ ਭਿਆਨਕ ਸਿੱਟੇ ਨਿਕਲਣਗੇ : ਈਰਾਨ



**ਤਹਿਰਾਨ** : ਈਰਾਨ ਦੇ ਸਰਕਾਰੀ ਪ੍ਰਸਾਰਕ ਆਈ ਆਰ ਆਈ ਬੀ ਅਨੁਸਾਰ ਸੰਯੁਕਤ ਰਾਸ਼ਟਰ ਵਿੱਚ ਈਰਾਨ ਦੇ ਸਥਾਈ ਪ੍ਰਤੀਨਿਧ ਅਮੀਰ ਸਈਦ ਇਰਾਵਾਨੀ ਨੇ ਅਮਰੀਕਾ 'ਤੇ ਹਾਰਮੁਜ਼ ਜਲ ਮਾਰਗ ਦੇ ਨੇੜੇ ਫੌਜੀ ਕਾਰਵਾਈਆਂ ਰਾਹੀਂ ਜੰਗਬੰਦੀ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਪ੍ਰਧਾਨ ਨੂੰ ਲਿਖੇ ਇੱਕ ਪੱਤਰ ਵਿੱਚ ਇਰਾਵਾਨੀ ਨੇ ਕਿਹਾ ਕਿ ਜਾਸਕ ਬੰਦਰਗਾਹ ਅਤੇ ਹਾਰਮੁਜ਼ ਜਲ ਡਮਰੂ ਦੇ ਨੇੜੇ ਦੋ ਈਰਾਨੀ ਤੇਲ ਟੈਂਕਰਾਂ ਵਿਰੁੱਧ ਅਮਰੀਕੀ ਫੌਜੀ ਕਾਰਵਾਈ ਅਤੇ ਈਰਾਨੀ ਤੱਟਵਰਤੀ ਖੇਤਰਾਂ 'ਤੇ ਹਮਲੇ ਜੰਗਬੰਦੀ ਦੀ ਸਪੱਸ਼ਟ ਉਲੰਘਣਾ ਹੈ। ਉਨ੍ਹਾ ਚਿਤਾਵਨੀ ਦਿੱਤੀ ਕਿ ਫਾਰਸ ਦੀ ਖਾੜੀ ਅਤੇ ਹਾਰਮੁਜ਼ ਦੇ ਜਲ ਡਮਰੂ ਵਿੱਚ ਅਮਰੀਕਾ ਦੀ ਲਗਾਤਾਰ ਫੌਜੀ ਗਤੀਵਿਧੀ ਦੇ ਵਿਨਾਸ਼ਕਾਰੀ ਸਿੱਟੇ ਨਿਕਲ ਸਕਦੇ ਹਨ, ਜੋ ਖੇਤਰ ਤੋਂ ਬਾਹਰ ਤੱਕ ਫੈਲ ਸਕਦੇ ਹਨ ਅਤੇ ਅੰਤਰਰਾਸ਼ਟਰੀ ਸ਼ਾਂਤੀ ਤੇ ਸੁਰੱਖਿਆ ਲਈ ਖਤਰਾ ਪੈਦਾ ਕਰ ਸਕਦੇ ਹਨ। ਇਰਾਵਾਨੀ ਨੇ ਪੱਤਰ ਵਿੱਚ ਕਿਹਾ ਕਿ ਇਨ੍ਹਾਂ ਕਾਰਵਾਈਆਂ ਦੇ ਨਤੀਜਿਆਂ ਲਈ ਸੰਯੁਕਤ ਰਾਜ ਅਮਰੀਕਾ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ।

### ਲੈਫਟੀਨੈਂਟ ਜਨਰਲ ਸੁਬਰਾਮਨੀ ਸੀ ਡੀ ਐੱਸ ਤੇ ਸਵਾਮੀਨਾਥਨ ਨੇਵੀ ਚੀਫ ਨਿਯੁਕਤ

**ਨਵੀਂ ਦਿੱਲੀ** : ਭਾਰਤੀ ਸੈਨਾ ਦੇ ਸਾਬਕਾ ਉਪ ਮੁਖੀ ਲੈਫਟੀਨੈਂਟ ਜਨਰਲ ਐੱਨ ਐੱਸ ਰਾਜਾ ਸੁਬਰਾਮਨੀ (ਸੇਵਾ-ਮੁਕਤ) ਨੂੰ ਅਗਲਾ ਚੀਫ਼ ਆਫ਼ ਡਿਫੈਂਸ ਸਟਾਫ਼ (ਸੀ ਡੀ ਐੱਸ) ਨਿਯੁਕਤ ਕੀਤਾ ਗਿਆ ਹੈ।

ਉਹ ਜਨਰਲ ਅਨਿਲ ਚੌਹਾਨ ਦੀ ਜਗ੍ਹਾ ਲੈਣਗੇ, ਜੋ 31 ਮਈ ਨੂੰ ਸੇਵਾਮੁਕਤ ਹੋ ਰਹੇ ਹਨ। ਨਾਲ ਹੀ ਸਰਕਾਰ ਨੇ ਮੌਜੂਦਾ ਪੱਛਮੀ ਨੇਵੀ ਕਮਾਂਡਰ ਵਾਈਸ ਐਡਮਿਰਲ ਕ੍ਰਿਸ਼ਨਾ ਸਵਾਮੀਨਾਥਨ ਨੂੰ ਭਾਰਤੀ ਜਲ ਸੈਨਾ ਦਾ ਅਗਲਾ ਮੁਖੀ ਨਿਯੁਕਤ ਕੀਤਾ ਹੈ। ਉਹ ਐਡਮਿਰਲ ਦਿਨੇਸ਼ ਕੁਮਾਰ ਤ੍ਰਿਪਾਠੀ ਦੀ ਜਗ੍ਹਾ ਲੈਣਗੇ । ਉਹ ਵੀ 31 ਮਈ ਨੂੰ ਸੇਵਾਮੁਕਤ ਹੋ ਰਹੇ ਹਨ।

### ਬਜ਼ੁਰਗ ਜੋੜੇ ਦੇ ਕਤਲ ਮਾਮਲੇ 'ਚ 3 ਪੰਜਾਬੀ ਨੌਜਵਾਨ ਦੋਸ਼ੀ ਕਰਾਰ

**ਐਬਟਸਫੋਰਡ** : ਕੈਨੇਡਾ ਦੀ ਇੱਕ ਅਦਾਲਤ ਨੇ ਐਬਟਸਫੋਰਡ ਵਿੱਚ ਇੱਕ ਬਜ਼ੁਰਗ ਜੋੜੇ ਦੇ ਕਤਲ ਦੇ ਮਾਮਲੇ ਵਿੱਚ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਨੂੰ ਪਹਿਲੇ ਦਰਜੇ ਦੇ ਕਤਲ ਦਾ ਦੋਸ਼ੀ ਕਰਾਰ ਦਿੱਤਾ ਹੈ। ਸੀ ਬੀ ਸੀ ਨਿਊਜ਼ ਮੁਤਾਬਕ ਆਰਨੋਲਡ ਅਤੇ ਜੋਏਨ ਡੀ ਜੋਂਗ ਮਈ 2022 ਵਿੱਚ ਆਪਣੇ ਘਰ ਵਿੱਚ ਮ੍ਰਿਤਕ ਪਾਏ ਗਏ ਸਨ। ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੀ ਜੱਜ ਬਰੈਂਡਾ ਬ੍ਰਾਊਨ ਨੇ ਸ਼ੁੱਕਰਵਾਰ ਨੂੰ ਫੈਸਲਾ ਸੁਣਾਇਆ ਕਿ ਗੁਰਕਰਨ ਸਿੰਘ, ਅਭਿਜੀਤ ਸਿੰਘ ਅਤੇ ਖੁਸ਼ਵੀਰ ਤੂਰ ਨੇ ਇਸ ਕਤਲ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਅਦਾਲਤ ਵਿੱਚ ਦੱਸਿਆ ਗਿਆ ਕਿ ਇਹ ਕਤਲ ਪੈਸਿਆਂ ਦੇ ਲਾਲਚ ਵਿੱਚ ਕੀਤੇ ਗਏ ਸਨ। ਇਹ ਤਿੰਨੋਂ ਨੌਜਵਾਨ ਅਭਿਜੀਤ ਸਿੰਘ ਦੀ ਸਫਾਈ ਕੰਪਨੀ ਵਿੱਚ ਕੰਮ ਕਰਦੇ ਸਨ, ਜਿਸ ਨੇ ਪਹਿਲਾਂ ਇਸ ਜੋੜੇ ਦੇ ਘਰ ਸਫਾਈ ਦਾ ਕੰਮ ਕੀਤਾ ਸੀ। ਪ੍ਰੌਸੀਕਿਊਟਰਾਂ ਅਨੁਸਾਰ ਇਨ੍ਹਾਂ ਨੇ ਮਿਲ ਕੇ ਜੋੜੇ ਨੂੰ ਲੁੱਟਣ ਅਤੇ ਮਾਰਨ ਦੀ ਯੋਜਨਾ ਬਣਾਈ ਅਤੇ ਘਰੋਂ ਕ੍ਰੈਡਿਟ ਕਾਰਡ, ਚੈੱਕ ਅਤੇ ਹੋਰ ਸਾਮਾਨ ਚੋਰੀ ਕੀਤਾ। ਘਟਨਾ ਸਥਾਨ ਤੋਂ ਮਿਲੇ ਡੀ ਐੱਨ ਏ , ਰੱਸੀ ਅਤੇ ਬੇਸਬਾਲ ਵਰਗੇ ਸਬੂਤਾਂ ਨੇ ਇਨ੍ਹਾਂ ਨੂੰ ਦੋਸ਼ੀ ਸਾਬਤ ਕਰਨ ਵਿੱਚ ਮਦਦ ਕੀਤੀ। ਇਨ੍ਹਾਂ ਤਿੰਨਾਂ ਨੂੰ ਸਜ਼ਾ 28 ਮਈ ਨੂੰ ਸੁਣਾਈ ਜਾਵੇਗੀ।

### ਫ਼ੀਫ਼ਾ 'ਚ ਦਿਖੇਗਾ ਨੋਰਾ ਦਾ ਜਲਵਾ

**ਨਵੀਂ ਦਿੱਲੀ** : ਨੋਰਾ ਫਤੇਹੀ 12 ਜੂਨ ਨੂੰ ਕੈਨੇਡਾ ਦੇ ਟੋਰਾਂਟੋ ਵਿੱਚ ਹੋਣ ਵਾਲੀ ਫ਼ੀਫ਼ਾ ਵਿਸ਼ਵ ਕੱਪ 2026 ਦੀ ਓਪਨਿੰਗ ਸੈਰੇਮਨੀ ਵਿੱਚ ਆਪਣੀ ਗਾਇਕੀ ਅਤੇ ਡਾਂਸ ਦਾ ਜਲਵਾ ਬਿਖੇਰਨ ਲਈ ਤਿਆਰ ਹੈ। ਇਹ ਨੋਰਾ ਦੇ ਅੰਤਰਰਾਸ਼ਟਰੀ ਕੈਰੀਅਰ ਲਈ ਇੱਕ ਬਹੁਤ ਵੱਡੀ ਉਪਲੱਬਧੀ ਹੈ। ਟੋਰਾਂਟੋ ਦੇ ਬੀ ਐੱਮ ਓ ਫੀਲਡ ਵਿੱਚ ਹੋਣ ਵਾਲੇ ਇਸ ਸਮਾਗਮ ਵਿੱਚ ਉਹ ਐਲਾਨਿਸ ਮੋਰੀਸੈੱਟ ਅਤੇ ਮਾਈਕਲ ਬੁਬਲੇ ਵਰਗੇ ਦੁਨੀਆ ਭਰ ਦੇ ਮੰਨੇ-ਪ੍ਰਮੰਨੇ



• ਬਾਕੀ ਸਫਾ 2 'ਤੇ

### ਸੀਜ਼ੇਰੀਅਨ ਡਲਿਵਰੀ ਤੋਂ ਬਾਅਦ 2 ਮਹਿਲਾਵਾਂ ਦੀ ਮੌਤ, 6 ਦੀ ਹਾਲਤ ਗੰਭੀਰ

**ਜੈਪੁਰ** : ਕੋਟਾ ਦੇ ਨਿਊ ਮੈਡੀਕਲ ਕਾਲਜ ਹਸਪਤਾਲ ਵਿੱਚ ਸੀਜ਼ੇਰੀਅਨ ਅਪਰੇਸ਼ਨ ਤੋਂ ਬਾਅਦ 2 ਔਰਤਾਂ ਦੀ ਮੌਤ ਹੋ ਗਈ ਅਤੇ 6 ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਸ ਘਟਨਾ ਤੋਂ ਬਾਅਦ ਰਾਜਸਥਾਨ ਸਰਕਾਰ ਨੇ ਸਖ਼ਤ ਕਾਰਵਾਈ ਕਰਦੇ ਹੋਏ ਇੱਕ ਸੀਨੀਅਰ ਡਾਕਟਰ ਅਤੇ ਦੋ ਨਰਸਿੰਗ ਕਰਮਚਾਰੀਆਂ ਨੂੰ ਸਸਪੈਂਡ ਕਰ ਦਿੱਤਾ ਹੈ, ਜਦ ਕਿ ਇੱਕ ਕੰਟਰੈਕਟ ਵਾਲੇ ਡਾਕਟਰ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਦੋ ਹੋਰ ਡਾਕਟਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਇਸ ਮਾਮਲੇ ਦੀ ਨਿਰਪੱਖ ਅਤੇ ਸਮੇਂ ਸਿਰ ਜਾਂਚ ਦੇ ਹੁਕਮ ਦਿੱਤੇ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੈਡੀਕਲ ਪ੍ਰੋਟੋਕੋਲ ਦੀ ਪਾਲਣਾ ਵਿੱਚ ਵੱਡੀ ਲਾਪਰਵਾਹੀ ਹੋਈ। ਸੋਮਵਾਰ ਸ਼ਾਮ ਨੂੰ ਲਗਭਗ 12-13 ਔਰਤਾਂ ਦੇ ਅਪਰੇਸ਼ਨ ਹੋਏ ਸਨ, ਜਿਸ ਤੋਂ ਬਾਅਦ ਅਚਾਨਕ 6 ਔਰਤਾਂ ਦਾ ਬਲੱਡ ਪ੍ਰੈਸ਼ਰ ਅਤੇ ਪਲੇਟਲੈਟਸ ਘਟ ਗਏ ਅਤੇ ਪਿਸ਼ਾਬ ਦੀ ਸਮੱਸਿਆ ਹੋਣ ਲੱਗੀ। ਇਹਨਾਂ ਵਿੱਚੋਂ 26 ਸਾਲਾ ਪਾਇਲ ਅਤੇ 19 ਸਾਲਾ ਜੋਤੀ ਦੀ ਇਲਾਜ ਦੌਰਾਨ ਮੌਤ ਹੋ ਗਈ।

## ਬਰਕਲੇ 'ਚ ਸੜਕ ਦਾ ਨਾਂਅ ਗ਼ਦਰੀ ਬਾਬਿਆਂ ਦੇ ਨਾਂਅ 'ਤੇ ਰੱਖਿਆ ਜਾਵੇ





**ਜਲੰਧਰ** : ਅਮਰੀਕਾ ਦੇ ਬਰਕਲੇ ਸ਼ਹਿਰ ਵਿੱਚ ਇੱਕ ਸੜਕ ਦਾ ਨਾਂਅ 'ਕਲਾ ਬਗਾਈ ਵੇਅ' ਰੱਖੇ ਜਾਣ 'ਤੇ ਪੰਜਾਬੀ ਪ੍ਰਵਾਸੀਆਂ ਅੰਦਰ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ। ਅਮਰੀਕਾ ਵਿੱਚ ਸਕਾਲਰ ਪ੍ਰਭਜੋਤ ਸਿੰਘ ਥਿਆੜਾ ਕਾਫ਼ੀ ਸਮੇਂ ਤੋਂ ਗ਼ਦਰ ਪਾਰਟੀ ਦੀ ਖੋਜ ਵਿੱਚ ਸਰਗਰਮ ਹੈ। ਇਹ ਪਤਾ ਲੱਗਾ ਹੈ ਕਿ ਬਰਕਲੇ ਦੀ ਇੱਕ ਸੜਕ ਦਾ ਨਾਂਅ ਕਲਾ ਬਗਾਈ ਵੇਅ ਰੱਖਿਆ ਗਿਆ ਹੈ । ਕਲਾ ਬਗਾਈ ਵੇਅ ਅੰਗਰੇਜ਼ੀ ਸਾਮਰਾਜ ਵੱਲੋਂ ਭੇਜੇ ਗਏ ਸੀ ਆਈ ਡੀ ਮੁਲਾਜ਼ਮ ਬਿਸ਼ਨ ਬਗਾਈ ਦੀ ਪਤਨੀ ਸੀ। ਗ਼ਦਰ ਪਾਰਟੀ ਸੰਬੰਧੀ ਬਹੁਤ ਸਾਰੇ ਭੇਦ ਅੰਗਰੇਜ਼ੀ ਵਿਭਾਗ ਦੇ ਮੁਖੀ ਨੂੰ ਇਸ ਰਾਹੀਂ ਮੁਹੱਈਆ ਕਰਾਏ ਗਏ ਸਨ, ਜਿਨ੍ਹਾਂ ਦੇ ਅਧਾਰ 'ਤੇ ਸਾਨਫ੍ਰਾਂਸਿਸਕੋ ਸਾਜ਼ਿਸ਼ ਕੇਸ ਵਿੱਚ 15 ਭਾਰਤੀ ਅਤੇ 14 ਗੈਰ-ਭਾਰਤੀ ਗ਼ਦਰੀਆਂ ਨੂੰ ਮੁਕੱਦਮੇ ਵਿੱਚ ਸ਼ਾਮਿਲ ਕਰਕੇ ਸਜ਼ਾਵਾਂ ਦਿੱਤੀਆਂ ਗਈਆਂ ਸਨ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਹਿਸਟਰੀ ਸਬ-ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ ਨੇ ਬਿਸ਼ਨ ਬਗਾਈ ਵੱਲੋਂ ਗ਼ਦਰੀ ਦੇਸ਼ ਭਗਤਾਂ ਵਿਰੁੱਧ ਕੀਤੀਆਂ ਕਾਰਵਾਈਆਂ ਬਾਰੇ ਹਵਾਲੇ ਲੱਭੇ ਹਨ, ਵਿਸ਼ੇਸ਼ ਤੌਰ 'ਤੇ ਬਾਬਾ ਬਿਸ਼ਨ ਸਿੰਘ ਹਿੰਦੀ ਵੱਲੋਂ ਉਰਦੂ ਵਿਚ ਲਿਖਿਆ 'ਪਾਰਟੀ ਵਿਚ ਬਿਖ਼ਰਾਵ' ਹੈਡਿੰਗ ਹੇਠ ਲਿਖਿਆ ਦਸਤਾਵੇਜ਼ ਕਮੇਟੀ ਦੀ ਲਾਇਬ੍ਰੇਰੀ ਵਿੱਚ ਸੰਭਾਲਿਆ ਗਿਆ ਹੈ। ਉਸ ਵਿੱਚ ਲਿਖਿਆ ਹੈ, 'ਪੰਡਤ ਰਾਮ ਚੰਦਰ ਦੇ ਪਾਸ ਜੋ ਖ਼ੁਫ਼ੀਆ ਫੰਡ ਸੀ, ਉਸ ਨੇ ਇਸ ਦਾ ਨਜਾਇਜ਼ ਇਸਤੇਮਾਲ ਕੀਤਾ। ਖ਼ੁਫ਼ੀਆ ਫੰਡ ਅਤੇ ਦੂਜੇ ਖ਼ੁਫ਼ੀਆ ਕਾਗਜ਼ਾਤ ਇੱਕ ਅਜਿਹੇ ਆਦਮੀ ਹੱਥ ਦੇ ਦਿੱਤੇ, ਜੋ ਅੰਗਰੇਜ਼ ਰਾਜਦੂਤ, ਸਾਨਫ੍ਰਾਂਸਿਸਕੋ ਦਾ ਸੀ ਆਈ ਡੀ ਕਰਿੰਦਾ ਸੀ। ਇਹ ਵੀ ਲਿਖਣਾ ਜ਼ਰੂਰੀ ਹੈ ਕਿ ਅੰਗਰੇਜ਼ ਸਰਕਾਰ ਨੇ ਇੱਕ ਆਦਮੀ ਹਿੰਦੁਸਤਾਨ ਤੋਂ ਅਮਰੀਕਾ ਵਿੱਚ ਗ਼ਦਰ ਪਾਰਟੀ ਦੇ ਕੰਮਾਂ ਦੀ ਬਕਾਇਦਾ ਰਿਪੋਰਟ ਭੇਜਣ ਲਈ ਅਮਰੀਕਾ ਭੇਜਿਆ ਸੀ। ਇਸ ਦਾ ਨਾਂਅ ਮਿਸਟਰ ਬਗਾਈ ਸੀ, ਜਿਹੜਾ ਰਾਮ ਚੰਦਰ ਦੇ ਇਲਾਕੇ ਦਾ ਰਹਿਣ ਵਾਲਾ ਸੀ ਅਤੇ ਹਿੰਦੁਸਤਾਨ ਵਿੱਚ ਪੰਡਤ ਰਾਮ ਚੰਦਰ ਦਾ ਵਾਕਫ ਸੀ।

ਬਾਬਾ ਬਿਸ਼ਨ ਸਿੰਘ ਹਿੰਦੀ ਨੇ ਸਾਨਫ੍ਰਾਂਸਿਸਕੋ ਦੇ ਸਾਜ਼ਿਸ਼ ਮੁਕੱਦਮੇ ਵਿੱਚ ਦਿੱਤੀ ਇਕ ਸਾਲ ਦੀ ਕੈਦ ਨੂੰ ਆਕਲੈਂਡ ਦੀ ਕਾਉਂਟੀ ਜੇਲ੍ਹ ਵਿੱਚ ਸਾਥੀਆਂ ਸਮੇਤ ਭੁਗਤਿਆ ਸੀ। ਅਮਰੀਕਾ ਵਿੱਚ ਸਕਾਲਰਾਂ ਵੱਲੋਂ ਇਸ ਵਿਰੁੱਧ ਆਵਾਜ਼ ਉਠਾਈ ਗਈ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਸਾਨਫ੍ਰਾਂਸਿਸਕੋ ਦੇ ਮੁੱਖ ਅਧਿਕਾਰੀਆਂ ਤੋਂ ਮੰਗ ਕਰਦੀ ਹੈ ਕਿ ਬਰਕਲੇ ਦੀ ਕਲਾ ਬਗਾਈ ਵੇਅ ਵਾਲੀ ਸੜਕ ਤੋਂ ਇਹ ਨਾਂਅ ਤੁਰੰਤ ਹਟਾ ਕੇ ਗ਼ਦਰ ਪਾਰਟੀ ਦੇ ਮੋਢੀ ਆਗੂ ਦੇ ਨਾਂਅ 'ਤੇ ਰੱਖਿਆ ਜਾਵੇ।

## ਅੱਜ-ਨਾਮਾ

ਬਿਜਲੀ ਕੜਕੇ ਅਚਾਨਕ ਜਾਂ ਸਿਰਾਂ ਉੱਤੇ,
ਏਦਾਂ ਈ ਲੀਡਰਾਂ ਨੂੰ ਔਕੜ ਆਏ ਬੇਲੀ।
ਕੱਲ੍ਹ ਤੱਕ ਚੱਲਦੇ ਜਿਨ੍ਹਾਂ ਦੇ ਹੁਕਮ ਹੈ ਸੀ,
ਅੱਜ ਉਹ ਗਏ ਕੁਝ ਦੋਸ਼ੀ ਬਣਾਏ ਬੇਲੀ।
ਕਿਸੇ ਕੁਝ ਕੀਤਾ ਜਾਂ ਕੀਤੜਾ ਕੱਖ ਨਾਹੀਂ,
ਅੰਦਰਲਾ ਸੱਚ ਨਹੀਂ ਕੋਈ ਬਤਾਏ ਬੇਲੀ।
ਕਦੇ ਉੱਪਰ ਜਾਂ ਹੇਠਾਂ ਵੱਲ ਜਾਣ ਰਹਿੰਦਾ,
ਕਦੀ ਧੁੱਪ ਜਾਂ ਬੱਦਲ ਰਹਿਣ ਛਾਏ ਬੇਲੀ।
ਪਹਿਲੇ ਰਾਜਿਆਂ ਨਾਲ ਜੋ ਵਾਪਰਦੀ ਰਹੀ,
ਅੱਜ ਦਿਆਂ ਹਾਕਮਾਂ ਨਾਲ ਵੀ ਹੋਏ ਬੇਲੀ।
ਕਈ ਤਾਂ ਪਹੁੰਚੇ ਵਿਰੋਧ ਸਨ ਕਰਨ ਵਾਲੇ,
ਹਮਾਇਤ ਵਿੱਚ ਕਈ ਆਣ ਖੜੋਏ ਬੇਲੀ।

-ਤੀਸ ਮਾਰ ਖਾਂ

## ਮੁਹਾਲੀ ਰੈਲੀ 'ਚ ਵਧ-ਚੜ੍ਹ ਕੇ ਪਹੁੰਚਿਆ ਜਾਵੇ : ਧਾਲੀਵਾਲ, ਬਰਾੜ

**ਪਟਿਆਲਾ** : ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਅਤੇ ਪ ਸ ਸ ਫ ਦੇ ਪ੍ਰਮੁੱਖ ਆਗੂਆਂ ਰਣਜੀਤ ਸਿੰਘ ਰਾਣਵਾਂ, ਦਰਸ਼ਨ ਸਿੰਘ ਲੁਬਾਣਾ ਅਤੇ ਸੁਰਿੰਦਰ ਕੁਮਾਰ ਪੁਆਰੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ 19 ਮਈ ਨੂੰ ਪੰਜਾਬ ਏਟਕ ਅਤੇ ਪ.ਸ.ਸ.ਫ. 1680, 22—ਬੀ ਵਲੋਂ ਲੇਬਰ ਭਵਨ ਮੁਹਾਲੀ ਦੇ ਸਾਹਮਣੇ ਹਜਾਰਾਂ ਦੀ ਗਿਣਤੀ ਵਿੱਚ ਮੁਲਾਜ਼ਮਾਂ—ਮਜ਼ਦੂਰਾਂ ਵੱਲੋਂ ਇਕੱਤਰ ਹੋ ਕੇ ਘੱਟੋ—ਘੱਟ ਉਜਰਤਾਂ 35000/— ਰੁਪਏ ਪ੍ਰਤੀ ਮਹੀਨਾ ਕਰਨ ਦੀ ਬਜਾਏ ਕੀਤੇ ਗਏ ਨਿਗੂਣੇ ਵਾਧੇ ਦੇ ਖਿਲਾਫ ਤੇ ਹੋਰ ਮੰਗਾਂ ਨੂੰ ਲੈ ਕੇ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ, ਜਿਸ ਵਿੱਚ ਏਟਕ ਨਾਲ ਸੰਬੰਧਤ ਅਨੇਕਾਂ ਜਥੇਬੰਦੀਆਂ ਦੇ ਵਰਕਰਾਂ ਵੱਲੋਂ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਇਸੇ ਤਰ੍ਹਾਂ ਪ ਸ ਸ ਫ 1680, 22-ਬੀ ਚੰਡੀਗੜ੍ਹ ਨਾਲ ਸੰਬੰਧਤ ਮੁਲਾਜ਼ਮ ਜਥੇਬੰਦੀਆਂ ਵੱਲੋਂ ਵੱਡੇ ਕਾਫਲੇ ਲੈ ਕੇ ਇਸ ਰੈਲੀ ਵਿੱਚ ਸ਼ਾਮਲ ਹੋਇਆ ਜਾਵੇਗਾ।ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ-ਮਜ਼ਦੂਰਾਂ ਦੀਆਂ ਕਾਨੂੰਨੀ ਤੌਰ 'ਤੇ ਵਾਜਬ ਮੰਗਾਂ ਨੂੰ ਜਿਵੇਂ ਅਣਗੌਲਿਆ ਕਰਕੇ ਅੱਤ ਦਾ ਨਿੰਦਣਯੋਗ ਰਵੱਈਆ ਅਖਤਿਆਰ ਕੀਤਾ



ਹੋਇਆ ਹੈ, ਉਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਆਗੂਆਂ ਕਿਹਾ ਕਿ ਪੰਜਾਬ ਵਿੱਚ 14 ਸਾਲ ਬਾਅਦ ਪਹਿਲੀ ਮਈ ਨੂੰ ਜੋ ਸਰਕਾਰ ਵੱਲੋਂ ਘੱਟੋ—ਘੱਟ ਉਜਰਤਾਂ ਵਿੱਚ ਸਿਰਫ 1760 ਰੁਪਏ ਦਾ ਵਾਧਾ ਕੀਤਾ ਗਿਆ ਹੈ, ਉਸ ਨਾਲ ਉਜਰਤ ਸਿਰਫ 13486 ਰੁਪਏ ਪ੍ਰਤੀ ਮਹੀਨਾ ਹੀ ਹੋਈ ਹੈ, ਜਦ ਕਿ ਮਹਿੰਗਾਈ ਅਤੇ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਉਜਰਤ 35000 ਰੁਪਏ ਪ੍ਰਤੀ ਮਹੀਨਾ ਕਰਨੀ ਬਣਦੀ ਹੈ। ਸਰਕਾਰ ਨੇ ਪਹਿਲੀ ਮਈ ਨੂੰ ਮੁਲਾਜ਼ਮਾਂ-ਮਜ਼ਦੂਰਾਂ ਦੀਆਂ ਮੰਗਾਂ ਸੰਬੰਧੀ ਹੀ ਇੱਕ ਰੋਜ਼ਾ ਵਿਧਾਨ ਸਭਾ ਦਾ ਵਿਸ਼ੇਸ਼ ਅਜਲਾਸ ਸੱਦਿਆ ਸੀ,ਪਰ ਕੀਤਾ ਮਜ਼ਦੂਰਾਂ ਨਾਲ ਧੋਖਾ। ਇਸੇ ਸਰਕਾਰ ਦੀ 'ਆਪ' ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦਾ ਨਾਂਅ ਲੈ ਕੇ ਵਾਅਦੇ ਕੀਤੇ ਗਏ ਸਨ ਕਿ ਕੱਚੇ ਮੁਲਾਜ਼ਮ ਪੱਕੇ ਕਰਾਂਗੇ, ਪੁਰਾਣੀ ਪੈਨਸ਼ਨ ਬਹਾਲ ਕਰਾਂਗੇ, ਡੀ ਏ ਅਤੇ ਬਕਾਏ ਦੇਵਾਂਗੇ, ਪੈਨਸ਼ਨਰਾਂ ਦੇ ਮਸਲੇ ਹੱਲ ਕਰਾਂਗੇ, ਪਰ ਅਜਲਾਸ ਵਿੱਚ ਇਨ੍ਹਾਂ ਮੰਗਾਂ ਸੰਬੰਧੀ ਜ਼ਿਕਰ ਤੱਕ ਵੀ ਨਹੀਂ ਕੀਤਾ ਗਿਆ, ਸਰਕਾਰ ਦੀਆਂ ਵਾਅਦਾਖਿਲਾਫੀਆਂ ਕਾਰਨ ਮੁਲਾਜ਼ਮਾਂ—ਮਜ਼ਦੂਰਾਂ ਵਿੱਚ ਬੇਹੱਦ ਗੁੱਸਾ ਹੈ। ਇਸ ਗੁੱਸੇ ਦਾ ਪ੍ਰਗਟਾਵਾ ਮੁਹਾਲੀ ਰੈਲੀ ਵਿੱਚ 19 ਮਈ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਪੁੱਜ ਕੇ ਕਰਨਗੇ। ਰੈਲੀ ਵਿੱਚ ਸਰਕਾਰੀ ਮੁਲਾਜ਼ਮ, ਬਿਜਲੀ ਕਾਮੇ, ਟਰਾਂਸਪੋਰਟ ਕਾਮੇ, ਸਨਅਤੀ ਕਾਮੇ, ਸਕੀਮ ਵਰਕਰ ਅਤੇ ਨਰੇਗਾ ਕਾਮੇ ਬੜੇ ਉਤਸ਼ਾਹ ਨਾਲ ਸ਼ਾਮਲ ਹੋਣ ਦੀਆਂ ਤਿਆਰੀਆਂ ਵਿੱਚ ਜੁਟੇ ਹੋਏ ਹਨ। ਪੰਜਾਬ ਏਟਕ ਅਤੇ ਪ ਸ ਸ ਫ ਦੇ ਪ੍ਰਮੁੱਖ ਆਗੂਆਂ ਨਿਰਮਲ ਸਿੰਘ ਧਾਲੀਵਾਲ, ਬੰਤ ਸਿੰਘ ਬਰਾੜ, ਰਣਜੀਤ ਸਿੰਘ ਰਾਣਵਾਂ, ਦਰਸ਼ਨ ਸਿੰਘ ਲੁਬਾਣਾ, ਸੁਰਿੰਦਰ ਕੁਮਾਰ ਪੁਆਰੀ, ਜਗਦੀਸ਼ ਸਿੰਘ ਚਾਹਲ, ਅਮਰਜੀਤ ਸਿੰਘ ਆਸਲ ਅਤੇ ਸੁਖਦੇਵ ਸ਼ਰਮਾ ਵਲੋਂ ਸਮੁੱਚੇ ਪੰਜਾਬ ਦੇ ਮੁਲਾਜ਼ਮਾਂ-ਮਜ਼ਦੂਰਾਂ ਨੂੰ ਜ਼ੋਰਦਾਰ ਅਪੀਲ ਕੀਤੀ ਗਈ ਹੈ ਕਿ 19 ਮਈ ਦੀ ਵਿਸ਼ਾਲ ਰੋਸ ਰੈਲੀ ਵਿੱਚ ਲੇਬਰ ਭਵਨ, ਮੁਹਾਲੀ ਵਿਖੇ ਕਾਫਲੇ ਬੰਨ੍ਹ ਕੇ ਪਹੁੰਚਿਆ ਜਾਵੇ।

## ਗਰਮੀ 'ਚ ਲੋਕਾਂ ਲਈ ਰਾਹਤ ਬਣੀ ਸੇਵਾ ਭਾਰਤੀ ਵੱਲੋਂ ਠੰਢੇ ਪਾਣੀ ਦੀ ਸੇਵਾ



**ਬੁਢਲਾਡਾ (ਅਸ਼ੋਕ ਲਾਕੜਾ)**-ਸੇਵਾ ਭਾਰਤੀ ਸੰਸਥਾ ਬ੍ਰਾਂਚ ਬੁਢਲਾਡਾ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਠੰਢੇ ਪਾਣੀ ਦੀਆਂ ਟੈਂਕੀਆਂ ਰਖਵਾਈਆਂ ਗਈਆਂ। ਸੰਸਥਾ ਦੀ ਇਸ ਮਨੁੱਖਤਾ ਭਰੀ ਪਹਲ ਦੀ ਸ਼ਹਿਰ ਵਾਸੀਆਂ ਵੱਲੋਂ ਭਰਪੂਰ ਪ੍ਰਸ਼ੰਸਾ ਕੀਤੀ ਗਈ।ਪ੍ਰੋਜੈਕਟ ਚੇਅਰਮੈਨ ਐਡਵੋਕੇਟ ਚੰਦਨ ਗੁਪਤਾ ਨੇ ਦੱਸਿਆ ਕਿ ਰੇਲਵੇ ਸਟੇਸ਼ਨ, ਗਾਂਧੀ ਬਜ਼ਾਰ ਤੋਂ ਇਲਾਵਾ ਹੋਰ ਕਈ ਥਾਵਾਂ 'ਤੇ ਵੀ ਪਾਣੀ ਦੀਆਂ ਟੈਂਕੀਆਂ ਰਖਵਾਈਆਂ ਜਾ ਰਹੀਆਂ ਹਨ, ਤਾਂ ਜੁ ਗਰਮੀ ਦੇ ਮੌਸਮ ਵਿੱਚ ਲੋਕਾਂ ਨੂੰ ਠੰਡੇ ਪਾਣੀ ਦੀ ਸਹੂਲਤ ਮਿਲ ਸਕੇ।ਉਨ੍ਹਾਂ ਕਿਹਾ ਕਿ ਸੇਵਾ ਭਾਰਤੀ ਸੰਸਥਾ ਸਮਾਜਿਕ ਸੇਵਾਵਾਂ ਦੇ ਨਾਲ-ਨਾਲ ਮੈਡੀਕਲ ਕੈਂਪ, ਬੱਚਿਆਂ ਲਈ ਮਨੋਵਿਗਿਆਨਿਕ ਕੈਂਪ ਤੇ ਹੋਰ ਲੋਕ-ਹਿੱਤ ਕਾਰਜ ਵੀ ਨਿਰੰਤਰ ਕਰਾ ਰਹੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸੰਸਥਾ ਵੱਲੋਂ ਜਲਦ ਹੀ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਲੋਕਾਂ ਦੇ ਬੈਠਣ ਲਈ ਬੈਂਚ ਵੀ ਲਗਾਏ ਜਾਣਗੇ।

## ਸਿਹਤ ਵਿਭਾਗ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਿਹਤ ਵਿਭਾਗ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਮੋਗਾ ਦੀ ਅਹਿਮ ਮੀਟਿੰਗ ਚਮਕੌਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋਈ।ਇਸ ਮੀਟਿੰਗ ਨੂੰ ਨਾਇਬ ਸਿੰਘ, ਮਨਜੀਤ ਸਿੰਘ ਤੇ ਬਲਵੀਰ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।ਸਿਹਤ ਵਿਭਾਗ ਪੈਨਸ਼ਨਰਜ਼ ਐਸੋਸੀਏਸ਼ਨ ਦੇ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ, ਜਿਨ੍ਹਾਂ ਵਿੱਚ 2.59 ਦਾ ਗੁਣਾਂਕ ਦੇਣਾ, ਹਾਈ ਕੋਰਟ ਦੀਆਂ ਹਦਾਇਤਾਂ ਅਨੁਸਾਰ 16% ਡੀ ਏ ਦੇਣਾ, ਪੈਨਸ਼ਨ ਦਾ ਭੁਗਤਾਨ ਸਮੇਂ ਸਿਰ ਕਰਨ ਸੰਬੰਧੀ ਅਪਣਾਈ ਗਈ ਬੇਰੁਖੀ ਵਾਲੇ ਰਵੱਈਏ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਟੈਕਸ ਦੇ ਰੂਪ ਵਿੱਚ ਦਿੱਤੇ ਹੋਏ ਪੈਸੇ ਦੀਆਂ ਮੁਫ਼ਤ ਰਿਉੜੀਆਂ ਵੰਡਣ ਤੇ ਇਸ਼ਤਿਹਾਰਾਂ ਰਾਹੀਂ ਝੂਠੇ ਕੰਮਾਂ ਦੇ ਪ੍ਰਚਾਰ ਉੱਪਰ ਕੀਤੇ ਜਾ ਰਹੇ ਖਰਚੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਝੂਠਾ ਕੂੜ ਪ੍ਰਚਾਰ ਕਰਨ ਦੀ ਬਜਾਏ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ, ਮਿਆਰੀ ਸਿਖਿਆ ਤੇ ਰੁਜ਼ਗਾਰ ਮੁਹੱਈਆ ਕਰਵਾਉਣ ਵੱਲ ਧਿਆਨ ਦੇਵੇ।ਇਸ ਮੀਟਿੰਗ ਵਿੱਚ ਮਲਕੀਤ ਕੌਰ, ਬਿਦਰਜੀਤ ਕੌਰ, ਨਛੱਤਰ ਕੌਰ, ਹਰਮੇਸ਼ ਕੁਮਾਰੀ, ਮਨਮੋਹਨ ਰਾਏ, ਜੀਆ ਲਾਲ, ਜੋਗਿੰਦਰਪਾਲ, ਬੰਤਾ ਸਿੰਘ, ਮਲਕੀਤ ਸਿੰਘ ਡਗਰੂ, ਬਸੰਤ ਸਿੰਘ, ਬਲਦੇਵ ਰਾਜ ਚੋਪੜਾ, ਅਮਰਜੀਤ ਸਿੰਘ, ਬਲਵਿੰਦਰ ਸ਼ਰਮਾ, ਨਿਰਮਲ ਸਿੰਘ, ਮਲਕੀਤ ਸਿੰਘ, ਬਲਵਿੰਦਰ ਗਿੱਲ, ਬਲੌਰ ਸਿੰਘ, ਬਲਵੀਰ ਸਿੰਘ, ਮੱਖਣ ਸਿੰਘ, ਰੇਸ਼ਮ ਸਿੰਘ, ਬੇਅੰਤ ਸਿੰਘ, ਸ਼ਾਮ ਲਾਲ ਆਦਿ ਸਾਥੀ ਸ਼ਾਮਲ ਹੋਏ।

## ਪੱਤੋਂ-ਜਵਾਹਰ ਸਿੰਘ ਵਾਲਾ ਰੋਡ 'ਤੇ ਨੌਂ ਮਹੀਨਿਆਂ ਤੋਂ ਧਰਨਾ ਜਾਰੀ, ਪ੍ਰਸ਼ਾਸਨ ਨਹੀਂ ਦੇ ਰਿਹਾ ਧਿਆਨ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਐਨ ਐਚ 254 ਪੱਤੋਂ ਤੋਂ ਜਵਾਹਰ ਸਿੰਘ ਵਾਲਾ ਰੋਡ 'ਤੇ ਪਿਛਲੇ ਨੌਂ ਮਹੀਨਿਆਂ ਤੋਂ ਸ਼ੇਰ-ਏ-ਪੰਜਾਬ ਯੂਨੀਅਨ ਦੀ ਅਗਵਾਈ 'ਚ ਨੌਂ ਮਹੀਨਿਆਂ ਤੋਂ ਧਰਨਾ ਲਗਾਤਾਰ ਜਾਰੀ ਹੈ, ਪਰ ਧਰਨਾਕਾਰੀਆਂ ਦਾ ਦੋਸ਼ ਹੈ ਕਿ ਪ੍ਰਸ਼ਾਸਨ ਤੇ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੇ।ਧਰਨੇ 'ਤੇ ਬੈਠੇ ਲੋਕਾਂ ਨੇ ਕਿਹਾ ਕਿ ਉਹ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ, ਪਰ ਅਜੇ ਤੱਕ ਕੋਈ ਵੀ ਠੋਸ ਹੱਲ ਨਹੀਂ ਕੱਢਿਆ ਗਿਆ। ਉਨ੍ਹਾਂ ਦੱਸਿਆ ਕਿ ਕਈ ਵਾਰ ਸਰਕਾਰੀ ਅਧਿਕਾਰੀਆਂ ਤੇ ਪ੍ਰਸ਼ਾਸਨ ਨੂੰ ਮੰਗ ਪੱਤਰ ਦਿੱਤੇ ਗਏ, ਪਰ ਕੋਈ ਸੁਣਵਾਈ ਨਹੀਂ ਹੋਈ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਧਰਨਾਕਾਰੀਆਂ ਨੇ ਕਿਹਾ ਕਿ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਨਾਕਾਮ ਰਹੀ ਹੈ ਤੇ ਜਦ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਦ ਤੱਕ ਸੰਘਰਸ਼ ਇਸੇ ਤਰ੍ਹਾਂ ਜਾਰੀ ਰਹੇਗਾ।ਇਸ ਧਰਨੇ ਕਾਰਨ ਆਮ ਲੋਕਾਂ ਤੇ ਰਾਹਗੀਰਾਂ ਨੂੰ ਵੀ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਇਸ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਕੋਈ ਗੰਭੀਰ ਕਦਮ ਨਹੀਂ ਚੁੱਕਿਆ ਜਾ ਰਿਹਾ।ਧਰਨਾਕਾਰੀਆਂ ਨੇ ਸਰਕਾਰ ਤੇ ਪ੍ਰਸ਼ਾਸਨ ਤੋਂ ਜਲਦ ਮਸਲੇ ਦਾ ਹੱਲ ਕਰਨ ਦੀ ਮੰਗ ਕੀਤੀ ਹੈ।

## ਲੋਕ ਸੇਵਾ ਸੁਸਾਇਟੀ ਵੱਲੋਂ ਦਿਵਿਆਂਗ ਨੂੰ ਟਰਾਈ ਸਾਈਕਲ ਭੇਟ



**ਜਗਰਾਉਂ (ਸੰਜੀਵ ਅਰੋੜਾ)**-ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਇੱਕ ਦਿਵਿਆਂਗ ਵਿਅਕਤੀ ਨੂੰ ਟਰਾਈ ਸਾਈਕਲ ਦਿੱਤਾ ਗਿਆ। ਅਰੋੜਾ ਪ੍ਰਾਪਰਟੀ ਐਡਵਾਈਜ਼ਰ ਰੇਲਵੇ ਲਿੰਕ ਰੋਡ ਜਗਰਾਉਂ ਦੇ ਦਫ਼ਤਰ ਵਿਖੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਦਨ ਲਾਲ ਅਰੋੜਾ, ਸੈਕਟਰੀ ਡਾਕਟਰ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਪਿੰਡ ਕੋਠੇ ਸ਼ੇਰ ਜੰਗ ਦੇ ਵਸਨੀਕ ਅੰਗਹੀਣ ਸਾਧਿਆ ਰਾਮ ਦੇ ਵਿਅਕਤੀ ਨੂੰ ਟਰਾਈ ਸਾਈਕਲ ਦਿੱਤਾ ਗਿਆ ਤਾਂ ਕਿ ਉਹ ਆਪਣੀ ਜ਼ਿੰਦਗੀ ਆਸਾਨੀ ਨਾਲ ਬਤੀਤ ਕਰ ਸਕੇ। ਇਸ ਮੌਕੇ ਸੁਸਾਇਟੀ ਅਹੁਦੇਦਾਰਾਂ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਸਮੇਂ-ਸਮੇਂ 'ਤੇ ਜ਼ਰੂਰਤਮੰਦ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਵਿੱਚ ਮੈਡੀਕਲ ਕੈਂਪ ਲਗਾਏ ਜਾਂਦੇ ਹਨ, ਉੱਥੇ ਜ਼ਰੂਰਤਮੰਦ ਵਿਅਕਤੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਮੇਂ ਸਮੇਂ ਸਮਾਜ ਸੇਵਾ ਦੇ ਪ੍ਰੋਜੈਕਟ ਲਗਾਉਣ ਤੋਂ ਇਲਾਵਾ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ ਅਤੇ ਵਿਦਿਆਰਥੀਆਂ ਦੀ ਮਦਦ ਲਈ ਕਈ ਅਹਿਮ ਉਪਰਾਲੇ ਕੀਤੇ ਜਾਂਦੇ ਹਨ। ਇਸ ਮੌਕੇ ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਵਾਈਸ ਚੇਅਰਮੈਨ ਸੁਖਜਿੰਦਰ ਢਿੱਲੋਂ, ਪ੍ਰੋਜੈਕਟ ਚੇਅਰਮੈਨ ਕੰਵਲ ਕੱਕੜ, ਪ੍ਰੋਜੈਕਟ ਚੇਅਰਮੈਨ ਰਜੀਵ ਗੁਪਤਾ, ਬਿਕਰਮ ਬਾਂਸਲ, ਲਾਕੇਸ਼ ਟੰਡਨ, ਅਨਿਲ ਮਲਹੋਤਰਾ, ਮੁਕੇਸ਼ ਗੁਪਤਾ, ਆਰ. ਕੇ. ਗੋਇਲ, ਜਸਵੰਤ ਸਿੰਘ, ਕੈਪਟਨ ਨਰੇਸ਼ ਵਰਮਾ ਤੇ ਪ੍ਰਵੇਸ਼ ਅਗਰਵਾਲ ਆਦਿ ਹਾਜ਼ਰ ਸਨ।

## ਡਾ. ਰਿਮੇਸ਼ ਪਾਲ 'ਰਾਈਜ਼ਿੰਗ ਸਟਾਰ' ਐਵਾਰਡ ਨਾਲ ਸਨਮਾਨਤ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਦੇ ਡਾ. ਰਿਮੇਸ਼ ਪਾਲ ਐਸੋਸੀਏਟ ਪ੍ਰੋਫੈਸਰ ਐਂਡੋਕ੍ਰਾਈਨੋਲੋਜੀ ਵਿਭਾਗ ਪੀਜੀਆਈ ਨੂੰ ਅਮਰੀਕਾ ਦੇ ਲਾਸ ਵੇਗਾਸ (ਅਮਰੀਕਾ) ਵਿੱਚ ਹੋਈ ਅਮਰੀਕਨ ਐਸੋਸੀਏਸ਼ਨ ਆਫ ਕਲੀਨੀਕਲ ਐਂਡੋਕ੍ਰਾਈਨੋਲੋਜੀ ਦੀ ਸਾਲਾਨਾ ਮੀਟਿੰਗ ਦੌਰਾਨ 'ਰਾਈਜ਼ਿੰਗ ਸਟਾਰ' ਇਨ ਐਂਡੋਕ੍ਰਾਈਨੋਲੋਜੀ ਐਵਾਰਡ 2026 ਨਾਲ ਸਨਮਾਨਤ ਕੀਤਾ ਗਿਆ ਹੈ।'ਰਾਈਜ਼ਿੰਗ ਸਟਾਰ' ਇਨ ਐਂਡੋਕ੍ਰਾਈਨੋਲੋਜੀ ਐਵਾਰਡ ਇੱਕ ਅੰਤਰਰਾਸ਼ਟਰੀ ਸਨਮਾਨ ਹੈ, ਜੋ ਉਭਰਦੇ ਹੋਏ ਨੌਜਵਾਨ ਐਂਡੋਕ੍ਰਾਈਨੋਲੋਜਿਸਟਾਂ ਨੂੰ ਕਲੀਨੀਕਲ ਐਂਡੋਕ੍ਰਾਈਨੋਲੋਜੀ, ਅਕਾਦਮਿਕ ਯੋਗਦਾਨ ਤੇ ਖੋਜ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਦਿੱਤਾ ਜਾਂਦਾ ਹੈ।ਡਾ. ਪਾਲ ਇਸ ਸਨਮਾਨ ਨੂੰ ਪ੍ਰਾਪਤ ਕਰਨ ਵਾਲੇ ਭਾਰਤ ਦੇ ਕਿਸੇ ਸੰਸਥਾ ਨਾਲ ਸੰਬੰਧਤ ਪਹਿਲੇ ਵਿਅਕਤੀ ਹਨ, ਜੋ ਭਾਰਤ ਵਿੱਚ ਐਂਡੋਕ੍ਰਾਈਨੋਲੋਜੀ ਖੋਜ ਦੇ ਵਧ ਰਹੇ ਅਕਾਦਮਿਕ ਪ੍ਰਭਾਵ ਨੂੰ ਦਰਸਾਉਂਦਾ ਹੈ।ਇਸ ਸਾਲ ਦੇ ਸ਼ੁਰੂ ਵਿੱਚ ਹੀ ਡਾ. ਪਾਲ ਨੂੰ ਗਲੋਬਲ ਐਸੋਸੀਏਸ਼ਨ ਆਫ ਫਿਜ਼ੀਸ਼ਨਜ਼ ਆਫ ਇੰਡੀਅਨ ਓਰਿਜਿਨ ਵੱਲੋਂ ਡਾ. ਆਈ. ਏ. ਮੋਦੀ ਐਵਾਰਡ ਨਾਲ ਵੀ ਸਨਮਾਨਤ ਕੀਤਾ ਗਿਆ ਸੀ।ਇਸ ਮੌਕੇ ਗੱਲ ਕਰਦਿਆਂ ਡਾ. ਪਾਲ ਨੇ ਆਪਣੇ ਮਾਤਾ-ਪਿਤਾ, ਜੀਵਨ ਸਾਥੀ, ਵਿਭਾਗ ਮੁਖੀ, ਮਾਰਗਦਰਸ਼ਕਾਂ, ਸਹਿਕਰਮੀਆਂ, ਵਿਦਿਆਰਥੀਆਂ ਤੇ ਸਾਰੇ ਸ਼ੁਭਚਿੰਤਕਾਂ ਦਾ ਧੰਨਵਾਦ ਕੀਤਾ।ਉਨ੍ਹਾਂ ਪੀਜੀਆਈ ਚੰਡੀਗੜ੍ਹ ਵੱਲੋਂ ਉਪਲਬਧ ਕਰਵਾਏ ਗਏ ਮਜ਼ਬੂਤ ਅਕਾਦਮਿਕ ਤੇ ਖੋਜ-ਕੇਂਦ੍ਰਿਤ ਵਾਤਾਵਰਣ ਦੀ ਪ੍ਰਸ਼ੰਸਾ ਕੀਤੀ ਤੇ ਅਮੈਰੀਕਨ ਸੰਸਥਾ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਦੇ ਕੰਮ ਨੂੰ ਉਤਸ਼ਾਹਤ ਕਰਦਾ ਹੈ।

## ਵਿਧਾਇਕਾ ਨੇ ਰੱਖਿਆ ਆਧੁਨਿਕ ਲਾਇਬ੍ਰੇਰੀ ਦਾ ਨੀਂਹ ਪੱਥਰ

### 25 ਲੱਖ ਰੁਪਏ ਨਾਲ ਤਿਆਰ ਹੋਵੇਗੀ ਲਾਇਬ੍ਰੇਰੀ : ਨਰਿੰਦਰ ਕੌਰ ਭਰਾਜ



**ਭਵਾਨੀਗੜ੍ਹ (ਰਾਜ ਖੁਰਮੀ)**-ਹਲਕਾ ਸੰਗਰੂਰ ਦੀ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਪਿੰਡ ਫਤਿਹਗੜ੍ਹ ਛੰਨਾ ਵਿਖੇ ਲਗਭਗ 25 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਆਧੁਨਿਕ ਲਾਇਬ੍ਰੇਰੀ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਪਿੰਡ ਵਾਸੀਆਂ ਵੱਲੋਂ ਵਿਧਾਇਕ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਤੇ ਪਿੰਡ ਦੇ ਵਿਕਾਸ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਤੇ ਪਿੰਡ ਪੱਧਰ 'ਤੇ ਵੀ ਸ਼ਹਿਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਲਾਇਬ੍ਰੇਰੀ ਪਿੰਡ ਦੇ ਵਿਦਿਆਰਥੀਆਂ, ਨੌਜਵਾਨਾਂ ਤੇ ਪ੍ਰਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲਿਆਂ ਲਈ ਗਿਆਨ ਦਾ ਕੇਂਦਰ ਸਾਬਿਤ ਹੋਵੇਗੀ।ਉਨ੍ਹਾਂ ਦੱਸਿਆ ਕਿ ਲਾਇਬ੍ਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਕਿਤਾਬਾਂ, ਅਖ਼ਬਾਰਾਂ ਤੇ ਰਸਾਲਿਆਂ ਦੇ ਨਾਲ-ਨਾਲ ਡਿਜੀਟਲ ਪੜ੍ਹਾਈ ਦੀਆਂ ਆਧੁਨਿਕ ਸਹੂਲਤਾਂ ਵੀ ਉਪਲਬਧ ਕਰਵਾਈਆਂ ਜਾਣਗੀਆਂ।ਇਸ ਤੋਂ ਇਲਾਵਾ ਵਿਦਿਆਰਥੀਆਂ ਲਈ ਸ਼ਾਂਤ ਤੇ ਸੁਖਦ ਪੜ੍ਹਾਈ ਵਾਲਾ ਮਾਹੌਲ ਤਿਆਰ ਕੀਤਾ ਜਾਵੇਗਾ, ਤਾਂ ਜੋ ਨੌਜਵਾਨ ਆਪਣੇ ਟੀਚਿਆਂ ਨੂੰ ਹਾਸਲ ਕਰ ਸਕਣ।ਇਸ ਮੌਕੇ ਵਿਧਾਇਕ ਨੇ ਸੰਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲਾਇਬ੍ਰੇਰੀ ਦੇ ਨਿਰਮਾਣ ਕਾਰਜ ਨੂੰ ਨਿਰਧਾਰਤ ਸਮੇਂ ਅੰਦਰ ਤੇ ਉੱਚ ਗੁਣਵੱਤਾ ਨਾਲ ਮੁਕੰਮਲ ਕੀਤਾ ਜਾਵੇ, ਤਾਂ ਜੋ ਪਿੰਡ ਵਾਸੀਆਂ ਨੂੰ ਜਲਦ ਤੋਂ ਜਲਦ ਇਸ ਸਹੂਲਤ ਦਾ ਲਾਭ ਮਿਲ ਸਕੇ।ਸਮਾਗਮ ਦੌਰਾਨ ਪਿੰਡ ਦੇ ਮੋਹਤਬਰ, ਪੰਚਾਇਤ ਮੈਂਬਰਾਂ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਇਨਕਲਾਬੀ ਸੰਗਠਨਾਂ ਵੱਲੋਂ ਪ੍ਰੋਫ਼ੈਸਰ ਵੜੈਚ ਨੂੰ ਸ਼ਰਧਾਂਜਲੀਆਂ



**ਮਾਨਸਾ (ਆਤਮਾ ਸਿੰਘ ਪਮਾਰ)**-ਸੀਪੀਆਈ ਐੱਮ ਐੱਲ ਲਿਬਰੇਸ਼ਨ, ਰੈਡੀਕਲ ਪੀਪਲਜ਼ ਫੋਰਮ, ਪ੍ਰਗਤੀਸ਼ੀਲ ਇਸਤਰੀ ਸਭਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਆਇਸਾ ਤੇ ਇਨਕਲਾਬੀ ਨੌਜਵਾਨ ਸਭਾ ਵੱਲੋਂ ਸਦੀਵੀ ਵਿਛੋੜਾ ਦੇ ਗਏ ਦੇਸ਼ ਦੇ ਆਜ਼ਾਦੀ ਸੰਗਰਾਮ ਦੌਰਾਨ ਉੱਠੀਆਂ ਇਨਕਲਾਬੀ ਲਹਿਰਾਂ ਦੇ ਇਤਿਹਾਸ ਦੇ ਅਣਥੱਕ ਖੋਜੀ ਤੇ ਉੱਘੇ ਇਤਿਹਾਸਕਾਰ ਪ੍ਰੋਫ਼ੈਸਰ ਮਲਵਿੰਦਰ ਜੀਤ ਸਿੰਘ ਵੜੈਚ ਨੂੰ ਸ਼ਰਧਾਂਜਲੀ ਭੇਟ ਕੀਤੀ।ਇਨ੍ਹਾਂ ਸੰਗਠਨਾਂ ਦੇ ਆਗੂਆਂ ਕਾਮਰੇਡ ਨਛੱਤਰ ਸਿੰਘ ਖੀਵਾ, ਸੁਖਦਰਸ਼ਨ ਸਿੰਘ ਨੱਤ, ਬਲਵਿੰਦਰ ਸਿੰਘ ਘਰਾਂਗਣਾ, ਜਸਬੀਰ ਕੌਰ ਨੱਤ, ਸੁਖਜੀਤ ਰਾਮਾਨੰਦੀ ਤੇ ਹੈਪੀ ਮਾਨ ਨੇ ਵਿੱਛੜ ਗਏ ਵਿਦਵਾਨ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਅਪਣੇ ਆਪ ਨੂੰ 'ਗਦਰੀ ਬਾਬਿਆਂ ਦਾ ਮੁਨਸ਼ੀ' ਕਹਿਣ ਵਾਲੇ ਪ੍ਰੋਫ਼ੈਸਰ ਵੜੈਚ, ਜਿਨ੍ਹਾਂ ਕਰੀਬ ਤੀਹ ਸਾਲ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿਖੇ ਪੜ੍ਹਾਇਆ, ਨੇ ਡੂੰਘੀ ਖੋਜ ਤੋਂ ਬਾਅਦ ਇਨਕਲਾਬੀ ਲਹਿਰਾਂ ਬਾਰੇ ਤੀਹ ਤੋਂ ਵੱਧ ਕਿਤਾਬਾਂ ਲਿਖੀਆਂ। ਖਾਸ ਕਰਕੇ ਉਨ੍ਹਾਂ ਬੜੇ ਤਰਦੱਦ ਨਾਲ ਲਾਹੌਰ ਹਾਈਕੋਰਟ ਤੋਂ ਫਾਇਲਾਂ ਤੇ ਫੈਸਲਿਆਂ ਦੀ ਨਕਲਾਂ ਮੰਗਵਾ ਕੇ ਲਾਹੌਰ ਸਾਜ਼ਿਸ਼ ਕੇਸ-1 ਤੇ ਲਾਹੌਰ ਸਾਜ਼ਿਸ਼ ਕੇਸ-2 ਬਾਰੇ ਵੱਡ ਆਕਾਰੀ ਪ੍ਰਮਾਣਿਕ ਤੇ ਦਸਤਾਵੇਜ਼ੀ ਕਿਤਾਬਾਂ ਸੰਪਾਦਤ ਕੀਤੀਆਂ, ਜੋ ਬਹੁਤ ਅਹਿਮ ਹਵਾਲਾ ਪੁਸਤਕਾਂ ਹਨ।96 ਸਾਲ ਦੀ ਉਮਰੇ ਉਨ੍ਹਾਂ ਵੱਲੋਂ ਸਦੀਵੀ ਵਿਛੋੜਾ ਦੇ ਜਾਣ ਨਾਲ ਸਾਥੋਂ ਇੱਕ ਮਿਹਨਤੀ ਤੇ ਇਮਾਨਦਾਰ ਖੋਜੀ ਵਿਦਵਾਨ ਖੁੱਸ ਗਿਆ ਹੈ।

## ਗੁਰੂ ਨਾਨਕ ਮਾਡਲ ਸੀਨੀ. ਸੈਕੰ. ਸਕੂਲ ਵਿਖੇ ਮਾਂ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀ. ਸੈਕੰ. ਸਕੂਲ, ਦੋਰਾਹਾ ਵਿਖੇ ਸ੍ਰਿਸ਼ਟੀ ਦੀ ਸਿਰਜਣਹਾਰ ਮਾਂ ਨੂੰ ਸਮਰਪਤ 'ਮਾਂ ਦਿਵਸ' ਮਨਾਇਆ ਗਿਆ।ਸਿਆਣੇ ਕਹਿੰਦੇ ਹਨ ਕਿ ਪ੍ਰਮਾਤਮਾ ਤੋਂ ਬਾਅਦ ਅਸੀਂ ਮਾਂ ਦੇ ਕਰਜ਼ਦਾਰ ਹਾਂ, ਇਸੇ ਕਰਕੇ ਮਾਂ ਦੀ ਪੂਜਾ ਹੀ ਰੱਬ ਦੀ ਪੂਜਾ ਹੈ।ਇਨ੍ਹਾਂ ਪਲਾਂ ਨੂੰ ਖ਼ਾਸ ਬਣਾਉਣ ਲਈ ਸਕੂਲ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਜਮਾਤ ਨਰਸਰੀ ਤੋਂ ਲੈ ਕੇ ਜਮਾਤ ਦੂਜੀ ਤੱਕ ਦੇ ਬੱਚਿਆਂ ਨਾਲ ਉਨ੍ਹਾਂ ਦੀਆਂ ਮਾਤਾਵਾਂ ਨੂੰ ਨਿੱਘਾ ਸੱਦਾ ਦਿੱਤਾ ਗਿਆ।ਪ੍ਰੋਗਰਾਮ ਦਾ ਆਗਾਜ਼ ਬੱਚਿਆਂ ਦੀਆਂ ਮਾਤਾਵਾਂ ਦਾ ਕੁਕਿੰਗ ਮੁਕਾਬਲਾ ਕਰਵਾ ਕੇ ਕੀਤਾ ਗਿਆ।ਐੱਲ.ਕੇ.ਜੀ. ਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਦੁਆਰਾ ਡਾਂਸ ਕਰਕੇ ਸਭ ਦਾ ਮਨੋਰੰਜਨ ਕੀਤਾ ਗਿਆ।ਬੱਚਿਆਂ ਦੀਆਂ ਮਾਤਾਵਾਂ ਦੁਆਰਾ 'ਰੈਂਪ ਵਾਕ' ਕੀਤੀ ਗਈ ਤੇ ਇਸ ਦੇ ਨਾਲ ਹੀ ਉਹਨਾਂ ਦਾ ਸੰਗੀਤ ਅਤੇ ਡਾਂਸ ਦਾ ਮੁਕਾਬਲਾ ਵੀ ਕਰਵਾਇਆ ਗਿਆ।ਜਮਾਤ ਪਹਿਲੀ ਤੇ ਦੂਜੀ ਦੇ ਵਿਦਿਆਰਥੀਆਂ ਨੇ ਡਾਂਸ ਦੁਆਰਾ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।'ਕੁਕਿੰਗ' ਮੁਕਾਬਲੇ ਵਿੱਚ ਪਹਿਲਾ ਸਥਾਨ ਸੰਗੀਤਾ ਵਰਮਾ, ਦੂਸਰਾ ਸਥਾਨ ਪਰਮਪ੍ਰੀਤ ਕੌਰ, ਤੀਸਰਾ ਸਥਾਨ ਨੀਤੂ ਨੇ ਪ੍ਰਾਪਤ ਕੀਤਾ।'ਰੈਂਪ ਵਾਕ' ਦੇ ਮੁਕਾਬਲੇ ਵਿੱਚ ਸੰਦੀਪ ਕੌਰ, ਮੰਜੂ ਕੁਮਾਰੀ ਤੇ ਗੁਰਮਨਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।'ਸੰਗੀਤ' ਮੁਕਾਬਲੇ ਵਿੱਚ ਜਗਜੀਤ ਕੌਰ ਨੇ ਪਹਿਲਾ, ਕਿਰਨਦੀਪ ਕੌਰ ਨੇ ਦੂਜਾ ਤੇ ਕਲਪਨਾ ਮਹਿਤਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।'ਡਾਂਸ' ਮੁਕਾਬਲੇ ਵਿੱਚ ਤਨਮੀਤ ਕੌਰ ਨੇ ਪਹਿਲਾ, ਰਾਵੀਆ ਨੇ ਦੂਜਾ ਤੇ ਕਾਜਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੀਆਂ ਮਾਵਾਂ ਤੇ ਬੱਚਿਆਂ ਨੂੰ ਸਕੂਲ ਡਾਇਰੈਕਟਰ ਰੁਪਿੰਦਰ ਕੌਰ ਬਰਾੜ ਤੇ ਪ੍ਰਿੰਸੀਪਲ ਡਾ. ਡੀ ਪੀ ਠਾਕੁਰ ਨੇ ਸਨਮਾਨਤ ਕੀਤਾ।ਸਕੂਲ ਪ੍ਰਬੰਧਕ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਸਕੂਲ ਡਾਇਰੈਕਟਰ ਰੁਪਿੰਦਰ ਕੌਰ ਬਰਾੜ ਨੇ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇੱਕ ਮਾਂ ਦੀ ਮੌਜੂਦਗੀ ਤੇ ਭਾਗੀਦਾਰੀ ਬੱਚਿਆਂ ਨੂੰ ਭਾਵਨਾਤਮਕ ਤੌਰ 'ਤੇ ਪ੍ਰੇਰਿਤ ਕਰਦੀ ਹੈ ਤੇ ਉਨ੍ਹਾਂ ਦੇ ਆਤਮ-ਵਿਸ਼ਵਾਸ ਤੇ ਸਮੁੱਚੀ ਸ਼ਖ਼ਸੀਅਤ ਨੂੰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।ਅੰਤ ਵਿੱਚ ਸਕੂਲ ਪ੍ਰਿੰਸੀਪਲ ਡਾ. ਡੀ ਪੀ ਠਾਕੁਰ ਨੇ ਕਿਹਾ ਕਿ ਮਾਂ ਕੁਰਬਾਨੀਆਂ ਦਾ ਪੁਤਲਾ ਹੈ, ਇਸ ਲਈ ਸਾਨੂੰ ਸਭ ਨੂੰ ਮਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਇਸ ਦੇ ਨਾਲ ਹੀ ਉਨ੍ਹਾਂ ਨੇ ਸਾਰੀਆਂ ਮਾਤਾਵਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਦੀ ਹਦਾਇਤ ਕੀਤੀ।

## ਕਿਡਜ਼ੀ ਪ੍ਰੀ-ਸਕੂਲ 'ਚ ਮਨਾਇਆ ਮਦਰਜ਼ ਡੇਅ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਕਿਡਜ਼ੀ ਪ੍ਰੀ-ਸਕੂਲ ਵਿੱਚ ਮਦਰਜ਼ ਡੇਅ ਬਹੁਤ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ।ਸਕੂਲ ਨੂੰ ਮਦਰਜ਼ ਡੇ ਥੀਮ ਅਨੁਸਾਰ ਸੁੰਦਰ ਸਜਾਵਟ ਤੇ ਆਕਰਸ਼ਕ ਆਰਟਵਰਕ ਨਾਲ ਸਜਾਇਆ ਗਿਆ, ਜਿਸ ਨੇ ਸਭ ਦਾ ਮਨ ਮੋਹ ਲਿਆ।ਇਸ ਮੌਕੇ ਨਰਸਰੀ, ਜੂਨੀਅਰ ਕੇ.ਜੀ. ਤੇ ਸੀਨੀਅਰ ਕੇ.ਜੀ. ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਕਰਾਈਆਂ ਗਈਆਂ।ਨਰਸਰੀ ਦੇ ਬੱਚਿਆਂ ਨੇ ਆਪਣੀਆਂ ਮਾਵਾਂ ਲਈ ਪਿਆਰੇ ਥੈਂਕ ਯੂ ਕਾਰਡ ਤਿਆਰ ਕੀਤੇ।ਜੂਨੀਅਰ ਕੇ.ਜੀ. ਤੇ ਸੀਨੀਅਰ ਕੇ.ਜੀ. ਦੇ ਵਿਦਿਆਰਥੀਆਂ ਵੱਲੋਂ ਮਾਵਾਂ ਲਈ ਖਾਸ ਭਾਸ਼ਣ ਤਿਆਰ ਕੀਤੇ ਗਏ ਅਤੇ ਸਪੀਚ ਮੁਕਾਬਲਾ ਵੀ ਕਰਾਇਆ ਗਿਆ।ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਤੇ ਮਦਰਜ਼ ਡੇਅ ਨਾਲ ਸੰਬੰਧਤ ਸੁੰਦਰ ਸਜਾਵਟ ਤੇ ਆਰਟਵਰਕ ਨਾਲ ਤਸਵੀਰਾਂ ਖਿੱਚਵਾ ਕੇ ਖੂਬ ਆਨੰਦ ਮਾਣਿਆ।ਸਕੂਲ ਦੇ ਡਾਇਰੈਕਟਰ ਅਤੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਜੀ ਨੇ ਮਾਂ ਦੀ ਜੀਵਨ ਵਿੱਚ ਮਹੱਤਤਾ ਬਾਰੇ ਦੱਸਿਆ ਅਤੇ ਬੱਚਿਆਂ ਨੂੰ ਆਪਣੇ ਮਾਪਿਆਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ।ਸੈਂਟਰ ਹੈੱਡ ਮੈਡਮ ਪਰਮਿੰਦਰ ਕੌਰ ਨੇ ਬੱਚਿਆਂ ਨੂੰ ਪਿਆਰ ਅਤੇ ਅਸ਼ੀਰਵਾਦ ਦਿੰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਕਿਡਜੀ ਦੇ ਡਾਇਰੈਕਟਰ ਮੈਡਮ ਸੁਧਾ ਮਹਿਤਾ ਜੀ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਬੱਚਿਆਂ ਵਿੱਚ ਮਾਪਿਆਂ ਪ੍ਰਤੀ ਪਿਆਰ, ਸਤਿਕਾਰ ਤੇ ਆਤਮਵਿਸ਼ਵਾਸ ਨੂੰ ਵਧਾਉਂਦੀਆਂ ਹਨ।ਮਾਊਂਟ ਇੰਟਰਨੈਸ਼ਨਲ ਸਕੂਲ ਦੀ ਹੈੱਡ ਮੈਡਮ ਖੁਸ਼ਪ੍ਰੀਤ ਕੌਰ ਨੇ ਬੱਚਿਆਂ ਨੂੰ ਘਰੇਲੂ ਕੰਮਾਂ ਵਿੱਚ ਆਪਣੀ ਮਾਂ ਦੀ ਮਦਦ ਕਰਨ ਅਤੇ ਹਰ ਕੰਮ ਵਿੱਚ ਉਹਨਾਂ ਦਾ ਸਾਥ ਦੇਣ ਲਈ ਪ੍ਰੇਰਿਤ ਕੀਤਾ।

## ਜਥੇਬੰਦੀਆਂ ਵੱਲੋਂ ਸਫਾਈ ਸੇਵਕਾਂ ਦੀ ਹੜਤਾਲ ਦਾ ਸਮਰਥਨ



**ਜਲਾਲਾਬਾਦ (ਜੀਤ ਕੁਮਾਰ)**

ਐੱਸਸੀ/ਐੱਸਟੀ/ਓਬੀਸੀ ਮਹਾਂ ਸੰਘਰਸ਼ ਕਮੇਟੀ ਤੇ ਡਾਕਟਰ ਭੀਮ ਰਾਓ ਅੰਬੇਡਕਰ ਐੱਸਸੀ/ਐੱਸਟੀ/ਓਬੀਸੀ ਵੈੱਲਫੇਅਰ ਸੋਸਾਇਟੀ (ਰਜਿ.) ਦੇ ਪ੍ਰਧਾਨ ਰੋਹਿਤ ਗੁਡਾਲੀਆ ਤੇ ਜਨਰਲ ਸਕੱਤਰ ਜੋਗਿੰਦਰ ਪਾਲ ਆਪਣੇ ਕਾਫਲੇ ਸਮੇਤ ਨਗਰ ਕੌਂਸਲ ਸਫਾਈ ਸੇਵਕਾਂ ਦੀ ਚੱਲ ਰਹੀ ਹੜਤਾਲ ਦੀ ਹਮਾਇਤ ਵਿੱਚ ਪੁੱਜੇ। ਇਸ ਮੌਕੇ ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਅਜੇ ਕੁਮਾਰ ਤੇ ਕੱਚੇ ਮੁਲਾਜ਼ਮਾਂ ਦੇ ਪ੍ਰਧਾਨ ਸੰਨੀ ਸਾਰਵਾਨ ਨਾਲ ਗੱਲਬਾਤ ਕੀਤੀ, ਜਿਸ ਵਿੱਚ ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨਾ, ਓ.ਪੀ.ਐੱਸ. (ਪੁਰਾਣੀ ਪੈਨਸ਼ਨ) ਤੇ ਹੋਰ ਜਾਇਜ਼ ਮੰਗਾਂ ਹਨ ਪਰ ਪੰਜਾਬ ਸਰਕਾਰ ਵੱਲੋਂ ਕਿਸੇ ਵੀ ਅਧਿਕਾਰੀ ਨੇ ਇਨ੍ਹਾਂ ਮੁਲਾਜ਼ਮਾਂ ਦੀ ਸਾਰ ਨਹੀਂ ਲਈ ਹੈ, ਜੋਕਿ ਬਹੁਤ ਹੀ ਮੰਦਭਾਗੀ ਗੱਲ ਹੈ। ਪ੍ਰਧਾਨ ਰੋਹਿਤ ਗੁਡਾਲੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਹੋਏ ਵਾਅਦੇ ਮੁਤਾਬਕ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨਾ ਤੇ ਉਨ੍ਹਾਂ ਦੀਆਂ ਬੇਸਿਕ ਲੋੜਾਂ ਨੂੰ ਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਨੇਪਰੇ ਚੜਨਾ, ਇਹ ਸਰਕਾਰ ਦੇ ਮੁੱਖ ਮੁੱਦੇ ਰਹੇ ਹਨ। ਸਫਾਈ ਕਰਮਚਾਰੀਆਂ ਨੂੰ ਪੱਕੇ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਅੱਜ ਤੱਕ ਪੂਰਾ ਨਹੀਂ ਕੀਤਾ ਗਿਆ।

ਗੁਡਾਲੀਆ ਨੇ ਕਿਹਾ ਕਿ ਇਹ ਕਰਮਚਾਰੀ, ਸਵੇਰੇ ਲੋਕਾਂ ਦੇ ਉੱਠਣ ਤੋਂ ਪਹਿਲਾਂ ਸਾਰੇ ਸ਼ਹਿਰ ਦਾ ਕਚਰਾ ਸਾਫ ਕਰਦੇ ਹਨ, ਸ਼ਹਿਰ ਨੂੰ ਸੁੰਦਰ ਰੱਖਦੇ ਹਨ। ਉਨ੍ਹਾਂ ਦੇ ਹੱਕ ਵਿੱਚ ਕੋਈ ਵੀ ਪੰਜਾਬ ਸਰਕਾਰ ਦਾ ਨੁਮਾਇੰਦਾ ਨਹੀਂ ਪਹੁੰਚਿਆ, ਜੋ ਬਹੁਤ ਮਾੜੀ ਗੱਲ ਹੈ। ਐੱਸ ਸੀ/ਐੱਸ ਟੀ/ਓ ਬੀ ਸੀ ਮਹਾਂ ਸੰਘਰਸ਼ ਕਮੇਟੀ ਤੇ ਡਾਕਟਰ ਭੀਮ ਰਾਓ ਅੰਬੇਡਕਰ ਐੱਸ ਸੀ/ਐੱਸ ਟੀ/ਓ ਬੀ ਸੀ ਵੈੱਲਫੇਅਰ ਸੋਸਾਇਟੀ ਜਲਾਲਾਬਾਦ ਇਸ ਹੜਤਾਲ ਦਾ ਪੂਰਨ ਸਮਰਥਨ ਕਰਦੀ ਹੈ।

## ਅਕਾਲੀ ਦਲ ਨੂੰ ਝਟਕਾ, ਵੱਡੀ ਗਿਣਤੀ ਵਰਕਰ 'ਆਪ' 'ਚ ਸ਼ਾਮਲ

### 'ਆਪ' 'ਚ ਸ਼ਾਮਲ ਹੋਣ ਵਾਲਿਆਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ : ਡਾ. ਅਰੋੜਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਪ੍ਰਧਾਨ ਸੁਖਮਿੰਦਰ ਸਿੰਘ, ਪ੍ਰਧਾਨ ਤੀਰਥ ਰਾਮ, ਹਰਪ੍ਰੀਤ ਸਿੰਘ ਬਾਵਾ ਤੇ ਜੈਲੇਦਾਰ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਆਪਣੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸਥਾਨਕ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਉਨ੍ਹਾਂ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਸਵਾਗਤ ਵਜੋਂ ਸਿਰੋਪਾਓ ਨਾਲ ਸਨਮਾਨਤ ਕੀਤਾ।ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਆਪ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀ ਵਾਲਾ, ਸਿਆਸੀ ਸਕੱਤਰ ਤੇ ਸਾਬਕਾ ਕੌਂਸਲਰ ਦਵਿੰਦਰ ਸਿੰਘ ਤਿਵਾੜੀ, ਗੁਰਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਲੰਟੀਅਰ ਮੌਜੂਦ ਸਨ।ਇਸ ਮੌਕੇ ਬੋਲਦਿਆਂ ਸਥਾਨਕ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਪੱਖੀ ਨੀਤੀਆਂ ਤੇ ਵਿਕਾਸ ਪਹਿਲਕਦਮੀਆਂ ਤੋਂ ਪ੍ਰੇਰਿਤ ਹੋ ਕੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਲੋਕਾਂ ਨੂੰ ਉਹ ਸਤਿਕਾਰ ਤੇ ਸਨਮਾਨ ਦਿੱਤਾ ਜਾਵੇਗਾ, ਜਿਸ ਦੇ ਉਹ ਹੱਕਦਾਰ ਹਨ।ਪਾਰਟੀ ਵਿੱਚ ਸ਼ਾਮਲ ਹੋਏ ਸਾਰੇ ਸਾਥੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਉਮੀਦ ਪ੍ਰਗਟਾਈ ਕਿ ਉਹ ਲੋਕ ਭਲਾਈ ਤੇ ਖੇਤਰ ਦੇ ਵਿਕਾਸ ਲਈ ਪੂਰੀ ਲਗਨ ਨਾਲ ਕੰਮ ਕਰਨਗੇ।




## ਸਰਕਾਰੀ ਸਕੂਲ ਗੋਬਿੰਦਪੁਰਾ ਵਿਖੇ ਬਿਜ਼ਨੈੱਸ ਬਲਾਸਟਰ ਮੇਲਾ ਲਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੀ.ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਅਧੀਨ ਬਿਜ਼ਨਸ ਬਲਾਸਟਰ ਦੀਆਂ ਕਿਰਿਆਵਾਂ ਸੰਬੰਧੀ ਮੇਲਾ ਲਾਇਆ ਗਿਆ। ਡਾ. ਰਣਜੋਧ ਸਿੰਘ (ਲੈਕ. ਅਰਥਸ਼ਾਸਤਰ) ਸਹਾਇਕ ਨੋਡਲ ਅਫ਼ਸਰ 'ਬਿਜ਼ਨਸ ਬਲਾਸਟਰ ਕਿਰਿਆਵਾਂ' ਤੇ ਸਕੂਲ ਮੀਡੀਆ ਇੰਚਾਰਜ ਨੇ ਦੱਸਿਆ ਕਿ ਇਹ ਮੇਲਾ ਵਿਦਿਆਰਥੀਆਂ ਅੰਦਰ 'ਉੱਦਮਤਾ ਦੇ ਗੁਣ ਅਤੇ ਕਮਾਈ ਕਰਨ ਲਈ ਹੁਨਰ' ਵਿਕਸਿਤ ਕਰਨ ਸੰਬੰਧੀ ਲਗਾਇਆ ਗਿਆ ਹੈ। ਵਿਭਾਗ ਦੁਆਰਾ ਸਕੂਲ ਦੀਆਂ 10 ਬਿਜ਼ਨਸ ਬਲਾਸਟਰ ਦੀਆਂ ਟੀਮਾਂ ਨੂੰ ਚੁਣਨ ਉਪਰੰਤ ਸੀਡ ਮਨੀ ਭੇਜੀ ਗਈ ਸੀ, ਜਿਸਨੂੰ ਇੰਚਾਰਜ ਅਧਿਆਪਕਾਂ ਦੀ ਅਗਵਾਈ ਅਧੀਨ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੁਆਰਾ ਆਪਣੇ ਅੰਦਰ ਪੈਦਾ ਕੀਤੀ ਉੱਦਮਤਾ, ਹੁਨਰ, ਸਮਝ ਤੇ ਸਮਰੱਥਾ ਅਨੁਸਾਰ ਵਰਤਿਆ ਅਤੇ ਆਪਣੇ ਵਪਾਰਿਕ ਨਜ਼ਰੀਏ ਨੂੰ ਪ੍ਰੈਕਟੀਕਲ ਰੂਪ ਵਿਚ ਪੇਸ਼ ਕੀਤਾ ਹੈ। ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਨੇ ਚੁਣੀਆਂ ਸਾਰੀਆਂ ਟੀਮਾਂ, ਹਰਬਲ ਬਿਊਟੀ ਪ੍ਰੋਡਕਟਸ ਦੀ ਸੇਲ ਤੇ ਪਰਚੇਜ਼, ਆਰਟੀਫਿਸ਼ੀਅਲ ਜਵੈਲਰੀ, ਰੈਡੀਮੇਡ ਗਾਰਮੈਂਟਸ ਤੇ ਕ੍ਰੀਏਟਿਵ ਪੇਂਟਿੰਗਸ ਦੀ ਸੇਲ ਤੇ ਪਰਚੇਜ਼, ਬਰੈਡ ਤੇ ਮਿਕਸ ਪਕੌੜਾ ਸ਼ਾਪ ਤੇ ਵੈਜ ਬਰਗਰ ਪੁਆਇੰਟ ਆਦਿ ਦੇ ਟੀਮ ਲੀਡਰਾਂ ਸਮੇਤ ਸਮੁੱਚੇ ਮੈਂਬਰਾਂ ਨਾਲ ਪ੍ਰੇਰਨਾਦਾਇਕ ਗੱਲਬਾਤ ਕਰਦਿਆਂ ਸਰਕਾਰ ਅਤੇ ਵਿਭਾਗ ਦੇ ਅਜਿਹੇ ਨਿਵੇਕਲੇ ਉਪਰਾਲਿਆਂ ਦਾ ਭਰਪੂਰ ਫਾਇਦਾ ਉਠਾਉਣ ਲਈ ਜਾਣਕਾਰੀ ਦਿੱਤੀ।

## ਲੋਕ ਸੰਘਰਸ਼ ਨੂੰ ਬੂਰ ਪਿਆ, ਪੀ ਯੂ ਰਿਜਨਲ ਸੈਂਟਰ ਦੀ ਨਵੀਂ ਇਮਾਰਤ ਦਾ ਕੰਮ ਸ਼ੁਰੂ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-1998 ਤੋਂ ਕਿਰਾਏ ਦੀ ਨਿੱਕੜੀ ਜਿਹੀ ਤੇ ਖਸਤਾ ਹਾਲ ਇਮਾਰਤ 'ਚ ਚੱਲ ਰਹੇ ਪੰਜਾਬ ਯੂਨੀਵਰਸਿਟੀ ਦੇ ਰਿਜ਼ਨਲ ਸੈਂਟਰ ਵਾਸਤੇ ਨਵੀਂ ਇਮਾਰਤ ਬਣਾਉਣ ਲਈ ਵਿਦਿਆਰਥੀਆਂ ਤੇ ਰਿਜ਼ਨਲ ਸੈਂਟਰ ਬਣਾਓ ਮੰਚ ਵੱਲੋਂ ਕੀਤੇ ਸੰਘਰਸ਼ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ ਹੈ।ਸੈਂਟਰ ਵਾਸਤੇ ਸਰਕਾਰੀ ਕਾਲਜ ਕੰਪਲੈਕਸ ਵਿਖੇ ਇਮਾਰਤ ਬਣਨੀ ਸ਼ੁਰੂ ਹੋ ਗਈ ਹੈ।ਹਾਲ ਦੀ ਘੜੀ ਪਹਿਲੇ ਪੜਾਅ 'ਚ 4 ਕਰੋੜ 70 ਲੱਖ ਰੁਪਏ ਦੀ ਲਾਗਤ ਨਾਲ ਅਕਾਦਮਿਕ ਬਲਾਕ ਬਣ ਰਿਹਾ ਹੈ।ਰਿਜ਼ਨਲ ਸੈਂਟਰ ਦੇ ਡਾਇਰੈਕਟਰ ਡਾ. ਮੁਨੀਸ਼ ਕੁਮਾਰ ਨੇ ਦੱਸਿਆ ਕਿ ਇਸ ਤਿੰਨ ਮੰਜ਼ਿਲੀ ਇਮਾਰਤ ਦਾ ਜ਼ਮੀਨੀ ਬਲਾਕ ਵਾਸਤੇ ਕਰੀਬ ਸਵਾ 7 ਕਰੋੜ ਰੁਪਏ ਦੀ ਲੋੜ ਹੈ।ਅਲਾਟ ਹੋਏ ਫੰਡ ਨਾਲ ਕਰੀਬ ਪੜ੍ਹਾਈ ਦੇ ਕਮਰੇ ਤੇ ਪਖਾਨੇ ਵਗੈਰਾ ਬਣਨਗੇ।ਫਿਰ ਜਿਵੇਂ ਜਿਵੇਂ ਫੰਡ ਆਉਣਗੇ, ਇਮਾਰਤ 'ਚ ਵਾਧਾ ਕੀਤਾ ਜਾਵੇਗਾ। 2017 ਵਿੱਚ ਗਿਦੜਬਾਹਾ ਦੇ ਤਤਕਾਲੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਯੂਨੀਵਰਸਿਟੀ ਦੇ ਮੁਕਤਸਰ ਸਥਿਤ ਰਿਜ਼ਨਲ ਸੈਂਟਰ ਨੂੰ ਪਿੰਡ ਕਾਉਣੀ ਵਿੱਚ ਪੈਂਦੇ ਰੂਰਲ ਸੈਂਟਰ ਵਿੱਚ ਰਲਾਉਣ ਦੀ ਬਹੁਤ ਕੋਸ਼ਿਸ਼ ਕੀਤੀ।ਪਰ ਵਿਦਿਆਰਥੀਆਂ ਅਤੇ ਰਿਜ਼ਨਲ ਸੈਂਟਰ ਬਚਾਓ ਮੰਚ ਦੇ ਸੰਘਰਸ਼ ਕਾਰਣ ਉਹ ਸਫਲ ਨਹੀਂ ਹੋ ਸਕੇ। ਸੈਂਟਰ ਮੁਕਤਸਰ ਰਹਿਣ ਤੋਂ ਬਾਅਦ ਅਗਲਾ ਸੰਘਰਸ਼ ਸੀ ਨਵੀਂ ਇਮਾਰਤ ਦਾ।ਇਸ ਵਾਸਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਰਕਾਰੀ ਕਾਲਜ ਦੀ ਜ਼ਮੀਨ ਵਿੱਚੋਂ ਕਰੀਬ 5 ਕਿਲੇ ਜ਼ਮੀਨ ਰਿਜ਼ਨਲ ਸੈਂਟਰ ਦੇ ਨਾਂਅ ਤਬਦੀਲ ਕਰਨ ਦੇ ਹੁਕਮ ਦੇ ਦਿੱਤੇ ਸਨ।ਜ਼ਮੀਨ ਟਰਾਂਸਫਰ ਹੋਣ ਤੋਂ ਬਾਅਦ ਕਰੀਬ 3 ਸਾਲ ਪਹਿਲਾਂ ਇਸਦੀ ਚਾਰਦੀਵਾਰੀ ਹੋ ਗਈ ਸੀ ਤੇ ਹੁਣ ਇਮਾਰਤ ਬਣਨ ਲੱਗੀ ਹੈ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪ੍ਰੋ. ਵੜੈਚ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ

**ਲੁਧਿਆਣਾ (ਕਥੂਰੀਆ, ਭਾਟੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਮੈਂਬਰਾਂ ਤੇ ਸਮੂਹ ਮੈਂਬਰਾਂ ਵੱਲੋਂ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੇਹਾਂਤ 'ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪ੍ਰੋ. ਮਾਲਵਿੰਦਰ ਸਿੰਘ ਵੜੈਚ ਜੰਗੇ ਆਜ਼ਾਦੀ ਦੇ ਤੱਥਮੂਲਕ ਇਤਿਹਾਸਕਾਰ ਤੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਵਿੱਚ ਲੰਮਾ ਸਮਾਂ ਹਿਊਮੈਨੇਟੀਜ਼ ਦੇ ਪ੍ਰੋਫ਼ੈਸਰ ਰਹੇ ਸਨ।

ਪ੍ਰੋ. ਵੜੈਚ ਜੀ ਗ਼ਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸੰਘ ਭਕਨਾ, ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ, ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਸ਼ਹੀਦ ਜਤਿਨ ਦਾਸ ਦੇ ਭਰਾ ਕਿਰਨ ਦਾਦਾ ਸਮੇਤ ਅਨੇਕਾਂ ਦੇਸ਼ ਭਗਤਾਂ ਦੀ ਸੰਗਤ ਮਾਣੀ।ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੇ ਅਨੇਕਾਂ ਵਿਦਿਆਰਥੀ ਉੱਚ ਅਹੁਦਿਆਂ 'ਤੇ ਸੇਵਾਵਾਂ ਨਿਭਾਉਂਦੇ ਰਹੇ।ਪਰਿਵਾਰਕ ਜਾਣਕਾਰੀ ਅਨੁਸਾਰ ਪ੍ਰੋ. ਵੜੈਚ ਦੀ ਅੰਤਿਮ ਇੱਛਾ ਅਨੁਸਾਰ ਉਨ੍ਹਾਂ ਦੀ ਮ੍ਰਿਤਕ ਦੇਹ ਪੀ. ਜੀ.ਆਈ. ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਸੌਂਪ ਦਿੱਤੀ ਗਈ ਹੈ। ਪ੍ਰੋ. ਵੜੈਚ ਜੀ ਦੇ ਦੇਹਾਂਤ ਨਾਲ ਉਨ੍ਹਾਂ ਦੇ ਸਨੇਹੀਆਂ ਤੇ ਪਰਿਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਇਸ ਦੁੱਖ ਦੇ ਸਮੇਂ ਅਕਾਦਮੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੇ ਸਦੀਵੀ ਵਿਛੋੜੇ 'ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਜੰਗੇ ਆਜ਼ਾਦੀ ਦੇ ਇਤਿਹਾਸਕਾਰ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੱਕ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਖੇ ਵਿਦਿਆਰਥੀਆਂ ਵਿੱਚ ਦੇਸ਼ ਭਗਤ ਵਿਰਸਾ ਚੇਤਨਾ, ਸਿਰਜਣਾਤਮਕ ਸੋਝੀ, ਖੇਡ ਸੱਭਿਆਚਾਰ, ਸਵੈ ਅਨੁਸ਼ਾਸਨ ਤੇ ਭਾਈਚਾਰਕ ਸ਼ਕਤੀ ਦੀ ਨਿਰੰਤਰ ਉਸਾਰੀ ਉਨ੍ਹਾਂ ਦਾ ਮੂਲ ਉਦੇਸ਼ ਰਿਹਾ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਰਵਿੰਦਰ ਸਿੰਘ ਭੱਠਲ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਵਰਿਆਮ ਸਿੰਘ ਸੰਧੂ, ਡਾ. ਗੁਰਇਕਬਾਲ ਸਿੰਘ, ਡਾ. ਸਰਬਜੀਤ ਕੌਰ ਸੋਹਲ, ਸ੍ਰੀ ਜਸਪਾਲ ਮਾਨਖੇੜਾ, ਸ. ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਰਚਰਨ ਕੌਰ ਕੋਚਰ, ਡਾ. ਅਰਵਿੰਦਰ ਕੌਰ ਕਾਕੜਾ, ਸ੍ਰੀਮਤੀ ਸੁਰਿੰਦਰ ਨੀਰ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਹਰਵਿੰਦਰ ਸਿੰਘ ਸਿਰਸਾ, ਡਾ. ਅੰਮੀਆਂ ਕੁੰਵਰ, ਡਾ. ਹਰੀ ਸਿੰਘ ਜਾਚਕ, ਕੇ. ਸਾਧੂ ਸਿੰਘ, ਭੁਪਿੰਦਰ ਸਿੰਘ ਸੰਧੂ, ਸੰਜੀਵਨ ਸਿੰਘ, ਡਾ. ਸਿਮਰਜੀਤ ਕੌਰ ਗਿੱਲ, ਡਾ. ਤਰਸਪਾਲ ਕੌਰ, ਮਨਜਿੰਦਰ ਸਿੰਘ ਧਨੋਆ, ਤ੍ਰੈਲੋਚਨ ਲੋਚੀ, ਪ੍ਰਭਜੋਤ ਸਿੰਘ ਸੋਹੀ, ਪ੍ਰਿੰ. ਨਵਤੇਜ ਗੜ੍ਹਦੀਵਾਲਾ, ਡਾ. ਰਜਿੰਦਰ ਸਿੰਘ ਰਾਜਨ, ਮੱਖਣ ਮਾਨ, ਰੋਜ਼ੀ ਸਿੰਘ ਸ਼ਾਮਲ ਹਨ।


## ਭੀਖੀ ਵਿੱਚ ਨਸ਼ੇ ਦੀ ਲਪੇਟ 'ਚ ਨੌਜਵਾਨ, ਪੁਲਸ 'ਤੇ ਉੱਠੇ ਸਵਾਲ



**ਭੀਖੀ (ਧਰਮਵੀਰ ਸ਼ਰਮਾ)**-ਭੀਖੀ ਸ਼ਹਿਰ ਵਿੱਚ ਨਸ਼ੇ ਦਾ ਮਾਮਲਾ ਲਗਾਤਾਰ ਗੰਭੀਰ ਹੁੰਦਾ ਜਾ ਰਿਹਾ ਹੈ।ਤਾਜ਼ਾ ਮਾਮਲੇ ਵਿੱਚ ਇੱਕ ਨੌਜਵਾਨ ਨਸ਼ੇ ਦਾ ਟੀਕਾ ਲਗਾਉਣ ਤੋਂ ਬਾਅਦ ਮੋਟਰਸਾਈਕਲ ਉੱਪਰ ਹੀ ਬੇਹੋਸ਼ੀ ਵਰਗੀ ਹਾਲਤ ਵਿੱਚ ਝੂਲਦਾ ਨਜ਼ਰ ਆਇਆ, ਜਿਸ ਤੋਂ ਬਾਅਦ ਭੀਖੀ ਪੁਲਸ ਨੂੰ ਸੂਚਿਤ ਕਰਨ 'ਤੇ ਥਾਣਾ ਮੁਖੀ ਭੀਖੀ ਗੁਰਮੇਲ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਪਹੁੰਚ ਕੇ ਉਕਤ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਗਿਆ।ਇਸ ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਇਲਾਕੇ ਦੇ ਲੋਕਾਂ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਭੀਖੀ ਵਿੱਚ ਨਸ਼ੇ ਦੀ ਵਿਕਰੀ ਤੇ ਵਰਤੋਂ ਖੁੱਲ੍ਹੇਆਮ ਹੋ ਰਹੀ ਹੈ, ਪਰ ਪੁਲਸ ਪ੍ਰਸ਼ਾਸਨ ਵੱਲੋਂ ਨਸ਼ਾ ਖਤਮ ਕਰਨ ਦੇ ਕੀਤੇ ਜਾ ਰਹੇ ਦਾਅਵੇ ਜ਼ਮੀਨੀ ਹਕੀਕਤ ਤੋਂ ਬਿਲਕੁਲ ਉਲਟ ਨਜ਼ਰ ਆ ਰਹੇ ਹਨ।ਉਨ੍ਹਾਂ ਕਿਹਾ ਕਿ ਨਸ਼ੇ ਕਾਰਨ ਨੌਜਵਾਨ ਪੀੜ੍ਹੀ ਬਰਬਾਦ ਹੋ ਰਹੀ ਹੈ, ਪਰ ਪ੍ਰਸ਼ਾਸਨ ਵੱਲੋਂ ਸਖ਼ਤ ਕਾਰਵਾਈ ਨਹੀਂ ਕੀਤੀ ਜਾ ਰਹੀ। ਇਲਾਕਾ ਵਾਸੀਆਂ ਨੇ ਮੰਗ ਕੀਤੀ ਹੈ ਕਿ ਨਸ਼ਾ ਵੇਚਣ ਵਾਲਿਆਂ ਖਿਲਾਫ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਸ਼ਹਿਰ ਵਿੱਚ ਚੱਲ ਰਹੇ ਨਸ਼ੇ ਦੇ ਜਾਲ ਨੂੰ ਤੋੜਿਆ ਜਾਵੇ।ਲੋਕਾਂ ਦਾ ਕਹਿਣਾ ਹੈ ਕਿ ਜੇ ਸਮੇਂ ਸਿਰ ਪ੍ਰਭਾਵਸ਼ਾਲੀ ਕਦਮ ਨਾ ਚੁੱਕੇ ਗਏ ਤਾਂ ਹਾਲਾਤ ਹੋਰ ਵੀ ਗੰਭੀਰ ਹੋ ਸਕਦੇ ਹਨ।ਥਾਣਾ ਮੁਖੀ ਭੀਖੀ ਗੁਰਮੇਲ ਸਿੰਘ ਨੇ ਕਿਹਾ ਕਿ ਉਕਤ ਨੌਜਵਾਨ ਦਾ ਡੋਪ ਟੈਸਟ ਕਰਵਾਇਆ ਜਾਵੇਗਾ, ਜਿਸ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।

## ਕੌਮੀ ਲੋਕ ਅਦਾਲਤ 'ਚ ਸੈਂਕੜੇ ਕੇਸਾਂ ਦੇ ਮੌਕੇ 'ਤੇ ਨਿਪਟਾਰਾ, ਲੱਖਾਂ ਰੁਪਏ ਦੇ ਅਵਾਰਡ ਪਾਸ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਦੀਆਂ ਨਿਆਇਕ ਅਦਾਲਤਾਂ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਸ੍ਰੀ ਅਵਤਾਰ ਸਿੰਘ ਤੇ ਕਾਨੂੰਨੀ ਸੇਵਾਵਾਂ ਅਥਾਰਟੀ ਜ਼ਿਲ੍ਹਾ ਪਟਿਆਲਾ ਤੇ ਸੈਕਟਰੀ ਕੰਮ ਸੀ ਜੇ ਐੱਮ ਇੰਚਾਰਜ ਸ੍ਰੀ ਅਸ਼ੋਕ ਚੌਹਾਨ ਦੀ ਅਗਵਾਈ ਹੇਠ ਉਪ-ਮੰਡਲ ਪੱਧਰ ਤੇ ਇਸ ਸਾਲ ਦੀ ਦੂਜੀ ਕੌਮੀ ਲੋਕ ਅਦਾਲਤ ਲਗਾਈ ਗਈ।ਉਪ-ਮੰਡਲ ਪੱਧਰ 'ਤੇ ਦੋ ਕੌਮੀ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚੋਂ ਇੱਕ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਮੈਡਮ ਮੋਹਿਨੀ ਗੋਇਲ ਤੇ ਦੂਜੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸਿਵਲ ਜੱਜ ਡਵੀਜ਼ਨ ਸਮਾਣਾ ਮੈਡਮ ਡਿੰਪਲ ਗਰਗ ਨੇ ਕੀਤੀ।ਇਨ੍ਹਾਂ ਕੌਮੀ ਲੋਕ ਅਦਾਲਤਾਂ ਵਿੱਚ ਦੀਵਾਨੀ ਤੇ ਸਮਝੌਤਾਯੋਗ ਫੌਜਦਾਰੀ, ਟ੍ਰੈਫਿਕ ਚਲਾਨ, ਬੈਂਕਾਂ ਦੇ ਕੇਸ ਆਦਿ ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੇਸਾਂ ਦੇ ਆਪਸੀ ਸਮਝੌਤੇ ਕਰਵਾ ਕੇ ਕੇਸ ਫੈਸਲਾ ਕਰਵਾ ਦਿੱਤੇ ਗਏ ਤੇ ਲੱਖਾਂ ਰੁਪਏ ਦੇ ਅਵਾਰਡ ਪਾਸ ਕੀਤੇ ਗਏ।ਇਸ ਮੌਕੇ ਲੋਕ ਅਦਾਲਤ ਕਮੇਟੀ ਮੈਂਬਰ, ਡਾ. ਸ਼ਾਮ ਲਾਲ, ਆਸ਼ਾ ਨੰਦ ਤੁਲਾਨੀ, ਐਡਵੋਕੇਟਸ ਸਬਦ ਕੌਰ, ਮਨਪ੍ਰੀਤ ਕੌਰ, ਰੀਡਰ ਕਿਰਨ ਕੁਮਾਰ, ਸਰਵੇਸ਼ ਕੁਮਾਰ,




ਸਟੈਨੋ ਗੁਰਧਿਆਨ ਸਿੰਘ, ਯਤਿਨ ਸੱਚਦੇਵਾ, ਕਾਨੂੰਨੀ ਸੇਵਾਵਾ ਅਥਾਰਟੀ ਦੇ ਮੈਡਮ ਮੋਨਿਕਾ ਪਰੂਜਾ, ਐਡਵੋਕੇਟ ਵਿਪਨ ਕੁਮਾਰ ਬਾਂਸਲ ਤੋਂ ਇਲਾਵਾ ਸਮਾਣਾ ਬਾਰ ਦੇ ਵਕੀਲ ਸਹਿਬਾਨ, ਵੱਖ-ਵੱਖ ਬੈਂਕਾਂ ਦੇ ਕਰਮਚਾਰੀ ਤੇ ਕੇਸਾਂ ਦੀ ਸੁਣਵਾਈ ਵਾਲੇ ਲੋਕ ਹਾਜ਼ਰ ਸਨ।ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ: ਨਵਦੀਪ ਸਿੰਘ ਢਿੱਲੋਂ ਨੇ ਕੌਮੀ ਲੋਕ ਅਦਾਲਤਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਕੌਮੀ ਲੋਕ ਅਦਾਲਤਾਂ ਵਿੱਚ ਦੋਨਾਂ ਧਿਰਾਂ ਨੂੰ ਸਮਝਾ ਕੇ ਕੇਸਾਂ ਵਿੱਚ ਹੁੰਦੇ ਨੁਕਸਾਨ ਤੋਂ ਜਾਣੂ ਕਰਵਾ ਕੇ ਆਪਸੀ ਸਹਿਮਤੀ ਨਾਲ ਸਮਝੌਤੇ ਕਰਵਾਏ ਜਾਂਦੇ ਹਨ ਤੇ ਰਿਕਵਰੀ ਕੇਸਾਂ ਵਿੱਚ ਲਗਾਈ ਗਈ ਕੋਰਟ ਫੀਸ ਸਾਇਲ ਨੂੰ ਪੂਰੀ ਵਾਪਸ ਮਿਲ ਜਾਂਦੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਚਲਦੇ ਕੇਸਾਂ ਦੇ ਫੈਸਲੇ ਕੌਮੀ ਲੋਕ ਅਦਾਲਤਾਂ ਰਾਹੀਂ ਕਰਵਾਉਣ ਤਾਂ ਜੋ ਆਪਸੀ ਪਿਆਰ ਤੇ ਭਾਈਚਾਰਾ ਬਣਿਆ ਰਹੇ ਤੇ ਲੋਕ ਕੇਸਾਂ ਰਾਹੀਂ ਹੁੰਦੀ ਪੈਸੇ ਅਤੇ ਸਮੇਂ ਦੀ ਬਰਬਾਦੀ ਤੋਂ ਬਚੇ ਰਹਿਣ।

## ਮੁੱਖ ਮੰਤਰੀ ਮਾਨ ਦੇ ਸਵਾਗਤ ਲਈ ਉਮੜਿਆ ਜਨ ਸੈਲਾਬ, ਰਣਜੋਧ ਹਡਾਣਾ ਵੱਲੋਂ ਹਲਕਾ ਵਾਸੀਆਂ ਦਾ ਧੰਨਵਾਦ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਟਿਆਲਾ ਆਗਮਨ ਤੇ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ ਹਲਕਾ ਸਨੌਰ ਦੇ ਵਾਸੀਆਂ ਵੱਲੋਂ ਕੀਤੇ ਗਏ ਬੇਮਿਸਾਲ ਇਕੱਠ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ।ਹਲਕਾ ਇੰਚਾਰਜ ਸ੍ਰ. ਰਣਜੋਧ ਸਿੰਘ ਹਡਾਣਾ ਦੀ ਰਿਹਾਇਸ਼ ਨੇੜੇ ਖੰਡਾ ਚੌਂਕ ਵਿਖੇ ਜੁੜੇ ਹਜ਼ਾਰਾਂ ਦੇ ਇਕੱਠ ਨੇ ਮੁੱਖ ਮੰਤਰੀ ਜੀ ਦਾ ਨਿੱਘਾ ਤੇ ਸ਼ਾਨਦਾਰ ਸਵਾਗਤ ਕੀਤਾ।ਇਸ ਭਰਵੇਂ ਹੁੰਗਾਰੇ ਲਈ ਸ. ਹਡਾਣਾ ਨੇ ਸਮੂਹ ਹਲਕਾ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ।ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਅੱਜ ਦੇ ਇਕੱਠ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਹਲਕਾ ਸਨੌਰ ਦੀ ਜਨਤਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨਾਲ ਚਟਾਨ ਵਾਂਗ ਖੜ੍ਹੀ ਹੈ।ਉਨ੍ਹਾਂ ਕਿਹਾ, 'ਮੈਂ ਹਲਕੇ ਦੇ ਬਜ਼ੁਰਗਾਂ, ਮਾਤਾਵਾਂ, ਨੌਜਵਾਨਾਂ ਤੇ ਬੱਚਿਆਂ ਦਾ ਸ਼ੁਕਰਗੁਜ਼ਾਰ ਹਾਂ, ਜੋ ਇੰਨੀ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਾਨੂੰ ਆਸ਼ੀਰਵਾਦ ਦੇਣ ਆਏ।ਤੁਹਾਡਾ ਇਹ ਪਿਆਰ ਹੀ ਮੇਰੀ ਅਸਲ ਤਾਕਤ ਹੈ।' ਸ. ਹਡਾਣਾ ਨੇ ਕਿਹਾ ਕਿ ਅੱਜ ਸੰਗਤ ਵਿੱਚ ਵਿਸ਼ੇਸ਼ ਉਤਸ਼ਾਹ ਇਸ ਗੱਲ ਦਾ ਵੀ ਸੀ ਕਿ ਮਾਨ ਸਰਕਾਰ ਨੇ ਗੁਰੂ ਸਾਹਿਬ ਦੀ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਲਿਆ ਕੇ ਕੌਮ ਦੀ ਬਹੁਤ ਵੱਡੀ ਸੇਵਾ ਕੀਤੀ ਹੈ।ਉਨ੍ਹਾਂ ਹਲਕਾ ਸਨੌਰ ਦੇ ਸਮੂਹ ਕੌਂਸਲਰਾਂ, ਬਲਾਕ ਪ੍ਰਧਾਨਾਂ, ਸਰਪੰਚਾਂ, ਪੰਚਾਂ ਤੇ ਵਲੰਟੀਅਰਾਂ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਇਸ ਸਵਾਗਤੀ ਪ੍ਰੋਗਰਾਮ ਨੂੰ ਸਫ਼ਲ ਬਣਾਇਆ। ਸ. ਹਡਾਣਾ ਨੇ ਅਖ਼ੀਰ ਵਿੱਚ ਕਿਹਾ ਕਿ ਉਹ ਹਮੇਸ਼ਾ ਹਲਕਾ ਵਾਸੀਆਂ ਦੇ ਦੁੱਖ-ਸੁਖ ਵਿੱਚ ਸ਼ਾਮਲ ਰਹਿਣਗੇ ਤੇ ਹਲਕੇ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡਣਗੇ।

## ਜੇ ਕੇ ਐੱਸ ਪਬਲਿਕ ਸਕੂਲ ਨੇ 'ਯੈਲੋ ਵੀਕ' ਮਨਾਇਆ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ ਕੇ ਐੱਸ. ਪਬਲਿਕ ਸਕੂਲ ਨੇ ਇਸ ਹਫ਼ਤੇ ਨੂੰ 'ਪੀਲਾ ਹਫ਼ਤਾ' ਥੀਮ ਤਹਿਤ ਬਹੁਤ ਉਤਸ਼ਾਹ ਤੇ ਖੁਸ਼ੀ ਨਾਲ ਮਨਾਇਆ।ਬੱਚਿਆਂ ਨੇ ਵੱਖ-ਵੱਖ ਰੰਗੀਨ ਤੇ ਰਚਨਾਤਮਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਦਾ ਆਨੰਦ ਮਾਣਿਆ।ਸਕੂਲ ਕੈਂਪਸ ਪੀਲੇ ਸਜਾਵਟ ਨਾਲ ਜੀਵੰਤ ਦਿਖਾਈ ਦਿੱਤਾ।ਹਫ਼ਤੇ ਦੌਰਾਨ, ਵਿਦਿਆਰਥੀਆਂ ਨੇ ਵੱਖ-ਵੱਖ ਦਿਨਾਂ 'ਤੇ ਪੀਲੇ ਰੰਗ ਨਾਲ ਸਬੰਧਤ ਚੀਜ਼ਾਂ ਨਾਲ ਹਿੱਸਾ ਲਿਆ।ਉਹ ਗਤੀਵਿਧੀਆਂ ਨੂੰ ਕਰਨ ਲਈ ਪੀਲੇ ਗੁਬਾਰੇ, ਪੀਲੇ ਚੌਲ, ਪੀਲੇ ਫਲ ਤੇ ਪੀਲੇ ਚਾਰਟ ਪੇਪਰ ਲੈ ਕੇ ਆਏ।ਹਫ਼ਤੇ ਦੇ ਆਖਰੀ ਦਿਨ, ਸਾਰੇ ਬੱਚੇ ਸੁੰਦਰ ਪੀਲੇ ਪਹਿਰਾਵੇ ਪਹਿਨ ਕੇ ਸਕੂਲ ਪਹੁੰਚੇ, ਜਿਸ ਨਾਲ ਮਾਹੌਲ ਖੁਸ਼ੀ ਤੇ ਉਤਸ਼ਾਹ ਨਾਲ ਭਰ ਗਿਆ। ਕੂਲ ਪ੍ਰਿੰਸੀਪਲ ਸ੍ਰੀਮਤੀ ਮੀਨੂੰ ਮੋਂਗਾ ਨੇ ਬੱਚਿਆਂ ਤੇ ਮਾਪਿਆਂ ਦੀ ਸਰਗਰਮ ਭਾਗੀਦਾਰੀ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਰਚਨਾਤਮਕਤਾ, ਆਤਮ-ਵਿਸ਼ਵਾਸ ਤੇ ਰੰਗ ਧਾਰਨਾ ਨੂੰ ਵਿਕਸਤ ਕਰਨ ਵਿੱਚ ਮਦਦ ਕਰਦੀਆਂ ਹਨ।ਉਨ੍ਹਾਂ ਅਧਿਆਪਕਾਂ ਦੇ ਸਮਰਥਨ ਲਈ ਸਾਰੇ ਮਾਪਿਆਂ ਦਾ ਵੀ ਧੰਨਵਾਦ ਕੀਤਾ।

## ਸਫਾ 1 ਦੇ ਬਾਕੀ...

### ਪੰਜਾਬ ਸਰਕਾਰ...

ਸੀਮਤ ਸਨ, ਪਰ ਉਨ੍ਹਾ ਦੀ ਸਰਕਾਰ ਨੇ ਰਸੋਈ ਦੀਆਂ ਸਾਰੀਆਂ ਬੁਨਿਆਦੀ ਲੋੜਾਂ ਦਾ ਧਿਆਨ ਰੱਖਿਆ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਦਾ ਜ਼ਿਕਰ ਕਰਦਿਆਂ ਦੱਸਿਆ ਕਿ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਮਹੀਨਾਵਾਰ ਵਿੱਤੀ ਸਹਾਇਤਾ ਦਿੱਤੀ ਜਾਵੇਗੀ, ਜਿਸ ਵਿੱਚ ਜਨਰਲ ਸ਼੍ਰੇਣੀ ਦੀਆਂ ਔਰਤਾਂ ਨੂੰ 1,000 ਰੁਪਏ ਅਤੇ ਐੱਸ ਸੀ ਪਰਵਾਰਾਂ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਮਿਲਣਗੇ।

### ਫੀਫਾ 'ਚ ਦਿਖੇਗਾ...

ਕਲਾਕਾਰਾਂ ਦੇ ਨਾਲ ਸਟੇਜ ਸਾਂਝੀ ਕਰੇਗੀ। ਇਸ ਵਾਰ ਨੋਰਾ ਦੀ ਖਾਸ ਗੱਲ ਇਹ ਹੈ ਕਿ ਉਹ ਸਿਰਫ ਡਾਂਸ ਹੀ ਨਹੀਂ ਕਰੇਗੀ, ਸਗੋਂ ਗਾਏਗੀ ਵੀ। ਇਸ ਤੋਂ ਪਹਿਲਾਂ ਵੀ ਨੋਰਾ ਨੇ 2022 ਦੇ ਫੀਫਾ ਵਿਸ਼ਵ ਕੱਪ ਦੌਰਾਨ ਯਾਦਗਾਰੀ ਪ੍ਰਦਰਸ਼ਨ ਕੀਤਾ ਸੀ। ਫੀਫਾ ਵਿਸ਼ਵ ਕੱਪ 2026 ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿੱਚ ਹੋਣ ਜਾ ਰਿਹਾ ਹੈ, ਜਿਸ ਵਿੱਚ ਦੁਨੀਆ ਭਰ ਦੇ ਵੱਡੇ ਸਿਤਾਰੇ ਸ਼ਾਮਲ ਹੋਣਗੇ।

## ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ...

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਉਹਨਾ ਦੇ ਸਦੀਵੀ ਵਿਛੋੜੇ ਉੱਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਉਹਨਾ ਦੇ ਗ਼ਦਰ ਲਹਿਰ ਦੇ ਇਤਿਹਾਸ ਦੇ ਖੇਤਰ ਵਿੱਚ ਵੱਡੇ ਯੋਗਦਾਨ ਨੂੰ ਯਾਦ ਕੀਤਾ। ਇਸ ਸੰਬੰਧੀ ਦੇਸ਼ ਭਗਤ ਯਾਦਗਾਰ ਹਾਲ ਵਿੱਚ ਕੀਤੀ ਗਈ ਸ਼ੋਕ ਸਭਾ ਵਿੱਚ ਉਹਨਾ ਨੂੰ ਗ਼ਦਰੀਆਂ ਦੇ ਮੁਨਸ਼ੀ ਵਜੋਂ ਕਰਦਿਆਂ ਸ਼ਰਧਾਂਜ਼ਲੀ ਭੇਟ ਕੀਤੀ ਗਈ। ਉਨ੍ਹਾ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ, ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਸ਼ਹੀਦ ਜਤਿਨ ਦਾਸ ਦੇ ਭਰਾਤਾ ਕਿਰਨ ਦਾਦਾ ਤੇ ਅਨੇਕਾਂ ਹੋਰ ਦੇਸ਼ ਭਗਤਾਂ ਦੀ ਸੰਗਤ ਮਾਣੀ।

**ਲੁਧਿਆਣਾ** : ਪ੍ਰਲੇਸ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪ੍ਰਲੇਸ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ, ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਉੱਘੇ ਚਿੰਤਕ ਡਾ. ਸਵਰਾਜਬੀਰ, ਇਤਿਹਾਸਕਾਰ ਸੁਵਰਨ ਸਿੰਘ ਵਿਰਕ, ਡਾ. ਸਰਬਜੀਤ ਸਿੰਘ, ਡਾ. ਪਾਲ ਕੌਰ ਅਤੇ ਜਸਪਾਲ ਮਾਨਖੇੜਾ ਨੇ ਅਫਸੋਸ ਜ਼ਾਹਿਰ ਕਰਦੇ ਹੋਏ ਕਿਹਾ ਕਿ ਮਲਵਿੰਦਰਜੀਤ ਸਿੰਘ ਵੜੈਚ ਪੰਜਾਬ ਦੀ ਉਸ ਪੀੜ੍ਹੀ ਨਾਲ ਸੰਬੰਧਤ ਸਨ, ਜਿਨ੍ਹਾਂ 1947 ਦੇ ਭਿਆਨਕ ਦੁਖਾਂਤ ਨੂੰ ਵੀ ਆਪਣੀਆਂ ਅੱਖਾਂ ਨਾਲ ਦੇਖਿਆ ਅਤੇ ਉਸ ਤੋਂ ਪਹਿਲਾਂ ਭਾਰਤੀ ਅਜ਼ਾਦੀ ਦੀ ਲੜਾਈ ਲੜਨ ਵਾਲੇ ਬਹੁਤ ਸਾਰੇ ਇਨਕਲਾਬੀਆਂ ਦਾ ਸਾਥ ਮਾਣਿਆ।ਪ੍ਰੋ. ਗੁਰਭਜਨ ਸਿੰਘ ਗਿੱਲ ਉੱਘੇ ਚਿੰਤਕ ਹਰੀਸ਼ ਪੁਰੀ, ਓ ਪੀ ਵਸ਼ਿਸ਼ਟ, ਰਤਨ ਸਿੰਘ ਢਿੱਲੋਂ, ਕਿਰਪਾਲ ਕਜ਼ਾਕ, ਬਲਦੇਵ ਮੋਗਾ, ਡਾ. ਗੁਲਜ਼ਾਰ ਪੰਧੇਰ, ਡਾ. ਅਨੂਪ ਸਿੰਘ, ਪ੍ਰੋ. ਬਲਦੇਵ ਬੱਲੀ, ਰਮੇਸ਼ ਯਾਦਵ, ਜਸਪਾਲ ਮਾਨਖੇੜਾ, ਸੁਰਿੰਦਰ ਗਿੱਲ, ਦਰਸ਼ਨ ਜੋਗਾ, ਹਰਮੀਤ ਵਿਦਿਆਰਥੀ, ਮੱਖਣ ਮਾਨ, ਭੋਲਾ ਸਿੰਘ ਸੰਘੇੜਾ, ਬਲਜੀਤਪਾਲ ਸਿੰਘ, ਅਰਵਿੰਦਰ ਕਾਕੜਾ, ਸੁਖਵਿੰਦਰ ਪੱਪੀ, ਤਰਸੇਮ, ਭੁਪਿੰਦਰ ਸਿੰਘ ਸੰਧੂ ਤੇ ਪਟਿਆਲਾ ਇਕਾਈ ਦੇ ਆਗੂ ਡਾ. ਸੰਤੋਖ ਸੁੱਖੀ, ਡਾ. ਗੁਰਮੀਤ ਕੱਲਰਮਾਜਰੀ, ਸਤਪਾਲ ਭੀਖੀ, ਜਗਪਾਲ ਚਹਿਲ ਅਤੇ ਬਲਵਿੰਦਰ ਸਿੰਘ ਭੱਟੀ ਅਤੇ ਹਰਿਆਣਾ ਇਕਾਈ ਦੇ ਜਨਰਲ ਸਕੱਤਰ ਡਾ. ਹਰਵਿੰਦਰ ਸਿੰਘ ਨੇ ਕਿਹਾ ਕਿ ਉਹਨਾ ਦਾ ਜਾਣ ਨਾਲ ਪੰਜਾਬੀ ਇਤਿਹਾਸ ਲੇਖਨ ਅਤੇ ਚਿੰਤਨ ਦੇ ਖੇਤਰ ਵਿਚ ਵੱਡਾ ਘਾਟਾ ਹੈ।

## ਬੀ ਕੇ ਯੂ ਏਕਤਾ ਅਜ਼ਾਦ ਦੀ ਖ਼ਾਨਪੁਰ ਫ਼ਕੀਰਾਂ ਇਕਾਈ ਦੀ ਚੋਣ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਦਿੜ੍ਹਬਾ ਦੇ ਪਿੰਡ ਇਕਾਈ ਖ਼ਾਨਪੁਰ ਫ਼ਕੀਰਾਂ ਦੀ 21 ਮੈਂਬਰੀ ਕਮੇਟੀ ਦੀ ਚੋਣ ਬਲਾਕ ਪ੍ਰਧਾਨ ਨਾਇਬ ਸਿੰਘ ਗੁੱਜਰਾਂ, ਬਲਾਕ ਆਗੂ ਦਰਬਾਰਾ ਸਿੰਘ ਖੇਤਲਾ ਦੀ ਅਗਵਾਈ ਹੇਠ ਸਰਬਸੰਮਤੀ ਨਾਲ ਕੀਤੀ ਗਈ। ਪਿੰਡ ਇਕਾਈ ਦੀ ਚੋਣ ਲਈ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਆਗੂ ਗੁਰਮੇਲ ਸਿੰਘ ਕੈਪਰ ਨੇ ਸ਼ਿਰਕਤ ਕੀਤੀ। ਪਿੰਡ ਇਕਾਈ ਵੱਲੋਂ ਚੁਣੀ ਗਈ ਕਮੇਟੀ ਦੇ ਅਹੁਦੇਦਾਰਾਂ 'ਚ ਪ੍ਰਧਾਨ ਦਰਸ਼ਨ ਸਿੰਘ, ਮੀਤ ਪ੍ਰਧਾਨ ਗੁਰਤੇਜ ਸਿੰਘ, ਜਰਨਲ ਸਕੱਤਰ ਲਾਲ ਸਿੰਘ, ਸਹਾਇਕ ਸਕੱਤਰ ਗੁਰਤੇਜ ਸਿੰਘ, ਖਜ਼ਾਨਚੀ ਗੁਰਪਿਆਰ ਸਿੰਘ, ਸਹਾਇਕ ਖਜ਼ਾਨਚੀ ਦਰਸ਼ਨ ਸਿੰਘ ਤੇ ਪੂਰਨ ਸਿੰਘ, ਪ੍ਰੈੱਸ ਸਕੱਤਰ ਸੁਖਦੇਵ ਸਿੰਘ ਫ਼ੌਜੀ ਤੋਂ ਇਲਾਵਾ ਕਮੇਟੀ ਮੈਂਬਰ ਕਰਮਜੀਤ ਸਿੰਘ, ਅੰਗਰੇਜ਼ ਸਿੰਘ, ਗੁਰਜੰਟ ਸਿੰਘ, ਸੁਖਦੇਵ ਸਿੰਘ, ਗੁਰਮੇਲ ਸਿੰਘ, ਰਣਜੀਤ ਸਿੰਘ, ਪੂਰਨ ਸਿੰਘ, ਭੋਲਾ ਸਿੰਘ, ਚੰਨਣ ਸਿੰਘ, ਬਲਜੀਤ ਸਿੰਘ, ਦਰਬਾਰਾ ਸਿੰਘ, ਗੁਰਦਿਆਲ ਸਿੰਘ ਤੇ ਰਾਜਵਿੰਦਰ ਸਿੰਘ ਚੁਣੇ ਗਏ। ਇਸ ਚੋਣ ਵਿੱਚ ਜਰਨਲ ਸਕੱਤਰ ਚਰਨਜੀਤ ਸਿੰਘ ਘਨੌੜ ਸੰਤਪੁਰਾ, ਪ੍ਰੈੱਸ ਸਕੱਤਰ ਸਤਿਨਾਮ ਸਿੰਘ ਸ਼ੀਨਾ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮੋਦੀ ਸਰਕਾਰ ਤੇ ਸੰਘ-ਭਾਜਪਾ ਦੀ ਵਿਚਾਰਧਾਰਕ ਵਿਰੋਧੀਆਂ ਖਿਲਾਫ ਹਮਲਾਵਰ ਪਹੁੰਚ ਤੇ ਸ਼ੱਕੀ ਕਾਰ-ਵਿਹਾਰ ਘਾਤਕ ਵਰਤਾਰਾ : ਪਾਸਲਾ



**ਪਠਾਨਕੋਟ (ਦਵਿੰਦਰ ਸਿੰਘ)**- ਸ਼ਹੀਦ ਰਾਮ ਸਿੰਘ ਪਠਾਨੀਆ ਕਿਰਤੀ ਕੇਂਦਰ ਵਿਖੇ ਸੰਪੰਨ ਹੋਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਪੰਜਾਬ ਰਾਜ ਕਮੇਟੀ ਦੀ ਦੋ ਰੋਜ਼ਾ ਮੀਟਿੰਗ 'ਚ ਉਚੇਚੇ ਸ਼ਾਮਲ ਹੋਏ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਲੋਕਰਾਜੀ ਕਦਰਾਂ-ਕੀਮਤਾਂ, ਧਰਮ ਨਿਰਪੱਖ ਸਰੋਕਾਰਾਂ ਤੇ ਫੈਡਰਲ ਅਧਿਕਾਰਾਂ ਨੂੰ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਾਈ ਜਾ ਰਹੀ ਗੰਭੀਰ ਢਾਹ ਬਾਰੇ ਡੂੰਘੀ ਚਿੰਤਾ ਪ੍ਰਗਟਾਈ ।ਸਾਥੀ ਪਾਸਲਾ ਨੇ ਮੋਦੀ ਸਰਕਾਰ ਵੱਲੋਂ ਸਮੁੱਚੀ ਆਪੋਜੀਸ਼ਨ ਤੇ ਸੰਘ-ਭਾਜਪਾ ਦੇ ਵਿਚਾਰਧਾਰਕ ਵਿਰੋਧੀਆਂ ਖਿਲਾਫ ਅਪਣਾਈ ਹਮਲਾਵਰ ਪਹੁੰਚ ਤੇ ਸ਼ੱਕੀ ਕਾਰ-ਵਿਹਾਰ ਦੀ ਕਰੜੀ ਨਿਖੇਧੀ ਕੀਤੀ ਹੈ।ਸਾਥੀ ਪਾਸਲਾ ਨੇ ਕਿਹਾ ਕਿ ਦੇਸ਼ ਦੀ ਨਿਆਂ ਪ੍ਰਣਾਲੀ, ਖੁਦ ਮੁਖਤਾਰ ਸੰਵਿਧਾਨਕ ਸੰਸਥਾਵਾਂ ਅਤੇ ਵੱਕਾਰੀ ਵਿਭਾਗ ਸੰਵਿਧਾਨ-ਕਾਨੂੰਨ ਦੀ ਸੋਧ 'ਚ ਫਰਜ਼ ਅਦਾਇਗੀ ਦੀ ਥਾਂ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਫੁੱਟਪਾਊ ਏਜੰਡੇ ਮੁਤਾਬਕ ਕਾਰਜ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਕੇਂਦਰੀ ਹੁਕਮਰਾਨਾਂ ਦੀ ਉਕਤ ਨੀਤੀ-ਪਹੁੰਚ ਤੇ ਫਿਰਕੂ ਤੇ ਜਾਤੀਵਾਦੀ ਵੰਡ ਤਿੱਖੀ ਕਰਨ ਲਈ ਸੰਘੀ ਸੰਗਠਨਾਂ ਵੱਲੋਂ ਮੁਸਲਿਮ ਤੇ ਈਸਾਈ ਘੱਟ ਗਿਣਤੀ ਵਸੋਂ, ਦਲਿਤਾਂ-ਔਰਤਾਂ ਖਿਲਾਫ ਕੀਤੇ ਜਾ ਰਹੇ ਹੌਲਨਾਕ ਜ਼ੁਲਮਾਂ ਤੇ ਨਫਰਤੀ ਕੂੜ ਪ੍ਰਚਾਰ ਨਾ ਕੇਵਲ ਭਾਈਚਾਰਕ ਸਾਂਝ ਤੇ ਫਿਰਕੂ ਇਕਸੁਰਤਾ ਦੇ ਖਾਤਮੇ ਦਾ ਕਾਰਨ ਬਣਨਗੇ, ਬਲਕਿ ਇਨ੍ਹਾਂ ਕਾਰਿਆਂ ਨਾਲ ਦੇਰ-ਸਵੇਰ ਦੇਸ਼ ਦੀ ਏਕਤਾ-ਅਖੰਡਤਾ ਲਈ ਵੀ ਗੰਭੀਰ ਖਤਰੇ ਖੜ੍ਹੇ ਹੋਣਗੇ।ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਨੇ ਦੱਸਿਆ ਹੈ ਕਿ ਪਾਰਟੀ ਵਲੋਂ 18 ਮਈ ਨੂੰ ਰਸੋਈ ਗੈਸ ਤੇ ਡੀਜ਼ਲ-ਪੈਟਰੌਲ ਦੀਆਂ ਕੀਮਤਾਂ 'ਚ ਕੇਂਦਰੀ ਸਰਕਾਰ ਵਲੋਂ ਕੀਤੇ ਗਏ ਅਸਹਿ ਵਾਧੇ ਤੇ ਆਮ ਮਹਿੰਗਾਈ ਖਿਲਾਫ ਪਿੰਡਾਂ ਤੇ ਸ਼ਹਿਰਾਂ-ਕਸਬਿਆਂ 'ਚ ਲੋਕਾਂ ਦੀ ਵਿਸ਼ਾਲ ਭਾਗੀਦਾਰੀ ਵਾਲੇ ਰੋਸ ਐਕਸ਼ਨ ਲਾਮਬੰਦ ਕੀਤੇ ਜਾਣਗੇ।ਇਹ ਮੁਹਿੰਮ ਪੂਰਾ ਹਫਤਾ ਜਾਰੀ ਰੱਖੀ ਜਾਵੇਗੀ।ਜਾਮਾਰਾਏ ਨੇ ਦੱਸਿਆ ਹੈ ਕਿ ਪਾਰਟੀ ਪੰਜਾਬੀਆਂ ਨੂੰ ਨਸ਼ਿਆਂ ਦੇ ਦੁਖਾਂਤ ਤੋਂ ਮੁਕਤੀ ਦਿਵਾਉਣ ਲਈ ਸੰਘਣੀ ਚੇਤਨਾ ਮੁਹਿੰਮ ਅਤੇ ਹਰ ਪੱਧਰ 'ਤੇ ਤਿੱਖਾ ਜਨ ਸੰਗਰਾਮ ਵਿੱਢੇਗੀ।ਮੀਟਿੰਗ ਦੀ ਪ੍ਰਧਾਨਗੀ ਕਰਨ ਵਾਲੇ ਸਾਥੀ ਰਤਨ ਸਿੰਘ ਰੰਧਾਵਾ ਨੇ ਮੀਟਿੰਗ ਦੇ ਬਿਹਤਰੀਨ ਪ੍ਰਬੰਧ ਕਰਨ ਵਾਲੀ ਥੀਨ ਡੈਮ ਵਰਕਰਜ਼ ਯੂਨੀਅਨ ਅਤੇ ਪਾਰਟੀ ਦੀ ਪਠਾਨਕੋਟ-ਗੁਰਦਾਸਪੁਰ ਜ਼ਿਲ੍ਹਾ ਕਮੇਟੀ ਦਾ ਸੂਬੇ ਵਲੋਂ ਧੰਨਵਾਦ ਕੀਤਾ।ਆਰੰਭ 'ਚ ਫਲਸਤੀਨ, ਈਰਾਨ ਤੇ ਹੋਰ ਦੇਸ਼ਾਂ ਵਿਰੁੱਧ ਸਾਮਰਾਜੀਆਂ ਤੇ ਉਨ੍ਹਾਂ ਦੇ ਜੁੰਡੀਦਾਰਾਂ ਵੱਲੋਂ ਵਿੱਢੀਆਂ ਜੰਗਾਂ 'ਚ ਮਾਰੇ ਗਏ ਨਿਰਦੋਸ਼ਾਂ ਨੂੰ ਦੋ ਮਿੰਟ ਮੌਨ ਖੜੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

# ਪਸ਼ੂ ਪਾਲਕਾਂ ਲਈ ਜਾਗਰੂਕਤਾ ਕੈਂਪ ਲਗਾਇਆ ਗਿਆ



**ਪਠਾਨਕੋਟ, (ਦਵਿੰਦਰ ਸਿੰਘ)**- ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਵਿਜੈ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ ਵੈਟਰਨਰੀ ਅਫ਼ਸਰ ਪਿੰਡ-ਪਿੰਡ ਜਾ ਕੇ ਪਸ਼ੂ ਪਾਲਕਾਂ ਨੂੰ ਜਾਗਰੂਕ ਕਰ ਰਹੇ ਹਨ।ਪਸ਼ੂ ਪਾਲਕਾਂ ਨੂੰ ਬਿਹਤਰ ਸੁਵਿਧਾਵਾਂ ਪ੍ਰਦਾਨ ਕਰਨ ਲਈ ਪਸ਼ੂ ਪਾਲਣ ਵਿਭਾਗ ਪਠਾਨਕੋਟ ਵੱਲੋਂ ਵਿਭਾਗ ਦੀਆਂ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਣ ਅਤੇ ਪਸ਼ੂ ਪਾਲਕਾਂ ਨੂੰ ਜਾਗਰੂਕ ਕਰਨ ਲਈ ਡਾ. ਗੁਲਸ਼ਨ ਚੰਦ ਵੈਟਰਨਰੀ ਅਫ਼ਸਰ ਐਨੀਮਲ ਹਸਪਤਾਲ ਵੱਲੋਂ ਐਨੀਮਲ ਵੈੱਲਫੇਅਰ ਐਂਡ ਫਾਰਮਰ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਆਏ ਪਸ਼ੂ ਪਾਲਕਾਂ ਨੂੰ ਆਪਣੀਆਂ ਗਾਂਵਾਂ ਅਤੇ ਮੱਝਾਂ ਦਾ ਸੀਮਨ ਰਾਹੀਂ ਸੈਕਸ ਸੋਰਟਡ ਬਰੀਡਿੰਗ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਪਸ਼ੂ ਪਾਲਕਾਂ ਦੇ ਪਸ਼ੂਆਂ ਲਈ ਮੈਟਲ ਸਕ੍ਰੈਪ ਵੀ ਦਿੱਤਾ ਗਿਆ।ਪਸ਼ੂ ਪਾਲਕਾਂ ਨੂੰ ਹੋਰ ਸਮੱਸਿਆਵਾਂ ਲਈ ਆਪਣੇ ਨਜ਼ਦੀਕੀ ਪਸ਼ੂ ਹਸਪਤਾਲ ਨਾਲ ਸੰਪਰਕ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।

# ਮੁਲਾਜ਼ਮਾਂ ਦਾ ਸਾਂਝਾ ਵਫਦ ਮੰਗਾਂ ਨੂੰ ਲੈ ਕੇ ਸਿਵਲ ਮੈਡੀਕਲ ਅਫਸਰ ਤਰਨਤਾਰਨ ਨੂੰ ਮਿਲਿਆ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**- ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ, ਡੀ ਟੀ ਐੱਫ਼ ਅਤੇ ਕਿਰਤੀ ਕਿਸਾਨ ਯੂਨੀਅਨ ਦਾ ਸਾਂਝਾ ਵਫ਼ਦ ਸਿਵਲ ਮੈਡੀਕਲ ਅਫਸਰ ਤਰਨਤਾਰਨ ਗੁਰਪ੍ਰੀਤ ਸਿੰਘ ਰਾਏ ਨੂੰ ਮਿਲਿਆ। ਇਸ ਵਿੱਚ ਰਜਿੰਦਰ ਕੌਰ ਆਸ਼ਾ ਵਰਕਰ ਨੂੰ ਫੈਸਿਲੀਟੇਟਰ ਨਿਯੁਕਤ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਬਲਾਕ ਸੁਰ ਸਿੰਘ ਸੀਐੱਚਸੀ ਦੇ ਐੱਸਐੱਮਓ ਨੇ ਨਿਯਮਾਂ ਨੂੰ ਅੱਖੋਂ ਪਰੋਖੇ ਕਰਕੇ ਸੈਂਟਰਾਂ ਦੀ ਗੈਰ-



ਕਾਨੂੰਨੀ ਕਲੱਸਟਰ ਵੰਡ ਕਰ ਦਿੱਤੀ।ਕੁਲਵਿੰਦਰ ਕੌਰ ਫੈਸਿਲੀਟੇਟਰ 30/6/25 ਨੂੰ ਸੇਵਾਮੁਕਤ ਹੋਏ ਸਨ ਉਨ੍ਹਾਂ ਦੀ ਖਾਲੀ ਹੋਈ ਆਸਾਮੀ 'ਤੇ ਨਵ-ਨਿਯੁਕਤ ਆਸ਼ਾ ਵਰਕਰ ਅਮਨਦੀਪ ਕੌਰ ਸਬ ਸੈਂਟਰ ਮਾੜੀ ਉਦੋਕੇ ਨੂੰ ਫੈਸਿਲੀਟੇਟਰ ਨਿਯੁਕਤ ਕੀਤਾ ਗਿਆ।ਰਜਿੰਦਰ ਕੌਰ ਆਸ਼ਾ ਵਰਕਰ ਪਹਿਲਵਾਨਕੇ ਵਿਖੇ ਆਪਣੀਆਂ ਸੇਵਾਵਾਂ ਦੇ ਰਹੀ ਸੀ। ਇਸ ਪਿੰਡ ਨੂੰ ਕਲੱਸਟਰ ਵਿੱਚੋਂ ਬਾਹਰ ਕੱਢ ਦਿੱਤਾ ਗਿਆ।ਇਸ ਕਾਰਨ 2011 ਤੋਂ ਕੰਮ ਕਰ ਰਹੀ ਰਜਿੰਦਰ ਕੌਰ ਦੀ ਥਾਂ 'ਤੇ ਚਲਾਕੀ ਨਾਲ 2025 ਵਿੱਚ ਨਿਯੁਕਤ ਆਸ਼ਾ ਵਰਕਰ ਅਮਨਦੀਪ ਕੌਰ ਨੂੰ ਫੈਸਿਲੀਟੇਟਰ ਨਿਯੁਕਤ ਕੀਤਾ ਗਿਆ।ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਨੇ 23/2/2026 ਨੂੰ ਐੱਸ ਐੱਮ ਸੁਰ ਸਿੰਘ ਕੋਲ ਆਪਣਾ ਇਤਰਾਜ਼ ਦਰਜ ਕਰਵਾਇਆ ਗਿਆ ਪਰ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ।ਸਾਂਝੇ ਵਫ਼ਦ ਨੇ ਸੀਐੱਮਓ ਤਰਨਤਾਰਨ ਗੁਰਪ੍ਰੀਤ ਸਿੰਘ ਰਾਏ ਨਾਲ ਇਸ ਸੰਬੰਧੀ ਮੀਟਿੰਗ ਕੀਤੀ ਗਈ।ਇਸ ਵਿੱਚ ਉਨ੍ਹਾਂ ਨੇ ਇਸ ਮਾਮਲੇ ਨੂੰ ਹੱਲ ਕਰਨ ਦਾ ਪੂਰਨ ਭਰੋਸਾ ਦਿੱਤਾ ਗਿਆ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਛੱਤਰ ਸਿੰਘ, ਡੀਟੀਐੱਫ਼ ਦੇ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ, ਕੰਵਰਦੀਪ ਸਿੰਘ ਢਿੱਲੋਂ, ਅਮਰਦੀਪ ਸ਼ਰਮਾ, ਸਰਬਜੀਤ ਸਿੰਘ, ਸੁਰਿੰਦਰ ਨਾਥ, ਭੁਪਿੰਦਰ ਸਿੰਘ ਨਾਗੀ, ਰਜਿੰਦਰ ਕੌਰ ਅਤੇ ਹਰਜਿੰਦਰ ਕੌਰ ਆਦਿ ਹਾਜ਼ਰ ਸਨ।

# ਸੇਰੋਂ ਖੰਡ ਮਿੱਲ ਚਾਲੂ ਕਰਵਾ ਕੇ ਹੀ ਦਮ ਲਵਾਂਗੇ : ਜਮਹੂਰੀ ਕਿਸਾਨ ਸਭਾ ਮਰਹਾਣਾ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**- ਬੀਤੇ ਦਿਨ ਪਿੰਡ ਮਰਹਾਣਾ ਵਿੱਚ ਜਮਹੂਰੀ ਕਿਸਾਨ ਸਭਾ ਦੀ ਮੀਟਿੰਗ ਪਿੰਡ ਦੀ ਸਭਾ ਦੇ ਪ੍ਰਧਾਨ ਦਿਲਬਾਗ ਸਿੰਘ ਤੇ ਸਕੱਤਰ ਮਾਸਟਰ ਸੁਖਦੇਵ ਸਿੰਘ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਪੁੱਜੇ ਜਮਹੂਰੀ ਕਿਸਾਨ ਦੇ ਸੀਨੀਅਰ ਆਗੂ ਹਰਭਜਨ ਸਿੰਘ ਸਿੰਘ ਚੁਸਲੇਵੜ ਤੇ ਜਗੀਰ ਸਿੰਘ ਗੰਡੀਵਿੰਡ ਨੇ ਇੱਕ ਸੁਰ ਵਿੱਚ ਦੱਸਿਆ ਕਿ ਮੋਦੀ ਸਰਕਾਰ ਟੇਢੇ ਢੰਗ ਨਾਲ ਕਾਲੇ ਕਾਨੂੰਨ ਲਾਗੂ ਕਰ ਰਹੀ ਹੈ। ਖੇਤੀ ਧੰਦੇ ਨੂੰ ਬਰਬਾਦ ਕਰਨ ਲਈ ਅਮਰੀਕਾ ਨਾਲ ਵਪਾਰਕ ਸਮਝੌਤਾ ਕਰ ਰਹੀ ਹੈ, ਭਾਖੜਾ ਡੈਮ ਪੰਜਾਬ ਪਾਸੋਂ ਖੋਹਿਆ ਜਾ ਰਿਹਾ ਹੈ, ਘਰਾਂ ਵਿਚ ਚਿੱਪ ਵਾਲੇ ਮੀਟਰ ਲਾ ਕੇ ਬਿਜਲੀ ਵਿਭਾਗ ਠੇਕੇ 'ਤੇ ਦੇਣ ਦੀ ਸਾਜ਼ਿਸ਼ ਰਚ ਰਹੀ ਹੈ, ਪੰਜਾਬ ਸਰਕਾਰ ਵੀ ਨਿੱਜੀਕਰਨ ਦੀ ਨੀਤੀ ਨੂੰ ਬੜਾਵਾ ਦੇ ਰਹੀ ਹੈ, ਆਊਟ ਸੋਰਸਿੰਗ ਮੁਲਾਜ਼ਮ ਰੈਗੂਲਰ ਹੋਣ ਲਈ ਐਜੀਟੇਸ਼ਨਾਂ ਕਰ ਰਹੇ ਹਨ, ਸਰਕਾਰੀ ਅਦਾਰਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਪੋਸਟਾਂ ਖਾਲੀ ਪਈਆਂ ਹਨ, ਬਿਜਲੀ ਦੇ ਖੰਭਿਆਂ 'ਤੇ ਲੋਕ ਆਪ ਤਾਰਾਂ ਗੰਢਣ ਲਈ ਮਜਬੂਰ ਹਨ, ਸੇਰੋਂ ਖੰਡ ਮਿੱਲ ਚਾਲੂ ਕਰਨ ਦੀ ਬਜਾਏ ਉਸ ਦੀ 100 ਏਕੜ ਦੇ ਕਰੀਬ ਜ਼ਮੀਨ ਹਿੱਸੇਦਾਰ ਕਿਸਾਨਾਂ ਦੀ ਬਿਨਾਂ ਸਹਿਮਤੀ ਲਏ ਦੂਸਰੇ ਵਿਭਾਗਾਂ ਨੂੰ ਤਬਦੀਲ ਕੀਤੀ ਜਾ ਰਹੀ ਹੈ। ਸਮੂਹ ਹਾਜ਼ਰ ਕਿਸਾਨਾਂ ਨੇ ਪ੍ਰਣ ਕੀਤਾ ਕਿ ਜਿੱਥੇ ਅਸੀਂ ਦੂਜੀਆਂ ਮੰਗਾਂ ਲਈ ਸੰਘਰਸ਼ਸ਼ੀਲ ਹਾਂ ਉਥੇ ਅਸੀਂ ਸੇਰੋਂ ਖੰਡ ਮਿੱਲ ਭਾਵੇਂ ਸਾਨੂੰ ਕਿਸੇ ਵੀ ਤਰ੍ਹਾਂ ਦੀ ਕੁਰਬਾਨੀ ਕਰਨੀ ਪਵੇ, ਚਲਾ ਕੇ ਹੀ ਦਮ ਲਵਾਂਗੇ ਕਿਉਂਕਿ ਧਰਤੀ ਹੇਠਲਾ ਪਾਣੀ ਬਚਾਉਣ ਲਈ ਗੰਨਾ ਹੀ ਠੀਕ ਬਦਲ ਹੈ। ਇਸ ਮੌਕੇ ਦਿਲਬਾਗ ਸਿੰਘ, ਜੀਵਨ ਸਿੰਘ, ਰਛਪਾਲ ਸਿੰਘ, ਅਵਤਾਰ ਸਿੰਘ, ਲਾਭ ਸਿੰਘ, ਪਿਆਰਾ ਸਿੰਘ, ਦਲਬੀਰ ਸਿੰਘ, ਸਵਰਨ ਸਿੰਘ ਆਦਿ ਹਾਜ਼ਰ ਸਨ।

# ਮਜੀਠੀਆ ਨੇ ਸਰਬਜੀਤ ਸਿੰਘ ਸੁਪਾਰੀਵਿੰਡ ਨੂੰ ਸੂਬਾ ਵਾਈਸ ਪ੍ਰਧਾਨ ਬਣਨ 'ਤੇ ਕੀਤਾ ਸਨਮਾਨਿਤ

**ਕੱਥੂਨੰਗਲ (ਪ੍ਰੀਤਮ ਸਿੰਘ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹਲਕਾ ਮਜੀਠਾ ਦੇ ਟਕਸਾਲੀ ਅਕਾਲੀ ਆਗੂ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ



ਮਜੀਠਾ ਜਥੇਦਾਰ ਹਰਭਜਨ ਸਿੰਘ ਸੁਪਾਰੀਵਿੰਡ ਦੇ ਸਪੁੱਤਰ ਸਰਬਜੀਤ ਸਿੰਘ ਸੁਪਾਰੀਵਿੰਡ ਨੂੰ ਪਾਰਟੀ ਦਾ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਸਰਬਜੀਤ ਸਿੰਘ ਸੁਪਾਰੀਵਿੰਡ ਦੇ ਵਾਈਸ ਪ੍ਰਧਾਨ ਬਣਨ 'ਤੇ ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਉਨ੍ਹਾਂ ਦਾ ਹਾਰਦਿਕ ਸਵਾਗਤ ਕੀਤਾ ਅਤੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਨਵ-ਨਿਯੁਕਤ ਵਾਈਸ ਪ੍ਰਧਾਨ ਸਰਬਜੀਤ ਸਿੰਘ ਸੁਪਾਰੀਵਿੰਡ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਵਿਧਾਇਕ ਗਨੀਵ ਕੌਰ ਮਜੀਠੀਆ ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਤੇ ਭਰੋਸਾ ਪ੍ਰਗਟ ਕਰਕੇ ਇਨਾ ਮਾਣ ਸਨਮਾਨ ਦਿੱਤਾ ਹੈ।ਸੁਪਾਰੀਵਿੰਡ ਨੇ ਕਿਹਾ ਕਿ ਉਹ ਪਿੰਡ ਪੱਧਰ 'ਤੇ ਵਰਕਰਾਂ ਨਾਲ ਮਿਲ ਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ 2027 ਵਿਚ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਵਾਸਤੇ ਵੋਟਰਾਂ ਨੂੰ ਲਾਮਬੰਧ ਕਰਨਗੇ।ਇਸ ਮੌਕੇ ਮਜੀਠੀਆ ਦੇ ਨਾਲ ਐਡਵੋਕੇਟ ਰਾਕੇਸ਼ ਪ੍ਰਾਸ਼ਰ, ਗਗਨਦੀਪ ਸਿੰਘ ਭਕਨਾ, ਦੋਵੇਂ ਸਿਆਸੀ ਸਕੱਤਰ ਮਜੀਠੀਆ, ਅਮਨਦੀਪ ਗਿੱਲ ਸੁਪਾਰੀਵਿੰਡ ਸਾਬਕਾ ਚੇਅਰਮੈਨ ਕ੍ਰਿਸ਼ਚੀਅਨ ਭਲਾਈ ਬੋਰਡ ਪੰਜਾਬ, ਰਾਜਵਿੰਦਰ ਸਿੰਘ ਰਾਜਾ ਲਦੇਹ, ਨਵਜਿੰਦਰ ਸਿੰਘ ਗਾਂਧੀ ਨਿੱਬਰਵਿੰਡ, ਜੋਬਨਪ੍ਰੀਤ ਸਿੰਘ ਆਬਾਦੀ ਵਰਪਾਲ ਆਦਿ ਹਾਜ਼ਰ ਸਨ।

# ਸਫ਼ਾਈ ਕਰਮਚਾਰੀਆਂ ਵੱਲੋਂ ਕੰਮਛੋੜ ਹੜਤਾਲ ਜਾਰੀ



**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਨਗਰ ਕੌਂਸਲ ਸਫ਼ਾਈ ਕਰਮਚਾਰੀ ਯੂਨੀਅਨ ਫ਼ਤਿਹਗੜ੍ਹ ਚੂੜੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਅਣਮਿੱਥੇ ਸਮੇਂ ਲਈ ਕੰਮਛੋੜ ਹੜਤਾਲ ਜਾਰੀ ਹੈ।ਗੱਲਬਾਤ ਕਰਦਿਆਂ ਯੂਨੀਅਨ ਦੇ ਪ੍ਰਧਾਨ ਰਾਹੁਲ ਮਸੀਹ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਅਤੇ ਬਣਦੇ ਹੱਕ ਦੇਣ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸਫ਼ਾਈ ਸੇਵਕਾਂ ਨੂੰ ਬਣਦੇ ਲਾਭ ਦਿੱਤੇ ਜਾਣ ਅਤੇ ਕੰਟਰੈਕਟ ਬੇਸਿਜ਼ ਸਫ਼ਾਈ ਸੇਵਕਾਂ ਨੂੰ ਪੱਕਿਆਂ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਆਊਟਸੋਰਸਿੰਗ ਸਫ਼ਾਈ ਸੇਵਕਾਂ ਨੂੰ ਕੰਟਰੈਕਟ ਤੇ ਕੀਤਾ ਜਾਵੇ ਤੇ ਸਫ਼ਾਈ ਸੇਵਕਾਂ ਦਾ ਸਿਹਤ ਬੀਮਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਦੱਸਿਆ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਪੰਜਾਬ ਯੂਨੀਅਨ ਦੇ ਆਦੇਸ਼ਾਂ ਤੇ ਅਗਲੀ ਰਣਨੀਤੀ ਉਲੀਕੀ ਜਾਵੇਗੀ।ਇਸ ਮੌਕੇ ਨਗਰ ਕੌਂਸਲ ਕਰਮਚਾਰੀ ਯੂਨੀਅਨ ਵੱਲੋਂ ਵੀ ਸਫ਼ਾਈ ਸੇਵਕਾਂ ਦੀ ਹੜਤਾਲ ਨੂੰ ਸਮਰਥਨ ਦਿੱਤਾ ਗਿਆ ਤੇ ਸਰਕਾਰ ਕੋਲੋਂ ਮੰਗ ਕੀਤੀ ਕਿ ਡੀਏ ਸਮੇਤ ਉਨ੍ਹਾਂ ਦੀਆਂ ਹੱਕੀ ਮੰਗਾਂ ਪੂਰੀਆਂ ਕੀਤੀਆਂ ਜਾਣ।ਇਸ ਮੌਕੇ ਸੁੱਖਾ ਮਸੀਹ, ਸੁਰਜੀਤ ਮਸੀਹ, ਕੁਲਦੀਪ ਮਸੀਹ, ਜੀਨਤ, ਪ੍ਰਵੀਨ, ਰਾਹੁਲ, ਲਛਮੀ ਬਾਈ, ਦਲੀਪ ਕੁਮਾਰ, ਜਗਦੀਸ਼ ਕੁਮਾਰ, ਸੰਨੀ, ਸੁਨੀਲ, ਰਕੇਸ਼ ਕੁਮਾਰ, ਪਵਨ, ਗਗਨਦੀਪ, ਗਗਨਪ੍ਰੀਤ, ਪੱਪੂ ਲਾਲ, ਰਾਣੀ, ਸਵਿੰਦਰ ਬੂਰਾ, ਨਿਰਮਲਜੀਤ, ਸਵਰਨ ਸਿੰਘ, ਰਾਜਨ ਮਸੀਹ, ਬੰਟੀ, ਪ੍ਰੇਮ, ਮੰਗਾ, ਮਨਦੀਪ ਆਦਿ ਹਾਜ਼ਰ ਸਨ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਨਵੇਂ ਬੱਚਿਆਂ ਨੂੰ ਕਿਹਾ ਜੀ ਆਇਆਂ ਨੂੰ

**ਧਾਰੀਵਾਲ, (ਮਨਦੀਪ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ, ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਨਰਸਰੀ ਅਤੇ ਗਿਆਰ੍ਹਵੀਂ ਦੇ ਨਵੇਂ ਵਿਦਿਆਰਥੀਆਂ ਲਈ ਵੈਲਕਮ ਪਾਰਟੀ ਬੜੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਪ੍ਰਿੰਸੀਪਲ ਕਿਰਨ ਕੇਸਰ ਅਤੇ ਅਧਿਆਪਕਾਂ ਵੱਲੋਂ ਬੱਚਿਆਂ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ ਅਤੇ ਵਿਦਿਆਰਥੀਆਂ ਦੇ ਸਵਾਗਤ ਲਈ ਕੇਕ ਵੀ ਕੱਟਿਆ ਗਿਆ।ਪਾਰਟੀ ਦੌਰਾਨ



ਬੱਚਿਆਂ ਲਈ ਕਈ ਮਨੋਰੰਜਕ ਗਤੀਵਿਧੀਆਂ ਕਰਵਾਈਆਂ ਗਈਆਂ ਜਿਵੇਂ ਕਿ ਡਾਂਸ, ਗੀਤ, ਖੇਡਾਂ। ਨੰਨ੍ਹੇ-ਮੁੰਨੇ ਬੱਚੇ ਸੁੰਦਰ ਡ੍ਰੈੱਸਾਂ ਵਿੱਚ ਬਹੁਤ ਖੁਸ਼ ਨਜ਼ਰ ਆ ਰਹੇ ਸਨ ਅਤੇ ਉਨ੍ਹਾਂ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਪਾਰਟੀ ਦਾ ਪੂਰਾ ਆਨੰਦ ਲਿਆ। ਇਸ ਮੌਕੇ ਪ੍ਰਿੰਸੀਪਲ ਕਿਰਨ ਕੇਸਰ ਨੇ ਕਿਹਾ ਕਿ ਅੱਜ ਦਾ ਦਿਨ ਸਾਡੇ ਸਕੂਲ ਲਈ ਬਹੁਤ ਖੁਸ਼ੀ ਅਤੇ ਮਾਣ ਦਾ ਦਿਨ ਹੈ ਕਿਉਂਕਿ ਅਸੀਂ ਆਪਣੇ ਨੰਨ੍ਹੇ-ਮੁੰਨੇ ਨਵੇਂ ਵਿਦਿਆਰਥੀਆਂ ਦਾ ਵੈਲਕਮ ਕਰ ਰਹੇ ਹਾਂ।ਇਹ ਬੱਚੇ ਸਾਡੇ ਸਕੂਲ ਪਰਿਵਾਰ ਦਾ ਅਹਿਮ ਹਿੱਸਾ ਬਣ ਰਹੇ ਹਨ।ਉਨ੍ਹਾਂ ਨੇ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਦੁਆ ਕੀਤੀ।

## ਮੰਗਾਂ ਪ੍ਰਵਾਨ ਨਾ ਕਰਨ 'ਤੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦੀ ਚਿਤਾਵਨੀ

**ਛੇਹਰਟਾ/ ਖਾਸਾ, (ਮਨੋਜ ਕੁਮਾਰ/ ਸ਼ਸ਼ਪਾਲ ਸਿੰਘ)** : ਮਿਡ ਡੇ ਮੀਲ ਵਰਕਰਜ਼ ਯੂਨੀਅਨ (ਸੀਟੂ) ਦੀ ਮੀਟਿੰਗ ਕਾਮਰੇਡ ਗੁਰਮੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੀਟੂ ਦੇ ਸੂਬਾਈ ਮੀਤ ਪ੍ਰਧਾਨ ਸੁੱਚਾ ਸਿੰਘ ਅਜਨਾਲਾ ਤੇ ਮਿਡ ਡੇ ਮੀਲ ਵਰਕਰਜ਼ ਯੂਨੀਅਨ (ਸੀਟੂ) ਸੂਬਾਈ ਜਨਰਲ ਸਕੱਤਰ ਸੁਮਨ ਰਾਣੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਪੂਰੇ ਨਾ ਕਰਨ ਤੇ ਕੇਂਦਰ ਸਰਕਾਰ ਵੱਲੋਂ ਮਿਡ ਡੇ ਮੀਲ ਵਰਕਰਾਂ ਨੂੰ ਘੱਟੋ-ਘੱਟ ਉਜਰਤ 26000 ਰੁਪਏ ਨਾ ਦੇਣ ਕਾਰਨ



ਉਨ੍ਹਾਂ ਵਿਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਕਈ ਸਕੂਲਾਂ ਵਿਚ ਸਿਲੰਡਰ ਨਾ ਹੋਣ ਕਾਰਨ ਖਾਣਾ ਬਣਾਉਣ ਵਿਚ ਬਹੁਤ ਮੁਸ਼ਕਿਲ ਆ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਹਰ ਇੱਕ ਸਕੂਲ ਵਿਚ ਸਿਲੰਡਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਾ ਕੀਤੀਆਂ ਗਈਆਂ ਤਾਂ ਸੂਬਾਈ ਮੀਟਿੰਗ ਸੱਦ ਕੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਸੰਦੀਪ ਕੌਰ, ਵਿਦਿਆ, ਕਵਲਜੀਤ ਕੌਰ, ਰਜਵੰਤ ਕੌਰ, ਗੁਰਦੀਪ, ਬਿੰਦਰ, ਪਰਮਜੀਤ, ਮਨਜੀਤ, ਸੰਤੋ, ਸੰਤੋਸ਼, ਸਿਮਰਜੀਤ, ਸ਼ਿਬੂ ਪਸੀਆਂ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।

# ਚੇਅਰਮੈਨ ਬਲਕਾਰ ਸਿੰਘ ਵਡਾਲਾ ਨੇ ਸ਼ੁਕਰਾਨੇ ਵਜੋਂ ਮੱਥਾ ਟੇਕਿਆ



**ਬਿਆਸ (ਪਰਮਜੀਤ ਸਿੰਘ ਰੱਖੜਾ)**- ਨਵ-ਨਿਯੁਕਤ ਚੇਅਰਮੈਨ ਪੰਜਾਬ ਕਿਸਾਨ ਕਿਰਤੀ ਮਜ਼ਦੂਰ ਐਸੋਸੀਏਸ਼ਨ ਪੰਜਾਬ ਚੰਡੀਗੜ੍ਹ ਗੁਰਦੁਆਰਾ ਸ਼ਹੀਦ ਬਾਬਾ ਲੰਗਾਹ ਸਾਹਿਬ ਪਿੰਡ ਬੁੱਢਾ ਥੇਹ ਵਿਖੇ ਨਤਮਸਤਕ ਹੋਏ ਅਤੇ ਗੁਰੂ ਘਰ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਇਸ ਨਿਯੁਕਤੀ ਲਈ ਆਲ ਇੰਡੀਆ ਕਿਸਾਨ ਕਿਰਤੀ ਮਜ਼ਦੂਰ ਐਸੋਸੀਏਸ਼ਨ ਦਿੱਲੀ ਦੇ ਕੌਮੀ ਚੇਅਰਮੈਨ ਗੁਰਮੁੱਖ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਪਹਿਲਾਂ ਵੀ ਆਪਣੇ ਲੋਕਾਂ ਦੀ ਤਨਦੇਹੀ ਨਾਲ ਸੇਵਾ ਕਰਦੇ ਰਹੇ ਹਨ ਅਤੇ ਹੁਣ ਵੀ ਉਸੇ ਤਰ੍ਹਾਂ ਸੇਵਾ ਕਰਦੇ ਰਹਿਣਗੇ।

# ਫਰਦ ਕੇਂਦਰ ਕਰਮਚਾਰੀਆਂ ਦੀ ਹੜਤਾਲ ਲਗਾਤਾਰ ਜਾਰੀ

## ਪੱਟੀ ਤਹਿਸੀਲ ਨਾਲ ਸਬੰਧਿਤ ਪਿੰਡਾਂ ਤੇ ਸ਼ਹਿਰਾਂ ਦਾ ਕੰਮਕਾਜ ਠੱਪ

**ਪੱਟੀ, (ਬਲਦੇਵ ਸਿੰਘ ਸੰਧੂ)**- ਫਰਦ ਕੇਂਦਰ ਪੱਟੀ ਦੇ ਕਰਮਚਾਰੀਆਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਮਨਵਾਉਣ ਲਈ ਆਪਣਾ ਕੰਮ ਬੰਦ ਕਰਕੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ।ਪੱਟੀ ਤਹਿਸੀਲ ਨਾਲ ਸਬੰਧਿਤ ਪਿੰਡਾਂ ਦੇ ਲੋਕਾਂ ਨੂੰ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ।ਫ਼ਰਦ ਕੇਂਦਰ ਕੰਪਿਊਟਰ ਅਪਰੇਟਰ ਐਸੋਸੀਏਸ਼ਨ ਰਜਿ. 132, ਪੰਜਾਬ ਤਰਨ ਤਾਰਨ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਤਿੱਖੇ ਰੋਸ ਪ੍ਰਦਰਸ਼ਨ ਵਜੋਂ ਹੜਤਾਲ ਕੀਤੀ ਗਈ।5 ਮਈ ਤੋਂ ਤਿੱਖੇ ਵਿਰੋਧ ਵਜੋਂ ਧਰਨਾ ਲਗਾਤਾਰ ਜਾਰੀ ਹੈ।ਜਥੇਬੰਦੀ ਦੇ ਸਾਰੇ ਸਾਥੀਆਂ ਵੱਲੋਂ ਪੂਰਨ ਫ਼ੈਸਲਾ ਕੀਤਾ ਗਿਆ ਹੈ ਕਿ ਜਦੋਂ ਤੱਕ ਸਾਥੀ ਲਵਪ੍ਰੀਤ ਸਿੰਘ ਨੂੰ ਬਹਾਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਸਾਰੇ ਫ਼ਰਦ ਕੇਂਦਰ ਅਣਮਿੱਥੇ ਸਮੇਂ ਲਈ ਬੰਦ ਰਹਿਣਗੇ।ਇਸ ਦੌਰਾਨ ਫ਼ਰਦ ਕੇਂਦਰਾਂ ਲਈ



ਪੰਜਾਬ ਲੈਂਡ ਰਿਕਾਰਡਜ਼ ਸੁਸਾਇਟੀ ਵੱਲੋਂ ਜਾਰੀ ਨਵੇਂ ਮੈਨਪਾਵਰ ਟੈਂਡਰ ਵਿੱਚ ਸਿਰਫ਼ 674 ਕਰਮਚਾਰੀਆਂ ਦੀ ਲੋੜ ਦਰਸਾਉਣ 'ਤੇ ਵੀ ਤਿੱਖਾ ਵਿਰੋਧ ਕੀਤਾ ਗਿਆ।ਜਥੇਬੰਦੀ ਅਨੁਸਾਰ ਇਸ ਨਾਲ ਮੌਜੂਦਾ ਅਪਰੇਟਰਾਂ ਅਤੇ ਸੇਵਾਦਾਰਾਂ ਦੀਆਂ ਨੌਕਰੀਆਂ 'ਤੇ ਸਿੱਧਾ ਖਤਰਾ ਬਣ ਗਿਆ ਹੈ।ਸਰਕਾਰ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਠੇਕੇਦਾਰੀ ਪ੍ਰਣਾਲੀ ਖਤਮ ਕਰਕੇ ਪਾਲਿਸੀ ਤਹਿਤ ਸਰਕਾਰੀ ਵਿਭਾਗਾਂ ਵਿੱਚ ਰੈਗੂਲਰ ਕਰਨ ਦੇ ਵਾਅਦੇ ਕੀਤੇ ਗਏ ਸਨ, ਪਰ ਵਾਰ-ਵਾਰ ਮੀਟਿੰਗਾਂ ਦੇ ਬਾਵਜੂਦ ਕੋਈ ਢੁੱਕਵਾਂ ਹੱਲ ਨਹੀਂ ਕੱਢਿਆ ਗਿਆ। ਤਰਨ ਤਾਰਨ ਵਿਖੇ ਹੋਏ ਰੋਸ ਪ੍ਰਦਰਸ਼ਨ ਮੌਕੇ ਸੂਬਾ ਪ੍ਰਧਾਨ ਰਮਨਦੀਪ ਸਿੰਘ, ਸੁਨੀਲ ਸ਼ਰਮਾ, ਦਿਲਬਾਗ ਸਿੰਘ , ਤਰਨ ਤਾਰਨ ਜ਼ਿਲ੍ਹਾ ਪ੍ਰਧਾਨ ਗੁਰਜੰਟ ਸਿੰਘ, ਮੀਤ ਪ੍ਰਧਾਨ ਮਨਪਰੀਤ ਸਿੰਘ, ਜਨਰਲ ਸਕੱਤਰ ਸੰਦੀਪ ਸਿੰਘ , ਰਾਕੇਸ਼ ਕੁਮਾਰ, ਨਵਦੀਪ ਸਿੰਘ, ਲਵਦੀਪ ਸਿੰਘ ਮਨਪਰੀਤ ਸਿੰਘ ਖੱਖ ਅਤੇ ਹੋਰ ਮੈਂਬਰ ਮੌਕੇ 'ਤੇ ਹਾਜ਼ਰ ਸਨ। ਜਥੇਬੰਦੀ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਜਲਦ ਇਹ ਮੰਗਾਂ ਨਹੀਂ ਮੰਨੀਆਂ ਗਈਆਂ ਤਾਂ ਚੱਲ ਰਹੀ ਹੜਤਾਲ ਪੰਜਾਬ ਪੱਧਰੀ ਸੰਘਰਸ਼ ਦੇ ਤੌਰ ਤੇ ਅਣਮਿੱਥੇ ਸਮੇਂ ਲਈ ਚਲੀ ਜਾਵੇਗੀ ਜਿਸ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।

# ਕਣਕ ਦਾ ਨਾੜ ਸਾੜਨ ਵਾਲੇ ਕਿਸਾਨਾਂ ਪ੍ਰਤੀ ਪ੍ਰਸ਼ਾਸਨ ਸਖ਼ਤ !

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ, ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤਹਿਸੀਲ ਡੇਰਾ ਬਾਬਾ ਨਾਨਕ ਦੇ ਉਪ ਮੰਡਲ ਮੈਜਿਸਟਰੇਟ ਅਦਿੱਤਿਆ ਸ਼ਰਮਾ ਨੇ ਆਪਣੀ ਟੀਮ ਲੈ ਕੇ ਇਲਾਕੇ ਦਾ ਦੌਰਾ ਕੀਤਾ।ਟੀਮ ਵਿੱਚ ਡੇਰਾ ਬਾਬਾ ਨਾਨਕ ਦੇ ਡੀਐੱਸਪੀ ਜੋਗਾ ਸਿੰਘ ਅਤੇ ਖੇਤੀਬਾੜੀ ਅਫ਼ਸਰ ਸੁਖਬੀਰ ਸਿੰਘ ਸੰਧੂ ਉਨ੍ਹਾਂ ਨਾਲ ਮੌਜੂਦ ਸਨ।ਐੱਸ. ਡੀ. ਐੱਮ. ਵੱਲੋਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਗਿਆ ਕਿ ਉਹ



ਆਪਣੇ ਖੇਤਾਂ ਵਿਚਲਾ ਕਣਕ ਦਾ ਨਾੜ ਨਾ ਸਾੜਨ ਸਗੋਂ ਇਸ ਨੂੰ ਆਪਣੇ ਖੇਤਾਂ ਵਿੱਚ ਮਿਲਾ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਤਾਂ ਜੋ ਉਨ੍ਹਾਂ ਦੀ ਫ਼ਸਲ ਦੀ ਪੈਦਾਵਾਰ ਵਧੇ ਅਤੇ ਖਾਦਾਂ ਦਾ ਖ਼ਰਚਾ ਘਟੇ।ਨਾੜ ਸਾੜ ਕੇ ਜਿੱਥੇ ਕਿਸਾਨ ਆਪਣੀ ਜ਼ਮੀਨ ਦੀ ਸਿਹਤ ਵਿਗਾੜ ਰਹੇ ਹਨ, ਉਥੇ ਨਾਲ ਹੀ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਹੇ ਹਨ।ਇਨ੍ਹਾਂ ਦਿਨਾਂ ਵਿੱਚ ਤੇਜ਼ ਹਵਾਵਾਂ ਚੱਲਣ ਕਾਰਨ ਇਹ ਅੱਗ ਬੇਕਾਬੂ ਹੋ ਕੇ ਜਾਨੀ ਮਾਲੀ ਨੁਕਸਾਨ ਵੀ ਕਰ ਸਕਦੀ ਹੈ।ਇਸ ਦੇ ਨਾਲ ਹੀ ਖੇਤਾਂ ਵਿਚਲੇ ਅਤੇ ਸੜਕਾਂ ਕੰਢੇ ਲੱਗੇ ਰੁੱਖ ਬੂਟੇ ਅਤੇ ਕਈ ਤਰ੍ਹਾਂ ਦੇ ਜੀਵ ਜੰਤੂ, ਪੰਛੀ ਅਤੇ ਜਾਨਵਰ ਇਸ ਅੱਗ ਦੀ ਲਪੇਟ ਵਿੱਚ ਆ ਕੇ ਝੁਲਸ ਜਾਂਦੇ ਹਨ।ਉਨ੍ਹਾਂ ਨੇ ਦੱਸਿਆ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਨੁਸਾਰ ਖੇਤਾਂ ਵਿੱਚ ਕਣਕ ਦੇ ਨਾੜ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਦੇ ਚਲਾਨ ਕੱਟੇ ਜਾ ਰਹੇ ਹਨ ਅਤੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ ਕਰਵਾਈ ਹੁਨਰ ਆਧਾਰਤ ਗਤੀਵਿਧੀ

**ਮਜੀਠਾ (ਸੋਇਮ ਆਨੰਦ)**- ਸੀ. ਬੀ. ਐੱਸ. ਈ. ਨਵੀਂ ਦਿੱਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਸੋਹੀਆਂ ਕਲਾਂ ਰੋਡ, ਮਜੀਠਾ ਵਿਖੇ ਪ੍ਰਿੰਸੀਪਲ ਮੈਡਮ ਮੀਨਾਕਸ਼ੀ ਤਰੇਹਨ ਦੀ ਛਤਰ ਛਾਇਆ ਹੇਠ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ



ਵਿਦਿਆਰਥੀਆਂ ਨੇ ਸਕਿੱਲ ਬੇਸਡ ਐਕਟੀਵਿਟੀ ਅਧੀਨ ਕੌਸ਼ਲ ਬੋਧ ਦੀ ਸਿਖਲਾਈ ਲਈ। ਇਸਦਾ ਮੁੱਖ ਮਕਸਦ ਵਿਦਿਆਰਥੀਆਂ ਵਿੱਚ ਆਤਮਨਿਰਭਰਤਾ ਦੀ ਭਾਵਨਾ ਨੂੰ ਵਿਕਸਿਤ ਕਰਨਾ ਹੈ।ਰੋਜ਼ਾਨਾ ਜੀਵਨ ਵਿੱਚ ਇਨ੍ਹਾਂ ਸਿੱਖਿਆਵਾਂ ਦਾ ਬਹੁਮੁੱਲਾ ਯੋਗਦਾਨ ਸਾਬਤ ਹੋਵੇਗਾ।ਲੜਕੀਆਂ ਨੇ ਸਿਲਾਈ, ਕਢਾਈ ਦੇ ਨਾਲ-ਨਾਲ ਆਪਣੇ ਛਿਪੇ ਹੋਏ ਹੁਨਰ ਨੂੰ ਨਿਖਾਰਨ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਹਾਸਿਲ ਕੀਤੀ।ਸਿੱਖਿਆ ਸਿਰਫ ਕਿਤਾਬਾਂ ਤੱਕ ਹੀ ਸੀਮਤ ਨਹੀਂ ਹੈ, ਬੱਚਿਆਂ ਨੂੰ ਹਰ ਖੇਤਰ ਵਿੱਚ ਉਤਸ਼ਾਹਿਤ ਕਰਨਾ ਸਕੂਲ ਪ੍ਰਬੰਧਕ ਕਮੇਟੀ ਦਾ ਇੱਕ ਨਿਵੇਕਲਾ ਕਦਮ ਹੈ।ਚੇਅਰਮੈਨ ਜਸਪਿੰਦਰ ਸਿੰਘ ਕਾਹਲੋਂ, ਮੁੱਖ ਪ੍ਰਬੰਧਕ ਮੈਡਮ ਹਰਜਿੰਦਰ ਪਾਲ ਕੌਰ, ਡਾਇਰੈਕਟਰ ਮੈਡਮ ਅਮਨਦੀਪ ਕੌਰ ਥਿੰਦ ਨੇ ਇਸ ਕੌਸ਼ਲ ਬੋਧ ਸਿਖਲਾਈ ਕੈਂਪ ਦੀ ਸ਼ਲਾਘਾ ਕੀਤੀ।

# ਵਿਦਿਆਰਥੀ ਕੌਂਸਲ ਦੀ ਚੋਣ: ਸਰਤਾਜਵੀਰ ਸਿੰਘ ਹੈੱਡ ਬੁਆਏ ਤੇ ਸਹਿਜਪ੍ਰੀਤ ਕੌਰ ਨੂੰ ਚੁਣਿਆ ਹੈੱਡ ਗਰਲ

**ਧਾਰੀਵਾਲ, (ਮਨਦੀਪ ਵਿੱਕੀ)**- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੀ ਵਿਦਿਆਰਥੀ ਕੌਂਸਲ ਦੀ ਚੋਣ ਹੋਈ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਦੀ ਰਹਿਨੁਮਾਈ ਹੇਠ ਇਸ ਚੋਣ ਵਿੱਚ ਹੈੱਡ ਬੁਆਏ



ਸਰਤਾਜਵੀਰ ਸਿੰਘ ਅਤੇ ਹੈੱਡ ਗਰਲ ਸਹਿਜਪ੍ਰੀਤ ਕੌਰ ਚੁਣੇ ਗਏ, ਜਦਕਿ ਸਟੂਡੈਂਟ ਕੌਂਸਲਰ ਸਹਿਨਾਜਪ੍ਰੀਤ ਕੌਰ, ਜਸਮੀਤ ਕੌਰ ਤੇ ਅਭਿਜੋਤ ਸਿੰਘ ਚੁਣੇ ਗਏ। ਇਸੇ ਤਰ੍ਹਾਂ ਸਪੋਰਟਸ ਵਿਭਾਗ ਦੇ ਸਪੋਰਟਸ ਪ੍ਰਧਾਨ ਅਨਮੋਲ ਤੇ ਸਪੋਰਟਸ ਸੈਕਟਰੀ ਮਹਿਕਦੀਪ ਕੌਰ ਨੂੰ ਚੁਣਿਆ। ਇਸੇ ਤਰ੍ਹਾਂ ਸਕੂਲ ਵਿੱਚ ਸਾਲਾਨਾ ਪੰਜ ਹਾਊਸਾਂ ਵਿੱਚ ਡਿਊਟੀ ਨਿਭਾਉਣ ਵਾਲਿਆਂ ਵਿੱਚ ਸਤਲੁਜ ਹਾਊਸ ਦੇ ਪ੍ਰਧਾਨ ਨਵਜੋਤ ਕੌਰ ਤੇ ਸੈਕਟਰੀ ਪ੍ਰਭਨੂਰ ਕੌਰ, ਰਾਵੀ ਹਾਊਸ ਦੇ ਪ੍ਰਧਾਨ ਸੋਨੀਆ ਤੇ ਸੈਕਟਰੀ ਦਮਨਪ੍ਰੀਤ ਸਿੰਘ, ਬਿਆਸ ਹਾਊਸ ਦੇ ਪ੍ਰਧਾਨ ਨਵਦੀਪ ਕੌਰ ਤੇ ਸੈਕਟਰੀ ਬਾਲਕ੍ਰਿਸ਼ਨ, ਜਿਹਲਮ ਹਾਊਸ ਦੇ ਪ੍ਰਧਾਨ ਰਮਨਪ੍ਰੀਤ ਕੌਰ ਤੇ ਸੈਕਟਰੀ ਜਗਮੀਤ ਕੌਰ ਅਤੇ ਚਨਾਬ ਹਾਊਸ ਦੇ ਪ੍ਰਧਾਨ ਰੁਸ਼ਨਾਈ ਤੇ ਸੈਕਟਰੀ ਹਰਪ੍ਰੀਤ ਕੌਰ ਚੁਣੇ ਗਏ। ਇਸ ਮੌਕੇ ਪ੍ਰਿੰਸੀਪਲ ਡਾ: ਗਗਨਜੀਤ ਕੌਰ ਦੁਆਰਾ ਨਵੀਂ ਚੁਣੀ ਵਿਦਿਆਰਥੀ ਕੌਂਸਲ ਨੂੰ ਸਹੁੰ ਚੁਕਾਈ ਗਈ ਕਿ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਜਿਵੇਂ ਕਿ ਅਨੁਸ਼ਾਸਨ ਕਾਇਮ ਰੱਖਣਾ, ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨਾ, ਸਹੀ ਅਤੇ ਨਿਰਪੱਖ ਢੰਗ ਨਾਲ ਜ਼ਿੰਮੇਵਾਰੀਆਂ ਨਿਭਾਉਣ ਲਈ ਵਚਨਬੱਧ ਰਹਿਣ। ਇਸ ਮੌਕੇ ਪ੍ਰਿੰਸੀਪਲ ਡਾ: ਗਗਨਜੀਤ ਕੌਰ ਨੇ ਚੁਣੇ ਗਏ ਸਾਰਿਆਂ ਬੱਚਿਆਂ ਨੂੰ ਉਨ੍ਹਾਂ ਦੇ ਟੈਗ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਦੇ ਪੰਜ ਹਾਊਸ ਇੰਚਾਰਜ ਅਤੇ ਡੀ. ਪੀ. ਅਧਿਆਪਕ ਵੀ ਮੌਜੂਦ ਸਨ। ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ ਸੋਹਲ (ਐਡਵੋਕੇਟ), ਸਕੱਤਰ ਕੁਲਦੀਪ ਸਿੰਘ ਪਟਵਾਰੀ, ਗੁਰਜੀਤ ਸਿੰਘ ਲੇਹਲ, ਕੁਲਦੀਪ ਸਿੰਘ ਸੋਹਲ ਤੇ ਅਮਰਜੀਤ ਸਿੰਘ ਹੈਪੀ ਨੇ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ।

# ਰਹਿਮਾ ਇੰਟਰਨੈਸ਼ਨਲ ਸਕੂਲ 'ਚ ਇੰਟਰ ਸਕੂਲ ਰੋਲਰ ਸਕੇਟਿੰਗ ਮੁਕਾਬਲੇ ਕਰਵਾਏ

**ਪਠਾਨਕੋਟ, (ਦਵਿੰਦਰ ਸਿੰਘ)**- ਡਿਸਟ੍ਰਿਕਟ ਰੋਲਰ ਸਕੇਟਿੰਗ ਐਸੋਸੀਏਸ਼ਨ ਵੱਲੋਂ ਐਸੋਸੀਏਸ਼ਨ ਦੇ ਮਹਾਸਚਿਵ ਤੇ ਜ਼ਿਲ੍ਹਾ ਸਕੇਟਿੰਗ ਕੋਚ ਭੂਪਿੰਦਰ ਸਿੰਘ ਦੀ ਅਗਵਾਈ ਹੇਠ ਰਹਿਮਾ ਇੰਟਰਨੈਸ਼ਨਲ ਸਕੂਲ ਵਿੱਚ ਇੰਟਰ ਸਕੂਲ ਰੋਲਰ ਸਕੇਟਿੰਗ ਮੁਕਾਬਲੇ ਕਰਵਾਏ ਗਏ।ਇਸ ਵਿੱਚ 27 ਸਕੂਲਾਂ ਦੇ ਲਗਭਗ 450 ਬੱਚਿਆਂ ਨੇ ਭਾਗ ਲਿਆ।ਮੁਕਾਬਲੇ ਦਾ ਸ਼ੁਭਾਰੰਭ ਰਹਿਮਾ ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਬੇਨੀ ਓਮਨ ਵੱਲੋਂ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸੌਰਭ ਬਹਿਲ ਅਤੇ ਗੈਸਟ ਆਫ ਆਨਰ ਵਜੋਂ ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਸ਼ਰਮਾ ਨੇ ਸ਼ਿਰਕਤ ਕੀਤੀ।ਇਸ ਦੌਰਾਨ ਪ੍ਰਤਾਪ ਵਰਲਡ ਸਕੂਲ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਜੇ. ਐੱਮ. ਕੇ. ਇੰਟਰਨੈਸ਼ਨਲ ਸਕੂਲ, ਐੱਮ. ਸੀ. ਐੱਸ. ਸਕੂਲ, ਕੈਲੋਡੋਨੀਅਨ ਇੰਟਰਨੈਸ਼ਨਲ ਸਕੂਲ, ਆਰਮੀ ਪਬਲਿਕ ਸਕੂਲ, ਏ. ਐਂਡ ਐੱਮ ਜੇਮਸ ਕੈਂਬ੍ਰਿਜ ਸਕੂਲ, ਪ੍ਰਤਾਪ ਵਰਲਡ ਸਕੂਲ ਇੰਦੌਰਾ, ਰਹਿਮਾ ਇੰਟਰਨੈਸ਼ਨਲ ਸਕੂਲ, ਸ੍ਰੀ ਅਦਵੈਤ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ, ਡੀ. ਪੀ. ਐੱਸ. ਗੁਰਦਾਸਪੁਰ, ਕਾਮੈਂਟ ਮੇਂਸਾ ਪਬਲਿਕ ਸਕੂਲ, ਸ੍ਰੀ ਨੰਗਲੀ ਸਕੂਲ ਗੁਰਦਾਸਪੁਰ, ਯੂਰੋ ਕਿੱਡਜ਼ ਗੁਰਦਾਸਪੁਰ ਆਦਿ ਸਕੂਲਾਂ ਤੋਂ ਯੂ. ਕੇ. ਜੀ. ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਬੱਚਿਆਂ ਨੇ ਭਾਗ ਲਿਆ। ਨਤੀਜਿਆਂ ਅਨੁਸਾਰ ਵਨ ਲੈਪ ਰੇਸ ਐਡਜਸਟੇਬਲ ਸਕੇਟਸ ਵਿੱਚ



ਸਲਮ ਨੇ ਸੋਨਾ, ਸ਼ਿਵ ਨੇ ਚਾਂਦੀ ਅਤੇ ਮਾਨਵ ਨੇ ਕਾਂਸੀ ਦਾ ਤਮਗਾ ਜਿੱਤਿਆ।ਕਵਾਡ ਸਕੇਟਸ ਵਿੱਚ ਹਿਤਾਂਸ਼ ਨੇ ਸੋਨਾ, ਅਨਿਰੁੱਧ ਨੇ ਚਾਂਦੀ ਅਤੇ ਸਲਾਨਵਾਜ਼ ਨੇ ਕਾਂਸੀ ਦਾ ਤਮਗਾ ਹਾਸਲ ਕੀਤਾ।300 ਮੀਟਰ ਰੇਸ ਵਿੱਚ ਪੂਰਵਿਕ ਨੇ ਸੋਨਾ, ਅਵਿਰਾਜ ਨੇ ਚਾਂਦੀ ਅਤੇ ਗੁਰਫਤਿਹ ਨੇ ਕਾਂਸੀ ਦਾ ਤਮਗਾ ਜਿੱਤਿਆ।ਦੂਜੀ ਜਮਾਤ 300 ਮੀਟਰ ਇਨਲਾਈਨ ਸਕੇਟਸ ਵਿੱਚ ਅਬੀਰ ਨੇ ਸੋਨਾ, ਯੁਵਰਾਜ ਨੇ ਚਾਂਦੀ ਅਤੇ ਸ਼ਿਵਮ ਨੇ ਕਾਂਸੀ ਦਾ ਤਮਗਾ ਹਾਸਲ ਕੀਤਾ।ਤੀਜੀ ਜਮਾਤ 300 ਮੀਟਰ ਕਵਾਡ ਸਕੇਟਸ ਵਿੱਚ ਅਭਿਆਯਾਮ ਨੇ ਸੋਨਾ, ਵਿਨਾਇਕ ਨੇ ਚਾਂਦੀ ਅਤੇ ਸ਼ਿਵਾਯ ਨੇ ਕਾਂਸੀ ਦਾ ਤਮਗਾ ਪ੍ਰਾਪਤ ਕੀਤਾ। ਚੌਥੀ ਜਮਾਤ 300 ਮੀਟਰ ਇਨਲਾਈਨ ਸਕੇਟਸ ਵਿੱਚ ਪ੍ਰਵਲ ਨੇ ਸੋਨਾ, ਸੁਖਰਾਜ ਨੇ ਚਾਂਦੀ ਅਤੇ ਦਿਲਜੀਤ ਨੇ ਕਾਂਸੀ ਦਾ ਤਮਗਾ ਜਿੱਤਿਆ।ਚੌਥੀ ਜਮਾਤ ਕਵਾਡ ਸਕੇਟਸ ਵਿੱਚ ਨਿਰਵਾਣ ਅਤੇ ਪ੍ਰਿਆਂਸ਼ੂ ਨੇ ਸੋਨਾ, ਵਿਵਾਨ ਨੇ ਚਾਂਦੀ ਅਤੇ ਗਰਵਿਤ ਨੇ ਕਾਂਸੀ ਦਾ ਤਮਗਾ ਹਾਸਲ ਕੀਤਾ।ਪੰਜਵੀਂ ਜਮਾਤ ਇਨਲਾਈਨ ਸਕੇਟਸ ਵਿੱਚ ਸੀਰਤ ਨੇ ਸੋਨਾ, ਅਵੰਤਿਕਾ ਨੇ ਚਾਂਦੀ ਅਤੇ ਕਾਵਿਆ ਨੇ ਕਾਂਸੀ ਦਾ ਤਮਗਾ ਜਿੱਤਿਆ।ਛੇਵੀਂ ਜਮਾਤ ਐਡਜਸਟੇਬਲ ਸਕੇਟਸ ਵਿੱਚ ਕਾਵਿਆ ਨੇ ਸੋਨਾ, ਲਾਵਨੀ ਨੇ ਚਾਂਦੀ ਅਤੇ ਭੂਮਿਕਾ ਨੇ ਕਾਂਸੀ ਦਾ ਤਮਗਾ ਹਾਸਲ ਕੀਤਾ।ਇਨਲਾਈਨ ਸਕੇਟਸ ਵਿੱਚ ਵਿਵਾਨ ਨੇ ਸੋਨਾ, ਏ. ਵਰਸ਼ਿਥ ਨੇ ਚਾਂਦੀ ਅਤੇ ਤਨਮਯ ਨੇ ਕਾਂਸੀ ਦਾ ਤਮਗਾ ਜਿੱਤਿਆ।ਇਸ ਮੌਕੇ ਸਾਰੇ ਜੇਤੂ ਖਿਡਾਰੀਆਂ ਨੂੰ ਮੈਡਲ ਪਹਿਨਾ ਕੇ ਸਨਮਾਨਿਤ ਕੀਤਾ ਗਿਆ।ਸਮਾਗਮ ਦੌਰਾਨ ਅਨੂਪ ਮਿਸ਼ਰਾ, ਪਰਮਿੰਦਰ ਸਿੰਘ, ਰਿਮਪੂ, ਸਤਬੀਰ, ਹਨੀ ਪੁਰੀ, ਤਜਿੰਦਰ ਸਿੰਘ, ਇਕਬਾਲ ਸਿੰਘ, ਸੰਜੀਵ, ਪੂਜਾ, ਮਨੋਜ ਕੁਮਾਰ, ਗੀਤਿਕਾ ਅਤੇ ਮੀਨਾਕਸ਼ੀ ਆਦਿ ਸਟਾਫ ਮੈਂਬਰ ਹਾਜ਼ਰ ਸਨ।

## ਹਾਵਰਡ ਲੇਨ ਸੀਨੀਅਰ ਸਕੂਲ ਠੱਠਾ 'ਚ ਮਨਾਇਆ ਮਾਂ ਦਿਹਾੜਾ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਹਾਵਰਡ ਲੇਨ ਸੀਨੀਅਰ ਸਕੂਲ ਠੱਠਾ ਵਿਖੇ ਮਾਂ ਦਿਵਸ ਨੂੰ ਸਮਰਪਿਤ ਖਾਸ ਪ੍ਰਾਰਥਨਾ ਸਭਾ ਕਰਵਾਈ ਗਈ।ਇਸ ਮੌਕੇ ਵਿਦਿਆਰਥੀਆਂ ਵੱਲੋਂ ਮਾਂ ਦੀ ਮਹਿਮਾ ਨੂੰ ਸਮਰਪਿਤ ਵੱਖ-ਵੱਖ ਗੀਤ ਪੇਸ਼ ਕੀਤੇ ਗਏ ਅਤੇ ਮਾਂ ਦੇ ਸਨਮਾਨ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਗਏ।ਸਕੂਲ ਦੇ ਕਿੰਡਰਗਾਰਟਨ ਭਾਗ ਵਿੱਚ ਮਾਵਾਂ ਨੂੰ ਖਾਸ ਤੌਰ 'ਤੇ ਸੱਦਾ ਭੇਜ ਕੇ ਬੁਲਾਇਆ ਗਿਆ ਜਿੱਥੇ ਉਨ੍ਹਾਂ ਲਈ ਕਈ ਰੰਗਾਰੰਗ ਅਤੇ ਮਨੋਰੰਜਕ ਪ੍ਰੋਗਰਾਮ ਕਰਵਾਏ ਗਏ।ਇਸ ਮੌਕੇ ਮਾਵਾਂ ਨੇ ਗੀਤ ਗਾ ਕੇ,




ਖੇਡਾਂ ਵਿੱਚ ਭਾਗ ਲੈ ਕੇ ਅਤੇ ਹੋਰ ਐਕਟੀਵਿਟੀਆਂ ਵਿੱਚ ਸ਼ਮੂਲੀਅਤ ਕਰਕੇ ਆਪਣੇ ਬਚਪਨ ਦੀਆਂ ਯਾਦਾਂ ਤਾਜ਼ਾ ਕੀਤੀਆਂ।ਇਸ ਦੌਰਾਨ ਬੱਚਿਆਂ ਅਤੇ ਮਾਵਾਂ ਵਿਚਕਾਰ ਪਿਆਰ ਅਤੇ ਸਨੇਹ ਦਾ ਸੁੰਦਰ ਮਾਹੌਲ ਦੇਖਣ ਨੂੰ ਮਿਲਿਆ।ਸਕੂਲ ਦੇ ਪ੍ਰਿੰਸੀਪਲ ਬਲਰਾਜ ਸਿੰਘ ਬਾਠ ਨੇ ਆਈਆਂ ਹੋਈਆਂ ਮਹਿਮਾਨ ਮਾਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਂ ਦਾ ਸਥਾਨ ਜੀਵਨ ਵਿੱਚ ਸਭ ਤੋਂ ਉੱਚਾ ਹੈ ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਬੱਚਿਆਂ ਵਿੱਚ ਆਪਣੇ ਮਾਪਿਆਂ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਭਾਵਨਾ ਪੈਦਾ ਕਰਦੇ ਹਨ।

# ਮਿਸ਼ਨ ਸਮਰੱਥ 04 ਸਿੱਖਿਆ ਤਹਿਤ ਨਵੇਂ ਅਧਿਆਪਕਾਂ ਦਾ ਇੱਕ ਰੋਜ਼ਾ ਸੈਮੀਨਾਰ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਦੇ ਆਦੇਸ਼ਾਂ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ:/ਸੰਕੈਡਰੀ ਗੁਰਦਾਸਪੁਰ ਮੈਡਮ ਪਰਮਜੀਤ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਨਵੇਂ ਆਏ 2364 ਈ ਟੀ ਟੀ ਅਧਿਆਪਕਾਂ ਦੇ ਮਿਸ਼ਨ ਸਮਰੱਥ 04 ਸਿੱਖਿਆ ਤਹਿਤ ਸੈਮੀਨਾਰ ਲਗਾਏ ਜਾ ਰਹੇ ਹਨ ।ਇਸੇ ਲੜੀ ਦੇ ਤਹਿਤ ਬਲਾਕ ਡੇਰਾ ਬਾਬਾ ਨਾਨਕ 1 ਦੇ ਬੀਪੀਈਓ ਨਰੇਸ਼ ਸ਼ਰਮਾ ਪਨਿਆੜ ਦੀ ਯੋਗ ਅਗਵਾਈ ਹੇਠ ਬਲਾਕ ਡੇਰਾ ਬਾਬਾ ਨਾਨਕ 1 ਦੇ ਨਵੇਂ ਅਧਿਆਪਕਾਂ ਦਾ 1 ਰੋਜ਼ਾ ਸੈਮੀਨਾਰ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਡੇਰਾ ਬਾਬਾ ਨਾਨਕ ਵਿਖੇ ਲਗਾਇਆ ਗਿਆ ।ਇਸ ਮੌਕੇ ਡੇਰਾ ਬਾਬਾ ਨਾਨਕ ਬਲਾਕ 1 ਵਿੱਚ ਆਏ ਕਰੀਬ 25 ਈਟੀਟੀ ਅਧਿਆਪਕਾਂ ਨੇ ਸੈਮੀਨਾਰ ਵਿੱਚ ਭਾਗ ਲਿਆ ।ਇਸ ਮੌਕੇ ਬਲਾਕ ਰਿਸੋਰਸਪਰਸਨ ਲਵਪ੍ਰੀਤ ਸਿੰਘ, ਬਲਾਕ ਰਿਸੋਰਸਪਰਸਨ ਗੁਰਮੁੱਖ ਸਿੰਘ, ਬਲਾਕ ਰਿਸੋਰਸਪਰਸਨ ਰਾਜ



ਸੁਖਵਿੰਦਰ ਵੱਲੋਂ ਨਵੇਂ ਆਏ ਅਧਿਆਪਕਾਂ ਨਾਲ ਵੱਖ-ਵੱਖ ਵਿਸ਼ਿਆਂ ਸੰਬੰਧੀ ਵਿਸਥਾਰ ਸਾਹਿਤ ਗੱਲਬਾਤ ਕੀਤੀ ਗਈ ਅਤੇ ਅਧਿਆਪਕਾ ਨੂੰ ਪ੍ਰਜੈਕਟਰ ਰਾਹੀ ਸਕੂਲਾਂ ਵਿੱਚ ਜਾ ਕੇ ਬੱਚਿਆਂ ਨੂੰ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਦੀ ਭਰਪੂਰ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਬੀ. ਆਰ. ਸੀ. ਲਵਪ੍ਰੀਤ ਸਿੰਘ ਘੁੰਮਣ, ਗੁਰਮੁੱਖ ਸਿੰਘ ਸ਼ਿਕਾਰ, ਪਵਨ ਕੁਮਾਰ ਅਤੇ ਰਾਜ ਸੁਖਵਿੰਦਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦਾ ਸਾਰੇ ਵਿਸ਼ਿਆਂ ਵਿੱਚ ਪਰਪੱਕ ਹੋਣਾ ਜ਼ਰੂਰੀ ਹੈ।ਇਸ ਲਈ ਪੰਜਾਬੀ, ਗਣਿਤ ਅਤੇ ਅੰਗ੍ਰੇਜ਼ੀ ਵਿੱਚ ਹਰ ਪੱਖੋਂ ਪਰਪੱਕ ਕਰਨ ਲਈ ਅਧਿਆਪਕਾਂ ਨੂੰ ਵਿਸ਼ੇਸ਼ ਤੌਰ 'ਤੇ ਟ੍ਰੇਂਡ ਕੀਤਾ ਜਾ ਰਿਹਾ ਹੈ।ਉਨ੍ਹਾਂ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ।ਇਸ ਮੌਕੇ ਕਲਰਕ ਦਿਲਰਾਜ ਬੀਰ ਸਿੰਘ ਢਿੱਲੋਂ, ਰਘਬੀਰ ਸਿੰਘ, ਮੈਡਮ ਰੁਪਿੰਦਰ ਕੌਰ ਆਦਿ ਤੋਂ ਇਲਾਵਾ ਨਵੇਂ ਈਟੀਟੀ ਅਧਿਆਪਕ ਹਾਜ਼ਰ ਸਨ।

# ਆਰ. ਡੀ. ਖੋਸਲਾ ਸਕੂਲ 'ਚ ਬੱਚਿਆਂ ਨੇ ਕੀਤਾ ਮਾਂ ਪ੍ਰਤੀ ਸਤਿਕਾਰ ਤੇ ਸ਼ਰਧਾ ਦਾ ਪ੍ਰਗਟਾਵਾ

**ਬਟਾਲਾ (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ)**- ਆਰ. ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਨੇ ਮਾਂ ਦਿਵਸ ਨੂੰ ਬਹੁਤ ਉਤਸ਼ਾਹ, ਸ਼ਰਧਾ ਅਤੇ ਭਾਵਨਾਤਮਕ ਮਾਹੌਲ ਨਾਲ ਮਨਾਇਆ। ਭਾਸ਼ਣਾਂ, ਕਵਿਤਾਵਾਂ ਅਤੇ ਸਮੂਹ ਗੀਤਾਂ ਰਾਹੀਂ ਵਿਦਿਆਰਥੀਆਂ ਨੇ ਮਾਂ ਦੇ ਪਿਆਰ, ਕੁਰਬਾਨੀ ਅਤੇ ਜੀਵਨ ਵਿੱਚ ਉਸਦੀ ਮਹੱਤਤਾ ਦਾ ਡੂੰਘਾਈ ਨਾਲ ਭਾਵੁਕ ਚਿੱਤਰਣ ਪੇਸ਼ ਕੀਤਾ।ਬੱਚਿਆਂ ਦੁਆਰਾ ਪੇਸ਼ ਕੀਤੀਆਂ ਗਈਆਂ ਕਵਿਤਾਵਾਂ ਅਤੇ ਗੀਤਾਂ ਨੇ ਸਾਰਿਆਂ ਨੂੰ ਪ੍ਰਭਾਵਿਤ ਕੀਤਾ।ਇੱਕ ਨਾਟਕ ਰਾਹੀਂ ਵਿਦਿਆਰਥੀਆਂ ਨੇ ਆਪਣੇ ਮਾਪਿਆਂ ਦਾ ਸਤਿਕਾਰ ਕਰਨ ਦੀ ਮਹੱਤਤਾ ਤੇ ਜ਼ੋਰ ਦਿੱਤਾ। ਚੌਥੀ ਤੋਂ ਬਾਰ੍ਹਵੀਂ ਜਮਾਤ ਤੱਕ ਇੱਕ ਕਾਰਡ ਬਣਾਉਣ ਦਾ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਸਾਨੂੰ ਆਪਣੀਆਂ ਮਾਵਾਂ ਦਾ ਸਤਿਕਾਰ ਸਿਰਫ਼ ਇੱਕ ਦਿਨ ਹੀ ਨਹੀਂ ਕਰਨਾ ਚਾਹੀਦਾ, ਸਗੋਂ ਹਰ ਰੋਜ਼ ਕਰਨਾ ਚਾਹੀਦਾ ਹੈ।ਇੱਕ ਮਾਂ ਦਾ ਸਥਾਨ ਦੁਨੀਆ ਵਿੱਚ ਸਭ ਤੋਂ ਉੱਚਾ ਹੁੰਦਾ ਹੈ। ਇਸ ਮੌਕੇ ਵਦਿਆਰਥੀਆਂ ਨੂੰ ਆਪਣੇ ਮਾਪਿਆਂ ਦੀ ਸੇਵਾ ਕਰਨ ਅਤੇ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੋਣ ਲਈ ਪ੍ਰੇਰਿਤ ਕੀਤਾ।ਪ੍ਰੋਗਰਾਮ ਦੌਰਾਨ ਸਕੂਲ ਦਾ ਮਾਹੌਲ ਮਾਂ ਦੇ ਪਿਆਰ ਅਤੇ ਸਤਿਕਾਰ ਦੀ ਭਾਵਨਾ ਨਾਲ ਭਰਪੂਰ ਸੀ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਅਤੇ ਪ੍ਰਧਾਨ ਅਜੇ ਖੋਸਲਾ ਨੇ ਸਾਰਿਆਂ ਨੂੰ ਮਾਂ ਦਿਵਸ ਦੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਜੀਵਨ ਭਰ ਆਪਣੇ ਮਾਪਿਆਂ ਦਾ ਸਤਿਕਾਰ ਕਰਨ ਲਈ ਉਤਸ਼ਾਹਿਤ ਕੀਤਾ।



# ਅੱਬਲਖੈਰ ਦੀਆਂ ਸੌ ਤੋਂ ਵੱਧ ਮਹਿਲਾਵਾਂ ਆਮ ਆਦਮੀ ਪਾਰਟੀ 'ਚ ਸ਼ਾਮਲ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਪਿੰਡ ਅੱਬਲਖੈਰ ਨਾਲ ਸਬੰਧਤ 100 ਦੇ ਕਰੀਬ ਮਹਿਲਾਵਾਂ ਨੇ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਆਮ



ਆਦਮੀ ਪਾਰਟੀ ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਦੀ ਮਹਿਲਾ ਆਗੂ ਕਰਮੀ ਅਤੇ ਵਿਜੇ ਕੁਮਾਰ ਦੀ ਪ੍ਰੇਰਣਾ ਸਦਕਾ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਨੂੰ ਸਨਮਾਨਿਤ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਇਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਦੀ ਹੀ ਜਿੱਤ ਹੈ, ਜਿਸ ਨੇ ਪੰਜਾਬ ਦੇ ਹਰ ਵਸਨੀਕ ਦਾ ਦਿਲ ਜਿੱਤ ਲਿਆ ਹੈ ਅਤੇ ਲੋਕ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਲਈ ਕਾਹਲੇ ਹਨ।ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨ ਪੰਜਾਬ ਦੀ ਜਨਤਾ ਨਾਲ ਕੀਤੇ ਗਏ ਸਾਰੇ ਵਾਅਦੇ ਪੂਰੇ ਕੀਤੇ ਹਨ। ਲੋਕਾਂ ਨੂੰ ਪਿਛਲੇ ਚਾਰ ਸਾਲਾਂ ਤੋਂ ਘਰੇਲੂ ਵਰਤੋਂ ਲਈ ਬਿਜਲੀ ਦੇ ਨਿਰਵਿਘਨ 600 ਯੂਨਿਟ ਮੁਫਤ ਦਿੱਤੇ ਜਾ ਰਹੇ ਹਨ।ਇਸ ਤੋਂ ਇਲਾਵਾ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ, ਸਰਕਾਰੀ ਸਕੂਲਾਂ 'ਚ ਮਿਆਰੀ ਸਿੱਖਿਆ, ਮੇਰੀ ਰਸੋਈ ਯੋਜਨਾ ਤਹਿਤ ਅਨਾਜ ਦੇ ਨਾਲ ਨਾਲ ਰਸੋਈ ਲਈ ਹੋਰ ਜ਼ਰੂਰੀ ਵਸਤਾਂ ਅਤੇ ਮਹਿਲਾਵਾਂ ਨੂੰ ਹਰ ਮਹੀਨੇ ਹਜਾਰ ਪੰਦਰਾਂ ਸੌ ਰੁਪਏ ਦੇਣ ਨੇ ਆਮ ਲੋਕਾਂ ਦਾ ਜੀਵਨ ਸੁਖਾਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਇਹ ਸਾਰੀਆਂ ਸਹੂਲਤਾਂ ਪੰਜਾਬ ਦੇ ਲੋਕਾਂ ਨੂੰ ਬਿਨਾਂ ਕਿਸੇ ਪੱਖਪਾਤ ਦੇ ਦਿੱਤੀਆਂ ਜਾ ਰਹੀਆਂ ਹਨ ਨਹੀਂ ਤਾਂ ਇਸ ਤੋਂ ਪਹਿਲੀਆਂ ਸਰਕਾਰਾਂ ਦੇ ਲੋਕ ਸਿਰਫ ਅਪਣਿਆਂ ਦੇ ਹੀ ਢਿੱਡ ਭਰਨ ਵਿੱਚ ਲੱਗੇ ਰਹਿੰਦੇ ਸਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀਆਂ ਨੀਤੀਆਂ ਪੰਜਾਬ ਦੇ ਲੋਕਾਂ ਨੂੰ ਪਸੰਦ ਹਨ ਅਤੇ ਲੋਕ 2027 'ਚ ਇਕ ਵਾਰ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਬਨਾਉਣਗੇ।

# ਸ਼ੁਕਰਾਨਾ ਯਾਤਰਾ ਦੌਰਾਨ ਉਮੜਿਆ ਸੰਗਤਾਂ ਦਾ ਜਨ-ਸੈਲਾਬ

## ਸ੍ਰੀ ਅਨੰਦਪੁਰ ਸਾਹਿਬ ਤੋਂ ਸ੍ਰੀ ਫ਼ਤਿਹਗੜ੍ਹ ਸਾਹਿਬ ਤੱਕ ਚਾਰ ਰੋਜ਼ਾ ਯਾਤਰਾ ਦੌਰਾਨ ਥਾਂ-ਥਾਂ ਹੋਇਆ ਮੁੱਖ ਮੰਤਰੀ ਦਾ ਸਵਾਗਤ ਅਤੇ ਸਨਮਾਨ



















**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਲਈ ਬਣਾਏ ਗਏ ਕਾਨੂੰਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026 ਉਪਰੰਤ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 6 ਮਈ ਤੋਂ 9 ਮਈ ਤੱਕ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਸ਼ਹੀਦਾਂ ਦੀ ਇਤਿਹਾਸਕ ਧਰਤੀ ਸ੍ਰੀ ਫ਼ਤਿਹਗੜ੍ਹ ਸਾਹਿਬ ਤੱਕ ਕੱਢੀ ਚਾਰ ਰੋਜ਼ਾ ਯਾਤਰਾ ਦੌਰਾਨ ਸੰਗਤਾਂ ਦਾ ਜਨ-ਸੈਲਾਬ ਉਮੜਿਆ।ਵਧਦੀ ਗਰਮੀ ਦੇ ਬਾਵਜੂਦ ਸੰਗਤਾਂ ਵੱਡੀ ਗਿਣਤੀ ਵਿੱਚ ਸੜਕਾਂ 'ਤੇ ਉਤਰੀਆਂ ਜਿੱਥੇ ਉਨ੍ਹਾਂ ਨੇ ਮੁੱਖ ਮੰਤਰੀ ਦਾ ਸਵਾਗਤ ਅਤੇ ਸਨਮਾਨ ਕੀਤਾ।ਮਾਝਾ, ਮਾਲਵਾ ਅਤੇ ਦੁਆਬਾ ਵਿੱਚ ਸ਼ੁਕਰਾਨਾ ਯਾਤਰਾ ਨੂੰ ਲੈ ਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਸੀ।ਮੁੱਖ ਮੰਤਰੀ ਜਿੱਥੇ ਵੱਖ-ਵੱਖ ਇਤਿਹਾਸਕ ਗੁਰੂ ਘਰਾਂ ਵਿੱਚ ਨਤਮਸਤਕ ਹੋਏ, ਉੱਥੇ ਹੀ ਭਾਈ ਬਲਦੇਵ ਸਿੰਘ ਵਡਾਲਾ, ਬਾਬਾ ਹਰਨਾਮ ਸਿੰਘ ਖ਼ਾਲਸਾ ਸਮੇਤ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਅਤੇ ਸਨਮਾਨ ਵੀ ਕੀਤਾ ਗਿਆ।ਬਰਗਾੜੀ, ਕੋਟਕਪੂਰਾ ਵਿਖੇ ਵਿਸ਼ੇਸ਼ ਤੌਰ 'ਤੇ ਯਾਤਰਾ ਦਾ ਵਿਸ਼ੇਸ਼ ਸਵਾਗਤ ਹੋਇਆ।

ਯਾਤਰਾ ਪਹਿਲੇ ਦਿਨ ਭਰਤਗੜ੍ਹ, ਰੋਪੜ, ਬਲਾਚੌਰ, ਬੰਗਾ ਅਤੇ ਫਗਵਾੜਾ ਤੋਂ ਲੰਘੀ।ਦੂਜੇ ਦਿਨ ਯਾਤਰਾ ਜਲੰਧਰ ਤੋਂ ਆਦਮਪੁਰ, ਕਰਤਾਰਪੁਰ, ਬਾਬਾ ਬਕਾਲਾ, ਰਈਆ, ਜੰਡਿਆਲਾ, ਅੰਮ੍ਰਿਤਸਰ ਦੱਖਣੀ, ਪੂਰਬੀ ਅਤੇ ਮੱਧ, ਪੱਟੀ, ਜ਼ੀਰਾ, ਫਿਰੋਜ਼ਪੁਰ ਦਿਹਾਤੀ, ਫਰੀਦਕੋਟ ਅਤੇ ਕੋਟਕਪੂਰਾ ਤੋਂ ਹੁੰਦੀ ਹੋਈ ਭੁੱਚੋ ਮੰਡੀ ਤੋਂ ਬਠਿੰਡਾ ਪਹੁੰਚੀ।ਤੀਜੇ ਦਿਨ ਇਹ ਯਾਤਰਾ ਬਠਿੰਡਾ, ਕੋਟਸ਼ਮੀਰ, ਤਲਵੰਡੀ ਸਾਬੋ, ਸਰਦੂਲਗੜ੍ਹ, ਮਾਨਸਾ ਅਤੇ ਬਰਨਾਲਾ ਤੋਂ ਹੁੰਦੀ ਹੋਈ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਸਮਾਪਤ ਹੋਇਆ।ਯਾਤਰਾ ਸੰਗਰੂਰ ਤੋਂ ਸਮਾਣਾ, ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ, ਪਟਿਆਲਾ ਦਿਹਾਤੀ ਤੋਂ ਹੁੰਦੀ ਹੋਈ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਸਮਾਪਤ ਹੋਈ।ਸ਼ੁਕਰਾਨਾ ਯਾਤਰਾ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਤੋਂ ਬਾਅਦ ਉਹ 9 ਮਈ ਤੱਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਮਦਮਾ ਸਾਹਿਬ, ਮਸਤੂਆਣਾ ਸਾਹਿਬ, ਗੁਰਦੁਆਰਾ ਦੁਖ ਨਿਵਾਰਨ ਸਾਹਿਬ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ।ਉਨ੍ਹਾਂ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਯਾਤਰਾ ਦਾ ਇੱਕੋ ਇੱਕ ਮੰਤਵ ਇਸ ਮਹੱਤਵਪੂਰਨ ਐਕਟ ਨੂੰ ਪਾਸ ਕਰਨ ਲਈ ਤਾਕਤ ਅਤੇ ਬਖ਼ਸ਼ਣ ਲਈ ਪ੍ਰਮਾਤਮਾ ਦਾ ਸ਼ੁਕਰਾਨਾ ਕਰਨਾ ਹੈ।ਮੈਂ ਗੁਰੂ ਸਾਹਿਬ ਦਾ ਇਕ ਨਿਮਾਣਾ ਸੇਵਕ ਹਾਂ, ਜਿਸ ਨੂੰ ਇਹ ਕਾਰਜ ਸੌਂਪਿਆ ਗਿਆ ਹੈ।ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਦਿਨ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਮਾਤਮਾ ਦਾ ਸੁਕਰਾਨਾ ਕੀਤਾ। ਅੰਮ੍ਰਿਤਸਰ, ਰਈਆ, ਕਰਤਾਰਪੁਰ, ਆਦਮਪੁਰ ਅਤੇ ਮਾਝੇ ਦੇ ਹੋਰ ਹਿੱਸਿਆਂ ਵਿੱਚ ਯਾਤਰਾ ਦੌਰਾਨ, ਲੋਕ ਵੱਡੀ ਗਿਣਤੀ ਵਿੱਚ ਸੜਕਾਂ 'ਤੇ ਇਕੱਠੇ ਹੋਏ ਅਤੇ ਮੁੱਖ ਮੰਤਰੀ ਦੇ ਕਾਫਲੇ 'ਤੇ ਫੁੱਲਾਂ ਦੀ ਵਰਖਾ ਕੀਤੀ ਤੇ ਉਨ੍ਹਾਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ।

ਮਾਨਸਾ ਅਤੇ ਸਰਦੂਲਗੜ੍ਹ ਵਿਖੇ 'ਸੁਕਰਾਨਾ ਯਾਤਰਾ' ਦੌਰਾਨ ਬੇਮਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ, ਪੰਜਾਬ ਦੀ ਭਾਈਚਾਰਕ ਸਾਂਝ ਨੂੰ ਬਣਾਈ ਰੱਖਣ ਅਤੇ 'ਬੇਅਦਬੀ' ਘਟਨਾਵਾਂ ਵਿੱਚ ਸਾਮਲ ਲੋਕਾਂ ਨੂੰ ਮਿਸਾਲੀ ਸਜਾ ਯਕੀਨੀ ਬਣਾਉਣ ਲਈ ਪੂਰੀ ਇਮਾਨਦਾਰੀ, ਪਾਰਦਰਸਤਾ ਅਤੇ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। 'ਸ਼ੁਕਰਾਨਾ ਯਾਤਰਾ' ਦੇ ਕੁਝ ਅੰਸ਼ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਐਕਸ' ਹੈਂਡਲ ਤੇ ਲਿਖਿਆ, 'ਸ਼ੁਕਰਾਨਾ ਯਾਤਰਾ' ਦੇ ਤੀਜੇ ਦਿਨ, ਮੈਨੂੰ ਸ਼ਹੀਦਾਂ ਅਤੇ ਗੁਰੂਆਂ ਦੀ ਪਵਿੱਤਰ ਧਰਤੀ, ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮੱਥਾ ਟੇਕਣ ਦਾ ਸੁਭਾਗ ਪ੍ਰਾਪਤ ਹੋਇਆ।ਇਹ ਇੱਕ ਕੰਮਕਾਜੀ ਦਿਨ ਅਤੇ ਅਤਿ ਦੀ ਗਰਮੀ ਹੋਣ ਦੇ ਬਾਵਜੂਦ, ਇੰਨੀ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਤੁਸੀਂ ਮੇਰੇ 'ਤੇ ਜੋ ਅਥਾਹ ਪਿਆਰ, ਅਸੀਸਾਂ ਅਤੇ ਉਤਸ਼ਾਹ ਵਰ੍ਹਾਇਆ, ਉਸ ਲਈ ਮੈਂ ਬਹੁਤ ਧੰਨਵਾਦੀ ਹਾਂ।' ਬਰਨਾਲਾ ਜ਼ਿਲ੍ਹੇ ਵਿੱਚ ਧਨੌਲਾ ਵਿਖੇ ਮੁੱਖ ਮੰਤਰੀ ਨੇ ਵੱਡੇ ਇਕੱਠ ਨੂੰ ਸੰਬੋਧਨ ਕੀਤਾ।

## ਕੋਟਕਪੂਰਾ 'ਚ ਬੇਅਦਬੀ ਵਿਰੁੱਧ ਸਖਤ ਕਾਰਵਾਈ ਲਈ ਹੋਇਆ ਭਾਰੀ ਇਕੱਠ

**ਕੋਟਕਪੂਰਾ/ਫਰੀਦਕੋਟ** : ਸਾਲ 2016 ਵਿੱਚ ਬੇਅਦਬੀ ਅਤੇ ਨਿਰਦੋਸ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ ਤੋਂ ਬਾਅਦ ਭਿਆਨਕ ਕਾਰਵਾਈ ਦੀ ਗਵਾਹ ਬਣੀ ਇਸ ਧਰਤੀ 'ਤੇ ਸ਼ੁਕਰਾਨਾ ਯਾਤਰਾ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਭਾਰੀ ਗਿਣਤੀ ਇਕੱਠ ਨੇ ਜ਼ੋਰਦਾਰ ਸਵਾਗਤ ਕੀਤਾ।ਬੇਅਦਬੀ ਵਿਰੋਧੀ ਕਾਨੂੰਨ ਪਾਸ ਕਰਨ ਲਈ ਧੰਨਵਾਦ ਕਰਨ ਲਈ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਜਾਣ-ਬੁੱਝ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ ਬੇਅਦਬੀ ਮਾਮਲਿਆਂ ਵਿੱਚ ਇਨਸਾਫ ਦੇਣ ਵਿੱਚ ਅਸਫਲ ਰਹੀਆਂ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਿੱਚ ਇਰਾਦੇ ਅਤੇ ਰਾਜਨੀਤਿਕ ਇੱਛਾ ਸਕਤੀ ਦੀ ਘਾਟ ਸੀ, ਜਦੋਂ ਕਿ ਮੌਜੂਦਾ ਸਰਕਾਰ ਨੇ ਦੋਸ਼ੀਆਂ ਨੂੰ ਸਜਾ ਦੇਣ ਅਤੇ ਸਿੱਖ ਧਾਰਮਿਕ ਭਾਵਨਾਵਾਂ ਦੀ ਰਾਖੀ ਲਈ ਸਖਤ ਕਾਨੂੰਨੀ ਉਪਾਅ ਪੇਸ਼ ਕੀਤੇ ਹਨ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬੇਅਦਬੀ ਵਿਰੁੱਧ ਸਖਤ ਕਾਨੂੰਨ ਬਣਾਇਆ ਹੈ, ਜਿਸ ਵਿੱਚ ਉਮਰ ਕੈਦ ਤੱਕ ਦੀ ਸਜਾ ਦੀ ਵਿਵਸਥਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਵਿੱਖ ਵਿੱਚ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੀ ਹਿੰਮਤ ਨਾ ਕਰੇ।ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਕੋਲ ਅਜਿਹਾ ਕਾਨੂੰਨ ਲਿਆਉਣ ਦੇ ਕਾਫੀ ਮੌਕੇ ਸਨ ਪਰ ਅਸਪਸਟ ਇਰਾਦਿਆਂ ਅਤੇ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਬਚਾਉਣ ਦੀਆਂ ਕਥਿਤ ਕੋਸ਼ਿਸਾਂ ਕਾਰਨ ਉਹ ਅਜਿਹਾ ਕਰਨ ਵਿੱਚ ਅਸਫਲ ਰਹੀਆਂ।ਉਨ੍ਹਾਂ ਟਿੱਪਣੀ ਕੀਤੀ ਕਿ ਪਹਿਲਾਂ ਬਹੁਤ ਸਾਰੇ ਮਾਮਲਿਆਂ ਵਿੱਚ ਦੋਸ਼ੀ ਮਾਨਸਿਕ ਸੰਤੁਲਨ ਠੀਕ ਨਾ ਹੋਣ ਬਹਾਨੇ ਸਜਾ ਤੋਂ ਬਚ ਜਾਂਦੇ ਸਨ।ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਸੂਬਾ ਸਰਕਾਰ ਵੱਲੋਂ ਪਾਸ ਕੀਤਾ ਗਿਆ ਕਾਨੂੰਨ ਇਸ ਨੂੰ ਖਤਮ ਕਰ ਦੇਵੇਗਾ ਕਿਉਂਕਿ ਕੋਈ ਵੀ ਇਸ ਨਾ-ਮੁਆਫੀਯੋਗ ਅਪਰਾਧ ਵਿੱਚ ਸ਼ਾਮਲ ਹੋਣ ਦੀ ਹਿੰਮਤ ਕਦੇ ਨਹੀਂ ਕਰੇਗਾ।ਅਕਾਲੀਆਂ ਦੀ ਨਿੰਦਾ ਕਰਦੇ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਸੂਬੇ ਭਰ ਵਿੱਚ ਬੇਅਦਬੀ ਵਿਰੁੱਧ ਵਿਰੋਧ ਪ੍ਰਦਰਸਨ ਕਰਨ ਲਈ ਇਕੱਠੇ ਹੋਏ ਨਿਰਦੋਸ ਲੋਕਾਂ 'ਤੇ ਗੋਲੀ ਚਲਾਉਣ ਦੇ ਹੁਕਮ ਦਿੱਤੇ ਸਨ।ਉਨ੍ਹਾਂ ਕਿਹਾ ਕਿ ਇਹ ਧਰਤੀ ਅਕਾਲੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਪੰਥ ਪ੍ਰਤੀ ਦਿਖਾਈ ਗਈ ਧੱਕੇਸਾਹੀ ਅਤੇ ਘੋਰ ਨਿਰਾਦਰ ਦੀ ਹਮੇਸ਼ਾ ਗਵਾਹ ਰਹੇਗੀ।ਉਨ੍ਹਾਂ ਕਿਹਾ ਕਿ ਸਰਕਾਰ ਸਿੱਖ ਕਦਰਾਂ-ਕੀਮਤਾਂ ਅਤੇ ਜਨਤਕ ਭਾਵਨਾਵਾਂ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਹ ਧਰਤੀ ਅਜਿਹੇ ਸਮੇਂ ਦੀ ਗਵਾਹ ਹੈ, ਜਿਸ ਨੇ ਸਮੁੱਚੀ ਸਿੱਖ ਸੰਗਤ ਦੀ ਮਾਨਸਿਕਤਾ ਨੂੰ ਠੇਸ ਪਹੁੰਚਾਈ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਇਹ ਕਾਨੂੰਨ ਇਸ ਲਈ ਬਣਾਇਆ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ।


















# ਸ਼ੁਕਰਾਨਾ ਯਾਤਰਾ : ਭਗਵੰਤ ਮਾਨ ਨੇ ਵਿਰੋਧੀਆਂ 'ਤੇ ਵਿੰਨ੍ਹੇ ਨਿਸ਼ਾਨੇ, ਬੇਅਦਬੀ ਵਿਰੋਧੀ ਕਾਨੂੰਨ ਨੂੰ ਦੱਸਿਆ ਅਟੱਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੀ 'ਸ਼ੁਕਰਾਨਾ ਯਾਤਰਾ' ਦੇ ਤਹਿਤ ਪਟਿਆਲਾ ਪਹੁੰਚੇ, ਜਿੱਥੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਹਲਕਾ ਸਮਾਣਾ ਵਿੱਚੋਂ ਲੰਘਦਿਆਂ ਮੁੱਖ ਮੰਤਰੀ ਦਾ ਭਰਵਾਂ ਸਵਾਗਤ ਕੀਤਾ ਗਿਆ, ਜਿੱਥੇ ਉਨ੍ਹਾਂ ਨੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਸੂਬੇ ਦੇ ਅਹਿਮ ਮੁੱਦਿਆਂ ਤੇ ਖਾਸ ਕਰਕੇ ਬੇਅਦਬੀ ਕਾਨੂੰਨ 'ਤੇ ਆਪਣੀ ਸਰਕਾਰ ਦਾ ਪੱਖ ਸਪੱਸ਼ਟ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਇਹ ਮੰਗ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਇਆ ਜਾਵੇ।ਉਨ੍ਹਾਂ ਕਿਹਾ, 'ਅਸੀਂ ਜਨਤਾ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਬੇਅਦਬੀਆਂ ਲਈ ਸਖ਼ਤ ਕਾਨੂੰਨ ਬਣਾਇਆ ਹੈ, ਜਿਸ ਕਾਰਨ ਅੱਜ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਹੈ।' ਉਨ੍ਹਾਂ ਵਿਰੋਧੀਆਂ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਜਿਹੜੇ ਲੋਕ ਇਨ੍ਹਾਂ ਘਿਨਾਉਣੇ ਕਾਰਿਆਂ ਵਿੱਚ ਸ਼ਾਮਲ ਰਹੇ ਹਨ, ਸਿਰਫ਼ ਉਹੀ ਇਸ ਕਾਨੂੰਨ ਦਾ ਵਿਰੋਧ ਕਰ ਰਹੇ ਹਨ। ਭਗਵੰਤ ਮਾਨ ਨੇ ਅਕਾਲੀ ਦਲ ਤੇ ਕਾਂਗਰਸ ਨੂੰ ਲੰਮੇਂ ਹੱਥੀਂ ਲੈਂਦਿਆਂ ਕਿਹਾ ਕਿ ਇਨ੍ਹਾਂ ਦੋਵਾਂ ਪਾਰਟੀਆਂ ਨੂੰ ਬੇਅਦਬੀ ਬਿੱਲ ਤੋਂ ਇਤਰਾਜ਼ ਹੈ।ਉਨ੍ਹਾਂ ਖੁਲਾਸਾ ਕੀਤਾ ਕਿ ਅਦਾਲਤ ਨੇ ਵੀ ਇਨ੍ਹਾਂ ਦੀ ਪਟੀਸ਼ਨ ਨੂੰ ਖਾਰਜ ਕਰਕੇ ਸਰਕਾਰ ਦੇ ਫੈਸਲੇ 'ਤੇ ਸਹੀ ਪਾਇਆ ਹੈ।ਮਾਨ ਨੇ ਸਪੱਸ਼ਟ ਕੀਤਾ ਕਿ ਕਾਨੂੰਨ ਤੇ ਪੰਜਾਬ ਦੀ ਸੰਗਤ ਵੱਲੋਂ ਇਸ ਬਿੱਲ 'ਤੇ ਆਪਣੀ ਮੋਹਰ ਲਗਾ ਚੁੱਕੀ ਹੈ।ਇਹ ਕਾਨੂੰਨ ਕਿਸੇ ਵੀ ਹਾਲਤ ਵਿੱਚ ਵਾਪਸ ਨਹੀਂ ਹੋਵੇਗਾ।ਮੁੱਖ ਮੰਤਰੀ ਨੇ ਸੁਖਬੀਰ ਸਿੰਘ ਬਾਦਲ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਸੱਤਾ ਵਿੱਚ ਆਉਣ ਦੇ ਸੁਪਨੇ ਦੇਖਣਾ ਛੱਡ ਦੇਣ।ਮਾਨ ਨੇ ਕਿਹਾ ਕਿ ਹੁਣ ਉਨ੍ਹਾਂ ਦੀ ਜੇਲ੍ਹ ਜਾਣ ਦੀ ਵਾਰੀ ਹੈ, ਕਿਉਂਕਿ ਉਹ ਗੁਰੂ ਦੇ ਦੋਸ਼ੀ ਹਨ ਤੇ ਉਨ੍ਹਾਂ ਦੇ ਕੀਤੇ ਗੁਨਾਹਾਂ ਦਾ ਹਿਸਾਬ ਹੋਣਾ ਲਾਜ਼ਮੀ ਹੈ।ਅੰਤ ਵਿੱਚ, ਮੁੱਖ ਮੰਤਰੀ ਨੇ ਸੂਬੇ ਦੇ ਲੋਕਾਂ ਨੂੰ ਆਪਸੀ ਭਾਈਚਾਰਾ ਤੇ ਏਕਤਾ ਬਣਾਈ ਰੱਖਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਕੁੱਝ ਸ਼ਰਾਰਤੀ ਅਨਸਰ ਸੂਬੇ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਸਾਨੂੰ ਲੜਨਾ ਨਹੀਂ ਸਗੋਂ ਏਕੇ ਵਿੱਚ ਰਹਿਣਾ ਹੈ।ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਦੀ ਸ਼ਾਂਤੀ ਨੂੰ ਕਿਸੇ ਵੀ ਕੀਮਤ 'ਤੇ ਲਾਂਬੂ ਨਹੀਂ ਲੱਗਣ ਦਿੱਤਾ ਜਾਵੇਗਾ।

# ਸਫਾਈ ਕਾਮਿਆਂ ਵੱਲੋਂ ਹੜਤਾਲ ਜਾਰੀ, ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੀ ਚਿਤਾਵਨੀ

## ਕਸਬਾ ਮਮਦੋਟ ਦੇ ਬਜ਼ਾਰਾਂ 'ਚ ਰੋਸ ਮਾਰਚ ਤੇ ਨਾਅਰੇਬਾਜ਼ੀ

**ਮਮਦੋਟ (ਜਸਬੀਰ ਸਿੰਘ ਕੰਬੋਜ)**

ਨਗਰ ਪੰਚਾਇਤ ਮਮਦੋਟ ਵਿਖੇ ਸਫਾਈ ਸੇਵਕ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਤੀਜੇ ਦਿਨ ਵੀ ਹੜਤਾਲ ਜਾਰੀ ਰੱਖਦਿਆਂ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਦੌਰਾਨ ਵੱਡੀ ਗਿਣਤੀ 'ਚ ਸਫਾਈ ਕਰਮਚਾਰੀਆਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਆਪਣੀਆਂ ਮੰਗਾਂ ਤੁਰੰਤ ਮੰਨਣ ਦੀ ਮੰਗ ਕੀਤੀ।ਇਸ ਹੜਤਾਲ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਫਾਈ ਕਾਮਿਆਂ ਦਾ ਨਿਗੁਣੀਆਂ ਤਨਖਾਹਾਂ 'ਤੇ ਸ਼ੋਸ਼ਣ ਕੀਤਾ ਜਾ ਰਿਹਾ ਹੈ, ਜਿਸ ਕਾਰਨ ਉਨ੍ਹਾਂ ਲਈ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਚਲਾਉਣਾ ਮੁਸ਼ਕਲ ਬਣ ਗਿਆ ਹੈ।ਉਨ੍ਹਾਂ ਕਿਹਾ ਕਿ ਸਫਾਈ ਕਾਮੇ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਤੋਂ ਵੀ ਅਸਮਰੱਥ ਹੋ ਰਹੇ ਹਨ।ਯੂਨੀਅਨ ਆਗੂਆਂ ਮੰਗ ਕੀਤੀ ਕਿ ਕੱਚੇ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕੀਤਾ ਜਾਵੇ, ਸਫਾਈ ਕਾਮਿਆਂ ਦੀ ਘੱਟੋ-ਘੱਟ ਤਨਖਾਹ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਨਿਰਧਾਰਤ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਤੇ ਸਫਾਈ ਸੇਵਕਾਂ, ਬਿਜਲੀ ਕਰਮਚਾਰੀਆਂ ਤੇ ਸੀਵਰਮੈਨਾਂ ਨੂੰ ਲੋੜੀਂਦੀਆਂ ਸੇਫਟੀ ਕਿੱਟਾਂ ਮੁਹੱਈਆ ਕਰਵਾਈਆਂ ਜਾਣ ।

ਨਗਰ ਪੰਚਾਇਤ ਦਫਤਰ ਮਮਦੋਟ ਵਿਖੇ ਲਗਾਏ ਰੋਸ ਧਰਨੇ ਤੋਂ ਬਾਅਦ ਉਕਤ ਸਫਾਈ ਸੇਵਕਾਂ ਨੇ ਕਸਬੇ ਦੇ ਬਜ਼ਾਰਾਂ ਵਿੱਚ ਰੋਸ ਮਾਰਚ ਕਰਦੇ ਹੋਏ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ। ਦੂਜੇ ਪਾਸੇ ਸਫਾਈ ਸੇਵਕਾਂ ਦੀ ਹੜਤਾਲ ਤੀਜੇ ਦਿਨ 'ਚ ਦਾਖਲ ਹੋਣ ਨਾਲ ਕਸਬੇ ਵਿੱਚ ਜਗ੍ਹਾ ਜਗ੍ਹਾ 'ਤੇ ਬਦਬੂ ਮਾਰ ਰਹੇ ਕੂੜੇ ਦੇ ਢੇਰ ਦਿਖਾਈ ਦੇ ਰਹੇ ਹਨ, ਜਿਸ ਨਾਲ ਬੀਮਾਰੀਆਂ ਫੈਲਣ ਦਾ ਖਤਰਾ ਬਣਦਾ ਜਾ ਰਿਹਾ ਹੈ।




# ਬੇਅਦਬੀ ਵਿਰੋਧੀ ਕਾਨੂੰਨ ਤੋਂ ਸਭ ਤੋਂ ਵੱਧ ਬਾਦਲ ਪਰਵਾਰ ਡਰਿਆ ਹੋਇਐ : ਭਗਵੰਤ ਮਾਨ

## 'ਸ਼ੁਕਰਾਨਾ ਯਾਤਰਾ' ਦੌਰਾਨ ਫੱਗੂਵਾਲਾ ਵਿਖੇ ਲੋਕਾਂ ਨੇ ਫੁੱਲਾਂ ਦੀ ਵਰਖਾ ਕਰਕੇ ਕੀਤਾ ਭਰਵਾਂ ਸਵਾਗਤ



**ਭਵਾਨੀਗੜ੍ਹ (ਰਾਜ ਖੁਰਮੀ)**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਲਈ ਬਣਾਏ ਗਏ ਸਖ਼ਤ ਕਾਨੂੰਨ ਦੇ ਸਮਰਥਨ ਵਿੱਚ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਕੱਢੀ ਜਾ ਰਹੀ 'ਸ਼ੁਕਰਾਨਾ ਯਾਤਰਾ' ਦੌਰਾਨ ਪਿੰਡ ਫੱਗੂਵਾਲਾ ਵਿਖੇ ਵੱਡਾ ਇਕੱਠ ਦੇਖਣ ਨੂੰ ਮਿਲਿਆ। ਹਲਕਾ ਸੰਗਰੂਰ, ਦਿੜ੍ਹਬਾ ਅਤੇ ਇਲਾਕੇ ਭਰ ਤੋਂ ਪਹੁੰਚੇ ਲੋਕਾਂ ਨੇ ਮੁੱਖ ਮੰਤਰੀ ਦਾ ਫੁੱਲਾਂ ਦੀ ਵਰਖਾ ਕਰਕੇ ਜੋਸ਼ੀਲਾ ਸਵਾਗਤ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀਆਂ 'ਤੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਏ ਬੇਅਦਬੀ ਵਿਰੋਧੀ ਕਾਨੂੰਨ ਤੋਂ ਸਭ ਤੋਂ ਵੱਧ ਬਾਦਲ ਪਰਿਵਾਰ ਘਬਰਾਇਆ ਹੋਇਆ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਇਸ ਕਾਨੂੰਨ ਨੂੰ ਰੋਕਣ ਤੇ ਕਮਜ਼ੋਰ ਕਰਨ ਲਈ ਵੱਖ-ਵੱਖ ਤਰੀਕੇ ਅਪਣਾਏ ਜਾ ਰਹੇ ਹਨ, ਪਰ ਪੰਜਾਬ ਸਰਕਾਰ ਕਿਸੇ ਵੀ ਕੀਮਤ 'ਤੇ ਬੇਅਦਬੀ ਕਰਨ ਵਾਲਿਆਂ ਨੂੰ ਬਖ਼ਸ਼ੇਗੀ ਨਹੀਂ।

ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਰਿਕਾਰਡ ਤੋੜ ਵਿਕਾਸ ਕਾਰਜ ਕਰਵਾਏ ਹਨ ਤੇ ਲੋਕਾਂ ਦੇ ਸਮਰਥਨ ਨਾਲ ਵੱਡੀਆਂ ਪਾਰਟੀਆਂ ਦੇ ਆਗੂਆਂ ਦੀਆਂ ਜ਼ਮਾਨਤਾਂ ਜ਼ਬਤ ਕਰਵਾਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬਣਾਏ ਗਏ ਸਖ਼ਤ ਕਾਨੂੰਨ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਐਸੀ ਸਖ਼ਤ ਸਜ਼ਾ ਮਿਲੇਗੀ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਅਜਿਹਾ ਕਰਨ ਬਾਰੇ ਸੋਚਣ ਤੋਂ ਡਰਨਗੀਆਂ।ਸਮਾਗਮ ਦੌਰਾਨ ਭਗਵੰਤ ਮਾਨ ਨੇ ਆਪਣੇ ਚਿਰ-ਪ੍ਰਚਿਤ ਅੰਦਾਜ਼ ਵਿੱਚ ਕਿੱਕਲੀ ਵੀ ਸੁਣਾਈ ਅਤੇ ਲੋਕਾਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਦੁਬਾਰਾ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦਾ ਸੱਦਾ ਦਿੱਤਾ।ਇਸ ਤੋਂ ਪਹਿਲਾਂ ਹਲਕਾ ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਹਲਕਾ ਸੰਗਰੂਰ ਵਿੱਚ ਕਰਵਾਏ ਵਿਕਾਸ ਕਾਰਜਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਪੰਜਾਬ ਦੇ ਵਿਕਾਸ ਲਈ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ।ਇਸ ਮੌਕੇ ਪੰਜਾਬ ਇਨਫੋਟੈਕ ਦੇ ਚੇਅਰਮੈਨ ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ, ਬਲਾਕ ਸੰਮਤੀ ਦੇ ਚੇਅਰਮੈਨ ਬਲਜਿੰਦਰ ਸਿੰਘ,ਟਰੱਕ ਯੂਨੀਅਨ ਦੇ ਪ੍ਰਧਾਨ ਮਾਲਵਿੰਦਰ ਸਿੰਘ ਮਾਲਾ, ਗੁਰਪ੍ਰੀਤ ਸਿੰਘ ਆਲੋਅਰਖ, ਸਾਬਕਾ ਪ੍ਰਧਾਨ ਪ੍ਰਗਟ ਸਿੰਘ, ਸਾਬਕਾ ਪ੍ਰਧਾਨ ਵਿੱਕੀ ਬਾਜਵਾ, ਸਰਪੰਚ ਗੁਰਪ੍ਰੀਤ ਸਿੰਘ ਫੱਗੂਵਾਲਾ ਸਮੇਤ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਹਾਜ਼ਰ ਸਨ।

## ਕਾਤਰਾਂ

### ਜ਼ਮੀਨੀ ਵਿਵਾਦ 'ਚ ਵਕੀਲ ਦੀ ਮੌਤ



**ਸ੍ਰੀ ਮੁਕਤਸਰ ਸਾਹਿਬ, ਮਲੋਟ (ਸ਼ਮਿੰਦਰ ਪਾਲ, ਸ਼ੇਖੂ)**-ਜ਼ਮੀਨੀ ਵਿਵਾਦ ਦੇ ਚਲਦੇ ਪਿੰਡ ਸ਼ੇਰਗੜ੍ਹ ਵਿਖੇ ਵਕੀਲ ਦੀ ਮੌਤ ਹੋ ਗਈ ਹੈ।ਜਾਣਕਾਰੀ ਅਨੁਸਾਰ ਬੀਤੀ ਦੇਰ ਸ਼ਾਮ ਦੋ ਧਿਰਾਂ ਵਿੱਚ ਲੜਾਈ ਹੋਈ, ਜਿਸ ਵਿੱਚ ਇੱਕ ਆਦਮੀ ਦੀ ਮੌਤ ਤੇ ਇੱਕ ਜ਼ਖ਼ਮੀ ਹੋਣ ਦੀ ਖਬਰ ਸਾਹਮਣੇ ਆਈ ਹੈ। ਮ੍ਰਿਤਕ ਦੀ ਪਛਾਣ ਗੁਰਜੀਤ ਸਿੰਘ ਮਾਨ ਐਡਵੋਕੇਟ ਵਜੋਂ ਹੋਈ ਹੈ।ਪੁਲਸ ਵੱਲੋਂ ਲਾਸ਼ ਨੂੰ ਮਲੋਟ ਦੇ ਸਿਵਲ ਹਸਪਤਾਲ ਵਿੱਚ ਰੱਖਿਆ ਗਿਆ ਹੈ।ਇਸ ਮਾਮਲੇ ਦੀ ਥਾਣਾ ਸਦਰ ਮਲੋਟ ਦੀ ਪੁਲਸ ਵੱਲੋਂ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।ਉਧਰ ਇਸ ਘਟਨਾ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

### ਕੈਂਟਰ ਤੇ ਟਰਾਲੇ ਦੀ ਟੱਕਰ 'ਚ ਇੱਕ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਕੈਂਟਰ ਤੇ ਟਰਾਲੇ ਦੀ ਟੱਕਰ ਵਿੱਚ ਇਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਟਰਾਲੇ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸ਼ਮਸ਼ੇਰ ਖਾਂ ਪੁੱਤਰ ਲਿਆਕਤ ਅਲੀ ਵਾਸੀ ਵਾਰਡ ਨੰਬਰ 10 ਥਾਣਾ ਬਸੋਲੀ ਕਠੂਆ, ਨੇੜੇ ਗੌਰਮਿੰਟ ਸਕੂਲ ਜੰਮੂ ਐਂਡ ਕਸ਼ਮੀਰ ਨੇ ਦੱਸਿਆ ਕਿ ਬੀਤੇ ਦਿਨ ਇਕ ਕੈਂਟਰ ਤੇ ਟਰਾਲੇ ਵਿਚ ਐਕਸੀਡੈਂਟ ਹੋਇਆ, ਜਿਸ ਕਾਰਨ ਦੋਵਾਂ ਨੂੰ ਅੱਗ ਲੱਗ ਗਈ ਤੇ ਕੈਂਟਰ ਵਿਚ ਕਨੈਕਟਰ ਵਿਚੇ ਹੀ ਪਿਆ ਸੜ ਗਿਆ, ਜਿਸ ਦੀ ਮੌਕੇ 'ਤੇ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੇਵਕ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਟਰਾਲੇ ਚਾਲਕ ਸਰਵਨ ਕੁਮਾਰ ਪੁੱਤਰ ਮੰਗੀ ਲਾਲ ਵਾਸੀ ਪਾਰਵਾ ਥਾਣਾ ਨੋਖਾ ਜ਼ਿਲ੍ਹਾ ਬੀਕਾਨੇਰ ਰਾਜਸਥਾਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

### ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਵਿਅਕਤੀ ਦੀ ਕੁੱਟਮਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਕਾਮਲ ਵਾਲਾ ਵਿਖੇ ਦੁੱਧ ਦੇ ਪੈਸੇ ਲੈਣ ਦੇਣ ਨੂੰ ਲੈ ਕੇ ਇਕ ਵਿਅਕਤੀ ਨੂੰ ਸੱਟਾਂ ਮਾਰ ਕੇ ਜ਼ਖਮੀਂ ਕਰਨ ਦੇ ਦੋਸ਼ ਵਿੱਚ ਥਾਣਾ ਆਰਿਫ ਕੇ ਪੁਲਸ ਨੇ 6 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਲਾਲ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਕਾਮਲ ਵਾਲਾ ਉਰਫ ਮੁੱਠਿਆਂ ਵਾਲਾ ਨੇ ਦੱਸਿਆ ਕਿ 5 ਮਈ 2026 ਨੂੰ ਵਕਤ ਕਰੀਬ 7.30 ਵਜੇ ਸ਼ਾਮ ਦੇ ਉਹ ਆਪਣੀ ਸਕੂਟਰੀ 'ਤੇ ਸਵਾਰ ਹੋ ਕੇ ਆਰਿਫ ਕੇ ਤੋਂ ਆਪਣੇ ਪਿੰਡ ਵੱਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਦੋ ਮੋਟਰਸਾਈਕਲਾਂ ਉਪਰ ਦੋਸ਼ੀਆਨ ਗੁਰਮੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਮੇਜਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਧਰਮਿੰਦਰ ਸਿੰਘ ਪੁੱਤਰ ਪਰਮਜੀਤ ਸਿੰਘ, ਪਰਮਜੀਤ ਸਿੰਘ ਪੁੱਤਰ ਬਲਵੀਰ ਸਿੰਘ, ਸੁਖਵਿੰਦਰ ਸਿੰਘ ਸਿੰਘ ਪੋਹਲੀ ਪੁੱਤਰ ਚੰਦ ਸਿੰਘ ਤੇ ਨਿਰਮਲ ਸਿੰਘ ਪੁੱਤਰ ਘੁੱਲਾ ਸਿੰਘ ਵਾਸੀਆਨ ਪਿੰਡ ਕਾਮਲਾ ਵਾਲਾ ਉਰਫ ਮੁੱਠਿਆਂ ਵਾਲਾ ਨੇ ਉਸ ਨੂੰ ਰਸਤੇ ਵਿੱਚ ਰੋਕ ਕੇ ਸੱਟਾਂ ਮਾਰੀਆਂ। ਗੁਰਲਾਲ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਨਰੇਗਾ ਕਾਮੇ ਗੁਰਬਤ ਦੀ ਜ਼ਿੰਦਗੀ ਜਿਊਣ ਲਈ ਮਜਬੂਰ : ਖੁਸ਼ੀਆ ਸਿੰਘ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਲੋਹਗੜ੍ਹ ਵਿਖੇ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੀ ਅਹਿਮ ਮੀਟਿੰਗ ਬਲਵੀਰ ਸਿੰਘ ਲੋਹਗੜ੍ਹ ਦੀ ਅਗਵਾਈ ਹੇਠ ਹੋਈ।ਇਸ ਮੌਕੇ ਬੋਲਦਿਆਂ ਜ਼ਿਲ੍ਹਾ ਸਕੱਤਰ ਕਾਮਰੇਡ ਖੁਸ਼ੀਆ ਸਿੰਘ, ਸਮਾਜ ਸੇਵੀ ਭਾਨ ਸਿੰਘ ਜੱਸੀ ਪੇਧਨੀ ਨੇ ਸੂਬਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੀ ਕਰੜੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ 8 ਮਹੀਨੇ ਤੋਂ ਮਨਰੇਗਾ ਮਜ਼ਦੂਰ ਦਾ ਕੰਮ ਬੰਦ ਕਰਵਾਇਆ ਹੈ।ਕਹਿਰ ਦੀ ਮਹਿੰਗਾਈ ਦੇ ਦੌਰ 'ਚ ਕੰਮ ਨਾ ਮਿਲਣ ਕਰਕੇ ਮਜ਼ਦੂਰ ਪਰਵਾਰ ਗੁਰਬਤ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।ਉਨ੍ਹਾਂ ਠੱਪ ਪਏ ਕੰਮ ਨੂੰ ਤੁਰੰਤ ਸ਼ੁਰੂ ਕਰਵਾਉਣ ਦੀ ਮੰਗ ਕੀਤੀ।ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਤੁਰੰਤ ਕੰਮ ਨਾ ਸ਼ੁਰੂ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ 15 ਮਈ ਨੂੰ ਸਵੇਰੇ 10 ਵਜੇ ਸਥਾਨਕ ਬੀ ਡੀ ਪੀ ਓ ਦਾ ਘਿਰਾਓ ਕਰਕੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਮੌਕੇ ਕੌਰ ਸਿੰਘ ਕਲਾਲ ਮਾਜਰਾ, ਮੇਟ ਰਾਜਵਿੰਦਰ ਕੌਰ ਆਦਿ ਆਗੂਆਂ ਨੇ ਰਾਜ ਸਰਕਾਰ ਵੱਲੋਂ ਮਜ਼ਦੂਰ ਦਿਵਸ ਮੌਕੇ 15 ਫੀਸਦੀ ਵਾਧੇ ਦਾ ਐਲਾਨ ਕਰਕੇ ਮਜ਼ਦੂਰ ਵਰਗ ਨਾਲ ਧਰੋਹ ਕਮਾਇਆ ਹੈ।

## ਅੱਜ ਬਿਜਲੀ ਬੰਦ ਰਹੇਗੀ

**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਜਲਾਲਾਬਾਦ ਸ਼ਹਿਰੀ ਸਬ ਡਵੀਜ਼ਨ ਦੇ ਐੱਸ.ਡੀ.ਓ. ਸੰਦੀਪ ਕੁਮਾਰ ਨੇ ਦੱਸਿਆ ਕਿ 132 ਕੇ.ਵੀ. ਸਬ ਡਵੀਜ਼ਨ ਜਲਾਲਾਬਾਦ ਵਿੱਚ ਮੈਂਟੀਨੈਂਸ ਦੇ ਜ਼ਰੂਰੀ ਕੰਮ ਕਰਵਾਉਣ ਲਈ 11 ਕੇ.ਵੀ. ਫੀਡਰ ਮੰਨੇਵਾਲਾ, ਬੂਰ ਵਾਲਾ, ਖੈਰੇਕੇ, ਕਾਹਨਾ, ਸ਼ਹਿਰ, ਆਲਮਕੇ, ਬੱਘਾ ਬਜਾਰ, ਸੁਖੇਰਾ, ਘੂਰੀ, ਕਾਲੂ ਵਾਲਾ, ਘਾਂਗਾ, ਗੁੰਮਾਨੀਵਾਲਾ ਰੋਡ, ਬਾਰੇ ਵਾਲਾ, ਮੋਹਰ ਸਿੰਘ ਵਾਲਾ, ਮਿੱਡਾ ਫੀਡਰਾਂ ਅਧੀਨ ਇਲਾਕੇ ਵਿੱਚ 10 ਮਈ 2026 ਨੂੰ ਸਵੇਰੇ 8 ਵਜੇ ਤੋਂ 12 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ।

# ਮਨਰੇਗਾ ਕਾਮਿਆਂ ਵੱਲੋਂ ਬੀ ਡੀ ਪੀ ਓ ਦਫਤਰ ਅੱਗੇ ਰੋਸ ਪ੍ਰਦਰਸ਼ਨ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਰਾਏਸਰ ਪੰਜਾਬ (ਬਰਨਾਲਾ) ਦੇ ਮਨਰੇਗਾ ਮਜ਼ਦੂਰਾਂ ਨੇ ਕੰਮ ਨਾ ਮਿਲਣ ਕਰਕੇ ਬੀ ਡੀ ਪੀ ਓ ਦਫਤਰ ਮਹਿਲ ਕਲਾਂ ਵਿਖੇ ਪੰਜਾਬ ਸਰਕਾਰ ਅਤੇ ਨਰੇਗਾ ਅਫਸਰਸ਼ਾਹੀ ਖਿਲਾਫ ਨਾਅਰੇਬਾਜ਼ੀ ਕਰਦਿਆਂ ਕੰਮ ਛੇਤੀ ਸ਼ੁਰੂ ਕਰਵਾਉਣ ਦੀ ਮੰਗ ਕੀਤੀ। ਮਨਰੇਗਾ ਕਾਮਿਆਂ ਨੇ ਦੋਸ਼ ਲਗਾਇਆ ਕਿ ਪਿਛਲੇ ਕਰੀਬ ਡੇਢ ਸਾਲ ਤੋਂ ਮਨਰੇਗਾ ਐਕਟ ਤਹਿਤ ਉਨ੍ਹਾਂ ਨੂੰ ਕੰਮ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਘਰੇਲੂ ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੋ ਗਿਆ ਹੈ।ਭਾਈ ਲਾਲੋ ਪੰਜਾਬੀ ਮੰਚ ਦੇ ਸੂਬਾ ਆਗੂ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਸਰਕਾਰਾਂ ਵੱਲੋਂ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਦੇ ਵੱਡੇ ਦਾਅਵੇ ਕੀਤੇ ਜਾਂਦੇ ਹਨ, ਪਰ ਜ਼ਮੀਨੀ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ। ਉਨ੍ਹਾਂ ਦੱਸਿਆ ਕਿ ਬਲਾਕ ਮਹਿਲ ਕਲਾਂ ਦੇ ਕਈ ਪਿੰਡਾਂ 'ਚ ਮਨਰੇਗਾ ਯੋਜਨਾ ਸਹੀ ਢੰਗ ਨਾਲ ਲਾਗੂ ਨਹੀਂ ਕੀਤੀ ਜਾ ਰਹੀ, ਜਿਸ ਕਰਕੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਅਨੁਸਾਰ ਕੰਮ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਖੇਤੀਬਾੜੀ ਦਾ ਸਾਰਾ ਮਸ਼ੀਨੀਕਰਨ ਹੋਣ ਕਰਕੇ ਪਿੰਡਾਂ ਦੇ ਮਜ਼ਦੂਰਾਂ ਕੋਲ ਰੋਜ਼ੀ-ਰੋਟੀ ਦਾ ਇਕੱਲਾ ਇਹੀ ਨਰੇਗਾ ਯੋਜਨਾ ਹੀ ਹੈ, ਪਰ ਸਮੇਂ ਦੇ ਹਾਕਮਾਂ ਵਲੋਂ ਇਸ ਦਾ ਨਾਂਅ ਬਦਲਣ ਫਿਰ ਫੰਡਾਂ 'ਚ ਘਟੌਤੀ ਕਰਕੇ ਇਸ ਨੂੰ ਯੋਜਨਾ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ।ਆਗੂ ਖਿਆਲੀ ਨੇ ਦੋਸ਼ ਲਾਇਆ ਕਿ ਮਜ਼ਦੂਰਾਂ ਨੂੰ ਸਿਰਫ਼ ਵੋਟ ਬੈਂਕ ਵਜੋਂ ਵਰਤਿਆ ਜਾਂਦਾ ਹੈ, ਪਰ ਉਨ੍ਹਾਂ ਦੀਆਂ ਮੁਢਲੀਆਂ ਲੋੜਾਂ ਅੱਜ ਤੱਕ ਵੀ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ।ਮਜ਼ਦੂਰ ਆਗੂ ਨੇ ਸਪੱਸ਼ਟ ਕਿਹਾ ਕਿ ਜੇਕਰ ਬਲਾਕ ਮਹਿਲ ਕਲਾਂ ਦੇ ਸਾਰੇ ਪਿੰਡਾਂ 'ਚ ਮਨਰੇਗਾ ਹੇਠ ਕੰਮ ਸ਼ੁਰੂ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ 'ਚ ਮਜ਼ਦੂਰਾਂ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਮਜ਼ਦੂਰ ਆਗੂ ਜਸਵੀਰ ਕੌਰ, ਜਸਵਿੰਦਰ ਕੌਰ, ਰਾਣੀ ਕੌਰ, ਪਿਆਰਾ ਸਿੰਘ, ਜਗਸੀਰ ਸਿੰਘ, ਬਲਜਿੰਦਰ ਸਿੰਘ, ਰਾਣੂ ਕੌਰ, ਜਸਬੀਰ ਕੌਰ, ਭਜਨ ਕੌਰ, ਮਨਜੀਤ ਕੌਰ, ਕੁਲਵੰਤ ਕੌਰ, ਹਰਬੰਸ ਕੌਰ, ਸਿਮਰਜੀਤ ਕੌਰ ਤੇ ਹੋਰ ਮਜ਼ਦੂਰਾਂ ਨੇ ਆਪਣੀ ਹੱਡ ਬੀਤੀ ਬਿਆਨ ਕਰਦਿਆਂ ਕਿਹਾ ਕਿ ਡੇਢ ਸਾਲ ਤੋਂ ਕੰਮ ਨਾ ਮਿਲਣ ਕਾਰਨ ਉਹ ਭੁੱਖੇ ਢਿੱਡ ਸੰਘਰਸ਼ ਲਈ ਮਜਬੂਰ ਹੋਏ ਹਨ।ਇਸ ਮੌਕੇ ਏ ਪੀ ਓ ਰਮਨਦੀਪ ਕੌਰ, ਬੂਟਾ ਸਿੰਘ, ਰਣਜੀਤ ਸਿੰਘ ਤੇ ਕੁਲਦੀਪ ਸਿੰਘ ਨੇ ਮਜ਼ਦੂਰਾਂ ਨਾਲ ਗੱਲਬਾਤ ਕਰਦਿਆਂ ਭਰੋਸਾ ਦਿਵਾਇਆ ਕਿ ਮੰਗਲਵਾਰ ਤੱਕ ਮਾਸਟਰੋਲ ਜਾਰੀ ਕਰਕੇ ਮਜ਼ਦੂਰਾਂ ਨੂੰ ਪਹਿਲ ਦੇ ਅਧਾਰ 'ਤੇ ਕੰਮ ਦਿੱਤਾ ਜਾਵੇਗਾ।ਅਧਿਕਾਰੀਆਂ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ ਮਜ਼ਦੂਰਾਂ ਨੇ ਆਪਣਾ ਧਰਨਾ ਸਮਾਪਤ ਕਰ ਦਿੱਤਾ।



# ਦਾਣਾ ਮੰਡੀ 'ਚੋਂ ਲਿਫਟਿੰਗ ਨਾ ਹੋਣ ਕਾਰਨ ਮਜ਼ਦੂਰਾਂ 'ਚ ਭਾਰੀ ਰੋਸ



**ਮੱਖੂ (ਰਛਪਾਲ ਸਿੰਘ ਸੰਧੂ)**-ਕਸਬਾ ਮੱਖੂ ਦੀ ਅਨਾਜ ਮੰਡੀ 'ਚੋਂ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਸਹੀ ਢੰਗ ਨਾਲ ਨਾ ਹੋਣ ਕਾਰਨ ਮਜ਼ਦੂਰਾਂ ਤੇ ਆੜ੍ਹਤੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਦਾਣਾ ਮੰਡੀ 'ਚੋਂ ਸਰਕਾਰੀ ਏਜੰਸੀਆਂ ਵੱਲੋਂ ਖ਼ਰੀਦ ਕੀਤੀਆਂ ਗਈਆਂ ਕਣਕ ਦੀਆਂ ਬੋਰੀਆਂ ਦੀ ਚੁਕਾਈ ਨਾ ਹੋਣ ਤੋਂ ਖ਼ਫ਼ਾ ਦਾਣਾ ਮੰਡੀ ਦੇ ਮਜ਼ਦੂਰਾਂ ਵੱਲੋਂ ਇੱਥੇ ਦਾਣਾ ਮੰਡੀ 'ਚ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਗਟ ਕੀਤਾ ਗਿਆ।ਇਸ ਸਮੇਂ ਮਜ਼ਦੂਰਾਂ ਨੇ ਦੋਸ਼ ਲਗਾਇਆ ਕਿ ਸਰਕਾਰ ਵੱਲੋਂ ਕਣਕ ਦੀਆਂ ਬੋਰੀਆਂ ਦੀ ਢੋਆ-ਢੁਆਈ ਲਈ ਦਰੁਸਤ ਪ੍ਰਬੰਧ ਨਾ ਕੀਤੇ ਜਾਣ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਦਾਣਾ ਮੰਡੀ ਅੰਦਰ ਇਕੱਠੇ ਮਜ਼ਦੂਰਾਂ 'ਚੋਂ ਗੱਲਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਲੱਭਾ ਮਸੀਹ, ਬੋਹੜ ਮਸੀਹ, ਕਾਲਾ ਮਸੀਹ, ਰਾਜੂ ਮਸੀਹ, ਸੁੱਖਾ ਮਸੀਹ ਨੇ ਦੱਸਿਆ ਕਿ ਇਸ ਵਾਰ ਕਣਕ ਦੀ ਆਮਦ ਤੇ ਕਣਕ ਦੀਆਂ ਬੋਰੀਆਂ ਦੀ ਭਰਾਈ ਦਾ ਕੰਮ ਸਿਰਫ਼ 10-15 ਦਿਨ ਹੀ ਚੱਲਿਆ ਹੈ ਅਤੇ ਉਦੋਂ ਲੈ ਕੇ ਦਾਣਾ ਮੰਡੀ ਅੰਦਰੋਂ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਬਹੁਤ ਹੀ ਸੁਸਤ ਤਰੀਕੇ ਨਾਲ ਹੋ ਰਹੀ ਹੈ, ਜਿਸ ਕਾਰਨ ਦਾਣਾ ਮੰਡੀਆਂ ਵਿੱਚ ਕਣਕ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਪਏ ਹਨ। ਮਜ਼ਦੂਰਾਂ ਨੇ ਕਿਹਾ ਕਿ ਮੰਡੀ ਵਿੱਚ ਕਣਕ ਦੀ ਆਮਦ ਨਾ ਹੋਣ ਕਾਰਨ ਕਈ ਦਿਨਾਂ ਤੋਂ ਦਾਣਾ ਮੰਡੀ ਅੰਦਰ ਵਿਹਲੇ ਬੈਠ ਕੇ ਸਿਰਫ਼ ਬੋਰੀਆਂ ਦੀ ਰਾਖੀ ਕਰ ਰਹੇ ਹਾਂ।ਜਦ ਤੱਕ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਨਹੀਂ ਹੁੰਦੀ, ਉਦੋਂ ਤੱਕ ਮਜ਼ਦੂਰ ਕੋਈ ਹੋਰ ਕੰਮ ਵੀ ਨਹੀਂ ਕਰ ਸਕਦੇ, ਜਿਸ ਕਾਰਨ ਉਨ੍ਹਾਂ ਦੀ ਕਮਾਈ ਬੰਦ ਹੋ ਗਈ ਹੈ ਤੇ ਉਨ੍ਹਾਂ ਦੇ ਪਰਵਾਰਾਂ ਦੀ ਰੋਜ਼ੀ ਰੋਟੀ ਵੀ ਪ੍ਰਭਾਵਿਤ ਹੋ ਰਹੀ ਹੈ।ਮਜ਼ਦੂਰਾਂ ਨੇ ਮੰਗ ਉਠਾਈ ਕਿ ਦਾਣਾ ਮੰਡੀ ਅੰਦਰ ਕਣਕ ਦੀਆਂ ਬੋਰੀਆਂ ਦੀ ਚੁਕਾਈ ਦੇ ਪ੍ਰਬੰਧ ਦਰੁਸਤ ਕੀਤੇ ਜਾਣ। ਦਫਤਰ ਮਾਰਕਿਟ ਕਮੇਟੀ ਮੱਖੂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਹੁਣ ਤੱਕ ਮਾਰਕਿਟ ਕਮੇਟੀ ਮੱਖੂ ਦੀ ਮੇਨ ਦਾਣਾ ਮੰਡੀ ਤੇ ਖਰੀਦ ਕੇਂਦਰਾਂ ਤੋਂ ਪੰਜਾਬ ਸਰਕਾਰ ਦੀਆਂ ਸਰਕਾਰੀ ਖਰੀਦ ਏਜੰਸੀਆਂ ਵੱਲੋਂ 615476 ਕੁਇੰਟਲ ਕਣਕ ਦੀ ਖਰੀਦ ਕੀਤੀ ਗਈ ਹੈ।

# ਜੇ ਪਾਕਿਸਤਾਨ ਧਮਾਕੇ ਕਰਵਾ ਰਿਹੈ ਤਾਂ ਇਸ ਲਈ ਵੀ ਭਾਜਪਾ ਹੀ ਜ਼ਿੰਮੇਵਾਰ : ਜਵੰਧਾ

## ਪੰਜਾਬ 'ਚ ਧਮਾਕਿਆਂ ਤੇ ਨਸ਼ਿਆਂ ਦੇ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਘੇਰਿਆ

**ਭਵਾਨੀਗੜ੍ਹ (ਰਾਜ ਖੁਰਮੀ)**-ਪੰਜਾਬ ਵਿੱਚ ਹੋ ਰਹੇ ਬੰਬ ਧਮਾਕਿਆਂ, ਸਰਹੱਦ ਰਾਹੀਂ ਆ ਰਹੇ ਨਸ਼ਿਆਂ ਤੇ ਕਾਨੂੰਨ-ਵਿਵਸਥਾ ਦੇ ਮਾਮਲੇ 'ਤੇ ਪੰਜਾਬ ਇਨਫੋਟੈਕ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਆਗੂ ਗੁਨਿੰਦਰਜੀਤ ਸਿੰਘ ਜਵੰਧਾ ਨੇ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਹੈ।ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਹੋ ਰਹੀਆਂ ਧਮਾਕਿਆਂ ਦੀਆਂ ਘਟਨਾਵਾਂ ਦੇ ਪਿੱਛੇ ਪਾਕਿਸਤਾਨ ਦਾ ਹੱਥ ਹੈ ਤਾਂ ਇਸ ਲਈ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਤੇ ਭਾਜਪਾ ਹੀ ਜ਼ਿੰਮੇਵਾਰ ਹਨ।

ਸੰਗਰੂਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਵੰਧਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤਾ ਗਿਆ ਇਹ ਬਿਆਨ ਕਿ ਪੰਜਾਬ ਵਿੱਚ ਧਮਾਕਿਆਂ ਦੇ ਪਿੱਛੇ ਭਾਜਪਾ ਦੀ ਰਾਜਨੀਤੀ ਹੋ ਸਕਦੀ ਹੈ, ਬਿਲਕੁਲ ਗਲਤ ਨਹੀਂ।ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਪੁਲਸ ਮੁਖੀ ਵੱਲੋਂ ਪਾਕਿਸਤਾਨੀ ਤੱਤਾਂ ਦੀ ਸੰਭਾਵਿਤ ਭੂਮਿਕਾ ਦੀ ਗੱਲ ਕੀਤੀ ਜਾ ਰਹੀ ਹੈ, ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੇਸ਼ ਦੀਆਂ ਸਰਹੱਦਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਕਿਸ ਦੇ ਹੱਥ ਵਿੱਚ ਹੈ।ਜਵੰਧਾ ਨੇ ਸਵਾਲ ਉਠਾਇਆ ਕਿ ਜੇਕਰ ਪਾਕਿਸਤਾਨ ਵੱਲੋਂ ਵਿਸਫੋਟਕ ਸਮੱਗਰੀ, ਹਥਿਆਰ ਤੇ ਨਸ਼ੀਲੇ ਪਦਾਰਥ ਪੰਜਾਬ ਵਿੱਚ ਭੇਜੇ ਜਾ ਰਹੇ ਹਨ ਤਾਂ ਉਹ ਸਰਹੱਦ ਪਾਰ ਕਰਕੇ ਅੰਦਰ ਕਿਵੇਂ ਪਹੁੰਚ ਰਹੇ ਹਨ।ਉਨ੍ਹਾਂ ਕਿਹਾ ਕਿ ਬਾਰਡਰ ਸੁਰੱਖਿਆ ਬਲ (ਬੀ ਐੱਸ ਐੱਫ) ਤੇ ਕੇਂਦਰੀ ਸੁਰੱਖਿਆ ਏਜੰਸੀਆਂ ਕੇਂਦਰ ਸਰਕਾਰ ਅਧੀਨ ਕੰਮ ਕਰਦੀਆਂ ਹਨ, ਇਸ ਲਈ ਸਰਹੱਦੀ ਸੁਰੱਖਿਆ ਵਿੱਚ ਕਮੀ ਲਈ ਕੇਂਦਰ ਸਰਕਾਰ ਨੂੰ ਜਵਾਬਦੇਹ ਬਣਨਾ ਪਵੇਗਾ।ਆਪ ਆਗੂ ਨੇ ਦੋਸ਼ ਲਾਇਆ ਕਿ ਭਾਜਪਾ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਚੋਣ ਮੁੱਦਾ ਬਣਾਉਣ ਦੀ ਕੋਸ਼ਿਸ਼ 'ਚ ਹੈ।ਉਨ੍ਹਾਂ ਕਿਹਾ ਕਿ ਜੇ ਕੇਂਦਰ ਸਰਕਾਰ ਚਾਹੇ ਤਾਂ ਸਰਹੱਦ ਉੱਪਰ ਸਖ਼ਤ ਨਿਗਰਾਨੀ ਕਰਕੇ ਡਰੋਨਾਂ ਰਾਹੀਂ ਆ ਰਹੇ ਹਥਿਆਰਾਂ, ਵਿਸਫੋਟਕ ਸਮੱਗਰੀ ਤੇ ਨਸ਼ਿਆਂ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ।ਜਵੰਧਾ ਨੇ ਕਿਹਾ ਕਿ ਪੰਜਾਬ ਵਿੱਚ ਲਗਾਤਾਰ ਵਧ ਰਹੀ ਨਸ਼ਿਆਂ ਦੀ ਆਮਦ ਸਰਹੱਦੀ ਸੁਰੱਖਿਆ ਦੀ ਕਮਜ਼ੋਰੀ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਹੈਰੋਇਨ ਤੇ ਹੋਰ ਨਸ਼ੀਲੇ ਪਦਾਰਥ ਡਰੋਨਾਂ ਤੇ ਤਸਕਰੀ ਦੇ ਹੋਰ ਤਰੀਕਿਆਂ ਰਾਹੀਂ ਪੰਜਾਬ ਵਿੱਚ ਪਹੁੰਚ ਰਹੇ ਹਨ, ਪਰ ਕੇਂਦਰ ਦੀਆਂ ਸੁਰੱਖਿਆ ਏਜੰਸੀਆਂ ਇਸ 'ਤੇ ਪੂਰੀ ਤਰ੍ਹਾਂ ਕਾਬੂ ਪਾਉਣ ਵਿੱਚ ਅਜੇ ਤੱਕ ਸਫਲ ਨਹੀਂ ਹੋਈਆਂ।ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਪੱਧਰ 'ਤੇ ਨਸ਼ਾ ਤਸਕਰਾਂ ਤੇ ਅਪਰਾਧੀ ਗਰੋਹਾਂ ਖ਼ਿਲਾਫ਼ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ, ਪਰ ਜਦ ਤੱਕ ਸਰਹੱਦ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਪੰਜਾਬ ਨੂੰ ਨਸ਼ਿਆਂ ਤੇ ਹਿੰਸਕ ਘਟਨਾਵਾਂ ਤੋਂ ਪੂਰੀ ਤਰ੍ਹਾਂ ਬਚਾਉਣਾ ਮੁਸ਼ਕਲ ਰਹੇਗਾ।ਜਿੱਥੇ ਵਿਰੋਧੀ ਧਿਰਾਂ ਆਮ ਆਦਮੀ ਪਾਰਟੀ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਉੱਥੇ ਆਪ ਆਗੂ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਨੂੰ ਸਿੱਧੇ ਤੌਰ 'ਤੇ ਜਵਾਬਦੇਹ ਠਹਿਰਾ ਰਹੇ ਹਨ।

# ਮੋਬਾਇਲ ਖੋਹ ਕਰਨ ਵਾਲੇ ਗਰੋਹ ਦੇ 7 ਮੈਂਬਰ ਕਾਬੂ

**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਜ਼ਿਲ੍ਹਾ ਪੁਲਸ ਨੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਮੋਬਾਇਲ ਖੋਹਣ ਤੇ ਚੋਰੀ ਕਰਨ ਵਾਲੇ ਇੱਕ ਗਰੋਹ ਦਾ ਪਰਦਾਫਾਸ਼ ਕੀਤਾ ਹੈ।ਇਸ ਕਾਰਵਾਈ ਦੌਰਾਨ ਪੁਲਸ ਨੇ ਗਰੋਹ ਦੇ 7 ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਵੱਖ-ਵੱਖ ਕੰਪਨੀਆਂ ਦੇ 42 ਮੋਬਾਇਲ ਤੇ 2 ਮੋਟਰਸਾਈਕਲ ਬਰਾਮਦ ਕੀਤੇ।ਭੁਪਿੰਦਰ ਸਿੰਘ ਸਿੱਧੂ ਸੀਨੀਅਰ ਕਪਤਾਨ ਪੁਲਿਸ ਫਿਰੋਜ਼ਪੁਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਟੀਮ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ। ਐੱਸ ਐੱਸ ਪੀ ਨੇ ਦੱਸਿਆ ਕਿ ਸਥਾਨਕ ਮੁਲਤਾਨੀ ਗੇਟ ਨੇੜੇ ਗਸ਼ਤ ਦੌਰਾਨ ਸਹਾਇਕ ਸਬ-ਇੰਸਪੈਕਟਰ ਅਯੂਬ ਮਸੀਹ ਦੀ ਅਗਵਾਈ ਦੀ ਟੀਮ ਨੂੰ ਮੁਖਬਰ ਨੇ ਇਤਲਾਹ ਦਿੱਤੀ ਕਿ ਵੀਰੂ ਉਰਫ ਕਾਲੀ, ਵਿਰਖੀ, ਮੋਹਿਤ, ਤਨੁਸ਼ ਤੇ ਪ੍ਰਿੰਸ ਨਾਮੀ ਨੌਜਵਾਨ ਸ਼ਹਿਰ ਵਿੱਚ ਮੋਬਾਇਲ ਖੋਹਣ ਤੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ।ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਰੇਲਵੇ ਸਟੇਸ਼ਨ ਨੇੜਲੇ ਖੰਡਰਾਂ ਵਿੱਚ ਛਾਪੇਮਾਰੀ ਕਰਕੇ ਪੰਜ ਮੁਲਜ਼ਮਾਂ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ।ਮੁੱਢਲੀ ਤਲਾਸ਼ੀ ਦੌਰਾਨ ਇਨ੍ਹਾਂ ਕੋਲੋਂ 10 ਮੋਬਾਈਲ ਤੇ 2 ਮੋਟਰਸਾਈਕਲ ਬਰਾਮਦ ਹੋਏ।ਮੁਲਜ਼ਮਾਂ ਤੋਂ ਸਖ਼ਤੀ ਨਾਲ ਕੀਤੀ ਗਈ ਪੁੱਛਗਿੱਛ ਦੌਰਾਨ 20 ਹੋਰ ਮੋਬਾਇਲ ਫੋਨ ਬਰਾਮਦ ਕੀਤੇ ਗਏ।ਇਸ ਤੋਂ ਇਲਾਵਾ ਗਰੋਹ ਦੇ ਇੱਕ ਮੈਂਬਰ ਮੋਹਿਤ ਨੇ ਖੁਲਾਸਾ ਕੀਤਾ ਕਿ ਕਰਨ ਉਰਫ ਨਿੰਜਾ ਵੀ ਉਨ੍ਹਾਂ ਨਾਲ ਵਾਰਦਾਤਾਂ ਵਿੱਚ ਸ਼ਾਮਲ ਸੀ ਤੇ ਉਹ ਖੋਹੇ ਹੋਏ ਮੋਬਾਇਲ ਸੰਜੀਵ ਕਪੂਰ ਉਰਫ ਮੋਨੂੰ ਨੂੰ ਵੇਚਦੇ ਸਨ।ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਕਰਨ ਤੇ ਸੰਜੀਵ ਨੂੰ ਵੀ ਨਾਮਜ਼ਦ ਕਰਕੇ ਗ੍ਰਿਫਤਾਰ ਕਰ ਲਿਆ।ਕਰਨ ਕੋਲੋਂ 10 ਤੇ ਸੰਜੀਵ ਕੋਲੋਂ 2 ਮੋਬਾਇਲ ਹੋਰ ਬਰਾਮਦ ਕੀਤੇ ਗਏ।ਮੁਲਜ਼ਮਾਂ ਖ਼ਿਲਾਫ਼ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।ਸੰਜੀਵ ਕਪੂਰ ਨੂੰ ਜੂਡੀਸ਼ੀਅਲ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ, ਜਦਕਿ ਬਾਕੀ ਮੁਲਜ਼ਮਾਂ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਮੁੱਖ ਮੰਤਰੀ ਵੱਲੋਂ ਭਲਵਾਨ ਤੋਂ 'ਮੇਰੀ ਰਸੋਈ' ਸਕੀਮ ਦੀ ਸ਼ੁਰੂਆਤ

## 40.85 ਲੱਖ ਪਰਵਾਰਾਂ ਨੂੰ ਮਿਲੇਗਾ ਸਿੱਧਾ ਲਾਭ : ਭਗਵੰਤ ਮਾਨ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਲਕਾ ਧੂਰੀ ਦੇ ਪਿੰਡ ਭਲਵਾਨ ਤੋਂ ਪੰਜਾਬ 'ਚ ਸ਼ੁਰੂ ਕੀਤੀ ਗਈ 'ਮੇਰੀ ਰਸੋਈ' ਸਕੀਮ ਦੀ ਸ਼ੁਰੂਆਤ ਕੀਤੀ ਗਈ।ਉਨ੍ਹਾਂ ਇਸ ਮੌਕੇ ਆਪਣੇ ਸੰਬੋਧਨ 'ਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀ ਭਲਾਈ ਲਈ ਹਰ ਦਿਨ ਕੋਈ ਨਾ ਕੋਈ ਸਕੀਮ ਸ਼ੁਰੂ ਕੀਤੀ ਜਾਂਦੀ ਹੈ ਤੇ ਅੱਜ ਸ਼ੁਰੂ ਕੀਈ ਗਈ 'ਮੇਰੀ ਰਸੋਈ' ਸਕੀਮ ਤਹਿਤ ਪੰਜਾਬ ਦੇ 40 ਲੱਖ 85 ਹਜ਼ਾਰ ਪਰਵਾਰਾਂ ਨੂੰ ਲਾਭ ਮਿਲੇਗਾ, ਜਿਸ ਤਹਿਤ ਬੱਚਿਆਂ ਨੂੰ ਕੁਪੋਸ਼ਣ ਤੋਂ ਬਚਾਉਣ ਲਈ ਹਰ ਤਿੰਨ ਮਹੀਨਿਆਂ ਬਾਅਦ ਫੂਡ ਕਿੱਟ ਮਿਲੇਗੀ, ਜੋ ਸਾਲ 'ਚ 4 ਵਾਰ ਵਾਰ ਦਿੱਤੀ ਜਾਵੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਸਰਕਾਰ ਵੱਲੋਂ ਚਲਾਈਆ ਜਾ ਰਹੀਆਂ ਸਕੀਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਦੇ 90 ਫੀਸਦੀ ਲੋਕਾਂ ਨੂੰ ਜ਼ੀਰੋ ਬਿਜਲੀ ਬਿਲ ਆ ਰਿਹਾ ਹੈ ਤੇ ਫ਼ਸਲਾਂ ਦੀ ਸਿੰਚਾਈ ਲਈ ਕਿਸਾਨਾਂ ਨੂੰ ਦਿਨ 'ਚ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਦਿੱਤੀ ਜਾ ਰਹੀ ਹੈ, ਜਿਸ ਨਾਲ ਕਿਸਾਨਾਂ ਦੀ ਜਾਨ ਸੁਖਾਲੀ ਹੋਈ ਹੈ।ਉਨ੍ਹਾਂ ਕਿਹਾ ਕਿ ਸਿੰਚਾਈ ਵਾਸਤੇ ਨਹਿਰੀ ਪਾਣੀ ਦੀ ਵਰਤੋਂ ਲਈ 14 ਹਜ਼ਾਰ ਕਿਲੋਮੀਟਰ ਪਾਇਪਾਂ ਤੇ ਮੋਘਿਆਂ, ਕੱਸੀਆਂ ਰਾਹੀਂ ਪਾਣੀ ਦੇਣ ਦਾ ਪ੍ਰਬੰਧ ਕੀਤਾ ਜਾ ਚੁੱਕਾ ਹੈ ਅਤੇ ਧਰਤੀ ਹੇਠਲੇ ਪਾਣੀ ਨੂੰ ਉੱਪਰ ਚੁੱਕਣ ਲਈ ਪਾਣੀ ਨੂੰ ਰੀਚਾਰਜ ਕੀਤਾ ਜਾ ਰਿਹਾ ਹੈ।'ਰੰਗਲਾ ਪੰਜਾਬ' ਸਿਰਜਣ ਦਾ ਇਹ ਸਫ਼ਰ ਨਿਰੰਤਰ ਜਾਰੀ ਰੱਖਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮੁਫ਼ਤ ਸਿਹਤ ਸੁਵਿਧਾਵਾਂ ਦੇਣ ਦੀ ਸਹੂਲਤ ਤਹਿਤ 10 ਲੱਖ ਮੁਫ਼ਤ ਸਿਹਤ ਬੀਮਾ ਯੋਜਨਾ ਤਹਿਤ ਹੁਣ ਤੱਕ 35 ਲੱਖ ਕਾਰਡ ਬਣ ਚੁੱਕੇ ਹਨ ਤੇ ਨਿੱਤ ਲੋਕ ਆਪਣਾ ਮੁਫ਼ਤ ਇਲਾਜ ਕਰਵਾ ਰਹੇ ਹਨ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ 'ਮੁੱਖ ਮੰਤਰੀ ਸਿਹਤ ਯੋਜਨਾ', 'ਮਾਵਾਂ-ਧੀਆਂ ਸਤਿਕਾਰ ਯੋਜਨਾ' ਤੇ ਕਿਸਾਨਾਂ ਨੂੰ ਦਿਨ ਵੇਲੇ ਨਿਰਵਿਘਨ ਬਿਜਲੀ ਤੇ ਨਹਿਰੀ ਪਾਣੀ ਦੇ ਕੇ ਹਰ ਵਰਗ ਦਾ ਜੀਵਨ ਸੌਖਾ ਕਰ ਰਹੀ ਹੈ ਤੇ ਜਲਦੀ ਹੀ ਪਿੰਡ ਸਤੌਜ ਤੋਂ ਅਸੀਂ ਪੰਜਾਬ ਨੂੰ 'ਪੋਲ-ਮੁਕਤ' ਬਣਾਉਣ ਲਈ ਤਾਰਾਂ ਅੰਡਰਗ੍ਰਾਊਂਡ ਕਰਨ ਦੀ ਇਤਿਹਾਸਕ ਸ਼ੁਰੂਆਤ ਵੀ ਕਰ ਰਹੇ ਹਾਂ।ਇਸ ਮੌਕੇ ਖੁਰਾਕ ਮੰਤਰੀ ਲਾਲ ਚੰਦ ਕਟਾਰੂਚੱਕ, ਦਲਵੀਰ ਸਿੰਘ ਢਿੱਲੋਂ, ਰਾਜਵੰਤ ਸਿੰਘ ਘੁੱਲੀ, ਡਾ. ਅਨਵਰ ਭਸੌੜ, ਅਸ਼ੋਕ ਕੁਮਾਰ ਲੱਖਾ, ਸਤਿੰਦਰ ਸਿੰਘ ਚੱਠਾ, ਐਡਵੋਕੇਟ ਹੈਪੀ ਗਰਗ, ਹਰਜਿੰਦਰ ਸਿੰਘ ਕਾਂਝਲਾ, ਰਛਪਾਲ ਸਿੰਘ ਭੁੱਲਰ, ਸਰਪੰਚ ਭਗਵਾਨ ਸਿੰਘ ਭਲਵਾਨ, ਬਲਵਿੰਦਰ ਸਿੰਘ ਬਿੱਲੂ ਸਮੇਤ ਵੱਡੀ ਗਿਣਤੀ 'ਚ ਇਲਾਕੇ ਦੇ ਪੰਚ-ਸਰਪੰਚ ਹਾਜ਼ਰ ਸਨ।

# ਢਾਬਾ ਮਾਲਕ ਤੋਂ ਜ਼ਬਰਦਸਤੀ ਵਸੂਲੀ, ਧਮਕੀਆਂ ਤੇ ਗੋਲੀਆਂ ਚਲਾਉਣ ਵਾਲੇ ਗਰੋਹ ਦੇ 5 ਮੈਂਬਰ ਕਾਬੂ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**

ਖੰਨਾ ਪੁਲਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਢਾਬਾ ਮਾਲਕ ਤੋਂ ਜ਼ਬਰਦਸਤੀ ਵਸੂਲੀ ਕਰਨ, ਧਮਕੀਆਂ ਦੇਣ ਤੇ ਗੋਲੀਆਂ ਚਲਾਉਣ ਵਾਲੇ ਗੈਂਗ ਦੇ 5 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਪੁਲਸ ਨੇ ਦੋ ਮੁੱਖ ਸ਼ੂਟਰਾਂ ਸਮੇਤ ਤਿੰਨ ਹੋਰ ਸਾਥੀਆਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਇੱਕ .30 ਬੋਰ ਪਿਸਤੌਲ, ਮੈਗਜ਼ੀਨ ਤੇ 2 ਜ਼ਿੰਦਾ ਰੌਂਦ ਵੀ ਬਰਾਮਦ ਕੀਤੇ ਹਨ।ਇਸ ਸਬੰਧੀ ਥਾਣਾ ਸਿਟੀ ਖੰਨਾ ਵਿਖੇ ਮੁਕੱਦਮਾ ਨੰਬਰ 101 ਮਿਤੀ 01.05.2026 ਕੇਸ ਦਰਜ ਕੀਤਾ ਗਿਆ ਹੈ। ਡਾਇਰੈਕਟਰ ਜਨਰਲ ਪੁਲਸ ਪੰਜਾਬ ਤੇ ਡੀਆਈਜੀ ਲੁਧਿਆਣਾ ਰੇਂਜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਦਰਪਣ ਅਹਲੂਵਾਲੀਆ, ਸੀਨੀਅਰ ਪੁਲਸ ਕਪਤਾਨ ਖੰਨਾ ਦੀ ਅਗਵਾਈ ਹੇਠ ਗੈਂਗਸਟਰਾਂ ਤੇ ਮਾੜੇ ਅਨਸਰਾਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।ਇਸੇ ਮੁਹਿੰਮ ਤਹਿਤ ਵੱਖ-ਵੱਖ ਪੁਲਸ ਟੀਮਾਂ ਬਣਾਈਆਂ ਗਈਆਂ ਸਨ।ਪੁਲਸ ਅਨੁਸਾਰ 1 ਮਈ 2026 ਨੂੰ ਸਵੇਰੇ ਕਰੀਬ 6:45 ਵਜੇ ਖੰਨਾ ਦੇ ਲਲਹੇੜੀ ਰੋਡ ਸਥਿਤ ਪ੍ਰੇਮ ਢਾਬਾ 'ਤੇ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾਈਆਂ।ਇਸ ਘਟਨਾ ਤੋਂ ਬਾਅਦ ਖੰਨਾ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਵੱਖ-ਵੱਖ ਟੀਮਾਂ ਬਣਾ ਕੇ ਜਾਂਚ ਸ਼ੁਰੂ ਕੀਤੀ।ਤਕਨੀਕੀ ਜਾਂਚ, ਹਿਊਮਨ ਇੰਟੈਲੀਜੈਂਸ ਤੇ ਕਰੀਬ 150 ਕਿਲੋਮੀਟਰ ਤੱਕ ਦੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਖੰਗਾਲਣ ਤੋਂ ਬਾਅਦ ਪੁਲਸ ਨੇ ਸਾਹਿਬਜੋਤ ਸਿੰਘ ਵਾਸੀ ਮਲੇਰਕੋਟਲਾ ਤੇ ਮੁਨੀਸ਼ ਸ਼ਰਮਾ ਵਾਸੀ ਲੁਧਿਆਣਾ ਨੂੰ ਮੋਹਾਲੀ ਤੋਂ ਕਾਬੂ ਕੀਤਾ।ਪੁੱਛਗਿੱਛ ਦੌਰਾਨ ਦੋਵਾਂ ਨੇ ਪ੍ਰੇਮ ਢਾਬੇ 'ਤੇ ਗੋਲੀਆਂ ਚਲਾਉਣ ਦੀ ਗੱਲ ਕਬੂਲ ਕੀਤੀ।ਜਾਂਚ ਦੌਰਾਨ ਸਾਹਮਣੇ ਆਇਆ ਕਿ ਪਰਵਿੰਦਰ ਸਿੰਘ ਉਰਫ਼ ਲਾਡੀ, ਅਮਨਦੀਪ ਸਿੰਘ ਉਰਫ਼ ਅਮਨੀ ਤੇ ਵਿਵੇਕ ਸਿੰਘ ਉਰਫ਼ ਵਿੱਕੀ ਨੇ ਸ਼ੂਟਰਾਂ ਨੂੰ ਪਿਸਤੌਲ, ਚੋਰੀ ਦਾ ਮੋਟਰਸਾਈਕਲ ਤੇ ਰਹਿਣ ਲਈ ਥਾਂ ਮੁਹੱਈਆ ਕਰਵਾਈ ਸੀ।ਇਸ ਤੋਂ ਇਲਾਵਾ ਮੁਹੰਮਦ ਅਖ਼ਤਰ ਨੇ ਢਾਬੇ ਦੀ ਰੇਕੀ ਕਰਨ ਵਿੱਚ ਮਦਦ ਕੀਤੀ ਸੀ।ਪੁਲਸ ਨੇ ਅਮਨਦੀਪ ਸਿੰਘ, ਵਿਵੇਕ ਸਿੰਘ ਤੇ ਮੁਹੰਮਦ ਅਖ਼ਤਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਪਰਵਿੰਦਰ ਸਿੰਘ ਉਰਫ਼ ਲਾਡੀ ਦੀ ਭਾਲ ਜਾਰੀ ਹੈ।ਪੁਲਸ ਨੇ ਦੱਸਿਆ ਕਿ ਦੋਸ਼ੀ ਮੁਨੀਸ਼ ਸ਼ਰਮਾ ਦੀ ਨਿਸ਼ਾਨਦੇਹੀ 'ਤੇ ਇੱਕ ਪੈਟਰੋਲ ਪੰਪ ਨੇੜੇ ਮੋਟਰ ਦੀ ਛੱਤ 'ਤੇ ਲੁਕਾਇਆ ਹੋਇਆ ਹਥਿਆਰ ਵੀ ਬਰਾਮਦ ਕੀਤਾ ਗਿਆ।ਹਾਲਾਂਕਿ ਬਰਾਮਦਗੀ ਦੌਰਾਨ ਮੁਨੀਸ਼ ਸ਼ਰਮਾ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤੇ ਛੱਤ ਤੋਂ ਛਾਲ ਮਾਰ ਦਿੱਤੀ, ਪਰ ਪੁਲਸ ਨੇ ਉਸ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ।ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਸ਼ਗਨਪ੍ਰੀਤ ਸਿੰਘ ਉਰਫ਼ ਸ਼ਗਨ, ਜੋ ਇਸ ਵੇਲੇ ਆਸਟ੍ਰੇਲੀਆ ਵਿੱਚ ਬੈਠੇ ਡੌਨੀ ਬੱਲ ਗੈਂਗ ਨਾਲ ਜੁੜਿਆ ਹੋਇਆ ਹੈ, ਨੇ ਫਿਰੌਤੀ ਦੀ ਮੰਗ ਕਰਵਾਈ ਸੀ।ਪੁਲਸ ਨੂੰ ਸ਼ੱਕ ਹੈ ਕਿ ਇਸ ਗਰੋਹ ਨੇ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ।ਪੁਲਸ ਵੱਲੋਂ ਗ੍ਰਿਫ਼ਤਾਰ ਦੋਸ਼ੀਆਂ ਤੋਂ ਹੋਰ ਡੂੰਘੀ ਪੁੱਛਗਿੱਛ ਕੀਤੀ ਜਾ ਰਹੀ ਹੈ ਤੇ ਹੋਰ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਕਿੱਲੋ ਅਫੀਮ ਤੇ ਕਾਰ ਸਮੇਤ ਚਾਰ ਮੁਲਜ਼ਮ ਗ੍ਰਿਫਤਾਰ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪੰਜਾਬ ਸਰਕਾਰ ਵੱਲੋਂ ਮਾੜੇ ਅਨਸਰਾਂ ਤੇ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਗਈ ਮੁਹਿੰਮ ਤਹਿਤ ਪੰਜਾਬ ਮਾਣਯੋਗ ਡੀ.ਜੀ.ਪੀ. ਗੌਰਵ ਯਾਦਵ ਪੰਜਾਬ, ਨੀਲਾਂਬਰੀ ਜਗਦਲੇ ਆਈ ਪੀ ਐੱਸ ਆਈ ਜੀ ਫਰੀਦਕੋਟ ਰੇਂਜ, ਸਰਤਾਜ ਚਹਿਲ ਐੱਸ.ਐੱਸ.ਪੀ. ਮੋਗਾ ਤੇ ਅਨਵਰ ਅਲੀ ਉੱਪ-ਕਪਤਾਨ ਨਿਹਾਲ ਸਿੰਘ ਵਾਲਾ ਵੱਲੋਂ ਦਿੱਤੀਆਂ ਗਈਆਂ ਸਖ਼ਤ ਹਦਾਇਤਾਂ ਦੀ ਪਾਲਣਾ ਹੇਠ ਇੰਸਪੈਕਟਰ ਜਤਿੰਦਰ ਸਿੰਘ ਮੁੱਖ ਅਫਸਰ ਥਾਣਾ ਨਿਹਾਲ ਸਿੰਘ ਵਾਲਾ ਦੀ ਨਿਗਰਾਨੀ ਹੇਠ ਨਸ਼ਾ ਤਸਕਰਾਂ ਖਿਲਾਫ ਮੁਹਿੰਮ ਚਲਾਈ ਗਈ।ਏ ਐੱਸ ਆਈ ਵਰਿੰਦਰ ਕੁਮਾਰ ਵੱਲੋਂ ਸਮੇਤ ਪੁਲਸ ਪਾਰਟੀ ਦੌਰਾਨ ਨਾਕਾਬੰਦੀ ਕਰਕੇ ਫਲਾਈਓਵਰ ਬਿਲਾਸਪੁਰ ਪੁਲ ਥੱਲੇ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਬਰਨਾਲਾ ਸਾਈਡ ਵੱਲੋਂ ਇੱਕ ਕਾਲੇ ਰੰਗ ਦੀ ਆਊਡੀ ਕਾਰ ਪੀ ਬੀ ਨੰਬਰ 10 ਸੀ ਆਰ 9500 ਆਉਂਦੀ ਗੱਡੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਤਾਂ ਕਾਰ ਵਿੱਚ ਚਾਰ ਸਵਾਰ ਵਿਅਕਤੀ ਲਵਪ੍ਰੀਤ ਸਿੰਘ ਪੁੱਤਰ ਮਨਜਿੰਦਰ ਸਿੰਘ ਵਾਸੀਂ ਧਰੌੜ ਸਾਹਨੇਵਾਲ ਰੋਡ ਜ਼ਿਲ੍ਹਾ ਲੁਧਿਆਣਾ, ਗੁਰਦੀਪ ਸਿੰਘ ਪੁੱਤਰ ਮੱਘਰ ਵਾਸੀਂ ਮੁਨਾਲ ਜ਼ਿਲ੍ਹਾ ਬਰਨਾਲਾ, ਕੁਲਦੀਪ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਕੁਲਾਰ ਜ਼ਿਲ੍ਹਾ ਲੁਧਿਆਣਾ, ਦੀਪਕ ਭਾਟੀਆ ਪੁੱਤਰ ਅਮਰਜੀਤ ਸਿੰਘ ਵਾਸੀਂ ਨੰਦਪੁਰ ਜ਼ਿਲ੍ਹਾ ਲੁਧਿਆਣਾ ਕੋਲੋਂ ਤਲਾਸ਼ੀ ਦੌਰਾਨ 1 ਕਿੱਲੋਗ੍ਰਾਮ ਅਫੀਮ ਬਰਾਮਦ ਕੀਤੀ। ਇਸ ਸਬੰਧੀ ਥਾਣਾ ਨਿਹਾਲ ਸਿੰਘ ਵਾਲਾ ਵਿਖੇ ਮੁਕੱਦਮਾ ਦਰਜ ਕਰਕੇ ਉਕਤ ਚਾਰੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕਰਕੇ ਉਨ੍ਹਾਂ ਦਾ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ।

# ਐੱਸ ਸੀ ਮੋਰਚਾ ਭਾਜਪਾ ਦੇ ਕੌਮੀ ਪ੍ਰਧਾਨ ਨਾਲ ਜਸਪਾਲ ਪੰਜਗਰਾਈਂ ਨੇ ਕੀਤੀ ਮੁਲਾਕਾਤ



**ਜੈਤੋ (ਸਤੀਸ਼ ਕੁਮਾਰ ਭੀਗੀ)**-ਜੈਤੋ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਰਤੀ ਜਨਤਾ ਪਾਰਟੀ ਹਲਕਾ ਤੋਂ ਸੰਭਾਵਿਤ ਉਮੀਦਵਾਰ ਜਸਪਾਲ ਸਿੰਘ ਪੰਜਗਰਾਈਂ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿੱਚ ਆਉਂਦੀਆਂ ਵਿਧਾਨ ਸਭਾ ਚੋਣਾਂ 2027 ਪ੍ਰਤੀ ਆਪਣੀਆਂ ਸਰਗਰਮੀਆਂ ਤੇਜ਼ ਕਰਨ ਲਈ ਪੰਜਾਬ ਅੰਦਰ ਅਨੁਸੂਚਿਤ ਜਾਤੀ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਲਾਲ ਸਿੰਘ ਆਰੀਆ ਵਿਸ਼ੇਸ਼ ਤੌਰ 'ਤੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਐੱਸ ਸੀ ਮੋਰਚਾ ਅਹੁਦੇਦਾਰਾਂ ਨਾਲ ਮੀਟਿੰਗ ਕਰਨ ਲਈ ਚੰਡੀਗੜ੍ਹ ਮੁੱਖ ਦਫਤਰ ਪੁੱਜੇ। ਇਸ ਸਮੇਂ ਜਸਪਾਲ ਸਿੰਘ ਪੰਜਗਰਾਈਂ ਮੀਤ ਪ੍ਰਧਾਨ ਪੰਜਾਬ ਭਾਰਤੀ ਜਨਤਾ ਪਾਰਟੀ ਐੱਸ ਸੀ ਮੋਰਚਾ ਸੰਭਾਵਿਤ ਉਮੀਦਵਾਰ ਵਿਧਾਨ ਸਭਾ ਹਲਕਾ ਜੈਤੋ ਵੱਲੋਂ ਉਨ੍ਹਾਂ ਦਾ ਆਉਣ 'ਤੇ ਨਿੱਘਾ ਸਵਾਗਤ ਕੀਤਾ ਗਿਆ।ਉਸ ਤੋਂ ਬਾਅਦ ਲਾਲ ਸਿੰਘ ਵੱਲੋਂ ਉਨ੍ਹਾਂ ਨਾਲ ਆਉਂਦੀਆ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵਿਸ਼ੇਸ਼ ਮੀਟਿੰਗ ਕੀਤੀ।ਇਸ ਮੀਟਿੰਗ ਦੌਰਾਨ ਜਸਪਾਲ ਸਿੰਘ ਪੰਜਗਰਾਈ ਨੇ ਪੰਜਾਬ ਅੰਦਰ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਲਾਲ ਸਿੰਘ ਆਰੀਆ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ ਪੰਜਾਬ ਅੰਦਰ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਨ੍ਹਾਂ ਲੋਕਾਂ 'ਤੇ ਕੀਤੀਆਂ ਜਾ ਰਹੀਆਂ ਵਧੀਕੀਆਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਸਮੇਂ ਜਸਪਾਲ ਪੰਜਗਰਾਈਂ ਨੇ ਪੰਜਾਬ ਅੰਦਰ ਐੱਸ ਸੀ ਰਿਜ਼ਰਵ ਵਿਧਾਨ ਸਭਾ 34 ਸੀਟਾਂ ਬਾਰੇ ਵੀ ਐੱਸ ਸੀ ਵਰਗ ਦੇ ਲੋਕਾਂ ਨਾਲ ਤਾਲਮੇਲ ਵਧਾਉਣ ਲਈ ਵਿਚਾਰਾਂ ਕੀਤੀਆਂ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਜੈਤੋ ਰਿਜ਼ਰਵ ਹਲਕਾ ਹੋਣ ਕਰਕੇ ਉਨ੍ਹਾਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਸਮੇਂ ਲਾਲ ਸਿੰਘ ਨੇ ਕਿਹਾ ਕਿ ਉਹ ਪੰਜਾਬ ਅੰਦਰ ਹਰ ਮਹੀਨੇ ਆਪਣਾ ਦੌਰਾ ਕਰਿਆ ਕਰਨਗੇ। ਖਾਸ ਕਰ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਸਾਰੇ ਹੀ 34 ਹਲਕਿਆਂ ਵਿੱਚ ਉਨ੍ਹਾਂ ਦਾ ਜਾਣਾ ਹੋਵੇਗਾ। ਕੌਮੀ ਪ੍ਰਧਾਨ ਨੇ ਜਸਪਾਲ ਸਿੰਘ ਪੰਜਗਰਾਈਂ ਵੱਲੋਂ ਕੀਤੇ ਜਾ ਰਹੇ ਪਾਰਟੀ ਕਾਰਜਾਂ ਕਰਕੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਦੇ ਨਾਲ ਹੀ ਆਪਣਾ ਆਸ਼ੀਰਵਾਦ ਦਿੱਤਾ। ਇਸ ਸਮੇਂ ਉਨ੍ਹਾਂ ਨਾਲ ਸਾਬਕਾ ਚੇਅਰਮੈਨ ਪੰਜਾਬ ਮਨਜੀਤ ਸਿੰਘ ਬੁੱਟਰ, ਰਾਂਝਾ ਬਖਸ਼ੀ ਮੀਤ ਪ੍ਰਧਾਨ ਪੰਜਾਬ, ਸੋਮਨ ਐਡਵੋਕੇਟ ਲੁਧਿਆਣਾ, ਜਸਵੀਰ ਸਿੰਘ ਮਹਿਰਾਜ ਜਨਰਲ ਸਕੱਤਰ ਪੰਜਾਬ, ਪੂਰਨ ਸਿੰਘ ਜਲਾਲਾਬਾਦ, ਸਵਰਨ ਸਿੰਘ ਬੁਰਜ਼ ਆਗੂ ਹਾਜ਼ਰ ਸਨ।

# ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਤੀਜੇ ਦਿਨ ਵੀ ਮੁਕੰਮਲ ਹੜਤਾਲ


**ਬੰਗਾ (ਅਵਤਾਰ ਕਲੇਰ)-** ਮਿਉਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ 'ਤੇ ਅੱਜ ਨਗਰ ਕੌਂਸਲ ਨਵਾਂਸ਼ਹਿਰ ਦੇ ਕਰਮਚਾਰੀਆਂ ਨੇ ਤੀਜੇ ਦਿਨ ਵੀ ਮੁਕੰਮਲ ਹੜਤਾਲ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਇੰਪਲਾਈਜ਼ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਪ੍ਰੈੱਸ



ਸਕੱਤਰ ਜਸਬੀਰ ਦੀਪ,ਕਰਮਚਾਰੀ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਸੰਨੀ ਬਘਾਨੀਆ, ਨਵਾਂਸ਼ਹਿਰ ਦੇ ਪ੍ਰਧਾਨ ਸੂਰਜ ਖੋਸਲਾ, ਚੇਅਰਮੈਨ ਦੀਪਕ ਖੋਸਲਾ, ਭਾਰਗਵ ਦੇ ਪ੍ਰਧਾਨ ਵਿੱਕੀ ਗਿੱਲ ਨੇ ਸੰਬੋਧਨ ਕੀਤਾ।ਉਹਨਾਂ ਕਿਹਾ ਕਿ ਮਿਉਂਸਪਲ ਕਰਮਚਾਰੀਆਂ ਦੀ ਪੰਜਾਬ ਭਰ 'ਚ ਤੀਜੇ ਦਿਨ ਵੀ ਮੁਕੰਮਲ ਹੜਤਾਲ ਰਹੀ। ਪੰਜਾਬ ਭਰ 'ਚ ਸਫ਼ਾਈ ਕੰਮ ਦਾ ਮੁਕੰਮਲ ਬਾਈਕਾਟ ਰਿਹਾ।ਕੱਚੇ ਕਾਮੇ ਪੱਕੇ ਕਰਨ, ਘੱਟੋ ਘੱਟ ਉਜਰਤ 40 ਹਜ਼ਾਰ ਕਰਨ ਸਮੇਤ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਹੋਰ ਮੰਗਾਂ ਨੂੰ ਲੈ ਕੇ ਪੰਜਾਬ ਭਰ ਦੇ ਨਿਗਮਾਂ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਅਧੀਨ 150 ਤੋਂ ਵੱਧ ਸਟੇਸ਼ਨਾਂ ਤੇ ਸਫਾਈ ਸੇਵਕਾਂ ਨੇ ਮੁਕੰਮਲ ਹੜਤਾਲ ਕਰ ਦਿੱਤੀ ਹੈ ਜੋ ਮੰਗਾਂ ਦੀ ਪੂਰਤੀ ਤੱਕ ਜਾਰੀ ਰਹੇਗੀ। ਆਗੂਆਂ ਕਿਹਾ ਕਿ ਇਹ ਹੜਤਾਲ ਸਾਡਾ ਕੋਈ ਸ਼ੌਕ ਨਹੀਂ ਮਜਬੂਰੀ ਹੈ। ਕਿਉਂਕਿ ਪੰਜਾਬ ਦਾ 90% ਮੁਲਾਜ਼ਮ ਕੱਚਾ ਹੈ ਤੇ ਮਾਤਰ 10 ਹਜ਼ਾਰ ਨਿਗੂਣੀ ਤਨਖਾਹ 'ਤੇ ਕੰਮ ਕਰ ਰਿਹਾ ਹੈ। ਮਹਿੰਗਾਈ ਕਰਕੇ ਘਰਾਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲਦਾ ਹੈ। ਸਾਢੇ 4 ਸਾਲ ਪਹਿਲਾਂ ਮਾਨ ਸਰਕਾਰ ਇਹਨਾਂ ਹੀ ਸਫ਼ਾਈ ਸੇਵਕਾਂ ਦਾ ਝਾੜੂ ਵਾਲਾ ਨਿਸ਼ਾਨ ਲੈ ਕੇ ਵੋਟਾਂ ਮੰਗ ਕੇ ਸੱਤਾ ਵਿਚ ਆਈ ਸੀ।ਉਸ ਵੇਲੇ ਮੁੱਖ ਮੰਤਰੀ ਵੱਲੋਂ ਕਿਹਾ ਸੀ ਕਿ ਸਾਡੀ ਸਰਕਾਰ ਵਿਚ ਕਿਸੇ ਨੂੰ ਵੀ ਧਰਨੇ, ਮੁਜ਼ਾਹਰੇ ਕਰਨ ਦੀ ਲੋੜ ਨਹੀਂ ਪਵੇਗੀ, ਪਰ ਹੋਇਆ ਇਸ ਦੇ ਉਲਟ।ਆਗੂਆਂ ਕਿਹਾ ਕਿ ਸਫ਼ਾਈ ਕਾਮੇ ਬਿਨਾਂ ਸ਼ਰਤ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਤਨਖਾਹਾਂ ਸਮੇਂ ਸਿਰ ਤੇ ਸਰਕਾਰੀ ਖ਼ਜ਼ਾਨੇ ਵਿੱਚੋਂ ਦਿੱਤੀਆਂ ਜਾਣ, ਘੱਟੋ ਘੱਟ ਉਜਰਤ 40000 ਪ੍ਰਤੀ ਮਹੀਨਾ ਕੀਤੀ ਜਾਵੇ, ਕੱਚੇ ਮੁਲਾਜ਼ਮ ਦੀ ਮੌਤ ਹੋਣ 'ਤੇ ਉਸ ਦੇ ਪਰਵਾਰ ਨੂੰ ਨੌਕਰੀ ਦਿੱਤੀ ਜਾਵੇ।ਉਹਨਾਂ ਕਿਹਾ ਕੇ ਪੰਜਾਬ ਸਰਕਾਰ ਲੰਬੇ ਸਮੇਂ ਤੋਂ ਲਾਰੇ ਲਾ ਰਹੀ ਹੈ। ਮੀਟਿੰਗ ਦੇ ਕੇ ਮੁੱਕਰ ਜਾਂਦੀ। ਇਸ ਲਈ ਹੁਣ ਆਰ ਪਾਰ ਦੇ ਸੰਘਰਸ਼ ਦੀ ਅਸੀਂ ਤਿਆਰੀ ਕਰ ਲਈ ਹੈ।

# ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਨੇ ਵੱਖ-ਵੱਖ ਸਕੀਮਾਂ ਦਾ ਕੀਤਾ ਨਿਰੀਖਣ

**ਹੁਸ਼ਿਆਰਪੁਰ (ਓ ਪੀ ਰਾਣਾ)-** ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਚੇਤਨ ਪ੍ਰਕਾਸ਼ ਧਾਲੀਵਾਲ ਨੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਉਨ੍ਹਾਂ ਨੈਸ਼ਨਲ ਫੂਡ ਸਕਿਉਰਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ। ਦੌਰੇ ਦੇ ਆਰੰਭ ਵਿੱਚ ਆਰੀਆ ਗਰਲਜ਼ ਸਕੂਲ, ਐਲੀਮੈਂਟਰੀ ਸਕੂਲ, ਕਮੇਟੀ ਘਰ ਮੁਕੇਰੀਆਂ ਅਤੇ ਮਿਡਲ ਸਕੂਲ ਕੋਲੀਆ ਦਾ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਮਿਡ ਡੇ ਮੀਲ ਤੇ ਅਨਾਜ ਭੰਡਾਰ ਘਰ ਦਾ ਨਿਰੀਖਣ ਕੀਤਾ ਗਿਆ। ਇਨ੍ਹਾਂ ਸਕੂਲਾਂ ਵਿੱਚ ਮਿਡ ਡੇ ਮੀਲ ਦਾ ਪ੍ਰਬੰਧ ਠੀਕ ਪਾਇਆ ਗਿਆ। ਇਸ ਉਪਰੰਤ ਐਲੀਮੈਂਟਰੀ ਸਕੂਲ ਖਿੱਚੀਆਂ, ਕੋਲੀਆਂ, ਹਰਸੇ ਮਾਨਸਰ ਵਿਖੇ ਮਿਡ ਡੇ ਮੀਲ ਵਿੱਚ ਖਾਮੀਆਂ ਪਾਈਆਂ ਗਈਆ ਜਿਸ ਸਬੰਧੀ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਸਖਤ ਤਾੜਨਾ ਕੀਤੀ ਗਈ ਅਤੇ ਭਵਿੱਖ ਵਿੱਚ ਅਣਗਹਿਲੀ ਪਾਏ ਜਾਣ 'ਤੇ ਸਖਤ ਕਾਰਵਾਈ ਕਰਨ ਸਬੰਧੀ ਹਦਾਇਤ ਕੀਤੀ ਗਈ। ਸਕੂਲਾਂ



ਦੀ ਚੈਕਿੰਗ ਉਪਰੰਤ ਆਂਗਣਵਾੜੀ ਸੈਂਟਰ ਮੁਕੇਰੀਆਂ, ਖਿੱਚੀਆਂ, ਭੱਟੀਆਂ ਰਾਜਪੂਤ ਕੋਲੀਆ ਹਰਸੇ ਮਾਨਸਰ ਦਾ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਸੈਂਟਰਾਂ ਦੇ ਰਿਕਾਰਡ ਚੈੱਕ ਕੀਤੇ ਗਏ ਅਤੇ ਲਾਭਪਾਤਰੀਆਂ ਨਾਲ ਗੱਲਬਾਤ ਕੀਤੀ ਗਈ। ਇਸ ਤੋਂ ਉਪਰੰਤ ਬੀ ਪੀ ਓ, ਸੀ ਡੀ ਪੀ ਓ, ਏ ਐੱਫ ਐੱਸ ਓ ਤੇ ਹੋਰ ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਅਧਿਕਾਰੀਆ ਤੋਂ ਸਕੀਮਾਂ ਸਬੰਧੀ ਜਾਣਕਾਰੀ ਲਈ ਗਈ ਅਤੇ ਸਬੰਧਤਾਂ ਨੂੰ ਹਦਾਇਤ ਕੀਤੀ ਗਈ ਕਿ ਫੂਡ ਕਮ ਹੈਲਪਰਾਂ ਤੇ ਟੀ ਬੀ ਅਤੇ ਚਮੜੀ ਰੋਗਾਂ ਦੇ ਟੈਸਟ ਕਰਵਾਏ ਜਾਣ ਅਤੇ ਆਪਣੇ ਬਲਾਕ ਵਿੱਚ ਹਫਤੇ ਵਿੱਚ ਦੋ ਸਕੂਲਾਂ ਦੀ ਆਪਣੇ ਪੱਧਰ 'ਤੇ ਚੈਕਿੰਗ ਵੀ ਕੀਤੀ ਜਾਵੇ ਤੇ ਸੀ ਡੀ ਪੀ ਓ ਨੂੰ ਹਦਾਇਤ ਕੀਤੀ ਗਈ ਕੀ ਆਂਗਣਵਾੜੀ ਦਾ ਸਮਾਨ ਨੂੰ ਸੈਂਟਰ ਵਿਖੇ ਹੀ ਰੱਖਿਆ ਜਾਵੇ ਅਤੇ ਕਿਸੇ ਹੋਰ ਜਗ੍ਹਾ 'ਤੇ ਨਾ ਰੱਖਿਆ ਜਾਵੇ ਅਤੇ ਸਮਾਨ ਨੂੰ ਲਾਭਪਾਤਰੀਆਂ ਨੂੰ ਜਲਦ ਤੋਂ ਜਲਦ ਵੰਡ ਦਿੱਤਾ ਜਾਵੇ।

# ਵਿਕਾਸ ਕਾਰਜਾਂ 'ਚ ਲਿਆਂਦੀ ਜਾਵੇ ਤੇਜ਼ੀ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)-** ਕੈਬਨਿਟ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਨੇ ਸ਼ੁੱਕਰਵਾਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਨਗਰ ਕੌਂਸਲ ਹਰਿਆਣਾ ਅਤੇ ਨਗਰ ਕੌਂਸਲ ਸ਼ਾਮ ਚੁਰਾਸੀ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਮੀਟਿੰਗ ਕੀਤੀ ਅਤੇ ਅਧਿਕਾਰੀਆਂ ਨੂੰ ਕੰਮਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਹਤਰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਵਾਉਣਾ ਪੰਜਾਬ ਸਰਕਾਰ ਦੀ ਤਰਜੀਹ ਹੈ ਅਤੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸੜਕ ਨਿਰਮਾਣ, ਗਲੀਆਂ ਦੇ ਨਿਰਮਾਣ, ਸਟਰੀਟ ਲਾਈਟਾਂ ਲਗਾਉਣ, ਵਾਟਰ ਸਪਲਾਈ ਅਤੇ ਸੀਵਰੇਜ ਨਾਲ ਸਬੰਧਤ ਪ੍ਰੋਜੈਕਟਾਂ ਨੂੰ ਮਿੱਥੇ ਸਮੇਂ 'ਤੇ ਪੂਰਾ ਕੀਤਾ ਜਾਵੇ ਤਾਂ ਜੋ ਆਮ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਡਾ. ਰਵਜੋਤ ਨੇ ਕਿਹਾ ਕਿ ਹਰਿਆਣਾ ਅਤੇ ਸ਼ਾਮ ਚੁਰਾਸੀ ਦੇ ਸੁੰਦਰੀਕਰਨ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰਾਂ ਦੀ ਸਫ਼ਾਈ, ਸੁੰਦਰੀਕਰਨ ਅਤੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਯੋਜਨਾਬੱਧ ਢੰਗ ਨਾਲ ਕੰਮ ਕੀਤਾ




ਜਾਵੇ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਵੀ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੰਦਿਆਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਾਰੀਆਂ ਯੋਜਨਾਵਾਂ ਦੀ ਨਿਯਮਤ ਨਿਗਰਾਨੀ ਯਕੀਨੀ ਬਣਾਈ ਜਾਵੇਗੀ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਸੁਮਿਤ ਮੁੱਧ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਪਲੇਸਮੈਂਟ ਕੈਂਪ ਲਗਾਇਆ

**ਨਵਾਂਸ਼ਹਿਰ (ਮਨੋਜ ਲਾਡੀ)-** ਗੁਲਪ੍ਰੀਤ ਸਿੰਘ ਔਲਖ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸੰਜੀਵ ਸ਼ਰਮਾ ਵਧੀਕ ਡਿਪਟੀ ਕਮਿਸ਼ਨਰ (ਜ) ਵੱਲੋਂ ਸ਼ਿਰਕਤ ਕੀਤੀ ਗਈ। ਉਹਨਾਂ ਵੱਲੋਂ ਪਲੇਸਮੈਂਟ ਕੈਂਪ ਵਿੱਚ ਪਹੁੰਚੇ ਗੁਰਮੀਤ ਹਸਪਤਾਲ ਦੇ ਮਾਲਕ ਗੁਰਮੀਤ ਸਿੰਘ ਮਾਂਗਟ ਤੇ ਉਹਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਗਈ ਸੰਦੀਪ ਕੁਮਾਰ ਪੀ.ਸੀ.ਐਸ (ਏ) ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਪਲੇਸਮੈਂਟ ਕੈਂਪ ਵਿੱਚ 38 ਪ੍ਰਾਰਥੀਆਂ ਵੱਲੋਂ ਭਾਗ ਲਿਆ ਗਿਆ।ਅਧਿਕਾਰੀ ਵੱਲੋਂ ਦੱਸਿਆ ਗਿਆ ਕਿ ਭਵਿੱਖ ਵਿੱਚ ਵੀ ਜਿਲ੍ਹੇ ਦੇ ਵੱਖ-ਵੱਖ ਉਦਯੋਗਿਕ ਯੂਨਿਟਾਂ ਨਾਲ ਤਾਲਮੇਲ ਕਰਕੇ ਪਲੇਸਮੈਂਟ ਕੈਂਪ ਆਯੋਜਨ ਕੀਤੇ ਜਾਣਗੇ ਤਾਂ ਜੋ ਜ਼ਿਲ੍ਹੇ ਦੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਜਾ ਸਕੇ। ਚਾਹਵਾਨ ਬੇਰੋਜ਼ਗਾਰ ਉਮੀਦਵਾਰ ਆਪਣੇ ਦਸਤਾਵੇਜ਼ ਲੈ ਕੇ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤੀਜੀ ਮੰਜ਼ਿਲ, ਡੀ.ਸੀ. ਕੰਪਲੈਕਸ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਹਾਜ਼ਰ ਹੋ ਸਕਦੇ ਹਨ।

# ਇਨੋਸੈਂਟ ਹਾਰਟਸ ਸਕੂਲ ਨੇ ਇੰਟਰੈਕਟਿਵ ਮੀਟ ਕਰਵਾਈ

**ਜਲੰਧਰ (ਸ਼ੈਲੀ ਐਲਬਰਟ)-** ਇਨੋਸੈਂਟ ਹਾਰਟਸ ਸਕੂਲ ਵੱਲੋਂ ਦੇ ਕਿੰਗ ਕੱਪ-ਵੇਅਰ ਕਿਊਰੀਆਸਿਟੀ ਮੀਟਸ ਕਨਵਰਸੇਸ਼ਨ ਨਾਮਕ ਇੱਕ ਵਿਸ਼ੇਸ਼ ਇੰਟਰੈਕਟਿਵ ਮੀਟ ਦਾ ਆਯੋਜਨ ਸੈਂਚਰਨ ਰੇਸਟੋਰੈਂਟ, ਆਈ ਐੱਚ ਜੀ ਆਈ ਜਲੰਧਰ



ਵਿੱਚ ਕੀਤਾ ਗਿਆ। ਇਹ ਸੈਸ਼ਨ ਸਟੂਡੈਂਟ ਕੌਂਸਲ ਦੇ ਮੈਂਬਰਾਂ ਤੇ ਪ੍ਰਬੰਧਨ ਵਿਚਕਾਰ ਅਰਥਪੂਰਨ ਸੰਵਾਦ ਅਤੇ ਵਿਚਾਰ-ਵਟਾਂਦਰੇ ਲਈ ਇੱਕ ਪ੍ਰਭਾਵਸ਼ਾਲੀ ਮੰਚ ਬਣਿਆ।ਇਸ ਪ੍ਰੋਗਰਾਮ ਦੀ ਅਗਵਾਈ ਡਾ. ਪਲਕ ਗੁਪਤਾ ਬੌਰੀ (ਡਾਇਰੈਕਟਰ, ਸੀ ਐੱਸ ਆਰ) ਨੇ ਕੀਤੀ। ਇਸ ਮੌਕੇ 'ਤੇ ਮਿਸ ਯਸ਼ਿਕਾ (ਸਕੂਲ ਐਲੂਮਨਾ ਅਤੇ ਮਿਸ ਨਾਰਥ ਇੰਡੀਆ ਫੈਮੀਨਾ ਪੰਜਾਬ), ਸ਼ਰਮੀਲਾ (ਡਿਪਟੀ ਡਾਇਰੈਕਟਰ, ਕਲਚਰਲ ਅਫੇਅਰਜ਼), ਕੁਮਾਰੀ ਸ਼ਾਲੂ ਸਹਿਗਲ (ਪ੍ਰਿੰਸੀਪਲ, ਲੋਹਾਰਾਂ ਕੈਂਪਸ), ਮੀਨਾਕਸ਼ੀ (ਡਾਇਰੈਕਟਰ, ਨੂਰਪੁਰ ਕੈਂਪਸ) ਤੇ ਅੰਕਿਤਾ (ਹੈੱਡ ਆਫ ਡਿਪਾਰਟਮੈਂਟ, ਅੰਗਰੇਜ਼ੀ) ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਪਲਕ ਗੁਪਤਾ ਬੌਰੀ ਨੇ ਕਿਹਾ, ਲੀਡਰਸ਼ਿਪ ਦੀ ਸ਼ੁਰੂਆਤ ਸੁਣਨ, ਸਮਝਣ ਅਤੇ ਅਰਥਪੂਰਨ ਵਿਚਾਰਾਂ ਨੂੰ ਪ੍ਰਗਟ ਕਰਨ ਦੇ ਸਾਹਸ ਨਾਲ ਹੁੰਦੀ ਹੈ। ਨੌਜਵਾਨ ਸੋਚ ਵਿੱਚ ਇੱਕ ਬਿਹਤਰ ਭਵਿੱਖ ਨਿਰਮਾਣ ਕਰਨ ਦੀ ਸਮਰੱਥਾ ਹੁੰਦੀ ਹੈ, ਜਦੋਂ ਉਨ੍ਹਾਂ ਨੂੰ ਸਹੀ ਮੁੱਲਾਂ ਅਤੇ ਜਾਗਰੂਕਤਾ ਨਾਲ ਮਾਰਗਦਰਸ਼ਨ ਮਿਲਦਾ ਹੈ। ਪ੍ਰੋਗਰਾਮ ਦਾ ਮੁੱਖ ਵਿਸ਼ਾ ਸੀ ਸੋਸ਼ਲ ਮੀਡੀਆ ਅੱਜ ਦੇ ਕਿਸ਼ੋਰਾਂ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ—ਕੀ ਅਸੀਂ ਇਸਨੂੰ ਨਿਯੰਤਰਿਤ ਕਰ ਰਹੇ ਹਾਂ ਜਾਂ ਇਹ ਸਾਨੂੰ ਨਿਯੰਤਰਿਤ ਕਰ ਰਿਹਾ ਹੈ? ਵਿਦਿਆਰਥੀਆਂ ਨੇ ਸੋਸ਼ਲ ਮੀਡੀਆ ਦੇ ਕਿਸ਼ੋਰਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਕਰੀਨ ਐਡਿਕਸ਼ਨ, ਸਾਥੀਆਂ ਦਾ ਦਬਾਅ, ਆਨਲਾਈਨ ਪ੍ਰਭਾਵ, ਮਾਨਸਿਕ ਸਿਹਤ ਅਤੇ ਜ਼ਿੰਮੇਵਾਰ ਡਿਜ਼ਿਟਲ ਵਿਹਾਰ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਕੀਤੀ। ਇਸ ਸੈਸ਼ਨ ਨੇ ਵਿਦਿਆਰਥੀਆਂ ਨੂੰ ਗੰਭੀਰਤਾ ਨਾਲ ਸੋਚਣ ਅਤੇ ਆਪਣੇ ਵਿਚਾਰਾਂ ਨੂੰ ਆਦਰ ਸਹਿਤ ਪ੍ਰਗਟ ਕਰਨ ਲਈ ਪ੍ਰੇਰਿਤ ਕੀਤਾ।

# ਸਰਕਾਰੀ ਐਲੀਮੈਂਟਰੀ ਸਕੂਲ ਮਹਿਤਾਬਗੜ੍ਹ 'ਚ ਪ੍ਰਭਾਵਸ਼ਾਲੀ ਸਮਾਗਮ

**ਕਪੂਰਥਲਾ (ਮਨਜੀਤ ਮਾਨ)-** ਸਰਕਾਰੀ ਐਲੀਮੈਂਟਰੀ ਸਕੂਲ ਮਹਿਤਾਬਗੜ੍ਹ ਵਿਖੇ ਹੋਏ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਮਨਸੂਰਵਾਲ ਦੋਨਾ ਪ੍ਰਾਇਮਰੀ ਸਕੂਲ ਦੇ ਅਧਿਆਪਕ ਸੁਖਮੀਤ ਸਿੰਘ, ਪ੍ਰਾਇਮਰੀ ਸਕੂਲ ਘਣੀਏ ਕੇ ਦੇ ਅਧਿਆਪਕ ਰੁਪਿੰਦਰ ਸਿੰਘ, ਸੀਨੀਅਰ ਸੈਕੰਡਰੀ ਸਕੂਲ ਦੇਸਲ ਦੇ ਅਧਿਆਪਕ ਰਾਮ ਸਿੰਘ ਨੂੰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ. ਬਲਵਿੰਦਰ ਸਿੰਘ ਬੱਟੂ ਤੇ ਉੱਘੀ ਲੇਖਿਕਾ ਤੇ ਅਸਿਸਟੈਂਟ ਮੈਂਟਰ ਡਾਇਟ ਸ਼ੇਖੂਪੁਰ ਰਜਨੀ ਵਾਲੀਆ ਵੱਲੋਂ ਸਨਮਾਨ ਪੱਤਰ ਤੇ ਮੈਡਲ ਨਾਲ ਨਿਵਾਜਿਆ ਗਿਆ। ਮੁੱਖ ਅਧਿਆਪਕਾ ਸਤਵੰਤ ਕੌਰ ਦੀ ਰਹਿਨੁਮਾਈ ਤੇ ਜਮਾਤ ਇੰਚਾਰਜ ਮੈਡਮ ਸ਼ਾਰਦਾ ਗੁਪਤਾ ਦੀ ਅਗਵਾਈ ਹੇਠ ਸੁਖਮੀ ਨੇ ਪੰਜਵੀਂ ਜਮਾਤ ਦੀ ਵਿਦਿਆਰਥਣ ਪ੍ਰਿਆਂਸ਼ੂ ਨੂੰ ਕੈਨੇਡਾ ਦੀ ਸਾਹਿਤਕ ਸੰਸਥਾ ਵੱਲੋਂ ਕਰਵਾਏ ਜਾਂਦੇ ਮੁਕਾਬਲੇ ਲਈ ਗਾਈਡ ਕੀਤਾ।ਬੱਚੀ ਦੀ ਕਵਿਤਾ ਪੁਸਤਕ ਵਿੱਚ ਸਥਾਨ ਹਾਸਲ ਕਰਨ ਵਿੱਚ ਕਾਮਯਾਬ ਰਹੀ। ਸਾਹਿਤਕਾਰ ਸੁੱਖੀ ਬਾਠ ਵੱਲੋਂ ਹਰ ਸਾਲ ਨਵੀਆਂ ਬਾਲ ਕਲਮਾਂ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਖਰਚੇ 'ਤੇ ਕਿਤਾਬਾਂ ਛਪਵਾਈਆਂ ਜਾਂਦੀਆਂ ਹਨ ਤੇ ਪ੍ਰਭਾਵਸ਼ਾਲੀ ਸਮਾਗਮ ਕਰਕੇ ਪੁਸਤਕ ਵਿਮੋਚਨ ਕੀਤਾ ਜਾਂਦਾ ਹੈ। ਸਕੂਲ ਇੰਚਾਰਜ ਰਾਜੀਵ ਸਹਿਗਲ ਵੱਲੋਂ ਤੇ ਸਮੂਹ ਸਟਾਫ ਮਹਿਤਾਬ ਗੜ੍ਹ ਵੱਲੋਂ ਬਹੁਤ ਸੁਚੱਜਾ ਪ੍ਰਬੰਧ ਕੀਤਾ ਗਿਆ ।ਇਸ ਮੌਕੇ ਤਜਿੰਦਰ ਸਿੰਘ, ਮੈਡਮ ਅਲਕਾ, ਰਜਨੀ ਮਹਾਜਨ, ਪ੍ਰੀਤੀ, ਰਾਜਵਿੰਦਰ ਕੌਰ, ਰਿੰਪੀ ਸ਼ਰਮਾ, ਨੀਰਜ ਹੰਸ ਤੇ ਹੋਰ ਅਧਿਆਪਕ ਹਾਜ਼ਰ ਸਨ।



## ਚੌਧਰੀ ਬਲਵੀਰ ਸਿੰਘ ਸੈਣੀ ਨਮਿਤ ਸ਼ਰਧਾਂਜਲੀ ਸਮਾਗਮ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਅਮਰ ਸ਼ਹੀਦ ਸ਼ੇਰੇ ਪੰਜਾਬ ਚੌਧਰੀ ਬਲਵੀਰ ਸਿੰਘ ਦਾ ਸ਼ਰਧਾਂਜਲੀ ਸਮਾਰੋਹ ਜੋ ਕਿ 10 ਮਈ ਨੂੰ ਸ਼ਿਮਲਾ ਪਹਾੜੀ ਚੌਕ ਨੇੜੇ ਗੰਗਾ ਸਕੂਲ, ਸੈਣੀ ਭਵਨ ਹੁਸ਼ਿਆਰਪੁਰ ਵਿਖੇ ਕਰਵਾਇਆ ਜਾਵੇਗਾ। ਇਸ ਦੇ ਸਬੰਧ ਵਿੱਚ



ਕੁਲਵੰਤ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਪਿੰਡ ਨੰਗਲ ਸ਼ਹੀਦਾਂ ਵਿਖੇ ਇੱਕ ਮੀਟਿੰਗ ਰੋਸ਼ਨ ਲਾਲ ਸੈਣੀ ਦੇ ਘਰ ਕੀਤੀ ਗਈ। ਜਿਸ ਵਿੱਚ ਪਿੰਡ ਨੰਗਲ ਸ਼ਹੀਦਾਂ ਦੇ ਪਤਵੰਤੇ ਸੱਜਣ ਪਹੁੰਚੇ ਅਤੇ ਚੌਧਰੀ ਸਾਹਿਬ ਬਾਰੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਮੀਟਿੰਗ ਦੌਰਾਨ ਚੌਧਰੀ ਸਾਹਿਬ ਦਾ ਸ਼ਰਧਾਂਜਲੀ ਸਮਾਗਮ ਵੱਡੇ ਪੱਧਰ ਤੇ ਮਨਾਉਣ ਲਈ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ ਅਤੇ ਸਮਾਗਮ ਨੂੰ ਵਧੀਆ ਢੰਗ ਨਾਲ ਨੇਪਰੇ ਚਾੜਨ ਲਈ ਸਮੂਹ ਮੈਂਬਰਾਂ ਨੇ ਸਹਿਯੋਗ ਦੇਣ ਦਾ ਪ੍ਰਣ ਲਿਆ। ਇਸ ਮੀਟਿੰਗ ਵਿੱਚ ਪ੍ਰੇਮ ਸੈਣੀ ਜਨਰਲ ਸਕੱਤਰ, ਜ਼ਿਲ੍ਹਾ ਪ੍ਰਧਾਨ ਕਿਰਪਾਲ ਸਿੰਘ ਪਾਲੀ, ਜ਼ਿਲ੍ਹਾ ਯੂਥ ਪ੍ਰਧਾਨ ਰੋਸ਼ਨ ਲਾਲ ਸੈਣੀ, ਹਰਵਿੰਦਰ ਸਿੰਘ ਸੈਣੀ, ਜਗਮੋਹਨ ਸਿੰਘ ਸੈਣੀ, ਮਲਕੀਤ ਸਿੰਘ ਸੈਣੀ, ਬਲਦੇਵ ਕ੍ਰਿਸ਼ਨ ਸੈਣੀ, ਅਜੀਤ ਸਿੰਘ ਸੈਣੀ, ਸਤਨਾਮ ਸਿੰਘ ਸੈਣੀ, ਅਵਤਾਰ ਸਿੰਘ ਸੈਣੀ, ਜਰਨੈਲ ਸਿੰਘ ਸੈਣੀ, ਨਰੇਂਦਰ ਸਿੰਘ ਸੈਣੀ, ਸੰਜੀਵ ਕੁਮਾਰ ਸੈਣੀ ਸ਼ਾਮਿਲ ਹੋਏ।

## ਮੇਜਰ ਅੰਜੂ ਬਾਲਾ ਸਿੰਘ ਨੇ ਐੱਸ ਸੀ ਮੋਰਚਾ ਦੇ ਕੌਮੀ ਪ੍ਰਧਾਨ ਤੇ ਮਹਾਂਮੰਤਰੀ ਨਾਲ ਕੀਤੀ ਮੁਲਾਕਾਤ

**ਮੋਰਿੰਡਾ (ਨਿਹਾਲ ਸਿੰਘ ਕਲਸੀ)-** ਭਾਰਤੀ ਜਨਤਾ ਪਾਰਟੀ ਦਫ਼ਤਰ ਵਿਖੇ ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਕੌਮੀ ਪ੍ਰਧਾਨ ਲਾਲ ਸਿੰਘ ਆਰਿਆ ਦੇ ਨਾਲ ਭਾਜਪਾ



ਪੰਜਾਬ ਦੇ ਸੰਗਠਨ ਮਹਾਂਮੰਤਰੀ ਮੰਤਰੀ ਸ੍ਰੀਨਿਵਾਸੁਲੂ ਦੀ ਹਾਜ਼ਰੀ ਵਿੱਚ ਮੇਜਰ ਅੰਜੂ ਬਾਲਾ ਸਿੰਘ ਨੇ ਵਿਸ਼ੇਸ਼ ਮੁਲਾਕਾਤ ਕਰਦਿਆਂ ਸੰਗਠਨਾਤਮਕ ਮਸਲਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਇਸ ਮਹੱਤਵਪੂਰਨ ਮੀਟਿੰਗ ਦੌਰਾਨ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਬੂਥ ਪੱਧਰ ਤੱਕ ਹੋਰ ਮਜ਼ਬੂਤ ਬਣਾਉਣ, ਅਨੁਸੂਚਿਤ ਜਾਤੀ ਵਰਗ ਵਿੱਚ ਪਾਰਟੀ ਦੀ ਪਹੁੰਚ ਵਧਾਉਣ ਅਤੇ ਆਉਣ ਵਾਲੀਆਂ ਰਾਜਨੀਤਿਕ ਤੇ ਸਮਾਜਿਕ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਉਣ ਸੰਬੰਧੀ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਸੰਗਠਨ ਦੀ ਮਜ਼ਬੂਤੀ, ਕਾਰਕੁਨਾਂ ਦੇ ਮਨੋਬਲ ਨੂੰ ਉੱਚਾ ਕਰਨ ਅਤੇ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਮੇਜਰ ਅੰਜੂ ਬਾਲਾ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਲਗਾਤਾਰ ਵਿਕਾਸ ਅਤੇ ਸਮਾਜਿਕ ਨਿਆਂ ਦੇ ਰਾਹ 'ਤੇ ਅੱਗੇ ਵੱਧ ਰਿਹਾ ਹੈ।

# ਕਿਸੇ ਦੀਆਂ ਅੱਖਾਂ 'ਚ ਰੌਸ਼ਨੀ ਵਾਪਸ ਲਿਆਉਣਾ ਸਭ ਤੋਂ ਵੱਡਾ ਪੁੰਨ : ਧਾਲੀਵਾਲ

**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)-** ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵੱਲੋਂ 'ਆਓ ਪੁੰਨ ਕਮਾਈਏ' ਮੁਹਿੰਮ ਤਹਿਤ ਇੱਕ ਹੋਰ ਲੋੜਵੰਦ ਬਜ਼ੁਰਗ



ਦੀ ਜ਼ਿੰਦਗੀ ਵਿੱਚ ਮੁੜ ਚਾਨਣ ਭਰਿਆ ਗਿਆ ਹੈ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਚਿੱਟੇ ਮੋਤੀਏ ਨਾਲ ਪੀੜਤ ਬਲਦੇਵ ਨਾਂ ਦੇ ਬਜ਼ੁਰਗ ਦੀ ਅੱਖ ਦਾ ਫ੍ਰੀ ਆਪ੍ਰੇਸ਼ਨ ਪ੍ਰਸਿੱਧ ਉਦਯੋਗਪਤੀ ਜਤਿੰਦਰ ਸਿੰਘ ਕੁੰਦੀ ਦੇ ਆਰਥਿਕ ਸਹਿਯੋਗ ਸਦਕਾ ਕਰਵਾਇਆ ਗਿਆ। ਮਰੀਜ਼ ਦਾ ਸਫਲ ਓਪਰੇਸ਼ਨ ਅੱਖਾਂ ਦੇ ਮਾਹਿਰ ਡਾ. ਤੁਸ਼ਾਰ ਅਗਰਵਾਲ ਵਲੋਂ ਕੀਤਾ ਗਿਆ। ਇਸ ਸਬੰਧੀ ਹਸਪਤਾਲ ਵਿੱਚ ਆਯੋਜਿਤ ਸੰਖੇਪ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਬਲਵਿੰਦਰ ਸਿੰਘ ਧਾਲੀਵਾਲ ਹਲਕਾ ਵਿਧਾਇਕ ਨੇ ਸ਼ਿਰਕਤ ਕੀਤੀ, ਜਦ ਕਿ ਵਿਸ਼ੇਸ਼ ਮਹਿਮਾਨਾਂ ਵਜੋਂ ਬੰਟੀ ਵਾਲੀਆ ਕੌਂਸਲਰ, ਉਦਯੋਗਪਤੀ ਜਤਿੰਦਰ ਸਿੰਘ ਕੁੰਦੀ, ਪਦਮ ਲਾਲ, ਮਦਨ ਲਾਲ ਕੋਰੋਟਾਨੀਆ ਸ਼ਾਮਲ ਹੋਏ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਕੌਂਸਲਰ ਬੰਟੀ ਵਾਲੀਆ ਨੇ ਕਿਹਾ ਕਿ ਸਰਬ ਨੌਜਵਾਨ ਸਭਾ ਸਿਰਫ਼ ਸੇਵਾ ਨਹੀਂ ਕਰ ਰਹੀ, ਸਗੋਂ ਟੁੱਟਦੀਆਂ ਉਮੀਦਾਂ ਨੂੰ ਮੁੜ ਜੋੜ ਰਹੀ ਹੈ। ਡਾ. ਤੁਸ਼ਾਰ ਅਗਰਵਾਲ ਨੇ ਹਾਜ਼ਰੀਨ ਨੂੰ ਅੱਖਾਂ ਦੀ ਸੰਭਾਲ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਡਾ. ਤੁਸ਼ਾਰ ਅਗਰਵਾਲ ਨੇ ਲੋਕਾਂ ਨੂੰ ਅੱਖਾਂ ਦੀ ਸੰਭਾਲ ਲਈ ਜਾਗਰੂਕ ਕਰਦਿਆਂ ਕਿਹਾ ਕਿ ਅੱਖਾਂ ਸਾਡੀ ਜ਼ਿੰਦਗੀ ਦਾ ਚਾਨਣ ਹਨ। ਜੇ ਸਮੇਂ ਸਿਰ ਇਲਾਜ ਹੋ ਜਾਵੇ ਤਾਂ ਅੰਧਕਾਰ ਤੋਂ ਬਚਿਆ ਜਾ ਸਕਦਾ ਹੈ। ਹਰ ਵਿਅਕਤੀ ਨੂੰ ਨਿਯਮਿਤ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ। ਅਖੀਰ ਵਿੱਚ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਸਮੂਹ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਜਿੱਥੇ ਵੀ ਮਦਦ ਦੀ ਲੋੜ ਹੋਵੇਗੀ, ਸਰਬ ਨੌਜਵਾਨ ਸਭਾ ਹਮੇਸ਼ਾ ਅੱਗੇ ਰਹੇਗੀ। ਸਭਾ ਵਲੋਂ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਡਾ. ਵਿਜੇ ਕੁਮਾਰ,ਪਟਵਾਰੀ ਬਲਬੀਰ ਕੁਮਾਰ, ਲੈਕਚਰਾਰ ਹਰਜਿੰਦਰ ਗੋਗਨਾ, ਰਵਿੰਦਰ ਸਿੰਘ ਰਾਏ, ਪਰਮਜੀਤ ਰਾਏ, ਜਗਜੀਤ ਸੇਠ, ਸੁਸ਼ੀਲ ਸ਼ਰਮਾ, ਨਰਿੰਦਰ ਸਿੰਘ ਸੈਣੀ, ਕੁਲਦੀਪ ਸਿੰਘ ਜਸਵਾਲ, ਰਘਵੀਰ ਕੌਰ ਹਲਕਾ ਕੋਆਰਡੀਨੇਟਰ, ਗੁਰਦੀਪ ਸਿੰਘ ਤੁੱਲੀ, ਅਮਰਿੰਦਰ ਸਿੰਘ ਪੀਏ ਵਿਧਾਇਕ, ਵਿਨੋਦ ਭਾਸਕਰ, ਅਮਰਜੀਤ ਗਾਂਧੀ, ਗੁਲਸ਼ਨ ਕਪੂਰ, ਰਮਨ ਨੇਹਰਾ ਤੇ ਜੀਤ ਰਾਮ ਆਦਿ ਵੀ ਮੌਜੂਦ ਸਨ।

# ਪ੍ਰੀ-ਪੇਡ ਬਿਜਲੀ ਮੀਟਰਾਂ ਨੇ ਆਮ ਜਨਤਾ ਦੀਆਂ ਮੁਸ਼ਕਲਾਂ ਵਧਾਈਆਂ


**ਡੇਰਾਬੱਸੀ (ਵਿਨੈ ਕੁਮਾਰ ਜੈਨ)-** ਪੰਜਾਬ ਪਾਵਰ ਕਾਰਪੋਰੇਸ਼ਨ ਲਿਮਿਟਡ (ਪਾਵਰਕੌਮ) ਵੱਲੋਂ ਸਰਕਾਰੀ ਦਫ਼ਤਰਾਂ ਵਿੱਚ ਲਗਾਏ ਜਾ ਰਹੇ ਪ੍ਰੀ-ਪੇਡ ਬਿਜਲੀ ਮੀਟਰਾਂ ਨੇ ਆਮ



ਜਨਤਾ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਅਗਾਊਂ ਤਿਆਰੀਆਂ ਦੀ ਘਾਟ ਕਾਰਨ ਡੇਰਾਬੱਸੀ ਦੇ ਸੁਵਿਧਾ ਕੇਂਦਰ ਅਤੇ ਅਦਾਲਤੀ ਕੰਪਲੈਕਸ ਦੀ ਬਿਜਲੀ ਸਪਲਾਈ ਗੁੱਲ ਹੋਣ ਕਾਰਨ ਸਰਕਾਰੀ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਇਸ ਕਾਰਨ ਸੈਂਕੜੇ ਲੋਕਾਂ ਨੂੰ ਬਿਨਾਂ ਕੰਮ ਕਰਵਾਏ ਖ਼ੁਆਰ ਹੋ ਕੇ ਵਾਪਸ ਪਰਤਣਾ ਪਿਆ। ?ਡੇਰਾਬੱਸੀ ਅਦਾਲਤੀ ਕੰਪਲੈਕਸ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਬਿਜਲੀ ਸਪਲਾਈ ਬੰਦ ਹੈ। ਕੰਪਿਊਟਰ ਅਤੇ ਹੋਰ ਬਿਜਲੀ ਉਪਕਰਨ ਠੱਪ ਹੋਣ ਕਾਰਨ ਗਵਾਹੀਆਂ ਅਤੇ ਕਾਨੂੰਨੀ ਪ੍ਰਕਿਰਿਆਵਾਂ ਅੱਧਵਾਟੇ ਲਟਕ ਗਈਆਂ ਹਨ।ਬਾਰ ਐਸੋਸੀਏਸ਼ਨ ਦੇ ਪ੍ਰਧਾਨ ਬਿਕਰਮਜੀਤ ਸਿੰਘ ਦੱਪਰ ਨੇ ਦੱਸਿਆ ਕਿ ਭਿਆਨਕ ਗਰਮੀ ਵਿੱਚ ਪੱਖੇ ਬੰਦ ਰਹਿਣ ਕਾਰਨ ਜੱਜਾਂ, ਵਕੀਲਾਂ ਅਤੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਹੋਈ। ਕੰਪਲੈਕਸ ਵਿੱਚ ਜਨਰੇਟਰ ਦੀ ਸਹੂਲਤ ਨਾ ਹੋਣ ਕਾਰਨ ਸਥਿਤੀ ਹੋਰ ਵੀ ਗੰਭੀਰ ਬਣੀ ਹੋਈ ਹੈ।ਸੁਵਿਧਾ ਕੇਂਦਰ ਵਿੱਚ ਵੀ ਬਿਜਲੀ ਨਾ ਹੋਣ ਕਾਰਨ ਸਵੇਰ ਤੋਂ ਹੀ ਹਾਹਾਕਾਰ ਮਚੀ ਰਹੀ। ਪ੍ਰਬੰਧਕਾਂ ਅਨੁਸਾਰ ਪਾਵਰਕੌਮ ਨੇ ਮੀਟਰ ਨੂੰ ਪ੍ਰੀ-ਪੇਡ ਮੋਡ 'ਤੇ ਪਾਉਣ ਬਾਰੇ ਕੋਈ ਅਗਾਊਂ ਸੂਚਨਾ ਨਹੀਂ ਦਿੱਤੀ ਸੀ।ਜਦੋਂ ਬਦਲਵੇਂ ਪ੍ਰਬੰਧ ਵਜੋਂ ਜਨਰੇਟਰ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਪਤਾ ਲੱਗਾ ਕਿ ਚੋਰਾਂ ਨੇ ਜਨਰੇਟਰ ਦੀਆਂ ਤਾਰਾਂ ਪਹਿਲਾਂ ਹੀ ਚੋਰੀ ਕਰ ਲਈਆਂ ਸਨ, ਜਿਸ ਸਬੰਧੀ ਪੁਲਿਸ ਕੋਲ ਡੀ ਡੀ ਆਰ ਵੀ ਦਰਜ ਹੈ।ਸੁਵਿਧਾ ਕੇਂਦਰ ਵਿੱਚ ਰੋਜ਼ਾਨਾ 150 ਤੋਂ 200 ਲੋਕ ਆਪਣੇ ਕੰਮਾਂ ਲਈ ਆਉਂਦੇ ਹਨ। ਕੰਮ ਨਾ ਹੋਣ ਕਾਰਨ ਗੁੱਸੇ ਵਿੱਚ ਆਏ ਲੋਕਾਂ ਨੇ ਪ੍ਰਸ਼ਾਸਨ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਮੀਟਰ ਰੀਚਾਰਜ ਹੋਣ ਅਤੇ ਜਨਰੇਟਰ ਦੀਆਂ ਤਾਰਾਂ ਠੀਕ ਹੋਣ ਤੋਂ ਬਾਅਦ ਇੱਥੇ ਸਪਲਾਈ ਬਹਾਲ ਹੋਈ, ਪਰ ਅਦਾਲਤੀ ਕੰਪਲੈਕਸ ਵਿੱਚ ਖ਼ਬਰ ਲਿਖੇ ਜਾਣ ਤੱਕ ਬਿਜਲੀ ਬੰਦ ਸੀ।ਪਾਵਰਕੌਮ ਦੇ ਐੱਸ ਡੀ ਓ ਗੁਰਜਿੰਦਰ ਸਿੰਘ ਨੇ ਦੱਸਿਆ ਕਿ ਸਾਰੇ ਸਰਕਾਰੀ ਵਿਭਾਗਾਂ ਵਿੱਚ ਪ੍ਰੀ-ਪੇਡ ਮੀਟਰ ਪਹਿਲਾਂ ਹੀ ਲਗਾਏ ਜਾ ਚੁੱਕੇ ਹਨ।ਇਨ੍ਹਾਂ ਨੂੰ ਪ੍ਰੀ-ਪੇਡ ਮੋਡ 'ਤੇ ਲਿਆਉਣ ਲਈ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਸਨ।

## ਖ਼ੂਨਦਾਨ ਕੈਂਪ ਲਗਾਇਆ

**ਨਵਾਂਸ਼ਹਿਰ (ਮਨੋਜ ਲਾਡੀ)** ਜ਼ਿਲ੍ਹਾ ਰੈੱਡ ਕਰਾਸ ਦੀ ਅਗਵਾਈ ਵਿੱਚ ਸਥਾਨਕ ਬੀ ਡੀ ਸੀ ਬਲੱਡ ਸੈਂਟਰ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ 18 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਪ੍ਰਧਾਨ ਐਸ ਕੇ ਸਰੀਨ ਨੇ ਕਿਹਾ ਕਿ ਵਿਸ਼ਵ ਰੈੱਡ ਕਰਾਸ ਦੇ ਬਾਨੀ ਹੈਨਰੀ ਡੁਨੈਂਟ ਦੇ ਜਨਮ ਦਿਨ ਨੂੰ ਸਮਰਪਿਤ ਇਹ ਦਿਨ ਸਾਨੂੰ ਮਨੁੱਖਤਾ ਦੀ ਸੇਵਾ




ਲਈ ਸਦਾ ਪ੍ਰੇਰਿਤ ਕਰਦਾ ਰਹਿੰਦਾ ਹੈ। ਜੇ ਐਸ ਗਿੱਦਾ ਨੇ ਕਿਹਾ ਕਿ ਇਸ ਸਾਲ ਵਿਸ਼ਵ ਰੈੱਡ ਕਰਾਸ ਦਿਵਸ ਦਾ ਥੀਮ ਮਨੁੱਖਤਾ ਨੂੰ ਜਿੰਦਾ ਰੱਖੋ ਰੱਖਿਆ ਗਿਆ ਹੈ। ਡਾ. ਅਜੇ ਬੱਗਾ ਨੇ ਕਿਹਾ ਕਿ ਵਿਸ਼ਵ ਰੈੱਡ ਕਰਾਸ ਦਿਵਸ ਤੇ ਖ਼ੂਨਦਾਨ ਸੇਵਾ ਦੀ ਇਹ ਮਹਾਨਤਾ ਹੈ ਕਿ ਇਹ ਸੇਵਾ ਬਰਾਬਰਤਾ ਤੇ ਫ਼ਿਰਕੂ ਸਦਭਾਵਨਾ ਦਾ ਪ੍ਰਤੀਕ ਬਣਦੀ ਹੈ। ਖ਼ੂਨਦਾਨ ਕੈਂਪ ਦੇ ਆਰੰਭ ਵਿੱਚ ਬਲਰਾਜ ਰਾਏ ਤੇ ਪ੍ਰਿੰਸ ਗੁਜਰਪੁਰ ਨੇ ਖ਼ੂਨਦਾਨ ਕੀਤਾ ਜਿਹਨਾਂ ਨੂੰ ਵਿੱਤ ਸਕੱਤਰ ਪ੍ਰਵੇਸ਼ ਕੁਮਾਰ ਵਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮੈਨੇਜਰ ਮਨਮੀਤ ਸਿੰਘ, ਨਰਿੰਦਰਪਾਲ ਤੂਰ, ਮਲਕੀਅਤ ਸਿੰਘ, ਮੁਕੇਸ਼ ਕਾਹਮਾ,ਅਨੀਤਾ ਕੁਮਾਰੀ, ਪ੍ਰਿਅੰਕਾ ਕੌਸ਼ਿਕ, ਜਸਕਰਨ ਸਿੰਘ, ਜਸਪ੍ਰੀਤ ਕੌਰ, ਨੇਹਾ ਕੌਸ਼ਲ ਤੇ ਸੁਮੀਤ ਗਿੱਲ ਹੁਸ਼ਿਆਰਪੁਰ ਹਾਜ਼ਰ ਸਨ।

# ਇੰਟਰਨੈਸ਼ਨਲ ਨਰਸਿੰਗ ਦਿਵਸ ਮਨਾਇਆ

**ਬੰਗਾ (ਅਵਤਾਰ ਕਲੇਰ)-** ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਨਰਸਿੰਗ ਦੀ ਜਨਮਦਾਤੀ ਮਿਸ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਨੂੰ ਸਮਰਪਿਤ ਇੰਟਰਨੈਸ਼ਨਲ ਨਰਸਿੰਗ ਦਿਵਸ



ਮਨਾਇਆ ਗਿਆ। ਮੁੱਖ ਮਹਿਮਾਨ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਨਰਸਿੰਗ ਵਿਦਿਆਰਥੀਆਂ ਅਤੇ ਨਰਸਾਂ ਨੂੰ ਸੰਬੋਧਨ ਕਰਦੇ ਹੋਏ ਇੰਟਰਨੈਸ਼ਨਲ ਨਰਸਿੰਗ ਦਿਵਸ ਦੀ ਵਧਾਈਆਂ ਦਿੱਤੀਆਂ ਅਤੇ ਉਹਨਾਂ ਦੇ ਸੁਨਹਿਰੀ ਭਵਿੱਖ ਲਈ ਅਰਦਾਸ ਕੀਤੀ। ਉਹਨਾਂ ਕਿਹਾ ਕਿ ਮਰੀਜ਼ਾਂ ਦੇ ਇਲਾਜ ਵਿਚ ਨਰਸਾਂ ਸਭ ਤੋਂ ਅਹਿਮ ਯੋਗਦਾਨ ਪਾਉਂਦੀਆਂ ਹਨ। ਉਹਨਾਂ ਨੇ ਆਪਣੇ ਕਰ ਕਮਲਾਂ ਨਾਲ ਇੰਟਰਨੈਸ਼ਨਲ ਨਰਸਿੰਗ ਦਿਵਸ ਨੂੰ ਸਮਰਪਿਤ ਸਾਲ 2026 ਦੇ ਥੀਮ 'ਸਾਡੀਆਂ ਨਰਸਾਂ ਸਾਡਾ ਭਵਿੱਖ' ਨੂੰ ਸਮਰਪਿਤ ਹਫਤਾ ਭਰ ਚੱਲਣ ਵਾਲੇ ਸਮਾਗਮਾਂ ਦਾ ਉਦਘਾਟਨ ਵੀ ਕੀਤਾ। ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਦੱਸਿਆ ਕਿ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਸਾਲ 1974 ਤੋਂ ਹੀ ਹੋਈ ਸੀ, ਜੋ ਨਰਸ ਮਿਸ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਨੂੰ ਸਮਰਪਿਤ ਹੁੰਦਾ ਹੈ। ਉਸ ਨੂੰ ਲੇਡੀ ਵਿਦ ਦਾ ਲੈਂਪ ਵੀ ਕਿਹਾ ਜਾਂਦਾ ਸੀ, ਕਿਉਂਕਿ ਉਹ ਜ਼ਖ਼ਮੀ ਸਿਪਾਹੀਆਂ ਦੀ ਦੇਖਭਾਲ ਲਈ ਰਾਤ ਨੂੰ ਘੁੰਮਦੀ ਸੀ । ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਪੇਸ਼ਕਾਰੀਆਂ ਕਰਦੇ ਹੋਏ ਹਫਤਾਭਰ ਹੋਣ ਵਾਲੇ ਵੱਖ-ਵੱਖ ਸਮਾਗਮਾਂ, ਮੁਕਾਬਿਲਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ । ਇਸ ਮੌਕੇ ਸਟੇਜ ਸੰਚਾਲਨਾ ਦੀ ਜ਼ਿੰਮੇਵਾਰੀ ਗੁਰਦੀਪ ਕੌਰ ਨਰਸਿੰਗ ਟਿਊਟਰ ਨੇ ਬਾਖੂਬੀ ਨਿਭਾਈ।ਇਸ ਸਮਾਗਮ ਵਿਚ ਜਗਜੀਤ ਸਿੰਘ, ਹੁਨਰਦੀਪ ਸਿੰਘ ਬਰਾੜ, ਮਹਿੰਦਰਪਾਲ ਸਿੰਘ, ਦਵਿੰਦਰ ਕੌਰ, ਸੁਖਮਿੰਦਰ ਕੌਰ ਉਬੀ, ਮਨਿੰਦਰ ਕੌਰ, ਸਰਬਜੀਤ ਕੌਰ, ਰਾਬੀਆ ਹਾਟਾ, ਨੇਹਾ ਰਾਣੀ, ਸੰਦੀਪ ਸੂਦਨ, ਰੀਤੂ, ਮੁਹੰਮਦ ਯੂਨਸ ਵਾਨੀ, ਆਕਿਬ ਜਾਵੇਦ, ਕਾਲਜ ਅਧਿਆਪਕ ਅਤੇ ਨਰਸਿੰਗ ਵਿਦਿਆਰਥੀ ਹਾਜ਼ਰ ਸਨ।

## ਨੋਟੀਫਾਈਡ ਏਰੀਆ 'ਚ ਮਨਜ਼ੂਰੀ ਤੋਂ ਬਿਨਾਂ ਟਿਊਬਵੈਲ ਤੇ ਸਬਮਰਸੀਬਲ ਪੰਪ ਲਗਾਉਣ 'ਤੇ ਪਾਬੰਦੀ

**ਨਵਾਂਸ਼ਹਿਰ (ਮਨੋਜ ਲਾਡੀ)-** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਔਲਖ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਨੋਟੀਫਾਈਡ ਏਰੀਆ (ਬਲਾਕ ਔੜ ਅਤੇ ਬੰਗਾ) ਵਿੱਚ ਐਨ.ਓ.ਸੀ. ਤੋਂ ਬਿਨਾਂ ਟਿਊਬਵੈਲ/ ਸਬਮਰਸੀਬਲ ਪੰਪ ਲਗਾਉਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਜਾਰੀ ਹੁਕਮਾਂ ਵਿੱਚ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਹੈ ਕਿ ਜੇਕਰ ਕਿਸੇ ਨੇ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਪ੍ਰਵਾਨਿਤ ਕੰਮਾਂ ਵਿੱਚੋਂ ਟਿਊਬਵੈਲ/ਸਬਮਰਸੀਬਲ ਲਗਾਉਣਾ ਹੈ, ਤਾਂ ਉਹ ਐੱਨ ਓ ਸੀ ਲਈ ਉਨਾਂ ਦੇ ਦਫ਼ਤਰ ਵਿਚ ਅਪਲਾਈ ਕਰਕੇ ਮਨਜ਼ੂਰੀ ਪ੍ਰਾਪਤ ਕਰੇਗਾ। ਅਣ-ਅਧਿਕਾਰਤ ਟਿਊਬਵੈਲ/ ਸਬਮਰਸੀਬਲ ਦੀ ਜਾਂਚ ਕਰਨ ਲਈ ਪਿੰਡਾਂ ਵਿਚ ਸੰਬੰਧਤ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਤੇ ਸ਼ਹਿਰਾਂ ਵਿਚ ਸਬੰਧਤ ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ ਦੀ ਜ਼ਿੰਮੇਵਾਰੀ ਨਿਰਧਾਰਤ ਕੀਤੀ ਗਈ ਹੈ। ਇਹ ਹੁਕਮ ਲਾਗੂ ਕਰਵਾਉਣ ਲਈ ਸੀਨੀਅਰ ਪੁਲਿਸ ਕਪਤਾਨ ਸ਼ਹੀਦ ਭਗਤ ਸਿੰਘ ਨਗਰ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਔੜ/ਬੰਗਾ ਅਤੇ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਬੰਗਾ ਜ਼ਿੰਮੇਵਾਰ ਹੋਣਗੇ। ਇਹ ਹੁਕਮ 4 ਜੁਲਾਈ 2026 ਤੱਕ ਲਾਗੂ ਰਹੇਗਾ।

# ਬੇਲੋੜੀਆਂ ਡਿਊਟੀਆਂ ਕਾਰਨ ਅਧਿਆਪਕ ਮਾਨਸਿਕ ਤੌਰ 'ਤੇ ਪ੍ਰੇਸ਼ਾਨ : ਜੀ ਟੀ ਯੂ



**ਹੁਸ਼ਿਆਰਪੁਰਡ (ਬਲਵੀਰ ਸਿੰਘ ਸੈਣੀ)-** ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਅਤੇ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅਧਿਆਪਕਾਂ ਦੀਆਂ ਜਨਗਣਨਾ ਅਤੇ ਡਰੱਗ ਜਨਗਣਨਾ ਵਿੱਚ ਬੇਲੋੜੀਆਂ ਡਿਊਟੀਆਂ ਲਗਾਈਆਂ ਹਨ, ਜਿਸ ਨਾਲ ਲਗਭਗ ਸਾਰੇ ਸਕੂਲ ਖਾਲੀ ਹੋ ਗਏ ਹਨ, ਜਿਸ ਨਾਲ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਬੇਲੋੜੀਆਂ ਡਿਊਟੀਆਂ ਦੇ ਬੋਝ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰ ਨੇ ਡਿਊਟੀ ਲਗਾਉਣ ਦਾ ਕੋਈ ਵੀ ਮਾਪਦੰਡ ਸਹੀ ਨਹੀਂ ਰੱਖਿਆ ਹੈ, ਪਤੀ ਪਤਨੀ ਦੋਨਾਂ ਦੀ ਡਿਊਟੀ ਲਗਾਈ ਗਈ ਹੈ, ਕੁੱਝ ਅਧਿਆਪਕਾਂ ਦੀ ਡਬਲ ਡਿਊਟੀ ਲਗਾਈ ਗਈ ਹੈ, ਜੋ ਕਿ ਸਰਾਸਰ ਧੱਕਾ ਹੈ। ਉਹਨਾ ਮੰਗ ਕੀਤੀ ਕਿ ਕਪਲ ਕੇਸ ਨੂੰ ਡਿਊਟੀ ਤੋਂ ਛੋਟ ਦਿੱਤੀ ਜਾਏ ਅਤੇ ਡਬਲ ਡਿਊਟੀ ਨੂੰ ਕੱਟਿਆ ਜਾਵੇ। ਉਹਨਾਂ ਕਿਹਾ ਕਿ ਡਿਊਟੀਆਂ ਨੂੰ ਤਰਕ ਸੰਗਤ ਕੀਤਾ ਜਾਵੇ ਅਤੇ ਹੋਰ ਮਹਿਕਮਿਆਂ ਵਿਚੋਂ ਵੀ ਮੁਲਾਜ਼ਮ ਲਏ ਜਾਣ। ਉਹਨਾਂ ਕਿਹਾ ਡਰੱਗ ਸਰਵੇ ਸਰਕਾਰ ਕਿਸੇ ਏਜੰਸੀ ਕੋਲੋਂ ਕਰਵਾਏ ਨਾ ਕਿ ਅਧਿਆਪਕਾਂ ਕੋਲੋਂ।ਇਸ ਮੌਕੇ ਅਮਰ ਸਿੰਘ, ਰਜਤ ਮਹਾਜਨ, ਵਰਿੰਦਰ ਵਿੱਕੀ, ਸਤੀਸ਼ ਕੁਮਾਰ, ਪ੍ਰਿੰਸ ਗੜ੍ਹਦੀਵਾਲ, ਵਿਕਾਸ ਸ਼ਰਮਾ, ਦਵਿੰਦਰ ਹੁਸ਼ਿਆਰਪੁਰ, ਸੰਜੀਵ ਧੂਤ, ਸਚਿਨ ਕੁਮਾਰ, ਸਰਬਜੀਤ ਸਿੰਘ, ਨਰਿੰਦਰ ਅਜਨੋਹਾ, ਬਲਵਿੰਦਰ ਟਾਕ, ਪਰਸ ਰਾਮ, ਰਾਜਿੰਦਰ ਟੱਪਾ, ਗੁਰਚਰਨ ਸਿੰਘ ਅਤੇ ਹੋਰ ਅਧਿਆਪਕ ਆਗੂ ਹਾਜ਼ਰ ਸਨ।

## ਅਪ੍ਰੇਸ਼ਨ ਸਿੰਧੂਰ ਦੀ ਵਰ੍ਹੇਗੰਢ ਮਨਾਈ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)-** ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਪਾਕਿਸਤਾਨ ਦੇ ਅੱਤਵਾਦੀਆਂ ਵੱਲੋਂ 22 ਅਪ੍ਰੈਲ 2025 ਨੂੰ ਗੈਰ ਮੁਸਲਿਮ 26 ਹਿੰਦੂਆਂ ਨੂੰ ਸ਼ਹੀਦ ਕਰ ਦੇਣ ਦੇ ਰੋਸ ਵਜੋਂ ਪਾਕਿਸਤਾਨ ਉੱਤੇ ਹਮਲਾ ਕਰਕੇ ਜਿੱਤ ਹਾਸਲ ਕਰਨ ਵਾਲੀ ਭਾਰਤੀ ਫੌਜ ਦੀ ਆਪ੍ਰੇਸ਼ਨ ਸਿੰਦੂਰ ਦੀ ਵਰੇਗੰਢ ਮਨਾਉਣ ਅਤੇ ਭਾਰਤੀ ਫੌਜ ਦੀ ਚੜ੍ਹਦੀ ਕਲਾ ਸਬੰਧੀ ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਇੱਕ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਪ੍ਰਾਥਨਾ ਸਭਾ ਚ ਸ਼ਾਮਿਲ ਸ਼ਿਵ ਸੈਨਾ ਦੋਆਬਾ ਪ੍ਰਧਾਨ ਸ਼ਿਵਮ ਵੈਦ, ਜ਼ਿਲ੍ਹਾ ਚੇਅਰਮੈਨ ਵਿਕਾਸ ਜਸਰਾ, ਸਨਾਤਨ ਧਰਮ



ਸਭਾ ਕਲੋਆ ਪ੍ਰਧਾਨ ਅਕਾਸ਼ ਰਾਣਾ, ਯੁਵਾ ਨੇਤਾ ਹਰਜੀਤ ਸਿੰਘ ਬਘੇਲ, ਵੇਟ ਏਰੀਆ ਪ੍ਰਧਾਨ ਤੇ ਜਲੰਧਰ ਯੂਥ ਇੰਚਾਰਜ ਗਗਨ ਪਰੋਜ, ਹਿੰਦੂ ਨੇਤਾ ਗਿੰਦਾ ਪਰੋਜ, ਯੁਵਾ ਨੇਤਾ ਜਿੰਦਰ ਬਨਿਆਲ, ਹਿੰਦੂ ਨੇਤਾ ਸ਼ੁਭਮ ਮਲਹੋਤਰਾ, ਯੁਵਾ ਨੇਤਾ ਯੋਵਨ ਅਤੇ ਹੋਰ ਸ਼ਿਵ ਸੈਨਾ ਵਰਕਰਾਂ ਨੇ ਪਹਿਲਗਾਮ ਚ ਹੋਏ ਸ਼ਹੀਦਾਂ ਦੀ ਆਤਮਿਕ ਸ਼ਾਂਤੀ ਅਤੇ ਅਪ੍ਰੇਸ਼ਨ ਸਿੰਦੂਰ ਵਿੱਚ ਜਿੱਤ ਹਾਸਿਲ ਕਰਨ ਵਾਲੀ ਭਾਰਤੀ ਫੌਜ ਦੀ ਚੜ੍ਹਦੀ ਕਲਾ ਲਈ ਪਰਮ ਪਿਤਾ ਪਰਮੇਸ਼ਵਰ ਅੱਗੇ ਪ੍ਰਾਥਨਾ ਕੀਤੀ।

## ਮਾਨ ਸਰਕਾਰ ਨੇ ਡਿਜੀਟਲ ਈ-ਸੈਂਕਸ਼ਨ ਮਡਿਊਲ ਕੀਤਾ ਲਾਂਚ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਭਗਵੰਤ ਮਾਨ ਸਰਕਾਰ ਨੇ ਯੂਨੀਫਾਈਡ ਸੈਂਕਸ਼ਨ ਮੈਨੇਜਮੈਂਟ ਸਿਸਟਮ (ਯੂ.ਐਸ.ਐਮ.ਐਸ) ਦੀ ਸ਼ੁਰੂਆਤ ਕਰਕੇ ਵਿੱਤੀ ਸ਼ਾਸਨ ਵਿੱਚ ਇੱਕ ਵੱਡਾ



ਮੀਲ ਪੱਥਰ ਕਾਇਮ ਕੀਤਾ। ਦਸਤੀ ਮਨਜ਼ੂਰੀਆਂ ਦੀ ਪ੍ਰਕਿਰਿਆ ਨੂੰ ਡਿਜੀਟਾਈਜ਼ ਕਰਨ ਅਤੇ ਇਸ ਨੂੰ ਸੂਬੇ ਦੀਆਂ ਭੁਗਤਾਨ ਪ੍ਰਣਾਲੀਆਂ ਨਾਲ ਨਿਰਵਿਘਨ ਜੋੜਨ ਲਈ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਸ ਈ-ਸੈਂਕਸ਼ਨ ਮੋਡਿਊਲ ਦਾ ਰਸਮੀ ਉਦਘਾਟਨ ਕੀਤਾ।ਇਹ ਰਣਨੀਤਕ ਸ਼ੁਰੂਆਤ ਨਾ ਸਿਰਫ਼ ਪੁਰਾਣੀਆਂ ਦਸਤੀ ਪ੍ਰਕਿਰਿਆਵਾਂ ਨੂੰ ਸਿਰੇ ਤੋਂ ਸਿਰੇ ਤੱਕ ਡਿਜੀਟਲ ਕੰਮਕਾਜ ਨਾਲ ਬਦਲਦੀ ਹੈ, ਸਗੋਂ ਕੇਂਦਰੀ ਦਿਸ਼ਾ-ਨਿਰਦੇਸ਼ਾਂ ਦੇ ਵੀ ਅਨੁਕੂਲ ਹੈ, ਜਿਸ ਨਾਲ ਸੂਬੇ ਲਈ ਵੱਡੇ ਵਿੱਤੀ ਪ੍ਰੋਤਸਾਹਨ ਦੇ ਮੌਕੇ ਪੈਦਾ ਹੋਣਗੇ।

## ਬਾਬਾ ਜੀ ਦੀ ਬਰਸੀ ਸ਼ਬਦ ਗਾਇਨ ਕਰਕੇ ਮਨਾਈ



**ਕਰਤਾਰਪੁਰ (ਹਰਮੇਸ਼ ਦੱਤ)-** ਸੰਤ ਬਾਬਾ ਨਿਧਾਨ ਸਿੰਘ ਦੀ 106ਵੀਂ ਬਰਸੀ ਸ਼ਰਧਾ ਨਾਲ ਮਨਾਈ ਗਈ। ਇਸ ਦੌਰਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ, ਕਰਤਾਰਪੁਰ ਦੇ ਵਿਦਿਆਰਥੀ ਮਨਜਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸ਼ਬਦ ਗਾਇਨ ਕੀਤੇ। ਇਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਬੀਬੀ ਭਜਨ ਕੌਰ, ਸਕੂਲ ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ, ਪ੍ਰਿੰਸੀਪਲ ਕੰਵਲਜੀਤ ਕੌਰ ਅਤੇ ਸਟਾਫ਼ ਮੈਂਬਰ, ਸੰਗਤ ਅਤੇ ਸਕੂਲ ਦੇ ਵਿਦਿਆਰਥੀ ਵੀ ਮੌਜੂਦ ਸਨ।

# ਰਾਜਾ ਨੇ ਸੁਣੀਆਂ ਦੁਕਾਨਦਾਰਾਂ ਦੀਆਂ ਸਮੱਸਿਆਵਾਂ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)-** ਟਾਂਡਾ ਸ਼ਹਿਰ ਦੇ ਦੁਕਾਨਦਾਰਾਂ ਨੂੰ ਕੋਈ ਵੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਤੇ ਜੇਕਰ ਦੁਕਾਨਦਾਰ ਭਰਾਵਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਪੇਸ਼ ਆਉਂਦੀ ਹੈ ਤਾਂ ਤੁਰੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਨੇ ਸ਼ਹਿਰ ਦੀ ਰਾਮਲੀਲ੍ਹਾ ਗਰਾਊਂਡ ਨੇੜੇ ਟਾਂਡਾ ਸ਼ਹਿਰ ਦੇ ਵਪਾਰੀਆਂ ਤੇ ਦੁਕਾਨਦਾਰਾਂ ਨਾਲ




ਕੀਤੀ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਗੱਲਬਾਤ ਕਰਦਿਆਂ ਕੀਤਾ । ਇਸ ਮੌਕੇ ਉਨ੍ਹਾਂ ਨਾਲ ਐਸ ਡੀ ਐਮ ਟਾਂਡਾ ਲਵਪ੍ਰੀਤ ਸਿੰਘ ਔਲਖ, ਡੀ ਐਸ ਪੀ ਟਾਂਡਾ ਸੁਖਪਾਲ ਸਿੰਘ, ਐਸ ਐਚ ਓ ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ, ਕਾਰਜ ਸਾਧਕ ਅਫਸਰ ਟਾਂਡਾ ਰਾਮ ਪ੍ਰਕਾਸ਼ , ਐਸਡੀਓ ਬਿਜਲੀ ਬੋਰਡ ਟਾਂਡਾ ਤੇ ਆਪ ਆਗੂ ਹਰਮੀਤ ਸਿੰਘ ਔਲਖ ਵੀ ਹਾਜ਼ਰ ਸਨ । ਇਸ ਮੌਕੇ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਪੇਸ਼ ਸਮੱਸਿਆਵਾਂ ਸੁਣਨ ਤੋਂ ਬਾਅਦ ਵਿਧਾਇਕ ਰਾਜਾ ਗਿੱਲ ਨੇ ਜ਼ਿਆਦਾਤਰ ਸਮੱਸਿਆਵਾਂ ਦਾ ਮੌਕੇ 'ਤੇ ਸਮਾਧਾਨ ਕਰ ਦਿੱਤਾ ਜਦਕਿ ਮੁੱਖ ਸਮੱਸਿਆਵਾਂ ਸ਼ਹਿਰ ਵਿੱਚ ਟ੍ਰੈਫਿਕ ਜਾਮ ਸਬੰਧੀ ਉਨ੍ਹਾਂ ਐਸ ਡੀ ਐਮ ਟਾਂਡਾ ਲਵਪ੍ਰੀਤ ਸਿੰਘ ਔਲਖ ਤੇ ਡੀ ਐਸ ਪੀ ਟਾਂਡਾ ਸੁਖਪਾਲ ਸਿੰਘ ਨੂੰ ਜਲਦੀ ਤੋਂ ਜਲਦੀ ਸਮਾਧਾਨ ਕਰਨ ਲਈ ਨਿਰਦੇਸ਼ ਦਿੱਤੇ।ਇਸ ਮੌਕੇ ਐਸ ਡੀ ਐਮ ਟਾਂਡਾ ਲਵਪ੍ਰੀਤ ਸਿੰਘ ਔਲਖ ਤੇ ਡੀ ਐਸ ਪੀ ਟਾਂਡਾ ਸੁਖਪਾਲ ਸਿੰਘ ਨੇ ਦੁਕਾਨਦਾਰਾਂ ਨੂੰ ਭਰੋਸਾ ਦਿੱਤਾ ਕਿ ਬਹੁਤ ਜਲਦੀ ਪੇਸ਼ ਆ ਰਹੀ ਟ੍ਰੈਫਿਕ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ ਜਿਸ ਵਿੱਚ ਦੁਕਾਨਦਾਰਾਂ ਨੂੰ ਵੀ ਵਿਸ਼ੇਸ਼ ਸਹਿਯੋਗ ਕਰਨਾ ਪਵੇਗਾ ।

# ਆਪ ਸਰਕਾਰ ਨੇ ਜਨਰਲ ਵਰਗ ਨਾਲ ਕੀਤਾ ਵਿਤਕਰਾ : ਫੁਗਲਾਣਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਪੰਜਾਬ ਸਰਕਾਰ ਦੀ ਜਨਰਲ ਵਰਗ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਆਗੂ ਨੇ ਕਿਹਾ ਕਿ ਇੱਕ ਰਣਨੀਤੀ ਤਹਿਤ ਜਨਰਲ ਵਰਗ ਨੂੰ ਨੁੱਕਰੇ ਲਾਇਆ ਜਾ ਰਿਹਾ ਹੈ ਤੇ ਦੂਸਰੇ ਵਰਗ ਨੂੰ ਪਹਿਲ ਦਿੱਤੀ ਜਾ ਰਹੀ ਹੈ। ਜਿਸ ਤਹਿਤ ਦਸੰਬਰ 2021 ਵਿੱਚ ਬਣੇ ਜਨਰਲ ਕੈਟਾਗਰੀ ਕਮਿਸ਼ਨ ਪੰਜਾਬ ਦਾ ਚੇਅਰਮੈਨ ਨਹੀਂ ਲਗਾਇਆ ਗਿਆ। ਜਦਕਿ ਬਾਕੀ ਵਰਗਾਂ ਦੇ ਬਣੇ ਕਮਿਸ਼ਨ ਦੇ ਚੇਅਰਮੈਨ ਲਗਾ ਦਿੱਤੇ ਗਏ ਹਨ।



ਇਸ ਤੋਂ ਬਿਨਾਂ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਜਿਨਾਂ ਤਹਿਤ ਜਨਰਲ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਔਰਤਾਂ ਨੂੰ 1000 ਅਤੇ ਦੂਸਰੀ ਸ਼੍ਰੇਣੀ ਦੀਆਂ ਔਰਤਾਂ ਨੂੰ 1500 ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਸਰਕਾਰ ਜਾਤ ਆਧਾਰ ਵਖਰੇਵੇਂ ਖੜ੍ਹੇ ਕਰਕੇ ਆਪਣੇ ਸਿਆਸੀ ਹਿੱਤ ਪੂਰੇ ਕਰਨਾ ਚਾਹੁੰਦੀ ਹੈ। ਪੰਜਾਬ ਦੀ ਕੈਬਨਿਟ ਸਬ ਕਮੇਟੀ ਵੱਲੋਂ ਵੀ ਵਿਤਕਰੇ ਤਹਿਤ ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਨੂੰ ਜਾਣਬੁੱਝ ਕੇ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ ਜਦਕਿ ਹੋਰ ਵਰਗਾਂ ਨੂੰ ਸੁਣ ਕੇ ਉਹਨਾਂ ਦੇ ਮਸਲੇ ਹੱਲ ਕੀਤੇ ਜਾ ਰਹੇ ਹਨ। ਇਸ ਤੋਂ ਪੰਜਾਬ ਸਰਕਾਰ ਦੀ ਜਨਰਲ ਵਰਗ ਵਿਰੋਧੀ ਮਾਨਸਿਕਤਾ ਸਪਸ਼ਟ ਹੁੰਦੀ ਹੈ। ਫੁਗਲਾਣਾ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਰਹਿ ਚੁੱਕੇ ਸਾਰੇ ਹੀ ਮੁੱਖ ਮੰਤਰੀ ਜਨਰਲ ਕੈਟਾਗਰੀ ਨੂੰ ਸੱਦ ਕੇ ਮੀਟਿੰਗ ਕਰਕੇ ਉਹਨਾਂ ਦੀਆਂ ਸਮੱਸਿਆਵਾਂ ਸੁਣਦੇ ਰਹੇ ਹਨ ਪਰ ਆਮ ਆਦਮੀ ਕਹੇ ਜਾਣ ਵਾਲੀ ਪਾਰਟੀ ਦਾ ਮੁੱਖ ਮੰਤਰੀ ਖਾਸ ਬਣਿਆ ਬੈਠਾ ਹੈ ਤੇ ਮੀਟਿੰਗ ਲਈ ਪਿਛਲੇ ਚਾਰ ਸਾਲਾਂ ਤੋਂ ਸਮਾਂ ਨਹੀਂ ਦੇ ਰਿਹਾ, ਜਿਸ ਕਰਕੇ ਜਨਰਲ ਵਰਗ ਵਿੱਚ ਪੰਜਾਬ ਸਰਕਾਰ ਵਿਰੁੱਧ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਫੁਗਲਾਣਾ ਨੇ ਕਿਹਾ ਕਿ ਜੇਕਰ ਜਲਦੀ ਜਨਰਲ ਕੈਟਾਗਰੀ ਕਮਿਸ਼ਨ ਪੰਜਾਬ ਦਾ ਚੇਅਰਮੈਨ ਅਤੇ ਸਟਾਫ ਨਾ ਲਗਾਇਆ ਤਾਂ ਪੰਜਾਬ ਸਰਕਾਰ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ।

## ਫਾਲਕਨ ਫਾਊਂਡੇਸ਼ਨ ਸਕੂਲ 'ਚ ਮਦਰਜ਼ ਡੇ ਸੰਬੰਧੀ ਸਮਾਗਮ

**ਸੁਲਤਾਨਪੁਰ ਲੋਧੀ (ਹਨੀ)-** ਫਾਲਕਨ ਫਾਊਂਡੇਸ਼ਨ ਸਕੂਲ 'ਚ ਸਮਾਰੋਹ ਐਮ.ਡੀ. ਮੈਡਮ ਨਵਦੀਪ ਕੌਰ ਢਿੱਲੋਂ ਦੀ ਅਗਵਾਈ ਵਿਚ ਮਦਰਜ਼ ਡੇ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਪਹਿਲੀ ਜਮਾਤ ਦੇ ਵਿਦਿਆਰਥੀਆਂ ਨੇ ਇਸ ਸਮਾਗਮ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ। ਬੱਚਿਆਂ ਨੇ ਮਾਂ ਬਾਰੇ ਸੁੰਦਰ ਲਾਈਨਾਂ ਬੋਲੀਆਂ, ਪਿਆਰੇ ਗੀਤ ਗਾਏ ਅਤੇ ਕਵਿਤਾਵਾਂ ਦੀ ਪੇਸ਼ਕਾਰੀ ਕਰਕੇ ਮਾਵਾਂ ਅਤੇ ਮਾਪਿਆਂ ਪ੍ਰਤੀ ਆਪਣਾ ਪਿਆਰ, ਸਤਿਕਾਰ



ਅਤੇ ਧੰਨਵਾਦ ਪ੍ਰਗਟ ਕੀਤਾ। ਬੱਚਿਆਂ ਦੀਆਂ ਪੇਸ਼ਕਾਰੀਆਂ ਨੇ ਸਭ ਦਾ ਮਨ ਮੋਹ ਲਿਆ। ਇਹ ਸਮਾਗਮ ਸਭ ਲਈ ਯਾਦਗਾਰ ਰਿਹਾ ਜੋ ਮਾਵਾਂ ਪ੍ਰਤੀ ਪਿਆਰ ਤੇ ਸਤਿਕਾਰ ਦਾ ਸੁਨੇਹਾ ਦਿੰਦਿਆਂ ਸਮਾਪਤ ਹੋਇਆ। ਇਸ ਮੌਕੇ ਮੈਡਮ ਮਮਤਾ, ਮੈਡਮ ਹਰਸ਼, ਮੈਡਮ ਮਨਜੀਤ, ਮੈਡਮ ਪਰਮਜੀਤ, ਮੈਡਮ ਚੰਚਲ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਕੋਰਟ ਕੰਪਲੈਕਸ ਪਠਾਨਕੋਟ ਵਿਖੇ ਲੱਗੀ ਨੈਸ਼ਨਲ ਲੋਕ ਅਦਾਲਤ

## * 11198 ਕੇਸਾਂ 'ਚੋਂ 10345 ਦਾ ਮੌਕੇ 'ਤੇ ਹੋਇਆ ਨਿਪਟਾਰਾ



ਪਠਾਨਕੋਟ, (ਦਵਿੰਦਰ ਸਿੰਘ)-ਪੰਜਾਬ ਲੀਗਲ ਸਰਵਿਸਿਜ਼ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਡਿਸਟ੍ਰਿਕਟ ਲੀਗਲ ਸਰਵਿਸਿਜ਼ ਅਥਾਰਟੀ ਪਠਾਨਕੋਟ ਦੇ ਚੇਅਰਮੈਨ-ਕਮ-ਡਿਸਟ੍ਰਿਕਟ ਐਂਡ ਸੈਸ਼ਨਜ਼ ਜੱਜ ਰਜਨੀਸ਼ ਗਰਗ ਦੀ ਅਗਵਾਈ ਹੇਠ ਕੋਰਟ ਕੰਪਲੈਕਸ ਪਠਾਨਕੋਟ ਵਿੱਚ ਨੈਸ਼ਨਲ ਲੋਕ ਅਦਾਲਤ ਲਗਾਈ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਸਟ੍ਰਿਕਟ ਐਂਡ ਸੈਸ਼ਨਜ਼ ਜੱਜ ਰਜਨੀਸ਼ ਗਰਗ ਨੇ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਲਈ 7 ਬੈਂਚਾਂ ਬਣਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਏਕਤਾ ਉਪਲ ਐਡੀਸ਼ਨਲ ਡਿਸਟ੍ਰਿਕਟ ਐਂਡ ਸੈਸ਼ਨਜ਼ ਜੱਜ, ਜਸਬੀਰ ਕੌਰ ਪ੍ਰਿੰਸੀਪਲ ਐਂਡ ਫੈਮਿਲੀ ਕੋਰਟ ਜੱਜ, ਗੁਰਸ਼ੇਰ ਸਿੰਘ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ, ਬਬਿਤਾ ਜੱਜ ਜੂਨੀਅਰ ਡਿਵੀਜ਼ਨ, ਰਵਨੀਤ ਕੌਰ ਬੇਦੀ ਜੱਜ ਜੂਨੀਅਰ ਡਵੀਜ਼ਨ ਅਤੇ ਅਸਦੀਪ ਸਿੰਘ ਜੱਜ ਜੂਨੀਅਰ ਡਵੀਜ਼ਨ ਸ਼ਾਮਲ ਸਨ।ਇਸ ਮੌਕੇ ਸਕੱਤਰ-ਕਮ-ਸੀਜੇਐੱਮ ਪ੍ਰਭਜੋਤ ਕੌਰ ਵੀ ਹਾਜ਼ਰ ਸਨ।ਇਸ ਲੋਕ ਅਦਾਲਤ ਵਿੱਚ 11198 ਕੇਸ ਪੇਸ਼ ਹੋਏ, ਜਿਨ੍ਹਾਂ ਵਿੱਚੋਂ 10345 ਕੇਸ ਆਪਸੀ ਸਹਿਮਤੀ ਨਾਲ ਨਿਪਟਾਏ ਗਏ।ਇਸ ਮੌਕੇ 58235803 ਰੁਪਏ ਦੇ ਐਵਾਰਡ ਪਾਸ ਕੀਤੇ ਗਏ।ਸੈਸ਼ਨ ਜੱਜ ਰਜਨੀਸ਼ ਗਰਗ ਦੇ ਯਤਨਾਂ ਨਾਲ ਫੈਮਿਲੀ ਕੋਰਟ ਜੱਜ ਜਸਵੀਰ ਕੌਰ ਦੀ ਅਦਾਲਤ ਵਿੱਚ ਤਿੰਨ ਲੋਕਾਂ ਨੂੰ ਮੁੜ ਇਕੱਠੇ ਵਸਾਇਆ ਗਿਆ, ਜਿਸ ਵਿੱਚ ਪ੍ਰੀਤਮ ਚੰਦ ਬਨਾਮ ਸੋਨੀਆ ਦਾ ਮਾਮਲਾ ਵੀ ਸ਼ਾਮਲ ਸੀ।ਉਨ੍ਹਾਂ ਦੇ ਤਿੰਨ ਬੱਚੇ ਸਨ ਅਤੇ ਉਹ ਕਾਫ਼ੀ ਸਮੇਂ ਤੋਂ ਵੱਖ ਰਹਿ ਰਹੇ ਸਨ।ਜੱਜ ਦੇ ਯਤਨਾਂ ਨਾਲ ਉਨ੍ਹਾਂ ਨੂੰ ਮੁੜ ਇਕੱਠੇ ਵਸਾਇਆ ਗਿਆ ਅਤੇ ਬੱਚਿਆਂ ਨੂੰ ਦੁਬਾਰਾ ਆਪਣੇ ਮਾਪਿਆਂ ਦਾ ਪਿਆਰ ਮਿਲਿਆ।ਐਡੀਸ਼ਨਲ ਡਿਸਟ੍ਰਿਕਟ ਐਂਡ ਸੈਸ਼ਨਜ਼ ਜੱਜ ਏਕਤਾ ਉਪਲ ਦੀ ਅਦਾਲਤ ਵਿੱਚ ਘਿਆਲਾ ਨਿਵਾਸੀ ਇੱਕ ਵਿਅਕਤੀ ਖ਼ਿਲਾਫ਼ ਬੈਂਕ ਵੱਲੋਂ 42681 ਰੁਪਏ ਅਤੇ ਬਿਆਜ ਦੀ ਰਕਮ ਸਬੰਧੀ ਕੇਸ ਕੀਤਾ ਗਿਆ ਸੀ।ਇਸ ਮਾਮਲੇ ਵਿੱਚ ਸੈਸ਼ਨ ਜੱਜ ਦੇ ਯਤਨਾਂ ਨਾਲ ਵਿਅਕਤੀ ਨੂੰ ਰਕਮ ਵਾਪਸ ਕਰਨ ਲਈ ਤਿਆਰ ਕੀਤਾ ਗਿਆ ਅਤੇ ਦੋਵਾਂ ਧਿਰਾਂ ਵਿੱਚ ਸਹਿਮਤੀ ਨਾਲ ਰਕਮ ਵਾਪਸੀ ਦਾ ਫੈਸਲਾ ਕਰਵਾ ਕੇ ਵਿਵਾਦ ਦਾ ਨਿਪਟਾਰਾ ਕਰ ਦਿੱਤਾ ਗਿਆ। ਇਸ ਮੌਕੇ ਪਠਾਨਕੋਟ ਦੇ ਡਿਸਟ੍ਰਿਕਟ ਅਤੇ ਸੈਸ਼ਨਜ਼ ਜੱਜ ਰਜਨੀਸ਼ ਗਰਗ ਨੇ ਕਿਹਾ ਕਿ ਲੋਕ ਅਦਾਲਤ ਵਿੱਚ ਕੋਈ ਵੀ ਪਾਰਟੀ ਹਾਰਦੀ ਨਹੀਂ, ਸਗੋਂ ਦੋਵਾਂ ਧਿਰਾਂ ਦੇ ਕੇਸ ਜਿੱਤੇ ਜਾਂਦੇ ਹਨ ਅਤੇ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਕੇਸ ਵੱਧ ਤੋਂ ਵੱਧ ਲੋਕ ਅਦਾਲਤਾਂ ਵਿੱਚ ਲੈ ਜਾ ਕੇ ਸੁਲਝਾਏ ਜਾਣ।

# ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਲੋਕ ਪੱਖੀ ਇਨਕਲਾਬੀ ਸਾਹਿਤਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਸਦੀਵੀ ਵਿਛੋੜੇ ਉੱਤੇ ਡਾਢੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਇਨਕਲਾਬੀ ਜਮਹੂਰੀ ਲਹਿਰ ਲਈ ਬਹੁਤ ਵੱਡਾ ਘਾਟਾ ਦੱਸਿਆ ਹੈ।ਤਰਕਸ਼ੀਲ ਸੁਸਾਇਟੀ ਦੇ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਅਤੇ ਸੂਬਾ ਕਮੇਟੀ ਆਗੂਆਂ ਹੇਮ ਰਾਜ ਸਟੈਨੋ, ਰਾਜ ਪਾਲ ਬਠਿੰਡਾ, ਸੁਮੀਤ ਅੰਮ੍ਰਿਤਸਰ ਅਤੇ ਜਸਵੰਤ ਮੁਹਾਲੀ ਨੇ ਉਨ੍ਹਾਂ ਦੇ ਸਦੀਵੀ ਵਿਛੋੜੇ ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪ੍ਰੋ. ਵੜੈਚ ਨੇ ਸਮੁੱਚੇ ਬ੍ਰਹਿਮੰਡ, ਸਮਾਜ ਅਤੇ ਜ਼ਿੰਦਗੀ ਦੇ ਸੱਚ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣ ਅਤੇ ਇਸਨੂੰ ਲੋਕ ਪੱਖੀ ਇਨਕਲਾਬੀ ਸਮਾਜਿਕ ਤਬਦੀਲੀ ਦਾ ਅਹਿਮ ਹਿੱਸਾ ਬਣਾਉਣ ਲਈ ਇਤਿਹਾਸ, ਰਾਜਨੀਤੀ, ਅੰਗ੍ਰੇਜ਼ੀ, ਵਿਗਿਆਨ, ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਵਿੱਚ ਐੱਮ. ਏ. ਦੀਆਂ ਡਿਗਰੀਆਂ ਹਾਸਿਲ ਕੀਤੀਆਂ ਅਤੇ 30 ਸਾਲ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ 'ਚ ਪੜ੍ਹਾਉਣ ਉਪਰੰਤ 1989 ਵਿੱਚ ਸੇਵਾ ਮੁਕਤ ਹੋਏ।ਇਸ ਤੋਂ ਬਾਅਦ ਉਨ੍ਹਾਂ ਨੇ ਐੱਲਐੱਲਬੀ ਕਰਕੇ 1992 ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵਕਾਲਤ ਕੀਤੀ ਅਤੇ ਆਮ ਲੋਕਾਂ ਦੇ ਹੱਕ, ਸੱਚ ਅਤੇ ਇਨਸਾਫ ਦੇ ਜਮਹੂਰੀ ਹੱਕਾਂ ਦੀ ਰਾਖੀ ਲਈ ਸਾਰੀ ਉਮਰ ਜੱਦੋਜਹਿਦ ਕੀਤੀ।ਉਨ੍ਹਾਂ ਨੇ ਇਨਕਲਾਬੀ ਕੂਕਾ ਲਹਿਰ, ਗ਼ਦਰ ਲਹਿਰ, ਕਾਮਾਗਾਟਾ ਮਾਰੂ ਲਹਿਰ, ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਅਤੇ ਸ਼ਹੀਦ ਭਗਤ ਸਿੰਘ ਅਤੇ ਬਾਬਾ ਸੋਹਣ ਸਿੰਘ ਭਕਨਾ ਸਮੇਤ ਹੋਰਨਾਂ ਕਈ ਕ੍ਰਾਂਤੀਕਾਰੀ ਸ਼ਹੀਦਾਂ ਬਾਰੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ 50 ਤੋਂ ਵੱਧ ਕਿਤਾਬਾਂ ਦੀ ਰਚਨਾ ਕੀਤੀ ਅਤੇ ਇਨਕਲਾਬੀ ਸਾਹਿਤ ਰਚਨਾ ਵਿੱਚ ਆਪਣੀ ਵਿਦਵਤਾ ਦਾ ਲੋਹਾ ਮੰਨਵਾਇਆ।

# ਨਿਤਿਨ ਕੋਹਲੀ ਦੇ ਯਤਨਾਂ ਸਦਕਾ ਦੋਹਾਂ ਧਿਰਾਂ ਵਿਚਕਾਰ ਹੋਇਆ ਸਮਝੌਤਾ



ਜਲੰਧਰ : ਸ਼ੇਖਾਂ ਬਾਜ਼ਾਰ ਨਾਲ ਸੰਬੰਧਤ ਚੱਲ ਰਹੇ ਵਿਵਾਦ ਦਾ ਸੁਖਦ ਹੱਲ ਉਸ ਵੇਲੇ ਨਿਕਲਿਆ, ਜਦੋਂ ਜਲੰਧਰ ਸੈਂਟਰਲ ਦੇ ਹਲਕਾ ਇੰਚਾਰਜ ਨਿਤਿਨ ਕੋਹਲੀ ਦੇ ਯਤਨਾਂ ਸਦਕਾ ਦੋਹਾਂ ਧਿਰਾਂ ਨੂੰ ਆਪਣੇ ਦਫ਼ਤਰ ਵਿਖੇ ਸੱਦ ਕੇ ਆਪਸੀ ਗੱਲਬਾਤ ਰਾਹੀਂ ਸਮਝੌਤਾ ਕਰਵਾਇਆ ਗਿਆ। ਇਸ ਮਾਮਲੇ ਨਾਲ ਸੰਬੰਧਤ ਜਸਵਿੰਦਰ ਸਿੰਘ ਸਚਦੇਵਾ ਅਤੇ ਅਮਿਤ ਵਾਧਵਾ ਮਿੰਟੂ ਨੇ ਆਪਸੀ ਮਨ-ਮੁਟਾਅ ਦੂਰ ਕਰਦੇ ਹੋਏ ਭਾਈਚਾਰਕ ਸਾਂਝ, ਅਮਨ-ਸ਼ਾਂਤੀ ਅਤੇ ਆਪਸੀ ਸਤਿਕਾਰ ਨਾਲ ਅੱਗੇ ਵਧਣ ਦਾ ਵਿਸ਼ਵਾਸ ਦਿਵਾਇਆ।

ਨਿਤਿਨ ਕੋਹਲੀ ਨੇ ਕਿਹਾ ਕਿ ਸਮਾਜ ਵਿੱਚ ਪੈਦਾ ਹੋਣ ਵਾਲੇ ਹਰ ਵਿਵਾਦ ਦਾ ਹੱਲ ਗੱਲਬਾਤ, ਸਮਝਦਾਰੀ ਅਤੇ ਆਪਸੀ ਸਹਿਮਤੀ ਨਾਲ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮਸਲੇ ਹੱਲ ਕਰਨਾ ਅਤੇ ਇਲਾਕੇ ਵਿੱਚ ਭਾਈਚਾਰੇ ਦਾ ਮਾਹੌਲ ਬਣਾਈ ਰੱਖਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਦੋਹਾਂ ਧਿਰਾਂ ਨੂੰ ਸਮਝਦਾਰੀ ਨਾਲ ਮਾਮਲਾ ਸੁਲਝਾਉਣ ਲਈ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਫੈਸਲੇ ਸਮਾਜ ਵਿੱਚ ਏਕਤਾ ਅਤੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦੇ ਹਨ।ਇਸ ਮੌਕੇ ਕੈਬਨਿਟ ਮੰਤਰੀ ਮਹਿੰਦਰ ਭਗਤ, ਮੇਅਰ ਵਨੀਤ ਧੀਰ ਅਤੇ ਚੇਅਰਮੈਨ ਚੰਦਨ ਗਰੇਵਾਲ ਨੇ ਵੀ ਦੋਹਾਂ ਧਿਰਾਂ ਨੂੰ ਸਮਝਾ ਕੇ ਅਤੇ ਆਪਸੀ ਗੱਲਬਾਤ ਰਾਹੀਂ ਮਾਮਲੇ ਨੂੰ ਸ਼ਾਂਤੀਪੂਰਕ ਢੰਗ ਨਾਲ ਖ਼ਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਸਮੀਰ ਮਰਵਾਹਾ, ਨਿਖਿਲ ਅਰੋੜਾ, ਕੌਂਸਲਰ ਸਤਿਨ ਗੁਲਾਟੀ, ਕੌਂਸਲਰ ਸ਼ੈਰੀ ਚੱਢਾ, ਕੌਂਸਲਰ ਰੋਨੀ, ਕੌਂਸਲਰ ਬੰਟੀ ਨੀਲਕੰਠ, ਹਰਪਾਲ ਚੱਢਾ, ਕੌਂਸਲਰ ਸ਼ਿਵਮ ਸ਼ਰਮਾ, ਜਸਪ੍ਰੀਤ ਰਿੰਪੀ, ਸਾਬਕਾ ਡਿਪਟੀ ਮੇਅਰ ਸਿਮਰਨਜੀਤ ਬੰਟੀ, ਬੰਟੂ ਸਭਰਵਾਲ, ਨਾਨੂ ਅਰੋੜਾ, ਕਮਲ ਸੇਠ, ਪੰਕਜ ਚੱਢਾ, ਅਮਿਤ ਕੁਮਾਰ, ਆਤਿਸ਼ ਅਰੋੜਾ, ਨਾਨੂ ਏਕਜੋਤ, ਰਾਜੇਸ਼ ਅਰੋੜਾ, ਗੌਰਵ ਅਰੋੜਾ, ਕਪਿਲ ਕਾਲਾਂ ਮੰਦਰ, ਰੌਕੀ ਅਤੇ ਕਰਨ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ ।

# ਜਲੰਧਰ, ਫਿਲੌਰ ਤੇ ਨਕੋਦਰ ਦੇ ਨਿਆਂਇਕ ਅਦਾਲਤੀ ਕੰਪਲੈਕਸਾਂ 'ਚ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ



ਜਲੰਧਰ-ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਸ੍ਰੀਮਤੀ ਪ੍ਰਿਆ ਸੂਦ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀ ਯੋਗ ਰਹਿਨੁਮਾਈ ਹੇਠ 09 ਮਈ ਨੂੰ ਜਲੰਧਰ, ਫਿਲੌਰ ਅਤੇ ਨਕੋਦਰ ਦੇ ਨਿਆਂਇਕ ਅਦਾਲਤੀ ਕੰਪਲੈਕਸਾਂ ਵਿੱਚ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਲੋਕ ਅਦਾਲਤ ਵਿੱਚ ਹਰ ਤਰ੍ਹਾਂ ਦੇ ਦੀਵਾਨੀ ਕੇਸ, ਵਿਆਹੁਤਾ ਝਗੜੇ, ਐਮ.ਏ.ਸੀ.ਟੀ. ਕੇਸ, ਰਾਜ਼ੀਨਾਮਾ ਹੋਣ ਯੋਗ ਫੌਜਦਾਰੀ ਕੇਸ, ਟ੍ਰੈਫਿਕ ਚਲਾਨ ਅਤੇ ਬੈਂਕਾਂ, ਵਿੱਤੀ ਸੰਸਥਾਵਾਂ ਦੇ ਪ੍ਰੀ-ਲਿਟੀਗੇਟਿਵ ਕੇਸ ਅਤੇ ਮਾਲ ਵਿਭਾਗ ਦੇ ਕੇਸ ਆਦਿ ਸੁਣਵਾਈ ਲਈ ਰੱਖੇ ਗਏ ਸਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿਆ ਸੂਦ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਡੀ.ਐਲ.ਐਸ.ਏ. ਜਲੰਧਰ ਨੇ ਦੱਸਿਆ ਕਿ ਜਲੰਧਰ, ਫਿਲੌਰ ਅਤੇ ਨਕੋਦਰ ਵਿੱਚ ਕੁੱਲ 24 ਬੈਂਚਾਂ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ ਲੋਕ ਅਦਾਲਤ ਵਿੱਚ ਕੁੱਲ 40,636 ਕੇਸ ਸੁਣਵਾਈ ਲਈ ਰੱਖੇ ਗਏ ਸਨ, ਜਿਨ੍ਹਾਂ ਵਿੱਚੋਂ 39,920 ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ। ਇਸ ਲੋਕ ਅਦਾਲਤ ਵਿੱਚ 16,27,57,005/- ਰੁਪਏ (16 ਕਰੋੜ 27 ਲੱਖ 57 ਹਜ਼ਾਰ 5 ਰੁਪਏ) ਦੇ ਅਵਾਰਡ ਪਾਸ ਕੀਤੇ ਗਏ। ਪ੍ਰਿਆ ਸੂਦ ਅਤੇ ਰਾਹੁਲ ਕੁਮਾਰ, ਮਾਨਯੋਗ ਸੀ.ਜੇ.ਐਮ.-ਕਮ-ਸਕੱਤਰ, ਡੀ.ਐਲ.ਐਸ.ਏ. ਜਲੰਧਰ ਨੇ ਜਲੰਧਰ ਵਿਖੇ ਸਥਾਪਤ ਕੀਤੇ ਗਏ ਬੈਂਚਾਂ ਦਾ ਨਿਰੀਖਣ ਵੀ ਕੀਤਾ। ਪ੍ਰਿਆ ਸੂਦ ਨੇ ਅੱਗੇ ਦੱਸਿਆ ਕਿ ਲੋਕ ਅਦਾਲਤਾਂ ਰਾਹੀਂ ਲੋਕਾਂ ਨੂੰ ਜਲਦੀ ਇਨਸਾਫ਼ ਮਿਲਦਾ ਹੈ। ਲੋਕ ਅਦਾਲਤ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਇਸ ਵਿਰੁੱਧ ਕੋਈ ਅਪੀਲ ਦਾਇਰ ਨਹੀਂ ਕੀਤੀ ਜਾ ਸਕਦੀ।

ਇਹ ਫੈਸਲਾ ਦੋਵਾਂ ਧਿਰਾਂ ਵਿਚਕਾਰ ਆਪਸੀ ਸਮਝੌਤੇ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਲੋਕ ਅਦਾਲਤਾਂ ਆਪਸੀ ਭਾਈਚਾਰਾ ਵਧਾਉਂਦੀਆਂ ਹਨ ਅਤੇ ਇਸ ਵਿੱਚ ਬਿਨੈਕਾਰ ਦੁਆਰਾ ਅਦਾ ਕੀਤੀ ਗਈ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ।ਪ੍ਰੋਸੀਡਿੰਗ ਦੌਰਾਨ, ਡਾ. ਸੁਸ਼ੀਲ ਬੋਧ, ਚੀਫ਼ ਜੁਡੀਸ਼ੀਅਲ ਮੈਜਿਸਟਰੇਟ, ਜਲੰਧਰ ਦੀ ਪ੍ਰਧਾਨਗੀ ਹੇਠਲੇ ਬੈਂਚ ਅਤੇ ਪ੍ਰਿਆ ਸੂਦ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀ ਪ੍ਰਭਾਵਸ਼ਾਲੀ ਵਿਚੋਲਗੀ ਸਦਕਾ ਦੋ ਧਿਰਾਂ ਵਿਚਕਾਰ 23 ਸਾਲ ਪੁਰਾਣੇ ਇੱਕ ਮਾਮਲੇ ਵਿੱਚ ਸਫਲਤਾਪੂਰਵਕ ਸਮਝੌਤਾ ਕਰਵਾਇਆ ਗਿਆ। ਲੋਕ ਅਦਾਲਤ ਵਿੱਚ ਕੇਸ ਲਗਾਉਣ ਅਤੇ ਕਿਸੇ ਵੀ ਕਾਨੂੰਨੀ ਮਾਮਲੇ ਬਾਰੇ ਹੋਰ ਜਾਣਕਾਰੀ ਲਈ ਕੋਈ ਵੀ ਵਿਅਕਤੀ ਟੋਲ ਫ੍ਰੀ ਨੰਬਰ 15100 'ਤੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਗਲੀ ਲੋਕ ਅਦਾਲਤ 12 ਸਤੰਬਰ ਨੂੰ ਲਗਾਈ ਜਾਵੇਗੀ।

# ਪੰਚਾਇਤ ਚੋਣ ਰੰਜਿਸ਼ 'ਚ ਦੋ ਕਤਲਾਂ ਦੇ ਦੋਸ਼ੀ ਨੂੰ ਜ਼ਮਾਨਤ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਡਿਵੀਜ਼ਨ ਬੈਂਚ ਨੇ ਸਰਪੰਚ ਚੋਣ ਰੰਜਿਸ਼ ਵਿੱਚ ਦੋ ਲੋਕਾਂ ਦੇ ਕਤਲ ਦੇ ਦੋਸ਼ੀ ਵਿਅਕਤੀ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ। ਜਿਸ ਦੀ ਪਛਾਣ ਪ੍ਰਮੋਦ ਵਜੋਂ ਹੋਈ ਹੈ, 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਕਤਲ ਕਰਨ ਦਾ ਦੋਸ਼ ਹੈ। ਹਾਲਾਂਕਿ, ਉਸ ਦੇ ਵਕੀਲ ਗਗਨ ਪ੍ਰਦੀਪ ਸਿੰਘ ਬੱਲ ਨੇ ਬੈਂਚ ਦੇ ਸਾਹਮਣੇ ਦਲੀਲ ਦਿੱਤੀ ਕਿ ਪਿੰਡ ਦੀ ਇੱਕ ਵੱਡੀ ਭੀੜ ਚੋਣ ਤੋਂ ਬਾਅਦ ਹੋਈ ਹਿੰਸਾ ਵਿੱਚ ਸ਼ਾਮਲ ਸੀ ਅਤੇ ਇਕੱਲੇ ਪ੍ਰਮੋਦ ਨੂੰ ਦੂਜਿਆਂ ਨਾਲ ਮਿਲੀਭੁਗਤ ਕਰਕੇ ਕਤਲ ਦਾ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਉਹ ਪਹਿਲਾਂ ਹੀ ਸੱਤ ਸਾਲ ਅਤੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹੈ ਅਤੇ ਉਸ ਦੀ ਸਜ਼ਾ ਵਿਰੁੱਧ ਉਸ ਦੀ ਅਪੀਲ ਦੀ ਸੁਣਵਾਈ ਵਿੱਚ ਸਮਾਂ ਲੱਗ ਸਕਦਾ ਹੈ। 9 ਜੁਲਾਈ, 2017 ਨੂੰ ਦਰਜ ਕੀਤਾ ਗਿਆ ਇਹ ਮਾਮਲਾ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਦੇ ਬਾਵਾਨੀਖੇੜਾ ਪਿੰਡ ਵਿੱਚ ਚੋਣ ਤੋਂ ਬਾਅਦ ਹੋਈ ਹਿੰਸਾ ਤੋਂ ਪੈਦਾ ਹੋਇਆ ਸੀ। ਇਸ ਮਾਮਲੇ ਵਿੱਚ ਕੁੱਲ 54 ਦੋਸ਼ੀ ਸਨ। 21 'ਤੇ ਮੁਕੱਦਮਾ ਚਲਾਇਆ ਗਿਆ, ਚਾਰ ਨੂੰ ਬਰੀ ਕਰ ਦਿੱਤਾ ਗਿਆ ਅਤੇ 15 ਨੂੰ ਪਹਿਲਾਂ ਹੀ ਜ਼ਮਾਨਤ ਮਿਲ ਚੁੱਕੀ ਹੈ। ਇਸ ਤੋਂ ਇਲਾਵਾ, ਪ੍ਰਮੋਦ ਵਿਰੁੱਧ ਹੋਰ ਵੀ ਮਾਮਲੇ ਹਨ। ਇਸ ਮਾਮਲੇ ਵਿੱਚ ਆਪਣੀ ਸਜ਼ਾ ਕੱਟਦੇ ਸਮੇਂ ਪ੍ਰਮੋਦ ਦੀ ਜੇਲ੍ਹ ਵਿੱਚ ਇੱਕ ਹੋਰ ਕੈਦੀ ਨਾਲ ਲੜਾਈ ਹੋਈ ਸੀ, ਜਿਸ ਕਾਰਨ ਕਤਲ ਦੀ ਕੋਸ਼ਿਸ਼ ਦਾ ਮਾਮਲਾ ਬਣਿਆ ਸੀ। ਹਾਲਾਂਕਿ, ਇਸ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਉਹ ਇਸ ਸਮੇਂ ਜ਼ਮਾਨਤ 'ਤੇ ਹੈ। ਉਪਰੋਕਤ ਤੱਥਾਂ ਅਤੇ ਦਲੀਲਾਂ ਦੇ ਬਾਅਦ ਹਾਈ ਕੋਰਟ ਨੇ ਪ੍ਰਮੋਦ ਨੂੰ ਜ਼ਮਾਨਤ ਦਿੰਦੇ ਹੋਏ ਕਿਹਾ ਕਿ ਉਹ ਪਹਿਲਾਂ ਹੀ ਜੇਲ੍ਹ ਵਿੱਚ ਕਾਫ਼ੀ ਸਮਾਂ ਬਿਤਾ ਚੁੱਕਾ ਹੈ ਅਤੇ ਸਜ਼ਾ ਦੇ ਖਿਲਾਫ ਉਸ ਦੀ ਅਪੀਲ ਦੀ ਸੁਣਵਾਈ ਵਿੱਚ ਸਮਾਂ ਲੱਗੇਗਾ।

# ਨਵ-ਜਾਤ ਬੱਚਿਆਂ ਦੀ ਸੁਚੱਜੀ ਦੇਖਭਾਲ ਸੰਬੰਧੀ ਟ੍ਰੇਨਿੰਗ ਕਰਵਾਈ



ਗੁਰਦਾਸਪੁਰ (ਜਨਕ ਮਹਾਜਨ)-ਸਿਵਲ ਸਰਜਨ ਗੁਰਦਾਸਪੁਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਮੂਹ ਮੈਡੀਕਲ ਅਫ਼ਸਰਾਂ (ਆਮ ਆਦਮੀ ਕਲੀਨਿਕ) ਨੂੰ ਨਵਜਾਤ ਬੱਚਿਆਂ ਦੀ ਦੇਖਭਾਲ ਸਬੰਧੀ ਟ੍ਰੇਨਿੰਗ ਕਰਵਾਈ ਗਈ।ਇਸ ਮੌਕੇ ਜ਼ਿਲ੍ਹਾ ਸਿਹਤ ਅਫਸਰ ਡਾ. ਰਮੇਸ਼ ਕੁਮਾਰ ਨੇ ਨਵ-ਜਾਤ ਬੱਚਿਆਂ ਵਿੱਚ ਨਿਮੋਨੀਆ ਦੇ ਲੱਛਣ ਅਤੇ ਬਚਾਓ ਬਾਰੇ ਦੱਸਿਆ।ਉਨ੍ਹਾਂ ਕਿਹਾ ਕਿ ਨਿਮੋਨੀਆ ਦੀ ਸਮੇਂ ਸਿਰ ਸ਼ਨਾਖਤ ਕਰਕੇ ਨਵਜਾਤ ਦੀ ਜਾਨ ਬਚਾਈ ਜਾ ਸਕਦੀ ਹੈ।ਬੱਚੇ ਲਈ ਮਾਂ ਦਾ ਦੁੱਧ ਅੰਮ੍ਰਿਤ ਹੈ।ਬੱਚੇ ਨੂੰ 6 ਮਹੀਨੇ ਤੱਕ ਸਿਰਫ ਮਾਂ ਦਾ ਦੁੱਧ ਹੀ ਦੇਣਾ ਚਾਹੀਦਾ ਹੈ।ਜ਼ਿਲ੍ਹਾ ਟੀਕਾਕਰਣ ਅਫ਼ਸਰ ਡਾ. ਭਾਵਨਾ ਸ਼ਰਮਾ ਨੇ ਕਿਹਾ ਕਿ ਟੀਕਾਕਰਨ ਬੱਚਿਆਂ ਲਈ ਸਭ ਤੋਂ ਵੱਡੀ ਸੁਰੱਖਿਆ ਹੈ।ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਟੀਕਾਕਰਨ ਕਾਰਡ ਹਮੇਸ਼ਾ ਆਪਣੇ ਨਾਲ ਰੱਖਣ, ਅਤੇ ਕਿਸੇ ਵੀ ਟੀਕੇ ਦੀ ਤਾਰੀਖ ਨਾ ਛੱਡਣ ਕਿਉਂਕਿ ਅਧੂਰਾ ਟੀਕਾਕਰਨ ਬੱਚੇ ਦੀ ਸੁਰੱਖਿਆ ਘਟਾ ਦਿੰਦਾ ਹੈ। ਖੰਘ, ਬੁਖਾਰ ਜਾਂ ਸਾਹ ਦੀ ਤਕਲੀਫ਼ ਹੋਣ 'ਤੇ ਤੁਰੰਤ ਨਜ਼ਦੀਕੀ ਆਯੁਸ਼ਮਾਨ ਆਰੋਗਿਆ ਕੇਂਦਰ 'ਤੇ ਸੰਪਰਕ ਕਰਨ ਦੀ ਅਪੀਲ ਵੀ ਕੀਤੀ।ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਗੁਰਪ੍ਰੀਤ ਕੌਰ ਨੇ ਬੱਚਿਆ ਨੂੰ ਮੌਸਮੀ ਬੀਮਾਰੀਆਂ ਤੋਂ ਬਚਾਅ ਬਾਰੇ ਦੱਸਿਆ।ਉਨ੍ਹਾਂ ਨੇ ਜੱਚਾ ਬੱਚਾ ਕਾਰਡ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ।

# ਗਿੱਲ ਨੇ ਮੰਦਰ ਬਾਵਾ ਲਾਲ ਜੀ ਵਿਖੇ ਭਰੀ ਹਾਜ਼ਰੀ

ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਮਜੀਠਾ ਸ਼ਹਿਰ ਵਿੱਚ ਸਥਿਤ ਮੰਦਰ ਸ਼੍ਰੀ ਬਾਵਾ ਲਾਲ ਜੀ ਵਿਖੇ ਆਯੋਜਿਤ ਸਾਲਾਨਾ ਭੰਡਾਰੇ ਵਿੱਚ ਹਾਜ਼ਰੀ ਭਰੀ ਅਤੇ ਪਾਵਨ ਭਜਨ-ਕੀਰਤਨ ਸਰਵਣ ਕਰਦੇ ਹੋਏ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ।

ਉਨ੍ਹਾਂ ਕਿਹਾ ਕਿ ਸ਼੍ਰੀ ਬਾਵਾ ਲਾਲ ਜੀ ਸਭ ਨੂੰ ਚੜ੍ਹਦੀ ਕਲਾ, ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਬਖ਼ਸ਼ਣ।ਇਸ ਮੌਕੇ ਭਿੰਦ ਸ਼ਾਹ ਜੀ, ਬਾਬਾ ਲਾਲ ਮੰਦਰ ਕਮੇਟੀ ਦੇ ਚੇਅਰਮੈਨ ਕੁਲਦੀਪ, ਬਾਵਾ ਨਾਲ ਮੰਦਰ ਕਮੇਟੀ ਦੇ ਮੈਂਬਰ ਰਜੇਸ਼ ਨਈਅਰ, ਇੰਚਾਰਜ ਵਿਪਨ ਕੁਮਾਰ ਬੌਬੀ, ਕਮੇਟੀ ਮੈਂਬਰ ਭੋਲਾਨਾਥ, ਗੁਰਪ੍ਰੀਤ, ਜੈਪਾਲ ਮਹਾਜਨ, ਨੀਰਜ ਸ਼ਰਮਾ, ਨਵੀਨ ਕੁਮਾਰ ਪਿੰਕਾ, ਜੈਪਾਲ ਮਹਾਜਨ, ਸਾਬਕਾ ਸਰਪੰਚ ਵੱਡੇ ਨਾਗ ਬਿਕਰਮ ਸਿੰਘ, ਸਾਬਕਾ ਸਰਪੰਚ ਨਵੇਂ ਨਾਗ ਸਤਨਾਮ ਸਿੰਘ, ਯੂਥ ਬਲਾਕ ਇੰਚਾਰਜ ਨਵੀਨ ਮਹਾਜਨ, ਬਲਵਿੰਦਰ ਸਿੰਘ, ਪ੍ਰਦੀਪ, ਚੇਅਰਮੈਨ ਜਗਦੀਸ਼ ਸਿੰਘ ਸਾਬੀ ਆਦਿ ਹਾਜ਼ਰ ਸਨ।



# ਹਲਕਾ ਮਜੀਠਾ 'ਚ ਤੀਹ ਨਵੀਆਂ ਖੇਡ ਗਰਾਊਂਡਾਂ ਬਣਾਉਣ ਦੀ ਤਜਵੀਜ਼



ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਹਲਕਾ ਮਜੀਠਾ ਦੇ ਬਲਾਕ ਪ੍ਰਧਾਨ ਸਰਦਾਰ ਜਗਦੀਸ਼ ਸਿੰਘ ਸ਼ਹਿਜ਼ਾਦਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਜੀਠਾ ਹਲਕੇ ਅਧੀਨ ਆਉਂਦੇ ਪਿੰਡਾਂ ਵਿੱਚ 30 ਖੇਡ ਗਰਾਊਂਡਾਂ ਅਤੇ ਸਟੇਡੀਅਮ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਬਣਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮਜੀਠਾ ਹਲਕੇ ਦੇ ਹਰ ਇੱਕ ਪਿੰਡ ਵਿੱਚ ਜਿੱਥੇ ਸਟੇਡੀਅਮ/ਗਰਾਊਂਡਾਂ ਦਾ ਕੰਮ ਚੱਲ ਰਿਹਾ ਹੈ ਉਥੇ ਦੇ ਇੱਕ ਮੋਹਤਬਰ ਦੀ ਖਾਸ ਡਿਊਟੀ ਲਾਈ ਹੈ ਕਿ ਠੇਕੇਦਾਰ ਵੱਲੋਂ ਸਹੀ ਅਤੇ ਵਧੀਆ ਮਟੀਰੀਅਲ ਦੀ ਵਰਤੋਂ ਕੀਤੀ ਜਾ ਰਹੀ ਹੈ ਜਾਂ ਨਹੀਂ। ਜਾਂਚ ਉਪਰੰਤ ਹੀ ਕੰਮ ਕੀਤਾ ਜਾਵੇ।ਪੰਜਾਬ ਸਰਕਾਰ ਦਾ ਮੁੱਖ ਟੀਚਾ ਹੈ ਕਿ ਪੰਜਾਬ ਦਾ ਯੂਥ ਖਿਡਾਰੀ ਬਣੇ ਅਤੇ ਪੰਜਾਬ ਦਾ ਨਾਂਅ ਰੌਸ਼ਨ ਕਰੇ।

## PUBLIC NOTICE

Under the instruction of RBL Bank Limited I hereby informed the general public that Gurjit Singh s/o Kundan Singh is absolute owner of Property Plot no 49 min, measuring length 50 feet breadth 24.3 feet Total measuring 135 Square Yards bearing Khasra No. 39//5 min situated at Kala Ghanupur Sub Urban Abadi Navi Abadi, Tehsil & District Amritsar Bounded as East: Plot No. 48, West: Plot No. 50-51, North: Gali 24 feet wide, South: Plot No. 54. That in the Jamabandi for the year 2008-09 Bakshish Singh s/o Bhola Singh is the owner of 8 Kanal of property, Then Bakshish Singh s/o Bhola Singh sold 4.5 Marlas of property to Anu Anand w/o Pardeep Anand vide sale deed regd dated 10.12.2010 as doc no.11994 of which mutation no. 21579 has been sanctioned by revenue authorities and same is shown as owner of 4.5 Marlas in the Jamabandi for the year 2013-14. Then Anu Anand w/o Pardeep Anand sold 135 sq yards of property to Sakattar Singh s/o Jarnail Singh vide sale deed regd dated 01.03.2017 as doc no. 14485 of which mutation no. 32571 has been sanctioned by revenue authorities and same is shown as owner of 4.5 Marla in the Jamabandi for the year 2018-19. Then Sakattar Singh s/o Jarnail Singh sold 135 sq yards of property to Gurjit Singh s/o Kundan Singh vide sale deed regd dated 14.01.2021 as doc no. 2020-21/93/1/10948 of which mutation no.38453 has been sanctioned by revenue authorities. Now Gurjit Singh s/o Kundan Singh is selling 135 sq yards of property to Reena w/o Harjeet Singh, who Is taking loan from RBL Bank Limited. DDR report got registered bearing no 39 dt 6.5.2026 PS Chheharta. Anybody having claim or claiming any prior rights or interest in any manner in this property or has raised loan by depositing the aforesaid sale deed to any person/bank/ corporation/financial institution may approach the undersigned in writing and may submit objection in writing 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with RBL Bank Limited.

**Vikas Verma (Advocate)**
MB. 9815156302

## Public Notice

I Karuna @ Karuna Kumari w/o Ashwani Kumarr/o Near Charbati Chowk, H.No.278 Harnam Nagar, Kapurthala-144601, is the owner of Property measuring about 5 Marlas having Property no. B-XXIII-124B situated at Backside of Old Dana Mandi Kapurthala, on the basis of Sale deed no.2018-19/30/1/749 dt.16-10-2018. The previous chain documents i.e. the Original Sale deed no.4254 dt.09-01-2009, Original GPA no.1048 dt.14-03-2006, Original Sale deed no.158 dt.15-04-1977, Original Sale deed no.159 dt.15-04-1977, Original Sale deed no.160 dt.15-04-1977 are not in my possession, as the same has been lost and we did not found the same, despite of my best efforts and it is not possible to trace out the same.

Now, the above said property is in the process of mortgaging and to raise funds from HDFC Bank. If any person is found to be in possession of the said Original documents, that will be illegal and unlawful and if anybody found the same then under that eventuality he shall deposit or return that Original documents to HDFC Bank Ltd. OR may raise objection in writing, if any, with in fourteen days from the date of this publication qua the said documents, to the contact person mentioned below i.e. Smt. Manisha Mahajan, Operation Manager, HDFC Bank Ltd. 2nd Floor, 5 Cool Road Jalandhar Contact No.: 98880-16055 OR may Contact to Sh. Akhil Chopra Advocate, New Court, Jalandhar.

## Public Notice

I, Ashwani Kumar S/o Gurdeep Rai R/o B-22/95-3-278, Harnam Nagar, Kapurthala-144601 is the owner of Property measuring about 5 Marlas having Property No.B-XXIII-124 situated at Backside of Old Dana Mandi, Kapurthala on the basis of Sale deed no.2018-19/30/1/748 dt. 16-10-2018 AND Property/Two shops having property No. B-XXIII-124A Vide Sale deed no.2022-23/30/1/932 dt.17-06-2022 (In the name of Ashwani Kumar & Karuna Kumari). The previous chain documents i.e. the Original Sale deed No. 4605 dt. 02-02-2009, original Sale deed no.3348 dt.14-10-2010 are not in my possession, as the same has been lost and we did not found the same, despite of my best efforts and it is not possible to trace out the same.

Now, the above said property is in the process of mortgaging and to raise funds from HDFC Bank. If any person is found to be in possession of the said Original documents, that will be illegal and unlawful and if anybody found the same then under that eventuality he shall deposit or return that Original documents to HDFC Bank Ltd. OR may raise objection in writing, if any, with in fourteen days from the date of this publication qua the said documents, to the contact person mentioned below i.e. Smt. Manisha Mahajan, Operation Manager, HDFC Bank Ltd. 2nd Floor, 5 Cool Road Jalandhar Contact No.: 98880-16055 OR may Contact to Sh. Akhil Chopra Advocate, New Court, Jalandhar .

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਪਰਮਪਾਲ ਸਿੰਘ, ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਮੱਖੂ

ਤਲਬੀ ਨੋਟਿਸ

ਗਿਰਦਾਵਰੀ ਕੇਸ ਵਾਕਿਆ ਰਕਬਾ ਪਿੰਡ ਵਾਰਸ ਵਾਲਾ ਅਰਾਈਆਂ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ

1) ਸੁਰਿੰਦਰ ਕੌਰ ਪਤਨੀ ਮਹਿਲ ਸਿੰਘ ਪੁੱਤਰ ਬਾਜ ਸਿੰਘ

2) ਗੁਰਮਨਬੀਰ ਸਿੰਘ ਪੁੱਤਰ ਮਹਿਲ ਸਿੰਘ ਪੁੱਤਰ ਬਾਜ ਸਿੰਘ ਵਾਸੀਆਨ ਵਰ੍ਹਿਆ, ਤਹਿ: ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ । (ਸਾਇਲ)

ਬਨਾਮ

1) ਅਨੋਖ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਇੰਦਰ ਸਿੰਘ 2) ਨਸੀਬ ਕੌਰ ਪਤਨੀ ਦਲੀਪ ਸਿੰਘ ਪੁੱਤਰ ਇੰਦਰ ਸਿੰਘ 3) ਕਰਤਾਰ ਕੌਰ ਪੁੱਤਰੀ ਦਲੀਪ ਸਿੰਘ ਪੁੱਤਰ ਇੰਦਰ ਸਿੰਘ 4) ਸਵਰਨ ਕੌਰ ਪੁੱਤਰੀ ਦਲੀਪ ਸਿੰਘ ਪੁੱਤਰ ਇੰਦਰ ਸਿੰਘ 5) ਬਲਵਿੰਦਰ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਇੰਦਰ ਸਿੰਘ 6) ਕੁਲਦੀਪ ਕੌਰ ਵਿਧਵਾ ਮੋਹਨ ਸਿੰਘ ਪੁੱਤਰ ਦਲੀਪ ਸਿੰਘ 7) ਰਵਿੰਦਰ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਦਲੀਪ ਸਿੰਘ 8) ਗੁਰਪਿੰਦਰ ਕੌਰ ਵਿਧਵਾ ਗੁਰਮੀਤ ਸਿੰਘ ਪੁੱਤਰ ਮੋਹਨ ਸਿੰਘ 9) ਗੁਰਮੁਖ ਸਿੰਘ ਪੱਤਰ ਅਮਰ ਸਿੰਘ ਪੁੱਤਰ ਇੰਦਰ ਸਿੰਘ 10) ਸਰਵਨ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਇੰਦਰ ਸਿੰਘ 11) ਗੁਲਬਾਗ ਸਿੰਘ ਪੁੱਤਰ ਗੁਰਮੁਖ ਸਿੰਘ ਪੁੱਤਰ ਅਮਰ ਸਿੰਘ 12) ਮਹਿਤਾਬ ਸਿੰਘ ਪੁੱਤਰ ਗੁਰਮੁਖ ਸਿੰਘ ਪੁੱਤਰ ਅਮਰ ਸਿੰਘ 13) ਯਾਦਵਿੰਦਰ ਸਿੰਘ ਪੁੱਤਰ ਸਰਵਨ ਸਿੰਘ ਪੁੱਤਰ ਅਮਰ ਸਿੰਘ 14) ਬਰਜਿੰਦਰ ਸਿੰਘ ਪੁੱਤਰ ਸਰਵਨ ਸਿੰਘ ਪੁੱਤਰ ਅਮਰ 15) ਸਰਦੂਲ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਇੰਦਰ ਸਿੰਘ 16) ਲਖਬੀਰ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਇੰਦਰ ਸਿੰਘ 17) ਗੁਰਬਚਨ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਇੰਦਰ ਸਿੰਘ 18) ਸੇਵਾ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਇੰਦਰ ਸਿੰਘ 19) ਜਸਵੰਤ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਇੰਦਰ ਸਿੰਘ 20) ਕੁਲਵੰਤ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਇੰਦਰ ਸਿੰਘ 21) ਪ੍ਰਗਅ ਸਿੰਘ ਪੁੱਤਰ ਓਜਾਗਰ ਸਿੰਘ ਪੁੱਤਰ ਇੰਦਰ ਸਿੰਘ 22) ਦਵਿੰਦਰ ਸਿੰਘ ਪੁੱਤਰ ਓਜਾਗਰ ਸਿੰਘ ਪੁੱਤਰ ਇੰਦਰ ਸਿੰਘ 23) ਕਸ਼ਮੀਰ ਕੌਰ ਪਤਨੀ ਦਰਸ਼ਨ ਸਿੰਘ ਪੁੱਤਰ ਓਜਾਗਰ ਸਿੰਘ 24) ਗੁਰਦੇਵ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਇੰਦਰ ਸਿੰਘ 25) ਰਮਨ ਕੁਮਾਰ ਪੁੱਤਰ ਅਵਨਾਸ਼ ਚੰਦਰ ਪੁੱਤਰ ਪ੍ਰਸ਼ੋਤਮ ਲਾਲ 26) ਸ਼ਤੀਸ਼ ਕੁਮਾਰ ਪੁੱਤਰ ਪ੍ਰੇਮ ਨਾਥ ਪੁੱਤਰ ਚੰਨਨ ਰਾਮ 27) ਰਾਹੁਲ ਮਿਤਲ ਪੁੱਤਰ ਧਵਨ ਕੁਮਾਰ ਪੁੱਤਰ ਧਰਮਪਾਲ 28) ਦੀਪਕ ਸਚਦੇਵਾ ਪੁੱਤਰ ਗੋਬਿੰਦ ਰਾਮ ਪੁੱਤਰ ਛਿਬਾ ਮੱਲ 29) ਨਿਰਵੈਲ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਅਮੀਰ ਚੰਦ 30) ਹਰਦੇਵ ਕੁਮਾਰ ਪੁੱਤਰ ਸ਼ੀਤਲ ਕੁਮਾਰ ਪੁੱਤਰ ਅਮੀਰ ਚੰਦ 31 ) ਰੇਖਾ ਪਤਨੀ ਸਤਪਾਲ ਪੁੱਤਰ ਲਾਲ 32) ਦਵਿੰਦਰ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਇੰਦਰ ਸਿੰਘ 33) ਦਰਸ਼ਨ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਇੰਦਰ 34) ਗੁਰਵਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਪੁੱਤਰ ਚੰਨਨ ਸਿੰਘ 35) ਗੁਰਦਿੱਤ ਸਿੰਘ ਪੁੱਤਰ ਸਰਦੂਲ ਸਿੰਘ ਪੁੱਤਰ ਕਰਨੈਲ ਸਿੰਘ 36) ਊਸ਼ਾ ਰਾਣੀ ਪਤਨੀ ਸੁਰੇਸ਼ ਕੁਮਾਰ ਪੁੱਤਰ ਬਨਾਰਸੀ ਦਾਸ 37) ਫਤਿਹ ਸਿੰਘ ਪੁੱਤਰ ਲਖਬੀਰ ਸਿੰਘ ਪੁੱਤਰ ਕਰਨੈਲ ਸਿੰਘ 38) ਜਗਦੀਪ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਸੁੱਚਾ ਸਿੰਘ 39) ਬਲਜਿੰਦਰ ਕੌਰ ਵਿਧਵਾ ਬਲਜਿੰਦਰ ਸਿੰਘ ਪੁੱਤਰ ਉਜਾਗਰ ਸਿੰਘ 40) ਰਮਨਦੀਪ ਸਿੰਘ ਪੁੱਤਰ ਬਲਜਿੰਦਰ ਸਿੰਘ ਪੁੱਤਰ ਉਜਾਗਰ ਸਿੰਘ 41) ਮਨਦੀਪ ਸਿੰਘ ਪੁੱਤਰ ਜਸਪਾਲ ਸਿੰਘ ਪੁੱਤਰ ਜਗਤ ਸਿੰਘ, 42) ਨਵਦੀਪ ਸਿੰਘ ਪੁੱਤਰ ਗੁਰਮੀਤ ਸਿੰਘ ਪੁੱਤਰ ਬਲਬੀਰ ਸਿੰਘ 43) ਅਰਸ਼ਦੀਪ ਸਿੰਘ ਪੁੱਤਰ ਗੁਰਜੀਤ ਸਿੰਘ ਪੁੱਤਰ ਬਲਬੀਰ ਸਿੰਘ 44) ਨਵਦੀਪ ਸਿੰਘ ਪੁੱਤਰ ਗੁਰਮੀਤ ਸਿੰਘ ਪੁੱਤਰ ਰਘਬੀਰ ਸਿੰਘ ਉਰਫ ਬਲਬੀਰ ਸਿੰਘ 45) ਸੁਖਜੀਤ ਕੌਰ ਪਤਨੀ ਗੁਰਮੁੱਖ ਸਿੰਘ ਪੁੱਤਰ ਅਮਰ ਸਿੰਘ 46) ਅਮਰਜੀਤ ਕੌਰ ਪਤਨੀ ਸਵਰਨ ਸਿੰਘ ਪੁੱਤਰ ਅਮਰ ਸਿੰਘ 47) ਹਰਵਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ ਪੁੱਤਰ ਜਗੀਰ ਸਿੰਘ 48) ਅਮਰਜੀਤ ਕੌਰ ਪਤਨੀ ਸਰਵਨ ਸਿੰਘ ਪੁੱਤਰ ਅਮਰ ਸਿੰਘ 49) ਕੰਵਲਜੀਤ ਸਿੰਘ ਪੁੱਤਰ ਦਵਿੰਦਰ ਸਿੰਘ ਪੁੱਤਰ ਉਜਾਗਰ ਸਿੰਘ 50 ) ਲਵਪ੍ਰੀਤ ਸਿੰਘ ਬਰਾੜ ਪੁੱਤਰ ਦਵਿੰਦਰ ਸਿੰਘ ਪੁੱਤਰ ਉਜਾਗਰ ਸਿੰਘ 51) ਫਤਿਹ ਸਿੰਘ ਪੁੱਤਰ ਲਖਵੀਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀਆਨ ਵਾਰਸ ਵਾਲਾ ਅਰਾਈਆਂ, ਮੱਖੂ ਤਹਿ: ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ। (ਮਸੂਲਐਲਹਮ)

ਦਰਖਾਸਤ ਬਰਾਏ ਦਰੁਸਤੀ ਗਿਰਦਾਵਰੀ ਅਰਾਜੀ 10 ਕਨਾਲ, ਜੋ ਕਿ ਖਸਰਾ ਨੰਬਰ:ਤਮ//8,9,12,13,18,19 ਵਿੱਚੋਂ ਮਜ 2021-22 ਵਾਕਿਆ ਰਕਬਾ ਵਾਰਸ ਵਾਲਾ ਅਰਾਈਆਂ, ਤਹਿ: ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦੀ ਗਿਰਦਾਵਰੀ ਹਾੜੀ-ਸਾਉਣੀ ਤਾ ਹਾਲ ਫੈਸਲਾ (ਗੈਰਮਰੂਸੀ ਮਾਲਕ.)

ਉਕਤ ਰਕਬਾ ਸੰਬੰਧੀ ਗਿਰਦਾਵਰੀ ਕੇਸ ਵਿੱਚ ਤਲਬੀ ਨੋਟਿਸ ਪਬਲੀਕੇਸ਼ਨ ਰਾਹੀਂ ਜਾਰੀ ਕੀਤਾ ਜਾਂਦਾ ਹੈ।ਨੋਟਿਸ ਇਸਤਿਹਾਰ ਦੇ ਛਪਣ ਤੋਂ 10 ਦੇ ਅੰਦਰ ਅੰਦਰ ਅਦਾਲਤ ਵਿੱਚ ਪੇਸ਼ ਹੋ ਕੇ ਆਪਣਾ ਪੱਖ ਇਸ ਤਕਸੀਮ ਕੇਸ ਵਿੱਚ ਦਿੱਤਾ ਜਾਵੇ। 10 ਦਿਨ ਬਾਅਦ ਇਸ ਕੇਸ ਵਿੱਚ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 5/5/26 ਨੂੰ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ ਅਤੇ ਸਮੇਤ ਮੋਹਰ ਇਸ ਦੀ ਕਾਪੀ ਅਦਾਲਤ ਵਿੱਚ ਰੱਖ ਲਈ ਗਈ ਹੈ।

(ਨੰਬਰ:648, ਮਿਤੀ : 5/5/26) ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ, ਮੱਖੂ

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਆਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ ।

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR26-23 | 25.05.2026 ਨੂੰ 11.00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਦ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ): 14622/F1, 19612/F1, 19326/F1, 22552/F1, 18104/F1, 15532/F1, 14682/F1, 14650/R1, 13308/F1 & 22446/F1. |
| EAFZR-PACKING44 | 25.05.2026 ਨੂੰ 11.00 ਵਜੇ | ਜਲੰਧਰ ਸਿਟੀ ਵਿਚ ਦੋ ਪਹੀਯਾ ਵਾਹਨਾਂ ਅਤੇ ਹੋਰ ਪਾਰਸਲ ਪੈਕੇਜਾਂ ਦੀ ਪੈਕਿੰਗ ਦੇ ਲਈ ਅਨੁਬੰਧ ਦਾ ਅਲਾਟਮੈਂਟ । |
| EAFZR-SLR26-24 | 27.05.2026 ਨੂੰ 11.00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਦ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ): 15212/F1, 15532/R1, 22480/F1, 14604/R1, 14618/F1, 14604/F1, 12422/F1 & 20424/F1. |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੇਬਸਾਈਟ www.ireps.gov.in ਉਤੇ ਜਾਉ । 1551/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਅਦਾਲਤੀ ਇਸ਼ਤਿਹਾਰ

ਬਾ- ਅਦਾਲਤ ਸ੍ਰੀ ਅਭਿਸ਼ੇਕ ਵਰਮਾ ਸਬ-ਰਜਿਸਟਰਾਰ ਅੰਮ੍ਰਿਤਸਰ -2

ਵਿਸ਼ਾ: ਵਸੀਅਤ ਜੇਰ ਧਾਰਾ 40 ਇੰਡੀਅਨ ਰਜਿਸਟਰੇਸ਼ਨ ਐਕਟ ਅਧੀਨ ਤਸਦੀਕ ਕਰਨ ਬਾਰੇ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੈਂ ਰਮਨ ਕੁਮਾਰ ਸਪੁੱਤਰ ਸ੍ਰੀ ਬ੍ਰਿਜ ਲਾਲ ਵਾਸੀ 427 ਗਲੀ ਮੋਚੀਆਂ ਕਟੜਾ ਸਫੈਦ ਅਮ੍ਰਿਤਸਰ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਨੇ ਇੱਕ ਦਰਖਾਸਤ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਕੀਤੀ ਅਣ-ਰਜਿਸਟਰਡ ਵਸੀਅਤ ਨਾਲ ਨੱਥੀ ਕੀਤੀ ਅਤੇ ਆਪਣੀ ਦਰਖਾਸਤ ਵਿੱਚ ਲਿਖਿਆ ਹੈ ਕਿ ਮੇਰੀ ਦਾਦੀ ਸ੍ਰੀਮਤੀ ਗਿਆਨ ਦੇਵੀ ਪਤਨੀ ਲੇਟ ਸ੍ਰੀ ਲੱਭਾ ਰਾਮ ਦੀ ਮੌਤ ਮਿਤੀ 07-10-2004 ਨੂੰ ਹੋ ਚੁੱਕੀ ਹੈ ਅਤੇ ਉਹਨਾ ਨੇ ਆਪਣੀ ਮੌਤ ਤੋਂ ਪਹਿਲਾਂ ਇੱਕ ਅਣ-ਰਜਿਸਟਰਡ ਵਸੀਅਤ ਮਿਤੀ 15-05-2000 ਨੂੰ ਆਪਣੇ (ਪੋਤਰੇ ) ਰਮਨ ਕੁਮਾਰ ਸਪੁੱਤਰ ਸ੍ਰੀ ਬ੍ਰਿਜ ਲਾਲ ਦੇ ਹੱਕ ਵਿੱਚ ਲਿਖਾਈ ਸੀ, ਜੋ ਕਿ ਕਿਸੇ ਕਾਰਨ ਉਹ ਰਜਿਸਟਰਡ ਨਹੀਂ ਕਰਵਾ ਸਕੇ। ਉਹ ਸ੍ਰੀਮਤੀ ਗਿਆਨ ਦੇਵੀ ਵੱਲੋਂ ਕਰਵਾਈ ਗਈ ਅਣ-ਰਜਿਸਟਰਡ ਵਸੀਅਤ ਨੂੰ ਇੰਡੀਅਨ ਰਜਿਸਟਰੇਸ਼ਨ ਐਕਟ ਦਫਾ 40 ਤਹਿਤ ਰਜਿਸਟਰੇਸ਼ਨ ਕਰਵਾਉਣਾ ਚਾਹੁੰਦੇ ਹਨ। ਸ੍ਰੀਮਤੀ ਗਿਆਨ ਦੇਵੀ ਦੇ ਵਾਰਸਾਂ ਅਤੇ ਆਮ ਜਨਤਾ ਦੀ ਜਾਣਕਾਰੀ ਲਈ ਅਖਬਾਰ ਵਿੱਚ ਇਸ਼ਤਿਆਰ ਦਿੱਤਾ ਜਾਵੇ ਕਿ ਇਹ ਵਸੀਅਤ ਜੇਰ ਧਾਰਾ-40 ਭਾਰਤੀ ਰਜਿਸਟਰੇਸ਼ਨ ਐਕਟ ਅਧੀਨ ਤਸਦੀਕ ਹੋਣ ਵਿੱਚ ਕਿਸੇ ਨੂੰ ਕੋਈ ਇਤਰਾਜ਼ ਤਾਂ ਨਹੀਂ ਹੈ। ਜੇਕਰ ਕਿਸੇ ਧਿਰ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤ ਇਸ਼ਤਿਹਾਰ ਜਾਰੀ ਹੋਣ ਤੋਂ 21 ਦਿਨ ਦੇ ਅੰਦਰ ਹਾਜਰ ਹੋ ਕੇ ਉਜਰ ਪੇਸ਼ ਕਰ ਸਕਦਾ ਹੈ। ਬਾਅਦ ਵਿੱਚ ਕੋਈ ਇਤਰਾਜ ਨਹੀਂ ਸੁਣਿਆ ਜਾਵੇਗਾ ਅਤੇ ਬਾਅਦ ਗੁਜ਼ਰਨੇ ਮਿਆਦ ਵਸੀਅਤ ਤਸਦੀਕ ਕਰ ਦਿੱਤੀ ਜਾਵੇਗੀ । ਇਹ ਇਸ਼ਤਿਹਾਰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਸਹੀ/- ਸਬ-ਰਜਿਸਟਰਾਰ, ਅੰਮ੍ਰਿਤਸਰ-2

## COURT NOTICE

IN THE COURT OF SH. V.K. Meena, IAS, FINANCIAL COMMISSIONER (APPEALS), PUNJAB, CHANDIGARH.

ROR No. 1317 OF 2023

The above-mentioned case as per given title is pending before this Court which relating to Mutation.

*Titled: Joginder Singh and others Versus Gurmeet Singh & others*

Public Notice is issued to the following respondents:-

• Respondent no.2 Nazar Singh (since deceased) through his legal heir Grona Singh son of Nazar Singh son Teja Singh residents of Village Harigarh, Tehsil and District Barnala. • Respondent no.9 Gurjant Singh (since deceased) through his legal heir Harpal Singh son of Gurjant Singh son Mohinder Singh residents of Village Harigarh, Tehsil and District Barnala. • Respondent no.10 Jangir Kaur (since deceased) through his legal heir Harpal Singh son of Gurjant Singh son Mohinder Singh residents of Village Harigarh, Tehsil and District Barnala. • Respondent no.3 Sardara Singh • Respondent no.5 Parminder Singh • Respondent no.6 Pal Singh. All residents of Village Pakho Kanchya, Tehsil and District Barnala.

Whereas Joginder Singh alias Ginder Singh son of Mengal Singh through his legal heirs: Filed Revision Petition Under Section 16 of Punjab Land Revenue Act, against order dated: 02.08.2018 passed by A.C. 1st Grade (Naib Tehsildar, Dhanola, against the order dated 16.07.2019 passed by Collector (SDM) Barnala and against the order dated 04.10.2023 passed by the Commissioner Patiala Division Patiala, whereby the AC Ist Grade passed amended Naksha Arra while ignoring the stay order dated 11.05.2017 passed by civil judge (Jr. Division) Barnala and the amended Naksha Arra is not as per the position at the spot. wherein, the above mentioned persons are impleaded as respondents No.2,3,5,6,9 and 10 in the above titled revision petition.

And whereas, it has been proved to the satisfaction of this court that the above named respondents cannot be served through the ordinary process of service. Hence, this public notice is issued to them. The case is fixed for hearing on 13.03.2026 at 2.30.00 PM if they want to defend their case they may appear personally or through their counsel on 13.03.2026 at Court Room, Punjab Civil Secretariat Chandigarh. Take notice, that in default of their appearance on the day as mentioned, the above said case will be heard and decided in their absence.

Give under my hand and seal of this court on 20.02.26. (V.K. Meena)
Financial Commissioner (Appeals) Punjab at Chandigarh.

## ਫਾਰਮ ਨੰ. INC-26

[ਨਿਯਮ 30 ਦੇ ਤਹਿਤ, ਕੰਪਨੀਜ਼ (ਇੰਕਾਰਪੋਰੇਸ਼ਨ) ਨਿਯਮ, 2014]
ਕੇਂਦਰ ਸਰਕਾਰ ਦੇ ਮਾਨਯੋਗ ਅਧਿਕਾਰੀਆਂ ਦੇ ਸਾਹਮਣੇ
ਰੀਜਨਲ ਡਾਇਰੈਕਟਰ, ਉੱਤਰੀ ਰੀਜਨ ਡਾਇਰੈਕਟੋਰੇਟ II, ਚੰਡੀਗੜ੍ਹ
ਕੰਪਨੀਜ਼ ਐਕਟ, 2013 ਦੀ ਧਾਰਾ 13 ਦੀ ਉਪ-ਧਾਰਾ (4) ਅਤੇ ਕੰਪਨੀਜ਼ (ਇੰਕਾਰਪੋਰੇਸ਼ਨ) ਨਿਯਮ, 2014
ਦੇ ਨਿਯਮ 30 ਦੇ ਉਪ-ਨਿਯਮ (5) ਦੀ ਧਾਰਾ (a) ਅਧੀਨ
ਅਤੇ
ਮਾਮਲੇ ਵਿੱਚ:
ਮੈਨੀਜ਼ ਕਨਸਲਟਿੰਗ ਸਰਵਿਸਿਜ ਪ੍ਰਾਈਵੇਟ ਲਿਮਿਟਡ
(ਪਹਿਲਾਂ "ਡੋਰੈਕਲ ਕਲਾਉਡ ਇੰਡੀਆ ਪ੍ਰਾਈਵੇਟ ਲਿਮਿਟਡ" ਦੇ ਨਾਂ ਨਾਲ ਜਾਣੀ ਜਾਂਦੀ ਸੀ)
(CIN: U72900PB2021PTC054809)
ਜਿਸ ਦਾ ਰਜਿਸਟਰਡ ਦਫ਼ਤਰ ਸਥਿਤ ਹੈ:
ਐੱਫ-547, ਪੰਜਵੀਂ ਮੰਜ਼ਿਲ, ਮਾਡਰਨ ਟਾਵਰ, 8A ਇੰਡਸਟ੍ਰੀਅਲ ਏਰੀਆ, ਸੈਕਟਰ 75, ਚੰਡੀਗੜ੍ਹ ਸੈਕਟਰ 67, ਰੂਪਨਗਰ, ਐਸ.ਏ.ਐੱਸ.ਨਗਰ (ਮੋਹਾਲੀ), ਪੰਜਾਬ-160062
........ ਅਰਜ਼ੀਦਾਤਾ ਕੰਪਨੀ / ਪੀਟੀਸ਼ਨਰ

ਇਸ ਸੂਚਨਾ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਰਜ਼ੀਕਰਤਾ ਕੰਪਨੀ ਕੰਪਨੀਜ਼ ਐਕਟ, 2013 ਦੀ ਧਾਰਾ 13 ਅਧੀਨ ਕੇਂਦਰ ਸਰਕਾਰ ਕੋਲ ਅਰਜ਼ੀ ਦੇਣ ਦੀ ਪ੍ਰਸਤਾਵਨਾ ਕਰਦੀ ਹੈ, ਤਾਂ ਜੋ ਕੰਪਨੀ ਦੇ ਮੈਮੋਰੈਂਡਮ ਆਫ਼ ਐਸੋਸੀਏਸ਼ਨ ਵਿੱਚ ਤਬਦੀਲੀ ਦੀ ਪੁਸ਼ਟੀ ਪ੍ਰਾਪਤ ਕੀਤੀ ਜਾ ਸਕੇ। ਇਹ ਤਬਦੀਲੀ ਉਸ ਵਿਸ਼ੇਸ਼ ਪ੍ਰਸਤਾਵ ਦੇ ਅਨੁਸਾਰ ਹੈ ਜੋ ਵੀਰਵਾਰ, 19 ਮਾਰਚ, 2026 ਨੂੰ ਹੋਈ ਐਕਸਟਰਾ-ਆਰਡਿਨਰੀ ਜਨਰਲ ਮੀਟਿੰਗ ਵਿੱਚ ਪਾਸ ਕੀਤਾ ਗਿਆ ਸੀ, ਤਾਂ ਜੋ ਕੰਪਨੀ ਆਪਣੇ ਰਜਿਸਟਰਡ ਦਫ਼ਤਰ ਨੂੰ "ਸਟੇਟ ਆਫ ਪੰਜਾਬ" ਤੋਂ "ਸਟੇਟ ਆਫ ਤੇਲੰਗਾਨਾ" ਵਿੱਚ ਬਦਲ ਸਕੇ।

ਜੋ ਕੋਈ ਵੀ ਵਿਅਕਤੀ ਜਿਸਦਾ ਹਿੱਤ ਕੰਪਨੀ ਦੇ ਰਜਿਸਟਰਡ ਦਫ਼ਤਰ ਵਿੱਚ ਸੁਝਾਏ ਗਏ ਬਦਲਾਅ ਕਾਰਨ ਪ੍ਰਭਾਵਿਤ ਹੋ ਸਕਦਾ ਹੈ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਚੌਦਾਂ (14) ਦਿਨਾਂ ਦੇ ਅੰਦਰ ਆਪਣੇ ਵਿਰੋਧ ਦਰਜ ਕਰਵਾ ਸਕਦਾ ਹੈ। ਵਿਰੋਧ ਜਾਂ ਤਾਂ MCA-21 ਪੋਰਟਲ (www.mca.gov.in) ਰਾਹੀਂ ਇਨਵੈਸਟਰ ਸ਼ਿਕਾਇਤ ਫਾਰਮ ਭਰ ਕੇ ਜਾਂ ਫਿਰ ਰਜਿਸਟਰਡ ਡਾਕ ਰਾਹੀਂ ਰੀਜਨਲ ਡਾਇਰੈਕਟਰ, ਉੱਤਰੀ ਰੀਜਨ ਡਾਇਰੈਕਟੋਰੇਟ II , ਤੀਜੀ ਮੰਜ਼ਿਲ, ਕਾਰਪੋਰੇਟ ਭਵਨ, ਪਲਾਟ ਨੰਬਰ 4-B, ਸੈਕਟਰ 27-B, ਚੰਡੀਗੜ੍ਹ – 160019 ਨੂੰ ਭੇਜੇ ਜਾ ਸਕਦੇ ਹਨ। ਇਸ ਤਰ੍ਹਾਂ ਭੇਜੇ ਜਾਣ ਵਾਲੇ ਵਿਰੋਧਾਂ ਦੇ ਨਾਲ ਇੱਕ ਸ਼ਪਥਪੱਤਰ ਹੋਣਾ ਲਾਜ਼ਮੀ ਹੈ, ਜਿਸ ਵਿੱਚ ਵਿਰੋਧ ਕਰਨ ਵਾਲੇ ਵਿਅਕਤੀ ਦੇ ਹੱਕ ਜਾਂ ਦਾਅਵੇ ਦੀ ਕਿਸਮ ਅਤੇ ਵਿਰੋਧ ਦੇ ਆਧਾਰ ਸਪੱਸ਼ਟ ਤੌਰ 'ਤੇ ਦਰਸਾਏ ਜਾਣ।

ਇਸ ਦੀ ਇੱਕ ਕਾਪੀ ਅਰਜ਼ੀਕਰਤਾ ਕੰਪਨੀ ਨੂੰ ਉਸਦੇ ਹੇਠ ਲਿਖੇ ਰਜਿਸਟਰਡ ਦਫ਼ਤਰ ਦੇ ਪਤੇ 'ਤੇ ਭੇਜਣੀ ਲਾਜ਼ਮੀ ਹੋਵੇਗੀ:

"ਐੱਫ-547, ਪੰਜਵੀਂ ਮੰਜ਼ਿਲ, ਮਾਡਰਨ ਟਾਵਰ, 8A ਇੰਡਸਟ੍ਰੀਅਲ ਏਰੀਆ, ਸੈਕਟਰ 75, ਚੰਡੀਗੜ੍ਹ ਸੈਕਟਰ 67, ਰੂਪਨਗਰ, ਐਸ.ਏ.ਐੱਸ.ਨਗਰ (ਮੋਹਾਲੀ), ਪੰਜਾਬ-160062"

ਅਰਜ਼ੀਦਾਤਾ ਵੱਲੋਂ
ਵਿਕਾਸ ਮੈਨੀ (ਡਾਇਰੈਕਟਰ)
DIN: 02767974

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੁਖਤਿਆਰ ਸਿੰਘ ਪੁੱਤਰ ਕਪੂਰ ਸਿੰਘ ਵਾਸੀ ਬੁੱਟਰ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਵਾਕਿਆ ਰਕਬਾ ਬੁੱਟਰ, ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ 3003706523, 10 ਹਾਰਸ ਪਾਵਰ ਨੂੰ ਬਲਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਬੁੱਟਰ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ, ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਮੈਂ, ਜੱਜ ਸਿੰਘ ਪੁੱਤਰ ਰਤਬਸ ਸਿੰਘ ਵਾਸੀ ਪਿੰਡ ਚੱਕ ਅਰਨੀਵਾਲਾ ਉਰਫ ਕੱਟੀਆਂਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਸੁਨੀਤਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨਾਲੋਂ ਰਿਸ਼ਤੇ-ਨਾਤੇ ਖਤਮ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਬੱਚਿਆਂ ਦਾ ਉਸ ਨਾਲ ਕੋਈ ਤਾਲੁਕ-ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਜਸਵੀਰ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਪਿੰਡ ਕਾਹਲਵਾਂ, ਡਾਕ: ਭੁੰਗਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰੁਪਿੰਦਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਜੇਕਰ ਉਸ ਨਾਲ ਕੋਈ ਵੀ ਲੈਣ-ਦੇਣ ਕਰੇਗਾ, ਤਾਂ ਮੈਂ ਜਾਂ ਮੇਰਾ ਪਰਵਾਰ ਉਸ ਦੇ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਮੈਂ ਉਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਸੰਬੰਧਤ ਨੋਟ ਕਰਨ।

ਮੈਂ, ਜਸਵੰਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਬਾਸਰਕੇ ਗਿੱਲਾਂ, ਜ਼ਿਲ੍ਹਾ ਅੰਮ੍ਰਿਤਸਰ ਆਪਣੀ ਲੜਕੀ ਕਵਲਜੀਤ ਕੌਰ, ਜੋ ਮੇਰੇ ਕਹਿਣੇ ਵਿੱਚ ਨਹੀ ਹੈ। ਮੇਰੀ ਕੋਈ ਗੱਲ ਨਹੀ ਮੰਨਦੀ, ਆਪਣੀ ਮਰਜ਼ੀ ਕਰਦੀ ਹੈ ਅਤੇ ਅਕਸਰ ਘਰ ਵਿੱਚ ਲੜਾਈ-ਝਗੜਾ ਕਰਦੀ ਹੈ, ਨੂੰ ਆਪਣੀ ਚੱਲ-ਅਚੱਲ, ਝੁਕਵੀ-ਅਣਝੁਕਵੀ ਜਾਇਦਾਦ ਤੋਂ ਪਰਿਵਾਰ ਸਮੇਤ ਬੇਦਖਲ ਕਰਦਾ ਹਾਂ। ਉਸਦੇ ਕਿਸੇ ਵੀ ਮਾੜੇ ਚੰਗੇ ਕੰਮ, ਨਫ਼ੇ-ਨੁਕਸਾਨ, ਲੈਣ-ਦੇਣ, ਲੜਾਈ-ਝਗੜੇ, ਕਿਸੇ ਵੀ ਅਣਸੁਖਾਵੀਂ ਘਟਨਾ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਜਿੰਮੇਵਾਰ ਨਹੀਂ ਹੋਵੇਗਾ। ਮੇਰਾ ਹੁਣ ਕੰਵਲਜੀਤ ਕੌਰ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਨਾ ਹੀ ਅਗਾਂਹ ਕਦੇ ਹੋਵੇਗਾ।

ਮੈਂ, ਚਮਕੌਰ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਭਾਗੀਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਖਪ੍ਰੀਤ ਸਿੰਘ ਅਤੇ ਮੇਰੀ ਨੂੰਹ ਰੇਖਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜਗੀਰ ਕੌਰ ਵਿਧਵਾ ਲਾਲ ਚੰਦ ਵਾਸੀ ਪਿੰਡ ਨੰਗਲ ਸਲੇਮਪੁਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੇਲ ਸਿੰਘ ਟਿਵਾਣਾ ਪੁੱਤਰ ਰਚਨ ਸਿੰਘ ਵਾਸੀ ਟਿੱਬੀ ਬਸਤੀ, ਸੁਨਾਮ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਲਵੰਤ ਸਿੰਘ ਅਤੇ ਮੇਰੀ ਨੂੰਹ ਅਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਜੀਤ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ 36, ਯਾਸੀਨ ਰੋਡ, ਅੰਮ੍ਰਿਤਸਰ ਹਾਲ ਵਾਸੀ ਮਕਾਨ ਨੰ. 203, ਨਗੀਨਾ ਐਵੇਨਿਊ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਆਂਗਨਦੀਪ ਸਿੰਘ ਨੇ ਸਾਡੇ ਕਹਿਣੇ ਤੋਂ ਬਾਹਰ ਹੋ ਕੇ ਆਪਣੀ ਮਰਜ਼ੀ ਨਾਲ ਨੰਦਨੀ ਨਾਲ ਵਿਆਹ ਕਰ ਲਿਆ ਹੈ। ਮੈਂ ਉਨ੍ਹਾਂ ਦੋਵਾਂ ਨੂੰ ਪਹਿਲੇ ਹੀ ਬੇਦਖਲ ਕਰ ਚੁੱਕਾ ਹਾਂ। ਮੇਰਾ ਵੱਡਾ ਬੇਟਾ ਅਮਨਦੀਪ ਸਿੰਘ ਅਤੇ ਉਸ ਦੀ ਪਤਨੀ ਸੁਖਪ੍ਰੀਤ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਬਹੁਤ ਤੰਗ-ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੇ ਲੜਕੇ ਗੁਰਬਾਜ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਵਾਰ ਦਾ ਇਨ੍ਹਾਂ ਨਾਲ ਕੋਈ ਲੈਣ-ਦੇਣ ਅਤੇ ਕੋਈ ਰਿਸ਼ਤਾ ਨਹੀਂ ਹੈ। ਇਹ ਆਪਣੇ ਨਫ਼ੇ-ਨੁਕਸਾਨ ਦੇ ਖ਼ੁਦ ਜ਼ਿੰਮੇਵਾਰ ਹੋਣਗੇ।

## ਬੇਦਖਲੀ ਨੋਟਿਸ

ਮੈਂ, ਹਰਜੀਤ ਕੌਰ ਵਿਧਵਾ ਪਰਮਜੀਤ ਸਿੰਘ ਵਾਸੀ 1410, ਬਾਬੇ ਮਲਕੋ ਵਾਲੀ ਗਲੀ, ਰਈਆ, ਪੱਤੀ ਛੀਨੇ ਮਾਨ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਮਨਪ੍ਰੀਤ ਕੌਰ ਜੋ ਸ਼ਾਦੀਸ਼ੁਦਾ ਹੈ, ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ, ਅਕਸਰ ਲੜਾਈ-ਝਗੜਾ ਕਰਦੀ ਹੈ। ਮੈਂ ਉਸ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੀ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਵੇਗੀ। ਮੇਰਾ ਅਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਤਾਲੁਕ-ਵਾਸਤਾ ਨਹੀਂ।

ਮੈਂ ਬੇਬੀ ਪਤਨੀ ਸ਼ਿੰਗਾਰਾ ਸਿੰਘ ਵਾਸੀ ਪਿੰਡ ਬਿਹਾਰੀਪੁਰ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦੀ ਹਾਂ ਕਿ ਮੇਰਾ ਲੜਕਾ ਲਕਸ਼ੇ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਰਾਜ ਕੌਰ ਪਤਨੀ ਲੇਟ ਮੱਖਣ ਸਿੰਘ ਵਾਸੀ ਝਬਾਲ ਰੋਡ ਡਾਕਖਾਨਾ ਤਰਨ ਤਾਰਨ, ਜਿਲਾ ਤਰਨ ਤਾਰਨ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਬਲਵਿੰਦਰ ਸਿੰਘ ਅਤੇ ਉਸਦੀ ਪਤਨੀ ਕਿਰਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜਿੰਮੇਵਾਰ ਹੋਣਗੇ।

ਮੈਂ, ਵਿਨੋਦ ਕੁਮਾਰ ਕੌਸ਼ਲ ਪੁੱਤਰ ਓਮ ਪ੍ਰਕਾਸ਼ ਕੌਸ਼ਲ ਵਾਸੀ ਵਾਰਡ ਨੰ. 10, ਮੁਹੱਲਾ ਲੁਬਾਣਾ ਵਾਲਾ, ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ (ਪੰਜਾਬ) ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਭੈਵ ਕੌਸ਼ਲ ਅਤੇ ਦੂਸਰਾ ਲੜਕਾ ਕੇਸ਼ਵ ਨੰਦਨ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## Change of Name

I, Monika Arora W/O Varun Sethi R/O 187, Shivala Colony, Shivala Mandir, Shivala, Amritsar,Punjab have changed my name from Monika Arora to Monika Sethi. Concerned note.

I Surinder Pal S/O Acchar Singh R/O VPO Karawar Teh Balachaur Distt SBS Nagar Punjab Have Changed My Name To Surinder Singh. All Please Note.

I Surinder Devi W/O Surinder Singh R/O VPO Karawar Teh Balachaur Distt SBS Nagar Punjab Have Changed My Name To Surinder Rani. All Please Note

I, Swarnjeet Kaur Gill W/o Manjit Singh Gill R/o H.No. 720, Ward No. 06, Dosanjh Road, Nanakpura Mohalla, Moga, (Pb.)-142001, have changed my name from Swarnjeet Kaur Gill to Swaranjit Kaur Gill. (New Name)

I, Bhupinder Singh S/o Partap Singh R/o V.P.O. Muchhal, Teh. Baba Bakala Sahib, Distt. Amritsar (PB.), have changed my name from Bhupinder Singh to Jaswinder Singh. All concerned please note.

I, Amarjeet Kaur W/o Jarnail Singh R/o Mahawa Amritsar declare that I have changed my name from Amarjeet kaur to Amarjit kaur for all future purposes

I, Pardeep Sharma S/o Darshan Kumar R/o 480, Shekhupura Mohalla, Jandiala Guru Distt Amritsar have changed my name from Pardeep Sharma to Pardeep Kumar

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਗੁਰਜੀਤ ਨਾਗਰਾ ਨੂੰ ਸਦਮਾ, ਮਾਤਾ ਦਾ ਦਿਹਾਂਤ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) : ਬਾਰ ਐਸੋਸੀਏਸ਼ਨ ਅੰਮ੍ਰਿਤਸਰ ਦੇ ਸਾਬਕਾ ਸਕੱਤਰ ਤੇ ਅਖਿਲ ਭਾਰਤੀਆ ਵਿਦਿਆਰਥੀ ਪਰੀਸ਼ਦ (ਏਬੀਵੀਪੀ) ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਜੀਤ ਸਿੰਘ ਨਾਗਰਾ ਦੇ ਮਾਤਾ ਕੁਲਦੀਪ ਕੌਰ (74 ਸਾਲ) ਦਾ ਬੀਤੇ ਵੀਰਵਾਰ ਨੂੰ ਦਿਹਾਂਤ ਹੋ ਗਿਆ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਹੋਣ ਕਾਰਨ ਹਸਪਤਾਲ ਵਿਚ ਦਾਖ਼ਲ ਸਨ। ਉਹ ਆਪਣੇ ਪਿੱਛੇ ਪਤੀ ਤੇ ਦੋ ਵਿਆਹੁਤਾ ਪੁੱਤਰ ਛੱਡ ਗਏ ਹਨ। ਉਨ੍ਹਾਂ ਦਾ ਸਸਕਾਰ ਸ਼ੁੱਕਰਵਾਰ ਨੂੰ ਨਰਾਇਣਗੜ੍ਹ ਸ਼ਮਸ਼ਾਨ ਘਾਟ ਵਿਚ ਕਰ ਦਿੱਤਾ ਗਿਆ। ਇਸ ਮੌਕੇ ਭਾਜਪਾ ਦੇ ਸੂਬਾ ਸਕੱਤਰ ਸੂਰਜ ਭਾਰਦਵਾਜ, ਸਾਬਕਾ ਕੌਂਸਲਰ ਅਰਵਿੰਦ ਸ਼ਰਮਾ, ਅੰਮ੍ਰਿਤਸਰ ਦੇ ਵਕੀਲ ਤੇ ਰਿਸ਼ਤੇਦਾਰ ਵੱਡੀ ਗਿਣਤੀ ਵਿਚ ਹਾਜ਼ਰ ਸਨ। ਮਾਤਾ ਕੁਲਦੀਪ ਕੌਰ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 16 ਮਈ ਦਿਨ ਸ਼ਨਿੱਚਰਵਾਰ ਨੂੰ ਹੋਵੇਗਾ। ਜ਼ਿਕਰਯੋਗ ਹੈ ਕਿ ਗੁਰਜੀਤ ਸਿੰਘ ਨਾਗਰਾ ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਦੇ ਵੈਨਕੂਵਰ-ਸਰ੍ਹੀ ਸ਼ਹਿਰ ਵਿਚ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਹੇ ਹਨ।

## Public Notice

I, Karanjeet Singh S/o Ram Lubhiaya R/o Vill. Narawali, Naranwali, Gurdaspur, Punjab-143512, India, declare that my given name as Karanjeet and my Surname as Singh.

## Change of Name

I, Udham Singh S/O Bhag Singh R/O Hno.D3 1760a Gali No.11 Ram Nagar Colony Near Kinder Garden School Islamabad Amritsar Have Change Of My Name Is Udam Singh To Udham Singh

I, Bikramjit Singh S/o Kulwant Singh R/o Vill Gadli, PO Gehri Mandi Distt Amritsar have declare that Bikramjit is my Given name and Singh is my Surname

I, Sarabjit Singh S/o Rajwinder Singh R/o VPO Bhangwan Distt Amritsar have declare that Sarabjit is my Given name and Singh is my Surname

I, Kawaljit Singh S/o Sukhdev Singh R/o Vill Gadli, PO Gehri Mandi Distt Amritsar have declare that Kawaljit is my Given name and Singh is my Surname

I, Gurbir Singh S/o Manjit Singh R/o Village Wara Talian Tehsil Patti, Tarn Taran Pin: 143419, Punjab, India have declare that Gurbir is my Given name and Singh is my Surname

I, Amarjot Singh S/o Balwinder Singh R/o H.No.741, Adarsh Nagar, Near Gurudwara Post office Khalsa College, Block Verka, Kot Khalsa Amritsar have declare that Amarjot is my Given name and Singh is my Surname

I, Sandeep Kaur D/o Malwinder Singh Darian R/o B-XI-53/9, Near Guru Nanak Medical Hall Kahnuwan Road, Batala, Gurdaspur, changed my name to Sandeep Kaur Darian. All concerned please note.

## 15 ਨੂੰ ਕਿਸਾਨਾਂ ਦਾ ਵੱਡਾ ਜੱਥਾ ਚੰਡੀਗੜ੍ਹ ਵੱਲ ਕੂਚ ਕਰੇਗਾ : ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੀ ਬਲਾਕ ਇਕਾਈ ਦੀ ਮੀਟਿੰਗ ਕਾਮਰੇਡ ਯਸ਼ਪਾਲ ਸਿੰਘ ਯਾਦਗਾਰੀ ਪਾਰਕ ਵਿਖੇ ਹੋਈ।ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ 15 ਮਈ ਨੂੰ ਪੰਜਾਬ ਦੀਆਂ ਅਹਿਮ ਮੰਗਾਂ ਨੂੰ ਲੈ ਕੇ ਬਲਾਕ ਮਹਿਲ ਕਲਾਂ ਦੇ ਵੱਖ-ਵੱਖ ਪਿੰਡਾਂ ਤੋਂ ਵੱਡੇ ਕਾਫਲੇ ਚੰਡੀਗੜ੍ਹ ਵੱਲ ਰਵਾਨਾ ਕੀਤੇ ਜਾਣਗੇ।ਗੁਰਦੇਵ ਸਿੰਘ ਮਾਂਗੇਵਾਲ, ਜਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦਾ ਮਸਲਾ ਬਹੁਤ ਗੰਭੀਰ ਰੂਪ ਧਾਰ ਚੁੱਕਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਨੂੰ ਨਹਿਰੀ ਪਾਣੀ ਪਹਿਲਾਂ ਹੀ ਆਪਣੇ ਬਣਦੇ ਹੱਕ ਤੋਂ ਘੱਟ ਮਿਲ ਰਿਹਾ ਹੈ, ਜਦਕਿ ਹੋਰ ਰਾਜਾਂ ਨੂੰ ਵੱਧ ਹਿੱਸਾ ਦਿੱਤਾ ਜਾ ਰਿਹਾ ਹੈ।ਜੱਗਾ ਸਿੰਘ ਮਹਿਲ ਕਲਾਂ, ਸਤਪਾਲ ਸਿੰਘ ਸੋਹੀ ਤੇ ਜੱਸਾ ਸਿੰਘ ਗਹਿਲ ਨੇ ਕਿਹਾ ਕਿ ਬੀ.ਬੀ.ਐਮ.ਬੀ ਵਿੱਚ ਪੰਜਾਬ ਤੇ ਹਰਿਆਣਾ ਦੀ ਪੱਕੀ ਨੁਮਾਇੰਦਗੀ ਖਤਮ ਕਰਕੇ ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਨੂੰ ਬਰਾਬਰ ਮੈਂਬਰੀ ਦੇਣ ਨਾਲ ਪੰਜਾਬ ਦੀ ਆਵਾਜ਼ ਹੋਰ ਕਮਜ਼ੋਰ ਹੋਵੇਗੀ ਤੇ ਭਵਿੱਖ ਵਿੱਚ ਪਾਣੀਆਂ ਦੀ ਵੰਡ ਵਿੱਚ ਪੰਜਾਬ ਨਾਲ ਹੋਰ ਅਨਿਆਇ ਹੋਣ ਦਾ ਖਤਰਾ ਵਧ ਗਿਆ ਹੈ।ਜਥੇਬੰਦੀ ਨੇ ਮੰਗ ਕੀਤੀ ਕਿ ਰਿਪੇਰੀਅਨ ਕਾਨੂੰਨ ਦੇ ਅਧਾਰ 'ਤੇ ਮੁੜ ਪਾਣੀਆਂ ਦੀ ਨਿਆਂਯੁਕਤ ਵੰਡ ਕੀਤੀ ਜਾਵੇ।ਆਗੂਆਂ ਨੇ ਕਿਹਾ ਕਿ 15 ਮਈ ਦੇ ਚੰਡੀਗੜ੍ਹ ਐਕਸ਼ਨ ਨੂੰ ਸਫਲ ਬਣਾਉਣ ਲਈ ਹਰ ਪਿੰਡ ਤੋਂ ਵੱਡੀ ਗਿਣਤੀ 'ਚ ਟਰੈਕਟਰ-ਟਰਾਲੀਆਂ ਤੇ ਹੋਰ ਵੱਖ ਵੱਖ ਵਾਹਨਾਂ ਦੇ ਜਥੇਦਾਰ ਭੇਜੇ ਜਾਣਗੇ।

## ਬਿਜਲੀ ਮੁਲਾਜ਼ਮਾਂ ਵੱਲੋਂ ਪਾਵਰਕਾਮ ਮੈਨੇਜਮੈਂਟ ਤੇ ਸਰਕਾਰ ਖਿਲਾਫ ਨਾਅਰੇਬਾਜ਼ੀ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਮਾਲੇਰਕੋਟਲਾ ਡਵੀਜ਼ਨ ਵਿਖੇ ਪੀ.ਐਸ.ਪੀ.ਸੀ.ਐਲ. ਦੇ ਦਫ਼ਤਰ ਅੱਗੇ ਮੁਲਾਜ਼ਮਾਂ ਵੱਲੋਂ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਮੁਲਾਜ਼ਮਾਂ ਨੇ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਨੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਤੇ ਮੰਨੀਆਂ ਮੰਗਾਂ ਲਾਗੂ ਨਹੀਂ ਕੀਤੀਆਂ।ਮੈਨੇਜਮੈਂਟ ਬੇ-ਵਜ੍ਹਾ ਮੁਲਾਜ਼ਮਾਂ ਦੀਆਂ ਬਦਲੀਆਂ ਕਰ ਰਹੀ ਹੈ।ਇਹ ਬਹੁਤ ਗਲਤ ਹੈ, ਇਸ ਤਰ੍ਹਾਂ ਥਾਂ-ਥਾਂ 'ਤੇ ਬਦਲੀਆਂ ਨਹੀਂ ਕਰਨੀਆਂ ਚਾਹੀਦੀਆਂ।ਮੁਲਾਜ਼ਮਾਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਤੇ ਮੈਨੇਜਮੈਂਟ ਨੂੰ ਸੀ.ਐਚ.ਬੀ. ਕਾਮਿਆਂ ਨੂੰ ਮਹਿਕਮੇ ਅੰਦਰ ਜਲਦੀ ਪੱਕੇ ਕਰਨਾ ਚਾਹੀਦਾ ਹੈ ਤਾਂ ਜੋ ਪੈਡੀ ਸੀਜ਼ਨ ਹੋਣ ਕਾਰਨ ਆਪਣੀ ਹੜਤਾਲ ਖਤਮ ਕਰਕੇ ਜਲਦੀ ਡਿਊਟੀ 'ਤੇ ਪਰਤਣ।ਮਹਿਕਮੇ ਦਾ ਕੰਮ ਸਹੀ ਢੰਗ ਨਾਲ ਹੋਵੇ ਤੇ ਖਪਤਕਾਰਾਂ ਨੂੰ ਨਿਰਵਿਘਨ ਸਪਲਾਈ ਮਿਲ ਸਕੇ।ਮੁਲਾਜ਼ਮਾਂ ਨਾਲ ਕੀਤਾ ਵਾਅਦਾ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ ਤੇ ਕਾਫੀ ਲੰਮੇ ਸਮੇਂ ਤੋਂ ਰੋਕਿਆ ਮਹਿੰਗਾਈ ਭੱਤਾ ਜਲਦੀ ਜਾਰੀ ਕੀਤਾ ਜਾਵੇ।ਪੰਜਾਬ ਦੇ ਨਵੇਂ ਭਰਤੀ ਕੀਤੇ ਮੁਲਾਜ਼ਮਾਂ ਨੂੰ ਬਰਾਬਰ ਕੰਮ ਬਰਾਬਰ ਤਨਖ਼ਾਹ ਦਿੱਤੀ ਜਾਵੇ ਤਾਂ ਜੋ ਇੱਕੋ ਕੇਡਰ ਦੇ ਮੁਲਾਜ਼ਮਾਂ ਵਿੱਚ ਕੋਈ ਵਿਤਕਰਾ ਨਾ ਕੀਤਾ ਜਾਵੇ।ਮੁਲਾਜ਼ਮਾਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਤੇ ਮੈਨੇਜਮੈਂਟ ਮੰਗਾਂ ਦਾ ਹੱਲ ਨਹੀਂ ਕਰੇਗੀ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਦਾ ਵਿਰੋਧ ਕੀਤਾ ਜਾਵੇਗਾ ਤੇ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਨਿਰੋਲ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਇਸ ਮੌਕੇ ਸ਼ਕੀਲ ਖੁਰਦ, ਜਸਵੀਰ ਸਿੰਘ ਡਵੀਜ਼ਨ ਪ੍ਰਧਾਨ, ਜਗਸੀਰ ਸਟੋਰ, ਰਾਜਵਿੰਦਰ ਸੰਦੌੜ, ਹਰਦੀਪ ਸਿੰਘ ਲਸੋਈ, ਸ਼ਿਵ ਕੁਮਾਰ ਲਾਲਕਾ, ਜਾਫਰ ਇਕਬਾਲ, ਹਰਵਿੰਦਰ ਸਿੰਘ ਪ੍ਰੈੱਸ ਸਕੱਤਰ ਆਦਿ ਹਾਜ਼ਰ ਸਨ।

## ਇਗਨੂ 'ਚ ਵਿਸ਼ਵ ਬੌਧਿਕ ਸੰਪਦਾ ਦਿਵਸ ਮੌਕੇ ਸੈਮੀਨਾਰ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਇੰਦਰਾ ਗਾਂਧੀ ਰਾਸ਼ਟਰੀ ਓਪਨ ਯੂਨੀਵਰਸਿਟੀ ਖੇਤਰੀ ਕੇਂਦਰ, ਖੰਨਾ ਦੀ ਸੀਨੀਅਰ ਖੇਤਰੀ ਨਿਰਦੇਸ਼ਕ ਡਾ. ਸੰਤੋਸ਼ ਕੁਮਾਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਸ਼ਵ ਬੌਧਿਕ ਸੰਪਦਾ ਦਿਵਸ ਮੌਕੇ ਇਗਨੂ ਦੇ ਵੱਖ-ਵੱਖ ਖੇਤਰੀ ਕੇਂਦਰਾਂ ਵੱਲੋਂ ਕਰਵਾਏ ਜਾ ਰਹੇ ਪ੍ਰੋਗਰਾਮਾਂ ਦੀ ਲੜੀ ਤਹਿਤ ਖੰਨਾ ਸਥਿਤ ਇਗਨੂ ਖੇਤਰੀ ਕੇਂਦਰ ਵੱਲੋਂ 'ਬੌਧਿਕ ਸੰਪਦਾ ਅਧਿਕਾਰਾਂ ਦੀ ਜਾਣ-ਪਛਾਣ : ਧਾਰਨਾ ਤੇ ਵਿਹਾਰਕ ਸਮਝ' ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਕੀਤਾ ਗਿਆ।ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਡਾ. ਦਿਵਿਆ ਸ਼ਰਮਾ ਅਸਿਸਟੈਂਟ ਪ੍ਰੋਫੈਸਰ ਦਿੱਲੀ ਯੂਨੀਵਰਸਿਟੀ ਨੇ ਬੌਧਿਕ ਸੰਪਦਾ ਅਧਿਕਾਰਾਂ ਦੀ ਮਹੱਤਤਾ, ਇਸ ਦੀ ਧਾਰਨਾ ਤੇ ਵਿਹਾਰਕ ਪੱਖਾਂ ਬਾਰੇ ਵਿਚਾਰ ਪ੍ਰਗਟ ਕੀਤੇ।ਉਨ੍ਹਾਂ ਕਾਪੀਰਾਈਟ, ਪੇਟੈਂਟ, ਟ੍ਰੇਡਮਾਰਕ ਤੇ ਹੋਰ ਬੌਧਿਕ ਸੰਪਦਾ ਅਧਿਕਾਰਾਂ ਸੰਬੰਧੀ ਜਾਣਕਾਰੀ ਸਾਂਝੀ ਕੀਤੀ।ਇਸ ਪ੍ਰੋਗਰਾਮ ਵਿੱਚ ਅਧਿਐਨ ਕੇਂਦਰਾਂ ਦੇ ਕੋਆਰਡੀਨੇਟਰਾਂ ਦੇ ਨਾਲ-ਨਾਲ ਇਗਨੂ ਦੇ ਵਿਦਿਆਰਥੀਆਂ ਨੇ ਵੀ ਉਤਸ਼ਾਹ ਨਾਲ ਭਾਗ ਲਿਆ।ਡਾ. ਮੰਜੂ ਗੋਇਲ, ਖੇਤਰੀ ਨਿਰਦੇਸ਼ਕ ਨੇ ਮੁੱਖ ਵਕਤਾ ਤੇ ਸਾਰੇ ਭਾਗੀਦਾਰਾਂ ਦਾ ਸਰਕਾਰੀ ਤੌਰ 'ਤੇ ਸਵਾਗਤ ਕੀਤਾ। ਪ੍ਰੋਗਰਾਮ ਦਾ ਸੰਚਾਲਨ ਡਾ. ਪ੍ਰਮੇਸ਼ ਚੰਦਰ, ਸਹਾਇਕ ਖੇਤਰੀ ਨਿਰਦੇਸ਼ਕ ਵੱਲੋਂ ਕੀਤਾ ਗਿਆ, ਜਦਕਿ ਅੰਤ ਵਿੱਚ ਡਾ. ਮਾਰੀਆ ਅਫ਼ਜ਼ਲ, ਸਹਾਇਕ ਖੇਤਰੀ ਨਿਰਦੇਸ਼ਕ ਨੇ ਸਭ ਦਾ ਧੰਨਵਾਦ ਕੀਤਾ।



## ਸਾਬਕਾ ਵਿਦਿਆਰਥੀ ਸੰਵਾਦ ਰਾਹੀਂ ਅਕਾਦਮਿਕ ਸੰਬੰਧ ਹੋਏ ਹੋਰ ਮਜ਼ਬੂਤ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਵੱਲੋਂ ਸਾਬਕਾ ਵਿਦਿਆਰਥੀ ਸੰਵਾਦ ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਵਿੱਚ ਸਾਬਕਾ ਵਿਦਿਆਰਥੀਆਂ ਤੇ ਮੌਜੂਦਾ ਵਿਦਿਆਰਥੀਆਂ ਨੂੰ ਅਕਾਦਮਿਕ ਵਿਚਾਰ-ਵਟਾਂਦਰੇ ਲਈ ਇੱਕ ਸਾਂਝਾ ਮੰਚ ਦਿੱਤਾ ਗਿਆ।ਸਮਾਗਮ ਵਿੱਚ 2023 ਬੈਚ ਦੇ ਸਾਬਕਾ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ ਤੇ ਵਿਭਾਗ ਨਾਲ ਜੁੜੇ ਆਪਣੇ ਅਨੁਭਵਾਂ, ਅਕਾਦਮਿਕ ਯਾਤਰਾ, ਉੱਚ ਸਿੱਖਿਆ ਤੇ ਰੁਜ਼ਗਾਰ ਦੇ ਮੌਕਿਆਂ 'ਤੇ ਵਿਚਾਰ ਸਾਂਝੇ ਕੀਤੇ।ਐਮ.ਏ. ਸਮਾਜ ਸ਼ਾਸਤਰ ਦੇ ਵਿਦਿਆਰਥੀਆਂ ਨੇ ਵੀ ਸਰਗਰਮ ਭਾਗੀਦਾਰੀ ਕਰਦਿਆਂ ਇਸ ਸੰਵਾਦ ਨੂੰ ਬਹੁਤ ਹੀ ਜਾਣਕਾਰੀ ਨਾਲ ਭਰਿਆ ਬਣਾਇਆ।ਵਿਭਾਗ ਨੂੰ ਇਸ ਸਫਲ ਆਯੋਜਨ ਲਈ ਵਧਾਈ ਦਿੰਦਿਆਂ ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਮੌਜੂਦਾ ਵਿਦਿਆਰਥੀਆਂ ਨੂੰ ਸਾਬਕਾ ਵਿਦਿਆਰਥੀਆਂ ਦੇ ਤਜਰਬਿਆਂ ਤੋਂ ਪ੍ਰੇਰਨਾ, ਰੁਜ਼ਗਾਰ ਸੰਬੰਧੀ ਅਗਵਾਈ ਤੇ ਵਿਹਾਰਕ ਜਾਣਕਾਰੀ ਹਾਸਲ ਕਰਨ ਦਾ ਮੌਕਾ ਦਿੰਦੇ ਹਨ, ਜਿਸ ਨਾਲ ਯੂਨੀਵਰਸਿਟੀ ਦਾ ਅਕਾਦਮਿਕ ਮਾਹੌਲ ਹੋਰ ਮਜ਼ਬੂਤ ਹੁੰਦਾ ਹੈ।ਇਹ ਪ੍ਰੋਗਰਾਮ ਡਾ. ਨਵ ਸ਼ਗਨ ਦੀਪ ਕੌਰ, ਮੁਖੀ, ਸਮਾਜ ਸ਼ਾਸਤਰ ਵਿਭਾਗ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਨ੍ਹਾਂ ਨੇ ਸਾਬਕਾ ਅਤੇ ਮੌਜੂਦਾ ਵਿਦਿਆਰਥੀਆਂ ਵਿਚਕਾਰ ਲਾਹੇਵੰਦ ਸੰਵਾਦ ਨੂੰ ਹੱਲਾਸ਼ੇਰੀ ਦਿੱਤੀ ਤੇ ਅਕਾਦਮਿਕ ਵਿਕਾਸ ਵਿੱਚ ਸਾਬਕਾ ਵਿਦਿਆਰਥੀਆਂ ਦੀ ਭੂਮਿਕਾ ਨੂੰ ਜ਼ਰੂਰੀ ਕਰਾਰ ਦਿੱਤਾ।

## ਐਨਰਜੀ ਕਨਜ਼ਰਵੇਸ਼ਨ ਵਿਸ਼ੇ 'ਤੇ ਪੋਸਟਰ ਬਣਾਏ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਵਿੱਚ ਚੱਲ ਰਹੀ ਐਨਰਜੀ ਕੁਇਜ਼ ਦੇ ਕੈਡੇਟਾਂ ਵੱਲੋਂ ਐਨਰਜੀ ਕਨਜ਼ਰਵੇਸ਼ਨ ਵਿਸ਼ੇ ਅਧੀਨ ਸੁੰਦਰ ਤੇ ਜਾਗਰੂਕਤਾ ਭਰਪੂਰ ਪੋਸਟਰ ਤਿਆਰ ਕੀਤੇ ਗਏ।ਕੈਡੇਟਾਂ ਨੇ ਆਪਣੇ ਪੋਸਟਰਾਂ ਰਾਹੀਂ ਊਰਜਾ ਸੰਰੱਖਣ ਦਾ ਸੰਦੇਸ਼ ਦਿੰਦਿਆਂ ਬਿਜਲੀ ਬਚਾਉਣ ਤੇ ਕੁਦਰਤੀ ਸਰੋਤਾਂ ਦੇ ਸਹੀ ਇਸਤੇਮਾਲ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ।ਵਿਦਿਆਲੇ ਦੇ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਬਣਾਉਂਦੀਆਂ ਹਨ।

## ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀਨੌ ਨੇ ਮਦਰ ਡੇਅ ਮਨਾਇਆ




**ਕੋਟਕਪੂਰਾ (ਗੁਰਮੀਤ ਸਿੰਘ ਸੰਘਾ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀਨੌ ਵਿਖੇ ਮਦਰਜ਼ ਡੇਅ ਮਨਾਇਆ ਗਿਆ।ਇਸ ਰੰਗਾਰੰਗ ਪ੍ਰੋਗਰਾਮ ਵਿੱਚ ਕਵਿਤਾਵਾਂ, ਗੀਤ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਮਾਂ ਦੀ ਮਹਾਨਤਾ ਨੂੰ ਦਰਸਾਇਆ ਗਿਆ।ਬੱਚਿਆਂ ਨੇ ਮਾਵਾਂ ਲਈ ਗ੍ਰੀਟਿੰਗ ਕਾਰਡ, ਫੋਟੋ ਫਰੇਮ ਤੇ ਤੋਹਫ਼ੇ ਬਣਾਏ, ਜਿਨ੍ਹਾਂ ਨੇ ਸਭ ਦਾ ਮਨ ਮੋਹ ਲਿਆ ਜਿਸ ਨਾਲ ਮਾਹੌਲ ਭਾਵੁਕ ਅਤੇ ਉਤਸ਼ਾਹਵਰਧਕ ਬਣ ਗਿਆ।ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਨੇ ਕਿਹਾ ਕਿ ਕੇਵਲ ਇਕ ਦਿਨ ਵਿੱਚ ਮਾਂ ਦੀ ਮਹਾਨਤਾ ਨਹੀਂ ਦੱਸੀ ਜਾ ਸਕਦੀ, ਸਗੋਂ ਹਰ ਦਿਨ ਨੂੰ ਮਾਂ ਦੇ ਦਿਨ ਵਜੋਂ ਮਨਾਇਆ ਜਾਣਾ ਚਾਹੀਦਾ ਹੈ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਨੇ ਇਹ ਵੀ ਕਿਹਾ ਕਿ ਮਾਂ ਮਮਤਾ ਦੀ ਮੂਰਤ ਹੁੰਦੀ ਹੈ ਤੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਵਿੱਚ ਸਭ ਤੋਂਵੱਡਾ ਯੋਗਦਾਨ ਮਾਂ ਦਾ ਹੁੰਦਾ ਹੈ।ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਨੇ ਦੱਸਿਆ ਕਿ ਅਜਿਹੇ ਪ੍ਰੋਗਰਾਮ ਬੱਚਿਆਂ 'ਚ ਨੈਤਿਕ ਕਦਰਾਂ ਕੀਮਤਾਂ ਦੀ ਸਥਾਪਨਾ ਕਰਦੇ ਹਨ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕਰਦੇ ਹਨ।ਇਸ ਉਪਰੰਤ ਸ੍ਰੀਮਤੀ ਸਤਵਿੰਦਰ ਕੌਰ ਨੇ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਾਲੇ ਯੈਲੋ ਹਾਊਸ ਦੇ ਹੈੱਡ ਸ੍ਰੀਮਤੀ ਮਨਪ੍ਰੀਤ ਕੌਰ ਤੇ ਬਾਕੀ ਮੈਂਬਰਾਂ ਦੇ ਯੋਗਦਾਨ ਦੀ ਪ੍ਰਸੰਸਾ ਕੀਤੀ ਤੇ ਇਸ ਪ੍ਰੋਗਰਾਮ ਵਿੱਚ ਸਟੇਜ ਦੀ ਭੂਮਿਕਾ +2 ਸਾਇੰਸ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ ਨਿਭਾਈ। ਸਮਾਗਮ ਨੇ ਹਰ ਇੱਕ ਦੇ ਦਿਲ ਵਿੱਚ ਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ।

## ਅਗਰਵਾਲ ਸਭਾ ਦੇ ਸ਼ਹਿਰੀ ਪ੍ਰਧਾਨ ਨੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਕਲੀਨ ਐਂਡ ਗਰੀਨ ਸੇਵਾ ਸੋਸਾਇਟੀ ਤੇ ਅਗਰਵਾਲ ਸਭਾ ਪੰਜਾਬ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਮਾਜ ਸੇਵਾ ਦੀ ਲੜੀ ਤਹਿਤ ਸ਼ਹਿਰ ਦੇ ਰਾਮਾ ਕ੍ਰਿਸ਼ਨਾ ਸਕੂਲ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸ਼ਹਿਰੀ ਪ੍ਰਧਾਨ ਤਰਸੇਮ ਗੋਇਲ ਦੀ ਅਗਵਾਈ ਹੇਠ ਸਕੂਲ ਵਿੱਚ ਪੜ੍ਹ ਰਹੇ ਲੋੜਵੰਦ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਨੂੰ ਕਾਪੀਆਂ, ਪੈੱਨ, ਪੈਨਸਲਾਂ ਤੇ ਹੋਰ ਜ਼ਰੂਰੀ ਸਟੇਸ਼ਨਰੀ ਸਮੱਗਰੀ ਵੰਡੀ ਗਈ।ਇਸ ਦੌਰਾਨ ਤਰਸੇਮ ਗੋਇਲ ਨੇ ਕਿਹਾ ਕਿ ਹਰ ਬੱਚੇ ਨੂੰ ਚੰਗੀ ਸਿੱਖਿਆ ਮਿਲਣਾ ਉਸ ਦਾ ਮੁੱਢਲਾ ਅਧਿਕਾਰ ਹੈ ਤੇ ਸਮਾਜ ਦੇ ਸਮਰੱਥ ਲੋਕਾਂ ਨੂੰ ਲੋੜਵੰਦ ਬੱਚਿਆਂ ਦੀ ਮਦਦ ਲਈ ਹਮੇਸ਼ਾ ਅੱਗੇ ਆਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਕਲੀਨ ਐਂਡ ਗਰੀਨ ਸੇਵਾ ਸੋਸਾਇਟੀ ਵੱਲੋਂ ਸਮੇਂ-ਸਮੇਂ 'ਤੇ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸੇਵਾਵਾਂ ਜਾਰੀ ਰਹਿਣਗੀਆਂ।ਇਸ ਮੌਕੇ ਸਕੂਲ ਪ੍ਰਿੰਸੀਪਲ ਮੋਨਿਕਾ ਤੇ ਮੈਡਮ ਪੂਜਾ ਰਾਣੀ, ਮੈਡਮ ਅੰਜਲੀ, ਮੈਡਮ ਸਲੋਨੀ ਤੇ ਮੈਡਮ ਸਿਤਾਰਾ ਨੇ ਸੋਸਾਇਟੀ ਤੇ ਅਗਰਵਾਲ ਸਭਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸੇਵਾ ਕਾਰਜਾਂ ਨਾਲ ਵਿਦਿਆਰਥੀਆਂ ਵਿੱਚ ਪੜ੍ਹਾਈ ਪ੍ਰਤੀ ਰੁਝਾਨ ਵਧਦਾ ਹੈ ਤੇ ਸਮਾਜ ਵਿੱਚ ਸਕਾਰਾਤਮਕ ਸੰਦੇਸ਼ ਜਾਂਦਾ ਹੈ।ਇਸ ਮੌਕੇ ਸਭਾ ਤੇ ਸੋਸਾਇਟੀ ਦੇ ਸਰਪ੍ਰਸਤ ਹਰੀਪਾਲ ਬਾਂਸਲ ਤੇ ਰਾਜਨ ਗੋਇਲ ਹਾਜ਼ਰ ਸਨ।

## ਕਾਂਗਰਸ ਵੱਲੋਂ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਲਈ ਅਬਜ਼ਰਵਰ ਨਿਯੁਕਤ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਕਾਂਗਰਸ ਪਾਰਟੀ ਨੇ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਅਬਜ਼ਰਵਰਾਂ ਨੂੰ ਨਿਯੁਕਤ ਕੀਤਾ ਗਿਆ ਤਾਂ ਕਿ ਆਉਣ ਵਾਲੀਆਂ ਚੋਣਾਂ 'ਚ ਕਾਂਗਰਸ ਪਾਰਟੀ ਮਜ਼ਬੂਤੀ ਨਾਲ ਉੱਭਰ ਕੇ ਸਾਹਮਣੇ ਆਵੇ। ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਕੈਪਟਨ ਸੰਦੀਪ ਸੰਧੂ ਵੱਲੋਂ ਜਾਰੀ ਕੀਤੀ ਗਈ ਸੂਚੀ ਅਨੁਸਾਰ ਜਗਰਾਉਂ ਦਾ ਸੀਨੀਅਰ ਕਾਂਗਰਸੀ ਆਗੂ ਪਵਨ ਦੀਵਾਨ ਨੂੰ ਤੇ ਜਗਰਾਉਂ ਦੇ ਸੀਨੀਅਰ ਕਾਂਗਰਸੀ ਆਗੂ ਪ੍ਰਸ਼ੋਤਮ ਲਾਲ ਖਲੀਫਾ ਨੂੰ ਫਿਲੌਰ ਦਾ ਅਬਜ਼ਰਵਰ ਨਿਯੁਕਤ ਕੀਤਾ ਗਿਆ। ਕਾਂਗਰਸ ਪਾਰਟੀ ਵੱਲੋਂ ਇਹ ਨਿਯੁਕਤੀਆਂ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨਾ ਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਦੇਖਦੇ ਕੀਤਾ ਗਿਆ। ਇਸ ਮੌਕੇ ਪ੍ਰਸ਼ੋਤਮ ਲਾਲ ਖਲੀਫਾ ਨੇ ਕਿਹਾ ਕਿ ਸਮੁੱਚੇ ਪੰਜਾਬ ਅੰਦਰ ਇਸ ਵਾਰ ਕਾਂਗਰਸ ਪਾਰਟੀ ਦੀ ਹਵਾ ਬਣਦੀ ਜਾ ਰਹੀ ਹੈ ਤੇ ਇਸ ਵਾਰ ਨਗਰ ਕੌਂਸਲ, ਨਗਰ ਨਿਗਮ ਤੇ ਨਗਰ ਪੰਚਾਇਤੀ ਚੋਣਾਂ 'ਚ ਕਾਂਗਰਸ ਪਾਰਟੀ ਨੇ ਆਪਣੇ ਉਮੀਦਵਾਰ ਨੂੰ ਵੱਡੀ ਪੱਧਰ 'ਤੇ ਜਿਤਾਉਣ ਲਈ ਤਿਆਰੀਆਂ ਆਰੰਭ ਦਿੱਤੀਆਂ ਹਨ ਤੇ ਮੀਟਿੰਗਾਂ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ ਲੀਹਾਂ 'ਤੇ ਲਿਆਉਣ ਲਈ ਪੰਜਾਬ ਵਾਸੀ ਕਾਂਗਰਸ ਪਾਰਟੀ ਦਾ ਸਾਥ ਦੇਣ।

## ਐੱਸ ਆਰ ਐੱਸ ਵਿੱਦਿਆਪੀਠ ਵਿਖੇ ਇੰਟਰ-ਹਾਊਸ ਭਾਸ਼ਣ ਮੁਕਾਬਲਾ




**ਸਮਾਣਾ (ਇਕਬਾਲ ਸਿੰਘ ਬੱਲ)**-ਐੱਸ ਆਰ ਐੱਸ ਵਿੱਦਿਆਪੀਠ ਵਿਖੇ ਰੈੱਡ ਕ੍ਰਾਸ ਦਿਵਸ ਮੌਕੇ ਇੰਟਰ-ਹਾਊਸ ਭਾਸ਼ਣ ਮੁਕਾਬਲਾ ਕਰਵਾਇਆ ਗਿਆ।ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਮਨੁੱਖਤਾ, ਸੇਵਾ, ਦਇਆ ਤੇ ਸਮਾਜਿਕ ਜ਼ਿੰਮੇਵਾਰੀ ਵਰਗੇ ਮੁੱਲਾਂ ਨੂੰ ਮਜ਼ਬੂਤ ਕਰਨਾ ਸੀ।ਇਹ ਪ੍ਰੋਗਰਾਮ ਵਿਦਿਆਰਥੀਆਂ ਦੇ ਵਿਅਕਤੀਤਵ ਵਿਕਾਸ ਤੇ ਆਤਮਵਿਸ਼ਵਾਸ ਨੂੰ ਨਿਖਾਰਨ ਲਈ ਇੱਕ ਮਹੱਤਵਪੂਰਨ ਮੰਚ ਸਾਬਿਤ ਹੋਇਆ।ਮੁਕਾਬਲੇ ਵਿੱਚ ਲਾਇਨ, ਜੈਗੁਆਰ, ਟਾਈਗਰ ਤੇ ਲਿਓਪਾਰਡ ਹਾਊਸ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਭਾਗੀਦਾਰਾਂ ਨੇ ਆਪਣੀ ਸ਼ਾਨਦਾਰ ਕਲਾ, ਆਤਮਵਿਸ਼ਵਾਸ ਤੇ ਵਿਚਾਰਾਂ ਦੀ ਗਹਿਰਾਈ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ।ਜੈਗੁਆਰ ਹਾਊਸ ਨੇ ਸ਼ਾਨਦਾਰ ਸਾਂਝੇ ਪ੍ਰਦਰਸ਼ਨ ਨਾਲ ਇੰਟਰ-ਹਾਊਸ ਭਾਸ਼ਣ ਮੁਕਾਬਲੇ ਵਿੱਚ ਸਮੂਹਕ ਜੇਤੂ ਬਣਨ ਦਾ ਮਾਣ ਹਾਸਲ ਕੀਤਾ।ਭਾਗੀਦਾਰਾਂ ਵਿੱਚ ਜੈਗੁਆਰ ਹਾਊਸ ਦੀ ਸ਼ੈਵਲੀਨ ਨੇ ਆਪਣੇ ਪ੍ਰਭਾਵਸ਼ਾਲੀ ਤੇ ਆਤਮਵਿਸ਼ਵਾਸ ਭਰੇ ਪ੍ਰਸਤੁਤੀਕਰਨ ਨਾਲ ਵਿਸ਼ੇਸ਼ ਪਹਿਚਾਣ ਬਣਾਈ, ਜਦਕਿ ਟਾਈਗਰ ਹਾਊਸ ਦੇ ਸਚਮਨ, ਲਾਇਨ ਹਾਊਸ ਦੀ ਯਸ਼ਵੀ ਤੇ ਲਿਓਪਾਰਡ ਹਾਊਸ ਦੀ ਦੀਪਾਂਸ਼ੀ ਨੇ ਵੀ ਆਪਣੀ ਸ਼ਾਨਦਾਰ ਪੇਸ਼ਕਾਰੀ ਨਾਲ ਸਭ ਦੀ ਪ੍ਰਸੰਸਾ ਹਾਸਲ ਕੀਤੀ।ਸੰਸਥਾ ਦੇ ਚੇਅਰਮੈਨ 31 ਅਮਿਤ ਸਿੰਗਲਾ, ਮੈਨੇਜਿੰਗ ਡਾਇਰੈਕਟਰ 31 ਲਲਿਤ ਸਿੰਗਲਾ, ਵਾਈਸ ਚੇਅਰਪਰਸਨ ਸਮਿਧਾ ਸਿੰਗਲਾ ਤੇ ਪ੍ਰਿੰਸੀਪਲ ਡਾ. ਚੰਦਨਦੀਪ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਯਤਨਾਂ ਦੀ ਸਰਾਹਨਾ ਕੀਤੀ।

## ਦਿਵਿਆਂਗਾਂ ਲਈ ਵਿਸ਼ੇਸ਼ ਕੈਂਪ ਅੱਜ

**ਸਮਾਣਾ (ਇਕਬਾਲ ਸਿੰਘ ਬੱਲ)**

ਸਮਾਣਾ ਭੰਡਾਰਾ ਕਮੇਟੀ ਤੇ ਨਰਾਇਣ ਸੇਵਾ ਸੰਸਥਾਨ (ਉਦੈਪੁਰ, ਰਾਜਸਥਾਨ) ਬ੍ਰਾਂਚ ਕੈਥਲ ਦੇ ਸਹਿਯੋਗ ਨਾਲ ਮਾਨਵਤਾ ਦੀ ਸੇਵਾ ਹਿੱਤ ਇੱਕ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਦਿਵਿਆਂਗ ਲੋਕਾਂ ਨੂੰ ਮੁਫ਼ਤ ਬਣਾਵਟੀ ਅੰਗ ਲਗਾਉਣ ਲਈ 10 ਮਈ ਨੂੰ ਸਤੀ ਮਾਤਾ ਮੰਦਰ 'ਚ ਕੈਂਪ ਲਗਾਇਆ ਜਾਵੇਗਾ।ਜ਼ਿਕਰਯੋਗ ਹੈ ਕਿ ਬੀਤੀ 22 ਮਾਰਚ ਨੂੰ ਸਤੀ ਮੰਦਰ ਵਿਖੇ ਨਰਾਇਣ ਸੇਵਾ ਸੰਸਥਾਨ ਦੇ ਟੈਂਡ ਡਾਕਟਰ ਵਿਵੇਕ ਗਰਗ ਤੇ ਉਨ੍ਹਾਂ ਦੀ ਟੀਮ ਵੱਲੋਂ ਇੱਕ 'ਮਾਪ ਕੈਂਪ' ਲਗਾਇਆ ਗਿਆ ਸੀ।ਇਸ ਮੌਕੇ ਲਗਭਗ 100 ਦੇ ਕਰੀਬ ਜ਼ਰੂਰਤਮੰਦ ਲੋਕਾਂ ਦੇ ਬਣਾਵਟੀ ਅੰਗਾਂ ਲਈ ਨਾਪ ਲਏ ਗਏ ਸਨ, ਜੋ ਹੁਣ ਬਣ ਕੇ ਤਿਆਰ ਹੋ ਚੁੱਕੇ ਹਨ।ਕਮੇਟੀ ਵੱਲੋਂ ਉਨ੍ਹਾਂ ਸਾਰੇ ਭੈਣ-ਭਰਾਵਾਂ ਨੂੰ ਅਪੀਲ ਕੀਤੀ ਗਈ ਹੈ ਕਿ ਜਿਨ੍ਹਾਂ ਨੇ 22 ਮਾਰਚ ਨੂੰ ਆਪਣੇ ਨਾਪ ਦਿੱਤੇ ਸਨ, ਉਹ 10 ਮਈ ਨੂੰ ਸਤੀ ਮਾਤਾ ਮੰਦਰ ਸਮਾਣਾ ਵਿਖੇ ਲੱਗਣ ਵਾਲੇ ਕੈਂਪ 'ਚ ਸਵੇਰੇ ਸਮੇਂ ਸਿਰ ਪਹੁੰਚਣ।ਸਮਾਣਾ ਭੰਡਾਰਾ ਕਮੇਟੀ ਵੱਲੋਂ ਸਾਰਿਆਂ ਨੂੰ ਇਸ ਨੇਕ ਕਾਰਜ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ।

## ਜਨਗਣਨਾ ਨੋਟੀਫਿਕੇਸ਼ਨ 'ਚ ਦਲਿਤ ਭਾਈਚਾਰੇ ਪ੍ਰਤੀ ਵਰਤੇ ਅਪਮਾਨਜਨਕ ਸ਼ਬਦ ਹਟਾਉਣ ਦੀ ਮੰਗ

### ਰਾਜਵੰਤ ਘੁੱਲੀ ਤੇ ਵਕਫ਼ ਬੋਰਡ ਦੇ ਮੈਂਬਰ ਡਾ: ਅਨਵਰ ਭਸੌੜ ਨੂੰ ਮੰਗ ਪੱਤਰ ਸੌਂਪਿਆ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿਨੀ ਗਰਗ)**-ਅੱਜ ਕਾਂਗਰਸ ਪਾਰਟੀ ਵੱਲੋਂ ਵਰਕਿੰਗ ਚੇਅਰਮੈਨ ਪੰਜਾਬ ਕਾਂਗਰਸ ਬਨੀ ਖਹਿਰਾ, ਕਾਂਗਰਸ ਕਿਸਾਨ ਵਿੰਗ ਦੇ ਸੂਬਾਈ ਆਗੂ ਤੇ ਸਾਬਕਾ ਸਰਪੰਚ ਹਰਦੀਪ ਸਿੰਘ ਦੌਲਤਪੁਰ ਅਤੇ ਕਰਮਜੀਤ ਕੌਰ ਸਕੱਤਰ ਪੰਜਾਬ ਕਾਂਗਰਸ (ਐੱਸ ਸੀ) ਡਿਪਾਰਟਮੈਂਟ ਦੀ ਅਗਵਾਈ ਹੇਠ 2027 ਦੀ ਜਨਗਣਨਾ ਨਾਲ ਸਬੰਧਤ ਜਾਰੀ ਨੋਟੀਫਿਕੇਸ਼ਨ 'ਚ ਸ਼ਡਿਊਲਡਕਾਸਟ ਭਾਈਚਾਰੇ ਲਈ 'ਚੂੜੇ, ਚਮਾਰ ਤੇ ਭੰਗੀ' ਵਰਗੇ ਵਰਤੇ ਗਏ ਸ਼ਬਦਾਂ ਪ੍ਰਤੀ ਰੋਸ ਜ਼ਾਹਰ ਕਰਦਿਆਂ ਮੁੱਖ ਮੰਤਰੀ ਸਹਾਇਤਾ ਕੇਂਦਰ ਧੂਰੀ ਵਿਖੇ ਕੈਂਪਸ ਦਫ਼ਤਰ ਦੇ ਇੰਚਾਰਜ ਤੇ ਰਾਜਵੰਤ ਸਿੰਘ ਘੁੱਲੀ ਤੇ ਵਕਫ਼ ਬੋਰਡ ਦੇ ਮੈਂਬਰ ਡਾ: ਅਨਵਰ ਭਸੌੜ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਉਪਰੋਕਤ ਆਗੂਆਂ ਨੇ ਕਿਹਾ ਕਿ ਜਨਗਣਨਾ ਨੋਟੀਫਿਕੇਸ਼ਨ 'ਚ ਦਲਿਤ ਭਾਈਚਾਰੇ ਲਈ ਵਰਤੇ ਗਏ ਅਜਿਹੇ ਸ਼ਬਦ ਨਾ ਸਿਰਫ ਸਮਾਜਿਕ ਤੌਰ 'ਤੇ ਅਪਮਾਨਜਨਕ ਹਨ, ਸਗੋਂ ਭਾਰਤੀ ਸੰਵਿਧਾਨ ਦੀ ਭਾਵਨਾ ਤੇ ਮਨੁੱਖੀ ਅਧਿਕਾਰਾਂ ਦੇ ਵੀ ਖ਼ਿਲਾਫ਼ ਹਨ।ਉਨ੍ਹਾਂ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਡਕਰ ਦੇ ਬਣਾਏ ਸੰਵਿਧਾਨ 'ਚ ਕਿਸੇ ਵੀ ਵਰਗ ਨੂੰ ਹੀਣ ਜਾਂ ਤੌਹੀਨਜਨਕ ਸ਼ਬਦਾਂ ਨਾਲ ਸੰਬੋਧਨ ਕਰਨ ਲਈ ਕੋਈ ਥਾਂ ਨਹੀਂ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਰਾਹੀਂ 2027 ਜਨਗਣਨਾ ਨੋਟੀਫਿਕੇਸ਼ਨ 'ਚੋਂ ਤੁਰੰਤ ਪ੍ਰਭਾਵ ਨਾਲ ਅਜਿਹੇ ਅਪਮਾਨਜਨਕ ਸ਼ਬਦ ਹਟਾਉਣ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ 10 ਦਿਨਾਂ ਅੰਦਰ ਅਪਮਾਨਜਨਕ ਸ਼ਬਦ ਹਟਾਉਣ ਲਈ ਕਾਰਵਾਈ ਨਾ ਕੀਤੀ ਗਈ ਤਾਂ ਪੰਜਾਬ ਭਰ 'ਚ ਸ਼ਾਂਤਮਈ ਰੋਸ ਪ੍ਰਦਰਸ਼ਨ ਤੇ ਧਰਨੇ ਦਿੰਦਿਆਂ ਸੰਘਰਸ਼ ਕੀਤਾ ਜਾਵੇਗਾ।

## ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ 2 ਬੱਸਾਂ ਰਵਾਨਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਚੇਅਰਮੈਨ ਮੁਕੇਸ਼ ਜੁਨੇਜਾ ਦੇ ਮਾਤਾ ਸ਼ਸ਼ੀ ਬਾਲਾ ਦੇ ਵਾਰਡ ਨੰਬਰ 9 ਵਿੱਚੋਂ 2 ਬੱਸਾਂ ਅੰਮ੍ਰਿਤਸਰ ਵਿਖੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਰਵਾਨਾ ਹੋਈਆਂ।ਇਸ ਮੌਕੇ ਚੇਅਰਮੈਨ ਮੁਕੇਸ਼ ਜੁਨੇਜਾ ਦੇ ਮਾਤਾ ਸ਼ਸ਼ੀ ਬਾਲਾ ਨੇ ਕਿਹਾ ਕਿ ਇਸ ਯਾਤਰਾ ਦਾ ਮੁੱਖ ਮੰਤਵ ਬਜ਼ੁਰਗ ਨਾਗਰਿਕਾਂ ਦੀ ਦਿਲੀ ਇੱਛਾ ਨੂੰ ਪੂਰਾ ਕਰ ਰਹੀ ਹੈ, ਜੋ ਲੰਬੇ ਸਮੇਂ ਤੋਂ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ-ਦੀਦਾਰ ਦੀ ਤਾਂਘ ਰੱਖੀ ਬੈਠੇ ਸਨ।ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ, ਪਾਰਟੀਸ਼ਨ ਮਿਊਜ਼ੀਅਮ ਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ।ਸੂਬਾ ਸਰਕਾਰ ਵੱਲੋਂ ਸ਼ਰਧਾਲੂਆਂ ਲਈ ਏਸੀ ਬੱਸਾਂ, ਏਸੀ ਹੋਟਲ ਰਿਹਾਇਸ਼ ਤੇ ਖਾਣਾ ਮੁਫ਼ਤ ਪ੍ਰਦਾਨ ਕੀਤਾ ਜਾ ਰਿਹਾ ਹੈ।ਸ਼ਰਧਾਲੂਆਂ ਨੇ ਇਸ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਮੌਕੇ ਸੰਜੀਵ ਕੁਮਾਰ ਸੰਜੂ ਪ੍ਰਧਾਨ, ਮਨੀ ਕਾਂਸਲ, ਰਮੀ ਸਿੰਘ, ਰਣਦੀਪ ਸਿੰਘ ਫਿੱਕੂ, ਰਾਮ ਕੁਮਾਰ ਚੇਅਰਮੈਨ, ਯਾਦਵਿੰਦਰ ਨਿਰਮਾਣ, ਰਵੀ ਕਮਲ ਗੋਇਲ, ਸੰਨੀ ਵਰਮਾ, ਹਰਵਿੰਦਰ ਨਾਮਧਾਰੀ ਆਦਿ ਹਾਜ਼ਰ ਸਨ।

## ਬੁੱਧਰਾਮ ਵੱਲੋਂ ਸ਼ਹਿਰ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਬੁਢਲਾਡਾ (ਅਸ਼ੋਕ ਲਾਕੜਾ)**-ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਬੁਢਲਾਡਾ ਸ਼ਹਿਰ ਵਿੱਚ 4 ਥਾਵਾਂ 'ਤੇ ਟੱਕ ਲਗਾ ਕੇ ਵੱਖ ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ।ਵਿਧਾਇਕ ਬੁੱਧ ਰਾਮ ਨੇ ਦੱਸਿਆ ਕਿ ਵਾਰਡ 19 ਵਿੱਚ ਵਿਸ਼ਾਲ ਰਿਸ਼ੀ ਵਾਲੀ ਗਲੀ, ਚੱਕੀ ਵਾਲੀ ਗਲੀ ਵਿੱਚੋਂ ਪਾਣੀ ਦੀ ਨਿਕਾਸੀ ਦੇ ਪੱਕੇ ਪ੍ਰਬੰਧ ਕੀਤੇ ਜਾ ਰਹੇ ਹਨ।ਵਾਰਡ ਵਸਨੀਕਾਂ ਲਈ ਪਾਣੀ ਦੇ ਵਿੱਚ ਵਾਧਾ ਕਰਨ ਲਈ 50 ਲੱਖ ਦੀ ਗਰਾਂਟ ਜਾਰੀ ਕੀਤੀ ਗਈ ਹੈ ਤੇ 6 ਲੱਖ ਦੀ ਲਾਗਤ ਨਾਲ ਸੈਣੀ ਭਾਈਚਾਰੇ ਦੀ ਧਰਮਸ਼ਾਲਾ ਦਾ ਸ਼ੈੱਡ ਬਣਾਇਆ ਜਾ ਰਿਹਾ ਹੈ।ਇਸ ਤੋਂ ਇਲਾਵਾ ਕੁਲਾਣਾ ਰੋਡ 'ਤੇ 20 ਲੱਖ ਰੁਪਏ ਦੀ ਲਾਗਤ ਨਾਲ ਅੰਬੇਡਕਰ ਭਵਨ ਦਾ ਨਿਰਮਾਣ, ਬਾਜ਼ੀਗਰ ਤੇ ਪਰਜਾਪਤ ਧਰਮਸ਼ਾਲਾ ਦੀ ਮੁਰੰਮਤ, ਵਾਰਡ 17 ਵਿੱਚ ਜੀਵਨ ਬਸਤੀ ਵਿੱਚ ਸ਼ੈੱਡ ਦੇ ਕੰਮ ਸਮੇਤ 12 ਸੜਕਾਂ ਦਾ ਨਵੀਨੀਕਰਨ ਕੀਤਾ ਗਿਆ ਹੈ।ਵਿਧਾਇਕ ਬੁੱਧ ਰਾਮ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੱਲ੍ਹ ਹੀ ਬੁਢਲਾਡਾ, ਬੋਹਾ ਤੇ ਬਰੇਟਾ ਦੇ ਵਿਕਾਸ ਕਾਰਜਾਂ ਲਈ ਮਿਊਂਸਪਲ ਫੰਡ ਵਿੱਚੋਂ 5.57 ਕਰੋੜ ਦੀ ਰਕਮ ਜਾਰੀ ਕੀਤੀ ਹੈ, ਜਿਸ ਤਹਿਤ ਹਲਕਾ ਬੁਢਲਾਡਾ ਦੇ ਇਨ੍ਹਾਂ ਤਿੰਨੋਂ ਸ਼ਹਿਰਾਂ ਵਿੱਚ ਕੋਈ ਵੀ ਗਲੀ ਕੱਚੀ ਨਹੀਂ ਰਹੇਗੀ।

## ਰਾਜਸਥਾਨ ਫੀਡਰ ਨਹਿਰ ਦੀ ਰੀਲਾਈਨਿੰਗ ਦਾ ਕੰਮ ਜੰਗੀ ਪੱਧਰ 'ਤੇ ਜਾਰੀ, ਗੋਇਲ ਵੱਲੋਂ ਜਾਇਜ਼ਾ

### 60 ਸਾਲ ਬਾਅਦ ਹੋ ਰਹੀ ਨਹਿਰਾਂ ਦੀ ਕਾਇਆ-ਕਲਪ, 170 ਕਰੋੜ ਰੁਪਏ ਹੋਣਗੇ ਖ਼ਰਚ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਰਾਜਸਥਾਨ ਫੀਡਰ ਨਹਿਰ ਦੀ ਰੀਲਾਈਨਿੰਗ ਦੇ ਚੱਲ ਰਹੇ ਕੰਮਾਂ ਦਾ ਮੌਕੇ 'ਤੇ ਪਹੁੰਚ ਕੇ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਨਿਰਧਾਰਤ ਸਮੇਂ ਅੰਦਰ ਕੰਮ ਨੂੰ ਗੁਣਵੱਤਾ ਭਰਪੂਰ ਤਰੀਕੇ ਨਾਲ ਮੁਕੰਮਲ ਕੀਤਾ ਜਾਵੇ।

ਸ੍ਰੀ ਗੋਇਲ ਨੇ ਦੱਸਿਆ ਕਿ ਇਹ ਨਹਿਰ ਲਗਭਗ 60 ਸਾਲ ਪੁਰਾਣੀ ਹੋਣ ਕਾਰਨ ਖਸਤਾਹਾਲ ਹੋ ਚੁੱਕੀ ਸੀ।ਪਿਛਲੇ ਲੰਮੇ ਸਮੇਂ ਤੋਂ ਰਾਜਸਥਾਨ ਫੀਡਰ ਤੇ ਸਰਹਿੰਦ ਫੀਡਰ ਦੇ ਸਾਂਝੇ ਕਿਨਾਰੇ (ਕਾਮਨ ਬੈਂਕ) ਟੁੱਟਣ ਦਾ ਡਰ ਬਣਿਆ ਰਹਿੰਦਾ ਸੀ, ਜਿਸ ਨਾਲ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਭਾਰੀ ਨੁਕਸਾਨ ਹੋਣ ਦਾ ਖ਼ਤਰਾ ਸੀ।ਉਨ੍ਹਾਂ ਦੱਸਿਆ ਕਿ ਸਰਹਿੰਦ ਫੀਡਰ ਦੀ ਰੀਲਾਈਨਿੰਗ 'ਤੇ 800 ਕਰੋੜ ਰੁਪਏ ਖ਼ਰਚ ਕੇ ਕੰਮ ਮੁਕੰਮਲ ਕਰ ਲਿਆ ਗਿਆ ਹੈ, ਜਿਸ ਨਾਲ ਜਾਨੀ-ਮਾਲੀ ਨੁਕਸਾਨ ਦਾ ਡਰ ਖ਼ਤਮ ਹੋਵੇਗਾ।ਮੰਤਰੀ ਨੇ ਦੱਸਿਆ ਕਿ ਫ਼ਰੀਦਕੋਟ ਦੀਆਂ ਸਮਾਜਿਕ ਸੰਸਥਾਵਾਂ ਤੇ ਕਿਸਾਨਾਂ ਦੀ ਮੰਗ ਨੂੰ ਮੰਨਦਿਆਂ ਸ਼ਹਿਰ ਦੇ ਨੇੜਲੇ 12.50 ਕਿਲੋਮੀਟਰ ਦੇ ਖੇਤਰ ਵਿੱਚ ਨਹਿਰ ਦੇ ਬੈੱਡ 'ਤੇ ਕੰਕਰੀਟ ਦੀ ਜਗ੍ਹਾ ਇੱਟਾਂ ਲਗਾਈਆਂ ਜਾ ਰਹੀਆਂ ਹਨ।ਇਸ ਦਾ ਮਕਸਦ ਧਰਤੀ ਹੇਠਲੇ ਪਾਣੀ ਨੂੰ ਕੁਦਰਤੀ ਤੌਰ 'ਤੇ ਰੀਚਾਰਜ ਕਰਨਾ ਹੈ।ਰਾਜਸਥਾਨ ਫੀਡਰ ਦੇ ਬਾਕੀ ਰਹਿੰਦੇ 16.62 ਕਿਲੋਮੀਟਰ ਹਿੱਸੇ 'ਤੇ 170 ਕਰੋੜ ਰੁਪਏ ਖ਼ਰਚੇ ਜਾ ਰਹੇ ਹਨ।ਇਸ ਮੌਕੇ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਇਲਾਕੇ ਦੀ ਸੇਮ ਦੀ ਸਮੱਸਿਆ ਹਮੇਸ਼ਾ ਲਈ ਖ਼ਤਮ ਹੋ ਜਾਵੇਗੀ।ਇਸ ਮੌਕੇ ਐੱਸ.ਡੀ.ਐੱਮ. ਪੁਨੀਤ ਸ਼ਰਮਾ, ਐਕਸੀਅਨ ਰਮਨਪ੍ਰੀਤ ਸਿੰਘ ਮਾਨ, ਮੁੱਖ ਇੰਜੀਨੀਅਰ ਸ਼ੇਰ ਸਿੰਘ, ਨਿਗਰਾਨ ਇੰਜੀਨੀਅਰ ਸੰਦੀਪ ਗੋਇਲ ਤੇ ਹੋਰ ਅਧਿਕਾਰੀ ਮੌਜੂਦ ਸਨ।

## ਭਾਕਿਯੂ ਉਗਰਾਹਾਂ ਵੱਲੋਂ ਥਾਣਾ ਠੁੱਲੀਵਾਲ ਮੂਹਰੇ ਵਿਸ਼ਾਲ ਧਰਨਾ 12 ਨੂੰ


**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਬਲਾਕ ਮਹਿਲ ਕਲਾਂ ਵੱਲੋਂ ਪ੍ਰਧਾਨ ਜੱਜ ਸਿੰਘ ਦੀ ਅਗਵਾਈ ਹੇਠ ਪਿੰਡ ਭੱਦਲਵੱਡ 'ਚ ਇਕੱਠ ਕਰਕੇ ਕਿਸਾਨ ਦੀ ਮੱਕੀ ਵਾਹੇ ਜਾਣ ਤੇ ਹਮਲੇ ਦੇ ਮਾਮਲੇ 'ਤੇ ਤਿੱਖਾ ਰੋਸ ਜਤਾਇਆ ਗਿਆ।ਆਗੂਆਂ ਨੇ ਐਲਾਨ ਕੀਤਾ ਗਿਆ ਕਿ 12 ਮਈ ਨੂੰ ਥਾਣਾ ਠੁੱਲੀਵਾਲ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ।ਜ਼ਿਲ੍ਹਾ ਮੀਤ ਪ੍ਰਧਾਨ ਬੁੱਕਣ ਸਿੰਘ ਸੱਦੋਵਾਲ, ਜਰਨੈਲ ਸਿੰਘ ਬਦਰਾ, ਰਾਮ ਸਿੰਘ ਸੰਘੇੜਾ, ਕੁਲਜੀਤ ਸਿੰਘ ਵਜੀਦਕੇ ਨੇ ਕਿਹਾ ਕਿ ਭਾਕਿਯੂ ਉਗਰਾਹਾਂ ਦੀ ਪਿੰਡ ਇਕਾਈ ਦੇ ਸਾਬਕਾ ਪ੍ਰਧਾਨ ਨਿਰਭੈ ਸਿੰਘ ਦੀ ਇੱਕ ਏਕੜ ਮੱਕੀ ਤੇ ਛੇ ਕਨਾਲ ਹਰਾ ਚਾਰਾ 16 ਅਪ੍ਰੈਲ ਨੂੰ ਇੱਕ ਧਨਾਢ ਵੱਲੋਂ ਟਰੈਕਟਰ ਨਾਲ ਵਾਹ ਦਿੱਤਾ ਗਿਆ ਸੀ, ਜਿਸ ਸਬੰਧੀ ਥਾਣਾ ਠੁੱਲੀਵਾਲ ਤੇ ਡੀ ਐਸ ਪੀ ਨੂੰ ਲਿਖਤੀ ਤੌਰ 'ਤੇ ਦੇਣ ਦੇ ਬਾਵਜੂਦ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇ ਇਨਸਾਫ ਨਾ ਮਿਲਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਮਾਨ ਸਿੰਘ ਗੁਰਮ, ਇਸਤਰੀ ਆਗੂ ਸੰਦੀਪ ਕੌਰ ਪੱਤੀ ਸੇਖਵਾਂ, ਜਸਵਿੰਦਰ ਕੌਰ, ਸਰਬਜੀਤ ਕੌਰ ਹਮੀਦੀ, ਜਮਨਾ ਦੇਵੀ, ਹਰਦੀਪ ਕੌਰ ਗੁਰਮ, ਕਿਸਾਨ ਆਗੂ ਹਰਵਿੰਦਰ ਸਿੰਘ, ਨਿਰਭੈ ਸਿੰਘ, ਗਗਨਦੀਪ ਸਿੰਘ ਜੱਸੀ, ਹਰਵਿੰਦਰ ਸਿੰਘ ਮੰਡੇਰ, ਦਲਵੀਰ ਸਿੰਘ ਤੇ ਗੁਰਪ੍ਰੀਤ ਸਿੰਘ ਸਮੇਤ ਪਿੰਡ ਵਾਸੀ ਹਾਜ਼ਰ ਸਨ।

## ਦਯਾਨੰਦ ਮਾਡਲ ਹਾਈ ਸਕੂਲ ਵਿਖੇ 'ਮਦਰ ਡੇਅ' ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ)**-ਸਥਾਨਕ ਦਯਾਨੰਦ ਮਾਡਲ ਹਾਈ ਸਕੂਲ ਵਿਖੇ ਪ੍ਰਿੰਸੀਪਲ ਅੰਜੂ ਡੈਂਬਲਾ ਦੀ ਯੋਗ ਅਗਵਾਈ ਹੇਠ ਮਾਂ ਦੀ ਮਮਤਾ ਨੂੰ ਸਮਰਪਤ 'ਮਦਰ ਡੇਅ' ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਮਾਂ ਦੇ ਸਤਿਕਾਰ ਵਿੱਚ ਕਈ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਗਏ। ਸਮਾਗਮ ਦੌਰਾਨ ਨਰਸਰੀ ਤੋਂ ਲੈ ਕੇ ਚੌਥੀ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ।ਬੱਚਿਆਂ ਨੇ ਜਿੱਥੇ ਕਵਿਤਾਵਾਂ ਤੇ ਗੀਤਾਂ ਰਾਹੀਂ ਮਾਂ ਪ੍ਰਤੀ ਆਪਣਾ ਪਿਆਰ ਪ੍ਰਗਟਾਇਆ, ਉੱਥੇ ਹੀ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ।ਬੱਚਿਆਂ ਨੇ ਸੁੰਦਰ ਪੋਸਟਰਾਂ ਰਾਹੀਂ ਮਾਂ ਦੀ ਅਹਿਮੀਅਤ ਨੂੰ ਬਾਖੂਬੀ ਦਰਸਾਇਆ। ? ?ਇਸ ਮੌਕੇ ਪ੍ਰਿੰਸੀਪਲ ਅੰਜੂ ਡੈਂਬਲਾ ਨੇ ਕਿਹਾ ਕਿ ਮਾਂ ਦਾ ਦਰਜਾ ਰੱਬ ਤੋਂ ਵੀ ਉੱਪਰ ਹੈ।ਦੁਨੀਆ ਵਿੱਚ ਜੇਕਰ ਕੋਈ ਸਭ ਤੋਂ ਵੱਡਾ ਨਿਰਸਵਾਰਥ ਪਿਆਰ ਹੈ, ਤਾਂ ਉਹ ਮਾਂ ਦਾ ਹੈ।ਮਾਂ ਦੇ ਚਰਨਾਂ ਵਿੱਚ ਹੀ ਸਵਰਗ ਹੈ ਤੇ ਸਾਨੂੰ ਹਮੇਸ਼ਾ ਆਪਣੇ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਮਾਗਮ ਦੀ ਸ਼ੋਭਾ ਵਧਾਉਣ ਲਈ ਇਸਤਰੀ ਆਰੀਆ ਸਮਾਜ ਤੋਂ ਵਿਸ਼ੇਸ਼ ਤੌਰ 'ਤੇ ਆਦਰਸ਼ ਗੋਇਲ, ਆਸ਼ਾ ਬੱਬਰ, ਸੀਮਾ ਬੱਬਰ, ਲਤਾ ਬੱਬਰ ਤੇ ਸਰੋਜ ਗੁਪਤਾ ਹਾਜ਼ਰ ਸਨ।

## ਧਾਰਮਿਕ ਪ੍ਰੀਖਿਆ 'ਚ ਸਪਰਿੰਗ ਡਿਊ ਸਕੂਲ ਦੇ ਵਿਦਿਆਰਥੀ ਅੱਵਲ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਪ੍ਰੀਖਿਆ ਵਿੱਚ ਸਕੂਲ ਦੇ ਕੁੱਲ 82 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 11 ਵਿਦਿਆਰਥੀਆਂ ਨੇ ਅੱਵਲ ਸਥਾਨ ਪ੍ਰਾਪਤ ਕਰਕੇ ਟ੍ਰਾਫੀਆਂ ਤੇ 'ਐਵਾਰਡ ਆਫ ਆਨਰ' ਆਪਣੇ ਨਾਮ ਕੀਤੇ। ਬਾਕੀ ਸਾਰੇ ਵਿਦਿਆਰਥੀਆਂ ਨੂੰ ਉਤਸ਼ਾਹ ਵਧਾਉਣ ਲਈ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਮੌਕੇ ਸਕੂਲ ਵਿੱਚ ਖੁਸ਼ੀ ਤੇ ਮਾਣ ਦਾ ਮਾਹੌਲ ਦੇਖਣ ਨੂੰ ਮਿਲਿਆ। ਜੇਤੂ ਵਿਦਿਆਰਥੀਆਂ ਵਿੱਚ ਅਵਨੂਰ ਕੌਰ, ਅਰਸ਼ਦੀਪ ਸਿੰਘ, ਖੁਸ਼ਪ੍ਰੀਤ ਕੌਰ, ਇੰਦਰਜੀਤ ਕੌਰ, ਸਮਰੀਤਜੀਤ ਕੌਰ, ਪ੍ਰਭਗੁਣ ਧਾਲੀਵਾਲ, ਮਨਸਹਿਜ ਸਿੰਘ, ਇਕਨੂਰ ਕੌਰ ਤੇ ਦਲਜੀਤ ਕੌਰ ਸਮੇਤ ਹੋਰ ਵਿਦਿਆਰਥੀਆਂ ਦੇ ਨਾਮ ਸ਼ਾਮਲ ਹਨ। ਵਿਦਿਆਰਥੀਆਂ ਦੀ ਇਸ ਪ੍ਰਾਪਤੀ ਨੇ ਨਾ ਸਿਰਫ ਮਾਪਿਆਂ, ਸਗੋਂ ਅਧਿਆਪਕਾਂ ਦਾ ਨਾਮ ਵੀ ਰੋਸ਼ਨ ਕੀਤਾ ਹੈ। ਸਕੂਲ ਪ੍ਰਬੰਧਕਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਹੋਏ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ। ਸਕੂਲ ਦੇ ਪ੍ਰਿੰਸੀਪਲ ਰੀਨਾ ਜੈਦਿਕਾ ਤੇ ਵਾਈਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਸਕੂਲ ਭਵਿੱਖ ਵਿੱਚ ਵੀ ਬੱਚਿਆਂ ਨੂੰ ਸਿੱਖਿਆ ਦੇ ਨਾਲ-ਨਾਲ ਨੈਤਿਕ ਤੇ ਧਾਰਮਿਕ ਮੁੱਲਾਂ ਨਾਲ ਜੋੜਨ ਲਈ ਯਤਨਸ਼ੀਲ ਹੈ। ਇਸ ਮੌਕੇ ਪ੍ਰਧਾਨ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਛਾਬੜਾ, ਡਾਇਰੈਕਟਰ ਨਵਨੀਤ ਚੌਹਾਨ, ਮੈਨੇਜਰ ਮਨਦੀਪ ਚੌਹਾਨ, ਮੈਨੇਜਿੰਗ ਡਾਇਰੈਕਟਰ ਬਹਾਦੁਰ ਸਿੰਘ ਸਿੱਧੂ ਤੇ ਹਰਜੀਤ ਸਿੰਘ ਸਿੱਧੂ ਯੂ.ਐੱਸ.ਏ. ਆਦਿ ਹਾਜ਼ਰ ਸਨ।

## 15 ਦੀ ਸੰਗਰੂਰ ਰੈਲੀ ਵਿਧਾਨ ਸਭਾ ਚੋਣਾਂ ਦਾ ਕਰੇਗੀ ਆਗਾਜ਼-ਅਕਾਲੀ ਦਲ ਅੰਮ੍ਰਿਤਸਰ

**ਧੂਰੀ (ਮਨੋਹਰ ਸਿੰਘ ਸੱਗੂ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹਲਕਾ ਧੂਰੀ ਦੇ ਅਹੁਦੇਦਾਰਾਂ ਤੇ ਵਰਕਰਾਂ ਦੀ ਸਥਾਨਕ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਹੋਈ। ਮੀਟਿੰਗ ਦੌਰਾਨ 15 ਮਈ ਨੂੰ ਗੁਰਦੁਆਰਾ ਨਾਨਕੀਆਣਾ ਸਾਹਿਬ ਸੰਗਰੂਰ ਵਿਖੇ ਲੋਕ ਸਭਾ ਹਲਕਾ ਪੱਧਰੀ ਰੈਲੀ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਰੈਲੀ ਦੀ ਸਫ਼ਲਤਾ ਲਈ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਬੁਲਾਰਿਆਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਹਮੇਸ਼ਾ ਪੰਥ, ਪੰਜਾਬ ਤੇ ਪੰਜਾਬੀਅਤ ਦੀ ਗੱਲ ਕਰਦਿਆਂ ਕਿਸਾਨ ਹਿੱਤਾਂ ਲਈ ਆਵਾਜ਼ ਉਠਾਉਂਦੇ ਰਹੇ ਹਨ।ਬੁਲਾਰਿਆਂ ਨੇ ਕਿਹਾ ਕਿ 15 ਮਈ ਦੀ ਰੈਲੀ ਮਹਿਜ਼ ਇਕੱਠ ਨਹੀਂ ਸਗੋਂ ਆਗਾਮੀ ਵਿਧਾਨ ਸਭਾ ਚੋਣਾਂ ਦਾ ਆਗਾਜ਼ ਕਰਦਿਆਂ ਪੰਜਾਬ ਦੀ ਸਿਆਸਤ 'ਚ ਨਵਾਂ ਮੋੜ ਲਿਆਏਗੀ।ਆਗੂਆਂ ਨੇ ਕਿਹਾ ਕਿ ਲੋਕਾਂ ਨੂੰ ਸਬਜ਼ਬਾਗ ਦਿਖਾ ਕੇ ਸੱਤਾ ਪ੍ਰਾਪਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਨੇ ਕਦੇ ਵੀ ਵਾਅਦੇ ਪੂਰੇ ਨਹੀਂ ਕੀਤੇ ਤੇ ਨਾ ਹੀ ਆਪਣੇ ਚੋਣ ਮਨੋਰਥ ਪੱਤਰ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ।ਉਨ੍ਹਾਂ ਕਿਹਾ ਕਿ ਅਕਾਲੀ ਦਲ (ਅ) ਆਪਣੀ ਕਹਿਣੀ ਤੇ ਕਥਨੀ ਦਾ ਪੱਕਾ ਹੈ ਤੇ ਹਮੇਸ਼ਾ ਪੰਜਾਬ ਦੇ ਮਸਲਿਆਂ ਤੇ ਮੰਗਾਂ ਬਾਰੇ ਆਵਾਜ਼ ਉਠਾਉਂਦਾ ਰਿਹਾ ਹੈ।ਮੀਟਿੰਗ ਨੂੰ ਜ਼ਿਲ੍ਹਾ ਪ੍ਰਧਾਨ ਗੁਰਨੈਬ ਸਿੰਘ ਰਾਮਪੁਰ, ਵਰਕਿੰਗ ਕਮੇਟੀ ਮੈਂਬਰ ਬਹਾਦਰ ਸਿੰਘ ਭਸੌੜ, ਜਥੇਦਾਰ ਅਮਰਜੀਤ ਸਿੰਘ ਬਾਦਸ਼ਾਹਪੁਰ ਤੇ ਨਰਿੰਦਰ ਸਿੰਘ ਕਾਲਾਬੂਲਾ ਨੇ ਸੰਬੋਧਨ ਕੀਤਾ।ਹੋਰਨਾਂ 'ਚ ਬਾਬਾ ਹਰਬੰਸ ਸਿੰਘ ਜੈਨਪੁਰ, ਹਰਭਜਨ ਸਿੰਘ ਭਸੌੜ, ਸਤਨਾਮ ਸਿੰਘ ਰੱਤੋਕੇ, ਅਮਰੀਕ ਸਿੰਘ ਕਾਤਰੋਂ, ਸਿਮਰਨ ਸਿੰਘ ਕਾਂਝਲਾ, ਹਰਮਿੰਦਰ ਸਿੰਘ ਲਾਲੀ, ਬਲਜਿੰਦਰ ਸਿੰਘ ਧੰਦੀਵਾਲ ਤੇ ਸਰਬਜੀਤ ਸਿੰਘ ਕੱਕੜਵਾਲ ਆਦਿ ਮੌਜੂਦ ਸਨ।

## ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਅਹੁਦੇਦਾਰਾਂ ਦਾ ਸਨਮਾਨ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਜਥੇਬੰਦੀ ਦਾ ਵਿਸਥਾਰ ਕਰਦਿਆਂ ਜ਼ਿਲ੍ਹਾ ਪਟਿਆਲਾ ਦੇ ਨਵੇਂ ਅਹੁਦੇਦਾਰ ਨਾਮਜ਼ਦ ਕੀਤੇ ਗਏ ਹਨ, ਜਿਸ ਤਹਿਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸੰਬੰਧਿਤ ਬਹੁਤ ਸਾਰੇ ਆਗੂਆਂ ਨੂੰ ਬਲਾਕ, ਜ਼ਿਲ੍ਹਾ ਤੇ ਸੂਬਾ ਪੱਧਰ ਉੱਤੇ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ।ਨਵੇਂ ਚੁਣੇ ਗਏ ਅਹੁਦੇਦਾਰਾਂ ਦੇ ਸਨਮਾਨ ਵਿੱਚ ਜਥੇਦਾਰ ਸੰਤੋਖ ਸਿੰਘ ਖਿੰਡਾ ਦੀ ਅਗਵਾਈ 'ਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਉਣ ਉਪਰੰਤ ਵਿਸ਼ੇਸ਼ ਸਨਮਾਨ ਸਮਾਗਮ ਕੀਤਾ ਗਿਆ। ਇਸ ਮੌਕੇ ਦਲ ਦੇ ਜਰਨਲ ਸਕੱਤਰ ਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਇੰਚਾਰਜ ਡੀਟੀਓ ਕਰਨ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਰਣਧੀਰ ਸਿੰਘ ਰੱਖੜਾ ਅਹੁਦੇਦਾਰਾਂ ਦਾ ਸਿਰਪਾਉ ਪਾ ਕੇ ਸਨਮਾਨ ਕੀਤਾ ਗਿਆ। ਅਹੁਦੇਦਾਰਾਂ ਨੂੰ ਸਨਮਾਨਤ ਕਰਨ ਨੂੰ ਉਪਰੰਤ ਹਲਕਾ ਇੰਚਾਰਜ ਡੀਟੀਓ ਕਰਨ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਸਿੱਖ ਸਿਧਾਂਤਾਂ ਤੋਂ ਬੁਰੀ ਤਰ੍ਹਾਂ ਭਟਕ ਚੁੱਕਾ ਹੈ। ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਕਰਕੇ ਸੁਖਬੀਰ ਸਿੰਘ ਬਾਦਲ ਨੇ ਵੱਡਾ ਗੁਨਾਹ ਕੀਤਾ ਹੈ, ਜਿਸ ਨੂੰ ਸਿੱਖ ਕੌਮ ਕਦੇ ਵੀ ਮਾਫ ਨਹੀਂ ਕਰੇਗੀ।ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦਾ ਗਠਨ ਕੀਤਾ ਗਿਆ ਹੈ। ਹੋਰਨਾਂ ਤੋਂ ਇਲਾਵਾ ਸੀਨੀਅਰ ਅਕਾਲੀ ਆਗੂ ਗੋਬਿੰਦ ਸਿੰਘ ਵਿਰਦੀ, ਸੁਖਵਿੰਦਰ ਸਿੰਘ ਬਰਾਸ ਗੁਰਦੀਪ ਸਿੰਘ ਮੱਲ੍ਹੀ, ਸੁਖਵਿੰਦਰ ਸਿੰਘ ਝੱਬਰ, ਮੰਗਤ ਸ਼ਰਮਾ ਬਰਾਸ, ਪੁਸ਼ਪਿੰਦਰ ਸਿੰਘ ਲਾਲੀ ਕਾਲੇਕਾ, ਗੁਰਿੰਦਰ ਸਿੰਘ ਭੰਗੂ ਤੇ ਤੇਜਪਾਲ ਬਾਦਸ਼ਾਹਪੁਰ ਤੋਂ ਇਲਾਵਾ ਬਹੁਤ ਸਾਰੇ ਅਕਾਲੀ ਵਰਕਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਪੁਲਸ ਤੇ ਪਬਲਿਕ ਦੀ ਸਾਂਝ ਨਾਲ ਹੀ ਨਸ਼ਿਆਂ ਤੇ ਅਪਰਾਧ 'ਤੇ ਲੱਗੇਗੀ ਰੋਕ : ਡੀ ਆਈ ਜੀ

### ਐੱਸ ਐੱਸ ਪੀ ਖੰਨਾ ਦੀ ਨਿਵੇਕਲੀ ਪਹਿਲ ਤਹਿਤ ਖੱਟੜਾ ਪੁੱਜੇ ਸੀਨੀਅਰ ਅਧਿਕਾਰੀ, ਲੋਕਾਂ ਨਾਲ ਕੀਤੀ ਸਿੱਧੀ ਗੱਲਬਾਤ



**ਦੋਰਾਹਾ (ਹਰਮਿੰਦਰ ਸੇਠ)**-ਲੋਕਾਂ ਨਾਲ ਸਿੱਧੀ ਸਾਂਝ ਮਜ਼ਬੂਤ ਬਣਾਉਣ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮਕਸਦ ਨਾਲ ਡੀਆਈਜੀ (ਪੀਏਪੀ) ਇੰਦਰਬੀਰ ਸਿੰਘ ਤੇ ਐੱਸ ਐੱਸ ਪੀ ਖੰਨਾ ਡਾ. ਦਰਪਣ ਆਹਲੂਵਾਲੀਆ ਵੱਲੋਂ ਪਿੰਡ ਖੱਟੜਾ ਦਾ ਵਿਸ਼ੇਸ਼ ਦੌਰਾ ਕੀਤਾ ਗਿਆ।ਇਸ ਦੌਰੇ ਦੌਰਾਨ ਸੀਨੀਅਰ ਪੁਲਸ ਅਧਿਕਾਰੀਆਂ ਨੇ ਪਿੰਡ ਵਾਸੀਆਂ ਨਾਲ ਖੁੱਲ੍ਹੇ ਦਿਲ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਖੰਨਾ ਪੁਲਸ ਹਮੇਸ਼ਾ ਲੋਕਾਂ ਦੀ ਸੁਰੱਖਿਆ ਤੇ ਭਲਾਈ ਲਈ ਵਚਨਬੱਧ ਹੈ।ਇਸ ਦੌਰੇ ਦੌਰਾਨ ਸਭ ਤੋਂ ਖਾਸ ਗੱਲ ਇਹ ਰਹੀ ਕਿ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਫੁੱਟਬਾਲ ਵੰਡੇ ਗਏ।ਅਧਿਕਾਰੀਆਂ ਨੇ ਕਿਹਾ ਕਿ ਜੇਕਰ ਨੌਜਵਾਨ ਖੇਡਾਂ ਨਾਲ ਜੁੜੇ ਰਹਿਣਗੇ ਤਾਂ ਉਹ ਨਸ਼ਿਆਂ ਤੇ ਹੋਰ ਗਲਤ ਗਤੀਵਿਧੀਆਂ ਤੋਂ ਦੂਰ ਰਹਿਣਗੇ।ਇਸ ਉਪਰਾਲੇ ਦਾ ਮਕਸਦ ਪਿੰਡਾਂ ਦੇ ਖੇਡ ਮੈਦਾਨਾਂ ਤੇ ਜਨਤਕ ਥਾਵਾਂ ਨੂੰ ਨਸ਼ਾ ਮੁਕਤ ਬਣਾਉਣਾ ਹੈ ਤਾਂ ਜੋ ਬੱਚਿਆਂ ਤੇ ਨੌਜਵਾਨਾਂ ਨੂੰ ਇੱਕ ਸਿਹਤਮੰਦ ਮਾਹੌਲ ਮਿਲ ਸਕੇ। ਡੀਆਈਜੀ ਇੰਦਰਬੀਰ ਸਿੰਘ ਨੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਦਾ ਭਵਿੱਖ ਨੌਜਵਾਨ ਹਨ ਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਖੇਡਾਂ ਮਨੁੱਖ ਨੂੰ ਅਨੁਸ਼ਾਸਨ, ਸਿਹਤ ਤੇ ਟੀਮ ਭਾਵਨਾ ਸਿਖਾਉਂਦੀਆਂ ਹਨ।ਜੇਕਰ ਬੱਚਿਆਂ ਨੂੰ ਬਚਪਨ ਤੋਂ ਹੀ ਖੇਡਾਂ ਨਾਲ ਜੋੜਿਆ ਜਾਵੇ ਤਾਂ ਉਹ ਨਸ਼ਿਆਂ ਵਰਗੀ ਬੁਰਾਈ ਤੋਂ ਬਚੇ ਰਹਿੰਦੇ ਹਨ।ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਖੇਡ ਮੈਦਾਨਾਂ ਵੱਲ ਲੈ ਕੇ ਜਾਣ ਤੇ ਉਨ੍ਹਾਂ ਨੂੰ ਚੰਗੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ।ਐੱਸ ਐੱਸ ਪੀ ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਖੰਨਾ ਪੁਲਸ ਵੱਲੋਂ ਨਸ਼ਿਆਂ ਖਿਲਾਫ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ ਤੇ ਇਸ ਮੁਹਿੰਮ ਨੂੰ ਲੋਕਾਂ ਦੇ ਸਹਿਯੋਗ ਨਾਲ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਪੁਲਸ ਸਿਰਫ ਕਾਨੂੰਨੀ ਕਾਰਵਾਈ ਤੱਕ ਸੀਮਿਤ ਨਹੀਂ ਰਹਿਣਾ ਚਾਹੁੰਦੀ, ਸਗੋਂ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਕੇ ਨੌਜਵਾਨਾਂ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਵੀ ਕੰਮ ਕਰ ਰਹੀ ਹੈ।ਉਨ੍ਹਾਂ ਦੱਸਿਆ ਕਿ ਖੰਨਾ ਪੁਲਸ ਵੱਲੋਂ ਸਮੇਂ-ਸਮੇਂ 'ਤੇ ਸਕੂਲਾਂ, ਕਾਲਜਾਂ ਤੇ ਪਿੰਡਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਂਦੇ ਹਨ, ਜਿੱਥੇ ਨਸ਼ਿਆਂ ਦੇ ਨੁਕਸਾਨ ਤੇ ਖੇਡਾਂ ਦੇ ਫਾਇਦਿਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।ਐੱਸ ਐੱਸ ਪੀ ਨੇ ਕਿਹਾ ਕਿ ਪੁਲਸ ਤੇ ਪਬਲਿਕ ਦੀ ਸਾਂਝ ਨਾਲ ਹੀ ਸਮਾਜ ਵਿੱਚ ਚੰਗਾ ਮਾਹੌਲ ਬਣ ਸਕਦਾ ਹੈ ਤੇ ਅਪਰਾਧਾਂ 'ਤੇ ਰੋਕ ਲੱਗ ਸਕਦੀ ਹੈ।ਪਿੰਡ ਖੱਟੜਾ ਦੇ ਲੋਕਾਂ ਨੇ ਵੀ ਪੁਲਸ ਅਧਿਕਾਰੀਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।ਪਿੰਡ ਵਾਸੀਆਂ ਨੇ ਕਿਹਾ ਕਿ ਅਕਸਰ ਲੋਕ ਪੁਲਸ ਨੂੰ ਸਿਰਫ ਕਾਰਵਾਈ ਕਰਨ ਵਾਲੇ ਵਿਭਾਗ ਵਜੋਂ ਦੇਖਦੇ ਹਨ, ਪਰ ਇਸ ਤਰ੍ਹਾਂ ਦੇ ਦੌਰੇ ਇਹ ਸਾਬਿਤ ਕਰਦੇ ਹਨ ਕਿ ਪੁਲਸ ਲੋਕਾਂ ਨਾਲ ਜੁੜ ਕੇ ਸਮਾਜਿਕ ਬਦਲਾਅ ਲਿਆਉਣ ਲਈ ਵੀ ਕੰਮ ਕਰ ਰਹੀ ਹੈ।ਲੋਕਾਂ ਨੇ ਕਿਹਾ ਕਿ ਬੱਚਿਆਂ ਨੂੰ ਖੇਡ ਸਮੱਗਰੀ ਦੇਣਾ ਇੱਕ ਬਹੁਤ ਵਧੀਆ ਕਦਮ ਹੈ, ਜਿਸ ਨਾਲ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਰੁਝਾਨ ਵਧੇਗਾ।

## ਗਰੀਬਾਂ 'ਤੇ ਹਰਾ ਪਿੰਨ ਚਲਾਉਣ ਵਾਲੀ ਸਰਕਾਰ ਹਰ ਫਰੰਟ 'ਤੇ ਫੇਲ੍ਹ : ਪਰਮਿੰਦਰ ਡਿੰਪਲ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸਫ਼ਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਲਗਾਤਾਰ ਤੀਜੇ ਦਿਨ ਵੀ ਕੰਮ ਛੱਡ ਹੜਤਾਲ ਜਾਰੀ ਰੱਖੀ ਗਈ।ਸਫ਼ਾਈ ਸੇਵਕ ਯੂਨੀਅਨ ਨਿਹਾਲ ਸਿੰਘ ਵਾਲਾ ਵੱਲੋਂ ਸ਼ਹਿਰ ਦੀ ਸਫ਼ਾਈ ਦਾ ਕੰਮ ਪੂਰੀ ਤਰ੍ਹਾਂ ਬੰਦ ਰੱਖਿਆ ਗਿਆ ਤੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ।ਕਾਂਗਰਸ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਡਿੰਪਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗਰੀਬਾਂ ਤੇ ਹਰਾ ਪਿੰਨ ਚਲਾਉਣ ਵਾਲੀ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਅਤੇ ਇਸ ਮੌਕੇ ਉਨ੍ਹਾਂ ਵੱਲੋਂ ਸਫਾਈ ਸੇਵਕ ਯੂਨੀਅਨ ਨੂੰ ਆਪਣਾ ਸਮਰਥਨ ਵੀ ਦਿੱਤਾ ਅਤੇ ਕਿਹਾ ਕਿ ਸਾਡੀ ਸਰਕਾਰ ਆਉਣ ਤੇ ਪਹਿਲਾਂ ਸਫਾਈ ਸੇਵਕ ਯੂਨੀਅਨ ਦਾ ਹਰਿੱਕ ਕ੍ਰਮਚਾਰੀ ਪੱਕਾ ਕੀਤਾ ਜਾਵੇਗਾ! ਪ੍ਰਦਰਸ਼ਨ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਗਰੀਬਾਂ ਤੇ ਹੱਕਾਂ ਦੀ ਗੱਲ ਕਰਨ ਵਾਲੀ ਸਰਕਾਰ ਹੁਣ ਆਪਣੇ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸਫ਼ਾਈ ਸੇਵਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਯੂਨੀਅਨ ਆਗੂਆਂ ਨੇ ਮੰਗ ਕੀਤੀ ਕਿ ਸਫ਼ਾਈ ਸੇਵਕਾਂ ਨੂੰ ਉਨ੍ਹਾਂ ਦੇ ਕੰਮ ਦੇ ਮੁਤਾਬਕ ਘੱਟੋ-ਘੱਟ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇ।ਇਸ ਦੇ ਨਾਲ ਹੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, 10 ਸਾਲਾਂ ਦੀ ਪਾਲਿਸੀ ਖਤਮ ਕਰਨ ਤੇ ਸਫ਼ਾਈ ਸੇਵਕਾਂ ਤੇ ਸੀਵਰਮੈਨਾਂ ਨੂੰ ਰੈਗੂਲਰ ਕਰਨ ਦੀ ਮੰਗ ਵੀ ਉਠਾਈ ਗਈ।

## ਕਿਸਾਨਾਂ ਨੂੰ ਖੱਜਲ-ਖੁਆਰ ਕਰ ਰਹੀਆਂ ਨੇ ਸਰਕਾਰਾਂ : ਉਗਰਾਹਾਂ



ਮਾਲੇਰਕੋਟਲਾ (ਅਸਗਰ ਪਰਿਹਾਰ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਮਾਲੇਰਕੋਟਲਾ ਦੀ ਮੀਟਿੰਗ ਗੁਰਦੁਆਰਾ ਸਿੰਘ ਸਭਾ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਭੂਦਨ ਦੀ ਅਗਵਾਈ ਹੇਠ ਹੋਈ।ਇਸ ਮੌਕੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਜਨਰਲ ਸਕੱਤਰ ਕੇਵਲ ਸਿੰਘ ਭੜੀ ਨੇ ਦੱਸਿਆ ਕਿ ਕਿਸਾਨਾਂ ਨੇ ਕਣਕ ਦੀ ਸਾਰੀ ਫਸਲ ਵੇਚ ਦਿੱਤੀ ਹੈ, ਪਰ ਬੈਂਕਾਂ ਦੀ ਤਰਫੋਂ ਕਿਸਾਨਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਅਸਲ ਰੂਪ ਵਿੱਚ ਪੰਜਾਬ ਸਰਕਾਰ ਤੇ ਸੈਂਟਰ ਸਰਕਾਰ ਦੋਵੇਂ ਅੱਖਾਂ ਮਿਚੀ ਬੈਠੀਆਂ ਹਨ। ਸਰਕਾਰ ਦੀ ਤਰਫੋਂ ਸੋਸਾਇਟੀਆਂ 'ਚ ਕਿਸਾਨਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਇੱਕ ਪਾਸੇ ਸਰਕਾਰ ਆਖ ਰਹੀ ਹੈ ਕਿ ਕਿਸਾਨਾਂ ਦਾ ਹੱਦ ਕਰਜ਼ਾ ਵਧਾ ਦਿੱਤਾ ਹੈ, ਪਰ ਸੈਂਟਰ ਦੀ ਸਰਕਾਰ ਨੇ ਲੋੜੀਂਦੀ ਰਾਸ਼ੀ ਬੈਂਕਾਂ ਨੂੰ ਮੁਹੱਈਆ ਨਹੀਂ ਕਰਵਾਈ, ਕਿਸਾਨਾਂ ਨੂੰ ਸੁਸਾਇਟੀਆਂ ਅੰਦਰ ਕਿਸੇ ਪ੍ਰਕਾਰ ਦਾ ਕੋਈ ਕੈਸ਼ ਨਹੀਂ ਮਿਲ ਰਿਹਾ ਤੇ ਕਿਸਾਨ ਖੱਜਲ ਖਵਾਰ ਹੋ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ 10 ਮਈ ਨੂੰ ਬੀ.ਬੀ.ਐੱਮ. ਦੇ ਮਸਲੇ ਤੇ ਸੰਗਰੂਰ ਦੇ ਜੇਜੀ ਪੈਲੇਸ ਵਿਖੇ ਕਾਨਫਰੰਸ ਕੀਤੀ ਜਾ ਰਹੀ ਹੈ ਕਿਉਂਕਿ ਬੀ.ਬੀ.ਐੱਮ. ਨੂੰ ਸੈਂਟਰ ਆਪਣੇ ਹੱਥਾਂ ਹੇਠ ਕਰ ਰਿਹਾ ਹੈ, ਪੰਜਾਬ ਤੇ ਹਰਿਆਣੇ ਦੀ ਹਿੱਸੇਦਾਰੀ ਨੂੰ ਖਤਮ ਕੀਤਾ ਜਾ ਰਿਹਾ ਹੈ।ਇਸ ਤੋਂ ਇਲਾਵਾ 15 ਮਈ ਨੂੰ ਐੱਸ.ਕੇ.ਐੱਮ. ਦੇ ਸੱਦੇ 'ਤੇ ਕਿਸਾਨਾਂ ਮਜ਼ਦੂਰਾਂ ਦੀ ਤਰਫੋਂ ਚੰਡੀਗੜ੍ਹ ਵਿਖੇ ਗਵਰਨਰ ਹਾਊਸ ਵੱਲ ਰੋਸ ਮੁਜ਼ਾਹਰਾ ਕਰਨਾ ਹੈ।ਮੀਟਿੰਗ ਸਮੇਂ ਫੰਡਾਂ ਸੰਬੰਧੀ ਗੱਲਬਾਤ ਕੀਤੀ ਗਈ ਤੇ ਫੰਡਾਂ ਸੰਬੰਧੀ ਖਾਤੇ ਜਥੇਬੰਦੀ ਦੇ ਨਾਂ 'ਤੇ ਖੋਲਣ ਨੂੰ ਕਿਹਾ ਗਿਆ। ਇਸ ਮੌਕੇ ਜ਼ਿਲ੍ਹਾ ਆਗੂ ਨਿਰਮਲ ਸਿੰਘ ਅਲੀਪੁਰ, ਸਰਬਜੀਤ ਸਿੰਘ ਭੁਰਥਲਾ, ਰਵਿੰਦਰ ਸਿੰਘ ਕਾਸਾਪੁਰ, ਰਾਜਿੰਦਰ ਸਿੰਘ ਭੋਗੀਵਾਲ, ਚਰਨਜੀਤ ਸਿੰਘ ਹਥਨ, ਕਰਨੈਲ ਸਿੰਘ ਭੂਦਨ, ਮਹਿੰਦਰ ਸਿੰਘ ਭੁਰਥਲਾ, ਹਰਿੰਦਰ ਸਿੰਘ ਚੌਂਦਾ, ਰਛਪਾਲ ਸਿੰਘ ਰੜ, ਬਲਜੀਤ ਸਿੰਘ ਹਥਨ, ਗੁਰਮੇਲ ਕੌਰ ਦੁੱਲਮਾ ਸਮੇਤ ਹਾਜ਼ਰ ਸਨ।

## ਕੋ-ਆਪ੍ਰੇਟਿਵ ਬੈਂਕ ਅੱਗੇ ਧਰਨਾ 12 ਨੂੰ

ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਮੋਗਾ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਗਮੋਹਣ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਦੌਰਾਨ ਹੱਦ ਕਰਜ਼ਿਆਂ ਸੰਬੰਧੀ ਵਿਚਾਰ ਚਰਚਾ ਹੋਈ।ਜ਼ਿਲ੍ਹਾ ਪ੍ਰਧਾਨ ਜਗਮੋਹਨ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੱਦ ਕਰਜ਼ਿਆਂ ਵਿੱਚ ਵਾਧਾ ਕੀਤਾ ਹੈ।ਝੋਨੇ ਦਾ ਹੱਦ ਕਰਜ਼ਾ 25 ਹਜ਼ਾਰ ਰੁਪਏ ਤੋਂ ਵਧਾ ਕੇ 39000 ਰੁਪਏ ਕਰ ਦਿੱਤਾ ਹੈ ਤੇ ਕਣਕ ਦਾ 24000 ਰੁਪਏ ਤੋਂ ਵਧਾ ਕੇ 30000 ਰੁਪਏ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੋ-ਆਪ੍ਰੇਟਿਵ ਸੋਸਾਇਟੀ ਵਧੀ ਲਿਮਿਟ ਮੁਤਾਬਕ ਕਰਜ਼ੇ ਦੇਣ ਲਈ ਤਿਆਰ ਹੈ, ਪਰ ਕੋ-ਆਪ੍ਰੇਟਿਵ ਬੈਂਕ ਮੋਗਾ ਇਸ ਤੋਂ ਇਨਕਾਰੀ ਹਨ।ਕੋ-ਆਪ੍ਰੇਟਿਵ ਬੈਂਕ ਦੇ ਅਧਿਕਾਰੀਆਂ ਨੂੰ ਡੈਪੂਟੇਸ਼ਨ ਲੈ ਕੇ ਮਿਲਣ ਦਾ ਤੈਅ ਹੋਇਆ ਹੈ, ਪਰ ਬੈਂਕ ਅਧਿਕਾਰੀ ਸਰਕਾਰ ਵੱਲੋਂ ਵਧਾਏ ਹੱਦ ਕਰਜ਼ੇ ਨੂੰ ਮੰਨਣ ਤੋਂ ਇਨਕਾਰੀ ਹਨ।ਇਸ ਫੈਸਲੇ ਨੂੰ ਲਾਗੂ ਕਰਾਉਣ ਲਈ 12 ਮਈ ਨੂੰ 11 ਤੋਂ 3 ਵਜੇ ਤੱਕ ਕੋ-ਆਪ੍ਰੇਟਿਵ ਬੈਂਕ ਮੋਗਾ ਅੱਗੇ ਰੋਸ ਧਰਨਾ ਦਿੱਤਾ ਜਾਵੇਗਾ।ਜ਼ਿਲ੍ਹਾ ਸਕੱਤਰ ਹਰਪ੍ਰੀਤ ਸਿੰਘ ਰਾਣਾ ਨੇ ਸਾਰੀਆਂ ਇਕਾਈਆਂ ਨੂੰ ਰੋਸ ਧਰਨੇ ਵਿੱਚ ਵੱਧ ਤੋਂ ਵੱਧ ਗਿਣਤੀ 'ਚ ਪੁੱਜਣ ਦਾ ਸੱਦਾ।

# ਪੰਜਾਬ ਸਪੋਰਟਸ 'ਵਰਸਿਟੀ 'ਚ ਵਿਵਾਦਤ ਨਿਯੁਕਤੀਆਂ ਦਾ ਮਾਮਲਾ ਹਾਈ ਕੋਰਟ ਪੁੱਜਾ

■ ਪੰਜਾਬ ਸਰਕਾਰ ਤੇ ਹੋਰਨਾਂ ਨੂੰ ਨੋਟਿਸ ਜਾਰੀ ਕਰ ਮੰਗਿਆ ਜਵਾਬ

ਪਟਿਆਲਾ/ਚੰਡੀਗੜ੍ਹ (ਰਾਜਿੰਦਰ ਸਿੰਘ ਥਿੰਦ)-ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ 'ਚ ਕਥਿਤ ਤੌਰ 'ਤੇ ਵਿਵਾਦਤ ਨਿਯੁਕਤੀਆਂ ਤੇ ਪ੍ਰਸ਼ਾਸਨਕ ਫੇਰਬਦਲਾਂ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਮਾਮਲਾ ਪਹੁੰਚ ਗਿਆ ਹੈ।ਯੂਨੀਵਰਸਿਟੀ ਦੇ ਕੰਟਰੋਲਰ ਆਫ ਐਗਜ਼ਾਮੀਨੇਸ਼ਨ ਅਨੁਭਵ ਵਾਲੀਆ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ ਸਮੇਤ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।ਮਾਮਲੇ ਦੀ ਅਗਲੀ ਸੁਣਵਾਈ 15 ਮਈ 2026 ਨੂੰ ਨਿਰਧਾਰਤ ਕੀਤੀ ਗਈ ਹੈ।ਪਟੀਸ਼ਨ 'ਚ ਅਨੁਭਵ ਵਾਲੀਆ ਨੇ ਦਾਅਵਾ ਕੀਤਾ ਹੈ ਕਿ ਯੂਨੀਵਰਸਿਟੀ 'ਚ ਆਫਿਸ਼ੀਏਟਿੰਗ ਰਜਿਸਟਰਾਰ ਤੇ ਆਫਿਸ਼ੀਏਟਿੰਗ ਡਿਪਟੀ ਰਜਿਸਟਰਾਰ ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਕੀਤੀਆਂ ਗਈਆਂ ਨਿਯੁਕਤੀਆਂ ਸੰਵਿਧਾਨ ਦੇ ਅਨੁਛੇਦ 14 ਤੇ 16 ਦੀ ਉਲੰਘਣਾ ਕਰ ਕੇ ਮਨਮਰਜ਼ੀ ਨਾਲ ਕੀਤੀਆਂ ਗਈਆਂ ਹਨ।ਪਟੀਸ਼ਨਕਰਤਾ ਅਨੁਸਾਰ, ਇਨ੍ਹਾਂ ਅਹੁਦਿਆਂ ਲਈ ਨਾ ਤਾਂ ਰਸਮੀ ਤਰੀਕੇ ਨਾਲ ਵਿਗਿਆਪਨ ਜਾਰੀ ਕੀਤਾ ਗਿਆ ਤੇ ਨਾ ਹੀ ਨਿਯੁਕਤ ਕੀਤੇ ਗਏ ਅਧਿਕਾਰੀਆਂ ਕੋਲ ਨਿਰਧਾਰਤ ਯੋਗਤਾਵਾਂ ਸਨ।ਕੋਰਟ 'ਚ ਇਹ ਵੀ ਚੁਣੌਤੀ ਦਿੱਤੀ ਗਈ ਹੈ ਕਿ 17 ਫਰਵਰੀ 2026 ਨੂੰ ਕੀਤੀ ਗਈ ਨਿਯੁਕਤੀ ਦੇ ਬਾਅਦ ਸਬੰਧਤ ਅਧਿਕਾਰੀ ਨੂੰ ਸਿਰਫ ਦੋ ਦਿਨ ਬਾਅਦ ਪ੍ਰੋਫੈਸਰ ਗੁਰਸੇਵਕ ਸਿੰਘ ਗੌਰਮਿੰਟ ਕਾਲਜ ਆਫ ਫਿਜੀਕਲ ਐਜੂਕੇਸ਼ਨ ਪਟਿਆਲਾ ਦੇ ਆਫਿਸ਼ੀਏਟਿੰਗ ਪ੍ਰਿੰਸੀਪਲ ਦਾ ਵਾਧੂ ਭਾਰ ਦਿੱਤਾ ਗਿਆ, ਜਦਕਿ 5 ਮਾਰਚ 2026 ਨੂੰ ਉਸ ਨੂੰ ਯੂਨੀਵਰਸਿਟੀ ਦੇ ਆਫਿਸ਼ੀਏਟਿੰਗ ਡਾਇਰੈਕਟਰ ਸਪੋਰਟਸ ਦਾ ਵੀ ਵਾਧੂ ਕੰਮ ਸੌਂਪਿਆ ਗਿਆ।ਪਟੀਸ਼ਨ 'ਚ 2 ਅਪ੍ਰੈਲ 2026 ਦੇ ਵਿਗਿਆਪਨ, 7 ਅਪ੍ਰੈਲ 2026 ਨੂੰ ਆਫਿਸ਼ੀਏਟਿੰਗ ਡਿਪਟੀ ਰਜਿਸਟਰਾਰ ਦੀ ਨਿਯੁਕਤੀ ਤੇ 21 ਅਪ੍ਰੈਲ 2026 ਨੂੰ ਅਨੁਭਵ ਵਾਲੀਆ ਤੋਂ ਪ੍ਰੀਖਿਆ ਸ਼ਾਖਾ ਦਾ ਕਾਰਜ ਭਾਰ ਵਾਪਸ ਲੈਣ ਦੇ ਹੁਕਮ ਨੂੰ ਵੀ ਚੁਣੌਤੀ ਦਿੱਤੀ ਗਈ ਹੈ।ਵਾਲੀਆ ਦਾ ਕਹਿਣਾ ਹੈ ਕਿ 1 ਅਕਤੂਬਰ 2021 ਨੂੰ ਉਨ੍ਹਾਂ ਨੂੰ ਕੰਟਰੋਲਰ ਆਫ ਐਗਜ਼ਾਮੀਨੇਸ਼ਨ ਨਿਯੁਕਤ ਕੀਤਾ ਗਿਆ ਸੀ, ਪਰ ਬਾਅਦ 'ਚ ਪ੍ਰੀਖਿਆ ਪੋਰਟਫੋਲੀਓ ਵਾਪਸ ਲੈ ਕੇ ਉਨ੍ਹਾਂ ਨੂੰ ਬਿਨਾਂ ਕੰਮ ਦੇ ਛੱਡ ਦਿੱਤਾ ਗਿਆ, ਜੋ ਨਾ ਸਿਰਫ਼ ਅਪਮਾਨਜਨਕ ਹੈ ਬਲਕਿ ਸਜ਼ਾ ਵਜੋਂ ਵੀ ਇਕ ਕਦਮ ਹੈ।ਸੁਣਵਾਈ ਦੌਰਾਨ ਪੰਜਾਬ ਸਰਕਾਰ ਵੱਲੋਂ ਨੋਟਿਸ ਸਵੀਕਾਰ ਕਰਦਿਆਂ ਜਵਾਬ ਦਾਖ਼ਲ ਕਰਨ ਲਈ ਸਮਾਂ ਮੰਗਿਆ ਗਿਆ।ਅਦਾਲਤ ਨੇ ਸੂਬੇ ਦੇ ਇਲਾਵਾ ਯੂਨੀਵਰਸਿਟੀ ਤੇ ਹੋਰ ਪ੍ਰਤੀਵਾਦੀਆਂ ਨੂੰ ਵੀ ਨੋਟਿਸ ਜਾਰੀ ਕਰਦਿਆਂ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ।

## 15 ਨੂੰ ਗਵਰਨਰ ਹਾਊਸ ਚੰਡੀਗੜ੍ਹ ਵੱਲ ਕੀਤਾ ਜਾਵੇਗਾ ਮਾਰਚ : ਮੱਲੇਆਣਾ



ਮੋਗਾ (ਖਹਿਰਾ, ਲਵਲੀ)-ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਨਿਹਾਲ ਸਿੰਘ ਵਾਲਾ ਦੀ ਬਲਾਕ ਕਮੇਟੀ ਦੀ ਮਹੀਨਾਵਾਰੀ ਮੀਟਿੰਗ ਪੰਜਾਬ ਦੇ ਅਹਿਮ ਮੁੱਦਿਆਂ ਨੂੰ ਲੈ ਕੇ ਬਲਾਕ ਪ੍ਰਧਾਨ ਬੇਅੰਤ ਸਿੰਘ ਮੱਲੇਆਣਾ ਦੀ ਅਗਵਾਈ ਹੇਠ ਪਿੰਡ ਮੱਲੇਆਣਾ ਵਿਖੇ ਕੀਤੀ ਗਈ।ਇਸ ਮੀਟਿੰਗ 'ਚ ਸੂਬਾਈ ਆਗੂ ਤੇ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇ ਖੁਰਦ ਤੇ ਜ਼ਿਲ੍ਹਾ ਮੀਤ ਪ੍ਰਧਾਨ ਨਾਜ਼ਰ ਸਿੰਘ ਖਾਈ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਦੱਸਿਆ ਕਿ 15 ਮਈ ਨੂੰ ਸੰਯੁਕਤ ਕਿਸਾਨ ਮੋਰਚੇ ਤੇ ਟਰੇਡ ਯੂਨੀਅਨਾਂ ਵੱਲੋਂ ਗਵਰਨਰ ਹਾਊਸ ਚੰਡੀਗੜ੍ਹ ਵੱਲ ਮਾਰਚ ਕਰਕੇ ਪੰਜਾਬ ਦੇ ਹੱਕਾਂ ਨੂੰ ਬਚਾਉਣ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਹਿੱਸੇਦਾਰੀ ਖ਼ਤਮ ਕਰਨ ਖਿਲਾਫ਼ ਇੱਕ ਲਹਿਰ ਖੜ੍ਹੀ ਕੀਤੀ ਜਾਵੇਗੀ, ਕਿਉਂਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਤੇ ਕਬਜ਼ਾ ਕਰਕੇ ਪੰਜਾਬ ਨੂੰ ਪਾਣੀ ਦੀ ਕਿੱਲਤ ਨਾਲ ਜੂਝਣ ਤੇ ਮਜਬੂਰ ਕਰਨਾ ਚਾਹੁੰਦੀ ਹੈ, ਜਦਕਿ ਪੰਜਾਬ ਦੀ ਹਿੱਸੇਦਾਰੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਤੇ ਸਭ ਸਟੇਟਾਂ ਤੋਂ ਵੱਧ 52% ਹੈ।ਇਸ ਤੋਂ ਬਿਨਾਂ ਪੰਜਾਬੀ ਬੋਲਦੇ ਇਲਾਕਿਆਂ ਤੇ ਚੰਡੀਗੜ੍ਹ ਉੱਪਰ ਪੂਰਨ ਤੌਰ 'ਤੇ ਪੰਜਾਬ ਦਾ ਹੱਕ ਹੋਵੇਗਾ।ਇਸ ਤੋਂ ਬਿਨਾਂ ਚੰਡੀਗੜ੍ਹ ਯੂਨੀਅਨ ਦਾ ਕੇਂਦਰੀਕਰਨ ਕਰਨਾ ਬੰਦ ਕੀਤਾ ਜਾਵੇ।ਇਸ ਦੇ ਨਾਲ-ਨਾਲ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੰਗ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਉੱਪਰ ਪੰਜਾਬ ਦਾ ਹੱਕ ਹੈ, ਜੋ ਪਾਣੀ ਪੰਜਾਬ ਲਈ ਨਵੇਂ ਨਹਿਰੀ ਸਿਸਟਮ ਨੂੰ ਅੱਪਗ੍ਰੇਡ ਕਰਕੇ ਪੂਰੇ ਪੰਜਾਬ ਵਿੱਚ ਪੀਣ ਯੋਗ ਪਾਣੀ ਦਿੱਤਾ ਜਾਵੇ।ਇਸ ਮੀਟਿੰਗ ਵਿੱਚ ਸ਼ਾਮਲ ਬਲਾਕ ਸਕੱਤਰ ਅਵਤਾਰ ਸਿੰਘ ਖਾਈ, ਮੀਤ ਪ੍ਰਧਾਨ ਬਲਦੇਵ ਸਿੰਘ ਬੱਧਨੀ, ਬਲਾਕ ਮੀਤ ਪ੍ਰਧਾਨ ਬਲਦੇਵ ਸਿੰਘ ਲੋਪੋਂ, ਬਲਾਕ ਖਜ਼ਾਨਚੀ ਬਲਕਰਨ ਸਿੰਘ ਮੱਲੇਆਣਾ, ਬਲਾਕ ਪ੍ਰੈੱਸ ਸਕੱਤਰ ਨਛੱਤਰ ਸਿੰਘ ਦੱਧਰ, ਸਹਾਇਕ ਸਕੱਤਰ ਜਗਸੀਰ ਸਿੰਘ ਮਾਛੀਕੇ, ਬਲਾਕ ਆਗੂ ਛਿੰਦਰ ਸਿੰਘ ਮੱਲੇਆਣਾ, ਬਲਜਿੰਦਰ ਸਿੰਘ ਮਾਛੀਕੇ, ਜਗਦੀਪ ਸਿੰਘ ਦੱਧਰ ਫੋਰਮੈਨ, ਗੁਰਪ੍ਰੀਤ ਸਿੰਘ ਖਾਈ, ਚਮਕੌਰ ਸਿੰਘ ਲੋਪੋ ਹਾਜ਼ਰ ਹੋਏ।

## ਕ੍ਰਿਸ਼ਨ ਸੈਣੀ ਕਾਂਗਰਸ ਛੱਡ ਕੇ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ



ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਦੀ ਰਾਜਨੀਤੀ ਵਿੱਚ ਭਾਰਤੀ ਜਨਤਾ ਪਾਰਟੀ ਲਗਾਤਾਰ ਆਪਣਾ ਜਨਾਧਾਰ ਮਜ਼ਬੂਤ ਕਰਦੀ ਨਜ਼ਰ ਆ ਰਹੀ ਹੈ।ਇਸੇ ਕੜੀ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਘੱਟ ਗਿਣਤੀ ਮੋਰਚਾ ਦੇ ਪ੍ਰਦੇਸ਼ ਸਕੱਤਰ ਕ੍ਰਿਸ਼ਨ ਸੈਣੀ ਨੇ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲਿਆ ਹੈ।ਮੋਗਾ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਦੀ ਅਗਵਾਈ ਵਿੱਚ ਹੋਏ ਪ੍ਰੋਗਰਾਮ ਦੌਰਾਨ ਕ੍ਰਿਸ਼ਨ ਸੈਣੀ ਨੇ ਰਸਮੀ ਤੌਰ 'ਤੇ ਭਾਜਪਾ ਦੀ ਮੈਂਬਰਸ਼ਿਪ ਗ੍ਰਹਿਣ ਕੀਤੀ।ਇਸ ਮੌਕੇ ਡਾ. ਹਰਜੋਤ ਕਮਲ ਨੇ ਉਨ੍ਹਾਂ ਨੂੰ ਪਾਰਟੀ ਦਾ ਪਟਕਾ ਪਹਿਨਾ ਕੇ ਤੇ ਪਾਰਟੀ ਦਾ ਬੈਜ ਲਗਾ ਕੇ ਰਸਮੀ ਤੌਰ 'ਤੇ ਭਾਜਪਾ ਪਰਵਾਰ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ।ਇਸ ਮੌਕੇ ਭੁਪਿੰਦਰ ਕੌਰ ਮੋਗਾ, ਹਰਜਿੰਦਰ ਕੌਰ ਬੁੱਘੀਪੁਰਾ, ਪਰਮਿੰਦਰ ਕੌਰ ਮੰਗੇਵਾਲਾ, ਸੁਨੀਤਾ ਰਾਣੀ ਮੋਗਾ, ਹਰਜਿੰਦਰ ਸਿੰਘ ਲੰਢੇਕੇ, ਕਿਰਨਜੀਤ ਕੌਰ ਲੰਢੇਕੇ, ਚਰਨ ਕੌਰ ਲੰਢੇਕੇ, ਸਰਬਜੀਤ ਕੌਰ ਲੰਢੇਕੇ, ਜਸਵੀਰ ਸਿੰਘ ਮੋਗਾ, ਸੁਖਵਿੰਦਰ ਸਿੰਘ ਰਹੀਆਂ ਤੇ ਜਗਦੀਪ ਕੁਮਾਰ ਦੀਪਾ ਮੋਗਾ ਵੀ ਸ਼ਾਮਲ ਹੋਏ।ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਕਿਹਾ ਕਿ ਪੰਜਾਬ ਵਿੱਚ ਤੇਜ਼ੀ ਨਾਲ ਬਦਲ ਰਹੇ ਰਾਜਨੀਤਕ ਹਾਲਾਤ ਇਹ ਸੰਕੇਤ ਦੇ ਰਹੇ ਹਨ ਕਿ ਲੋਕ ਹੁਣ ਪ੍ਰੰਪਰਾਗਤ ਰਾਜਨੀਤੀ ਤੋਂ ਉਕਤਾ ਚੁੱਕੇ ਹਨ ਤੇ ਵਿਕਾਸ ਆਧਾਰਤ ਰਾਜਨੀਤੀ ਵੱਲ ਵੱਧ ਰਹੇ ਹਨ।ਉਨ੍ਹਾਂ ਵਿਸ਼ਵਾਸ ਜਤਾਇਆ ਕਿ ਕ੍ਰਿਸ਼ਨ ਸੈਣੀ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਘੱਟ ਗਿਣਤੀ ਵਰਗ ਵਿੱਚ ਹੋਰ ਮਜ਼ਬੂਤੀ ਮਿਲੇਗੀ।

# ਹੱਜ ਯਾਤਰੀਆਂ 'ਤੇ ਹੋਰ ਆਰਥਿਕ ਬੋਝ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਐਡਵੋਕੇਟ ਸ਼ਮਸ਼ਾਦ

■ ਕੇਂਦਰ ਸਰਕੂਲਰ ਨੂੰ ਤੁਰੰਤ ਵਾਪਸ ਲਵੇ



ਮਲੇਰਕੋਟਲਾ (ਅਸਗਰ ਪਰਿਹਾਰ)-ਕੇਂਦਰੀ ਹੱਜ ਕਮੇਟੀ ਵੱਲੋਂ ਹਾਲ ਹੀ 'ਚ ਇੱਕ ਨਵਾਂ ਸਰਕੂਲਰ ਜਾਰੀ ਕਰਕੇ ਪਵਿੱਤਰ ਹੱਜ ਯਾਤਰਾ 'ਤੇ ਜਾ ਰਹੇ ਹੱਜ ਯਾਤਰੀਆਂ 'ਤੇ 10 ਹਜ਼ਾਰ ਰੁਪਏ ਪ੍ਰਤੀ ਹੱਜ ਯਾਤਰੀ ਪਾਇਆ ਗਿਆ ਨਵਾਂ ਬੋਝ ਹੱਜ ਯਾਤਰੀਆਂ ਨਾਲ ਸਰਾਸਰ ਬੇਇਨਸਾਫ਼ੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਹ ਪ੍ਰਗਟਾਵਾ ਪੰਜਾਬ ਵਕਫ ਬੋਰਡ ਦੇ ਮੈਂਬਰ ਐਡਵੋਕੇਟ ਸ਼ਮਸ਼ਾਦ ਅਲੀ ਨੇ ਮੀਡੀਆ ਨੂੰ ਜਾਰੀ ਕੀਤੇ ਆਪਣੇ ਲਿਖਤੀ ਪ੍ਰੈਸ ਬਿਆਨ 'ਚ ਕੀਤਾ।ਕੇਂਦਰੀ ਹੱਜ ਕਮੇਟੀ ਦੇ ਉਕਤ ਫੈਸਲੇ ਨੂੰ ਬਿਲਕੁਲ ਗਲਤ ਤੇ ਨਾਜਾਇਜ਼ ਕਰਾਰ ਦਿੰਦੇ ਹੋਏ ਐਡਵੋਕੇਟ ਸ਼ਮਸ਼ਾਦ ਅਲੀ ਨੇ ਜਿੱਥੇ ਇਸ ਦੀ ਸਖ਼ਤ ਨਿੰਦਾ ਕੀਤੀ, ਉੱਥੇ ਸਰਕਾਰ ਨੂੰ ਤੁਰੰਤ ਇਸ ਸਰਕੂਲਰ ਵਾਪਸ ਲੈਣ ਦੀ ਮੰਗ ਵੀ ਕੀਤੀ ਹੈ।ਐਡਵੋਕੇਟ ਸ਼ਮਸ਼ਾਦ ਅਲੀ ਨੇ ਕਿਹਾ ਕਿ ਹੱਜ ਇਕ ਪਵਿੱਤਰ ਧਾਰਮਿਕ ਫਰਜ਼ ਹੈ ਤੇ ਇਸ ਨੂੰ ਵਧੇਰੇ ਆਰਥਿਕ ਬੋਝ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਕੇਂਦਰ ਸਰਕਾਰ ਨੇ ਹੱਜ ਯਾਤਰਾ 'ਤੇ ਮਿਲਦੀ ਆ ਰਹੀ ਸਬਸਿਡੀ ਨੂੰ ਖਤਮ ਕਰਕੇ ਪਵਿੱਤਰ ਹੱਜ ਯਾਤਰਾ ਲੱਖਾਂ ਰੁਪਏ ਮਹਿੰਗੀ ਕਰ ਦਿੱਤੀ ਹੈ, ਉਪਰੋਂ ਹੁਣ ਇਹ 10 ਹਜ਼ਾਰ ਦਾ ਨਵਾਂ ਬੋਝ ਗਰੀਬ ਵਰਗ ਨਾਲ ਸਬੰਧਤ ਹੱਜ ਯਾਤਰੀਆਂ ਲਈ ਵੱਡੀ ਮੁਸ਼ਕਲ ਖੜ੍ਹੀ ਕਰ ਦੇਵੇਗਾ।ਐਡਵੋਕੇਟ ਸ਼ਮਸ਼ਾਦ ਨੇ ਇਸ ਫੈਸਲੇ ਨੂੰ ਧਾਰਮਿਕ ਭਾਵਨਾਵਾਂ ਦੇ ਖਿਲਾਫ ਦੱਸਦਿਆਂ ਕਿਹਾ ਕਿ ਇਸ ਨਾਲ ਕਈ ਲੋਕਾਂ ਦੀ ਹੱਜ ਯਾਤਰਾ ਪ੍ਰਭਾਵਿਤ ਹੋ ਸਕਦੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 10 ਹਜ਼ਾਰ ਰੁਪਏ ਪ੍ਰਤੀ ਹਾਜੀ ਪਾਏ ਜਾ ਰਹੇ ਇਸ ਨਵੇਂ ਵਾਧੂ ਬੋਝ ਦਾ ਕਾਰਨ ਮਿਡਲ ਈਸਟ 'ਚ ਚੱਲ ਰਹੇ ਸੰਕਟ ਨੂੰ ਲੈ ਕੇ ਈਂਧਨ ਦੀਆਂ ਕੀਮਤਾਂ 'ਚ ਵਾਧਾ ਹੋਣਾ ਦੱਸਿਆ ਹੈ, ਪ੍ਰੰਤੂ ਇਹ ਜਾਇਜ਼ ਨਹੀਂ ਹੈ ਕਿਉਂਕਿ ਹੱਜ ਯਾਤਰੀ ਤਾਂ ਪਹਿਲਾਂ ਹੀ ਪੂਰੀ ਰਕਮ ਜਮ੍ਹਾਂ ਕਰਵਾ ਚੁੱਕੇ ਹਨ ਅਤੇ ਕਈ ਹੱਜ ਯਾਤਰੀ ਤਾਂ ਮੱਕਾ ਮਦੀਨਾ ਲਈ ਰਵਾਨਾ ਵੀ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਕਤ 10 ਹਜ਼ਾਰ ਰੁਪਏ ਦੀ ਵਾਧੂ ਫੀਸ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ 15 ਮਈ ਰੱਖਣਾ ਹੋਰ ਵੀ ਗਲਤ ਹੈ, ਕਿਉਂਕਿ ਇਸ ਸਮੇਂ ਦੌਰਾਨ ਬਹੁਤ ਸਾਰੇ ਹੱਜ ਯਾਤਰੀ ਮੱਕਾ ਮਦੀਨਾ ਜਾਣ ਲਈ ਯਾਤਰਾ 'ਚ ਹੋਣਗੇ।ਐਡਵੋਕੇਟ ਸ਼ਮਸ਼ਾਦ ਅਲੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਦਿਆਂ ਇਸ ਸਰਕੂਲਰ ਨੂੰ ਤੁਰੰਤ ਵਾਪਸ ਲਿਆ ਜਾਵੇ, ਨਹੀਂ ਤਾਂ ਸਰਕਾਰ ਦੇ ਇਸ ਫੈਸਲੇ ਖਿਲਾਫ ਸਖ਼ਤ ਵਿਰੋਧ ਕੀਤਾ ਜਾਵੇਗਾ।

## ਗੋਲਡੀ ਕੰਬੋਜ ਨੇ ਪ੍ਰਾਇਮਰੀ ਹੈਲਥ ਸੈਂਟਰ ਦਾ ਰੱਖਿਆ ਨੀਂਹ ਪੱਥਰ

ਜਲਾਲਾਬਾਦ (ਬਲਵਿੰਦਰ ਸਿੰਘ, ਜੀਤ ਕੁਮਾਰ)-ਵਿਧਾਇਕ ਜਲਾਲਾਬਾਦ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਜਲਾਲਾਬਾਦ ਵਿਖੇ ਪੁਰਾਣਾ ਸਿਵਲ ਹਸਪਤਾਲ ਦੀ ਥਾਂ ਨਵੇਂ ਪ੍ਰਾਇਮਰੀ ਹੈਲਥ ਸੈਂਟਰ ਦਾ ਨੀਂਹ ਪੱਥਰ ਰੱਖਿਆ।ਉਨ੍ਹਾਂ ਕਿਹਾ ਕਿ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਡੇਢ ਕਰੋੜ ਦੀ ਰਾਸ਼ੀ ਨਾਲ ਬਣੇਗਾ।ਵਿਧਾਇਕ ਗੋਲਡੀ ਨੇ



ਜਲਾਲਾਬਾਦ ਵਾਸੀਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾ ਰਹੇ ਹਨ ਤੇ ਅੱਜ ਦਾ ਦਿਨ ਜਲਾਲਾਬਾਦ ਵਾਸੀਆਂ ਲਈ ਖੁਸ਼ਖ਼ਬਰੀ ਦਾ ਦਿਨ ਹੈ, ਜੋ ਪੰਜਾਬ ਸਰਕਾਰ ਵੱਲੋਂ ਪੁਰਾਣਾ ਸਿਵਲ ਹਸਪਤਾਲ ਦੀ ਥਾਂ ਤੇ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਮਨਜ਼ੂਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇੱਥੇ ਪੁਰਾਣ ਸਿਵਲ ਹਸਪਤਾਲ 13-14 ਸਾਲਾਂ ਤੋਂ ਬੰਦ ਪਿਆ ਸੀ ਤੇ ਪਹਿਲੀਆਂ ਸਰਕਾਰਾਂ ਨੇ ਵੀ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ, ਪਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਤੇ ਪਿੰਡਾਂ ਵਿੱਚ ਆਮ ਆਦਮੀ ਕਲੀਨਕ ਬਣਾਏ ਤਾਂ ਜੋ ਲੋਕਾਂ ਨੂੰ ਆਪਣੇ ਪਿੰਡਾਂ ਵਿੱਚ ਸਾਰੀਆਂ ਸਿਹਤ ਸਹੂਲਤਾਂ ਮਿਲ ਸਕਣ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਖ਼ਾਲਸਾ ਸਕੂਲ ਨੂੰ ਵਿੱਤੀ ਰਾਸ਼ੀ ਭੇਟ



ਜਗਰਾਓਂ (ਅਮਿਤ ਖੰਨਾ)-ਸਮਾਜਿਕ ਸੇਵਾ ਤੇ ਸਿੱਖਿਆ ਦੇ ਖੇਤਰ ਵਿੱਚ ਯੋਗਦਾਨ ਪਾਉਂਦਿਆਂ ਭਾਰਤ ਵਿਕਾਸ ਪ੍ਰੀਸ਼ਦ ਜਗਰਾਓਂ ਬ੍ਰਾਂਚ ਵੱਲੋਂ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਦੀ ਪ੍ਰਧਾਨਗੀ ਹੇਠ ਖ਼ਾਲਸਾ ਸਕੂਲ ਬੁਆਏਜ਼ ਨੇੜੇ ਸਬਜ਼ੀ ਮੰਡੀ ਜਗਰਾਓਂ ਨੂੰ 50 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਭੇਟ ਕੀਤੀ ਗਈ।ਇਸ ਮੌਕੇ ਪ੍ਰੀਸ਼ਦ ਦੇ ਅਹੁਦੇਦਾਰਾਂ ਵੱਲੋਂ ਸਕੂਲ ਪ੍ਰਬੰਧਕਾਂ ਨੂੰ ਬੱਚਿਆਂ ਦੀ ਸਹਾਇਤਾ ਲਈ 50,000 ਰੁਪਏ ਦਾ ਚੈੱਕ ਸੌਂਪਿਆ ਗਿਆ।ਇਸ ਦੌਰਾਨ ਪ੍ਰੀਸ਼ਦ ਦੇ ਅਹੁਦੇਦਾਰਾਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਜਲਦ ਹੀ ਅਪਾਹਜ ਵਿਅਕਤੀਆਂ ਦੀ ਸਹਾਇਤਾ ਲਈ ਇੱਕ ਵਿਸ਼ਾਲ ਕੈਂਪ ਲਾਇਆ ਜਾਵੇਗਾ, ਜਿਸ ਵਿੱਚ ਲੋੜਵੰਦ ਵਿਅਕਤੀਆਂ ਨੂੰ ਜ਼ਰੂਰਤ ਅਨੁਸਾਰ ਕ੍ਰਿਤਿਮ ਅੰਗ ਤੇ ਹੋਰ ਸਹਾਇਕ ਸਮੱਗਰੀ ਉਪਲਬਧ ਕਰਵਾਉਣ ਦਾ ਯਤਨ ਕੀਤਾ ਜਾਵੇਗਾ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਕੁਦਰਤ ਦੇ ਰਾਖੇ ਟਰੱਸਟ ਦੇ ਚੇਅਰਮੈਨ ਰਾਜਿੰਦਰ ਜੈਨ ਕਾਕਾ ਨੇ ਕਿਹਾ ਕਿ ਸਿੱਖਿਆ ਸੰਸਥਾਵਾਂ ਦੀ ਮਦਦ ਕਰਨਾ ਸਮਾਜ ਦਾ ਮੁੱਢਲਾ ਫਰਜ਼ ਬਣਦਾ ਹੈ।ਉਨ੍ਹਾਂ ਕਿਹਾ ਕਿ ਇੱਕ ਪੜ੍ਹਿਆ-ਲਿਖਿਆ ਸਮਾਜ ਹੀ ਦੇਸ਼ ਦੀ ਤਰੱਕੀ ਤੇ ਸਮਾਜਿਕ ਵਿਕਾਸ ਦਾ ਆਧਾਰ ਬਣ ਸਕਦਾ ਹੈ।ਸਕੂਲ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਨੇ ਕਿਹਾ ਕਿ ਏਡਿਡ ਸਕੂਲਾਂ ਦੀ ਆਰਥਿਕ ਸਥਿਤੀ ਕਾਫੀ ਚੁਣੌਤੀਪੂਰਨ ਬਣੀ ਹੋਈ ਹੈ।ਉਨ੍ਹਾਂ ਕਿਹਾ ਕਿ ਸਕੂਲ ਪ੍ਰਬੰਧਕ ਆਪਣੇ ਸਹਿਯੋਗੀਆਂ ਤੇ ਸਮਾਜਸੇਵੀ ਵਿਅਕਤੀਆਂ ਦੇ ਸਹਿਯੋਗ ਨਾਲ ਬੱਚਿਆਂ ਦੀ ਪੜ੍ਹਾਈ ਨੂੰ ਸੁਚਾਰੂ ਢੰਗ ਨਾਲ ਜਾਰੀ ਰੱਖਣ ਦਾ ਯਤਨ ਕਰ ਰਹੇ ਹਨ।ਇਸ ਮੌਕੇ ਪ੍ਰਧਾਨ ਚਰਨਜੀਤ ਸਿੰਘ ਭੰਡਾਰੀ, ਸੈਕਟਰੀ ਸੁਖਦੇਵ ਗਰਗ, ਕੈਸ਼ੀਅਰ ਸਤੀਸ਼ ਗਰਗ, ਸ਼ਸ਼ੀ ਭੂਸ਼ਨ ਜੈਨ, ਮਨੀਸ਼ ਚੁੱਘ, ਜਵਾਹਰ ਲਾਲ ਵਰਮਾ, ਜਤਿੰਦਰ ਅਰੋੜਾ ਮਿੱਠੂ, ਲਾਲ ਚੰਦ, ਲਾਕੇਸ਼ ਟੰਡਨ ਸਮੇਤ ਪ੍ਰੀਸ਼ਦ ਦੇ ਹੋਰ ਮੈਂਬਰ ਮੌਜੂਦ ਸਨ।ਸਮਾਗਮ ਦੌਰਾਨ ਪ੍ਰੀਸ਼ਦ ਵੱਲੋਂ ਮੁੱਖ ਮਹਿਮਾਨ ਰਾਜਿੰਦਰ ਜੈਨ ਕਾਕਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

## ਸ਼ਿਵਾਲਿਕ ਮਾਡਲ ਸਕੂਲ 'ਚ ਮਾਂ ਦਿਵਸ ਮਨਾਇਆ




ਜਗਰਾਉਂ (ਸੰਜੀਵ ਅਰੋੜਾ)-ਸ਼ਿਵਾਲਿਕ ਮਾਡਲ ਸਕੂਲ ਵਿੱਚ ਮਾਂ ਦਿਵਸ ਦਾ ਤਿਉਹਾਰ ਪੂਰੇ ਉਤਸ਼ਾਹ ਤੇ ਭਾਵਨਾਵਾਂ ਨਾਲ ਮਨਾਇਆ ਗਿਆ। ਨਰਸਰੀ ਤੋਂ ਲੈ ਕੇ ਯੂ.ਕੇ.ਜੀ. ਤੱਕ ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ ਆਪਣੀ ਰਚਨਾਤਮਕਤਾ ਤੇ ਪ੍ਰਤਿਭਾ ਨਾਲ ਸਮਾਗਮ ਨੂੰ ਹੋਰ ਵੀ ਖ਼ਾਸ ਬਣਾ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ 'ਚ ਪ੍ਰੀ-ਨਰਸਰੀ ਤੇ ਨਰਸਰੀ ਦੇ ਬੱਚਿਆਂ ਨੇ ਮਾਂ ਲਈ ਖ਼ੂਬਸੂਰਤ ਕਰਾਫਟ ਬਣਾਏ ਤੇ ਅਸਾਈਨਮੈਂਟ ਸ਼ੀਟਾਂ 'ਤੇ ਦਿਲ ਲਗਾ ਕੇ ਰੰਗ ਭਰੇ। ਯੂ.ਕੇ.ਜੀ. ਦੇ ਬੱਚਿਆਂ ਨੇ ਵੀ ਅਸਾਈਨਮੈਂਟਾਂ ਵਿੱਚ ਰੰਗ ਭਰ ਕੇ ਆਪਣੀ ਮਾਂ ਪ੍ਰਤੀ ਪਿਆਰ ਜਤਾਇਆ। ਹਰ ਰੰਗ ਤੇ ਹਰ ਕਾਗਜ਼ 'ਤੇ ਬੱਚਿਆਂ ਦਾ ਆਪਣੀ ਮਾਂ ਲਈ ਪਿਆਰ ਸਾਫ਼ ਝਲਕ ਰਿਹਾ ਸੀ। ਨੰਨ੍ਹੇ-ਮੁੰਨਿਆਂ ਨੇ ਦਿਲ ਦੇ ਆਕਾਰ ਵਿੱਚ ਆਪਣੀ ਮਾਂ ਦੀ ਤਸਵੀਰ ਲਗਾ ਕੇ ਉਨ੍ਹਾਂ ਪ੍ਰਤੀ ਆਪਣਾ ਸਨੇਹ ਪ੍ਰਗਟ ਕੀਤਾ ਅਤੇ ਬਹੁਤ ਹੀ ਸੋਹਣੀ ਪੇਸ਼ਕਾਰੀ ਦਿੱਤੀ। ਇਸ ਤੋਂ ਬਾਅਦ ਐੱਲ.ਕੇ.ਜੀ. ਦੇ ਬੱਚਿਆਂ ਨੇ ਸਟੇਜ ਸੰਭਾਲੀ ਤੇ ਤਿੰਨ ਖਾਸ ਪੇਸ਼ਕਾਰੀਆਂ ਦਿੱਤੀਆਂ। ਇਸ ਮੌਕੇ ਸਾਰੇ ਬੱਚੇ ਰੰਗ-ਬਿਰੰਗੇ, ਸੋਹਣੇ ਪਹਿਰਾਵੇ ਵਿੱਚ ਸਜ-ਧਜ ਕੇ ਆਏ ਸਨ, ਜਿਸ ਨਾਲ ਪੂਰਾ ਸਕੂਲ ਕੈਂਪਸ ਤਿਉਹਾਰ ਵਰਗਾ ਲੱਗ ਰਿਹਾ ਸੀ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਨੇ ਬੱਚਿਆਂ ਨੂੰ ਮਾਂ ਦੀ ਕੁਰਬਾਨੀ, ਮਮਤਾ ਅਤੇ ਮਹੱਤਤਾ ਨੂੰ ਸਰਲ ਸ਼ਬਦਾਂ ਵਿੱਚ ਸਮਝਾਇਆ। ਮਾਪਿਆਂ ਨੇ ਬੱਚਿਆਂ ਦੀਆਂ ਪੇਸ਼ਕਾਰੀਆਂ ਤੇ ਸਕੂਲ ਦੇ ਯਤਨਾਂ ਦੀ ਖੁੱਲ੍ਹੇ ਦਿਲ ਨਾਲ ਸ਼ਲਾਘਾ ਕੀਤੀ।

## ਸਰਵਹਿੱਤਕਾਰੀ ਵਿੱਦਿਆ ਮੰਦਰ 'ਚ ਮਾਂ ਦੇ ਪਿਆਰ ਨੂੰ ਸਮਰਪਤ ਸਮਾਗਮ




ਭੀਖੀ (ਧਰਮਵੀਰ ਸ਼ਰਮਾ)-ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਮਾਂ ਦਿਵਸ ਭਾਵੁਕਤਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ ਮਾਨਸਾ ਦੇ ਪ੍ਰਿੰਸੀਪਲ ਡਾ. ਬਰਿੰਦਰ ਕੌਰ ਨੇ ਮੁੱਖ ਮਹਿਮਾਨ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਸਨੇਹ ਜਿੰਦਲ, ਸ਼ਿੰਪੀ ਜਿੰਦਲ, ਪੱਲਵੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਤੇ ਹਾਜ਼ਰੀਨ ਮਾਤਾਵਾਂ ਦੁਆਰਾ ਦੀਪ ਜਗਾ ਕੇ ਕੀਤੀ ਗਈ। ਮੁੱਖ ਮਹਿਮਾਨ ਡਾ. ਬਰਿੰਦਰ ਕੌਰ ਨੇ ਸੰਬੋਧਨ ਦੌਰਾਨ ਕਿਹਾ ਕਿ ਮਾਂ ਬੱਚੇ ਦੀ ਪਹਿਲੀ ਅਧਿਆਪਕ ਹੁੰਦੀ ਹੈ ਤੇ ਉਸ ਦੇ ਸੰਸਕਾਰ ਹੀ ਬੱਚੇ ਦੇ ਜੀਵਨ ਦੀ ਮਜ਼ਬੂਤ ਨੀਂਹ ਬਣਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਮਾਪਿਆਂ ਦਾ ਸਤਿਕਾਰ ਕਰਨ ਤੇ ਉਨ੍ਹਾਂ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਮਾਂ ਨੂੰ ਮਜ਼ਬੂਤ ਇਰਾਦੇ ਦੀ ਧਾਰਨੀ ਹੋਣਾ ਚਾਹੀਦਾ ਹੈ। ਇਸ ਸਮਾਗਮ ਵਿੱਚ ਕੁੱਲ 130 ਮਾਤਾਵਾਂ ਨੇ ਭਾਗ ਲਿਆ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਮਾਂ ਦੇ ਸਨਮਾਨ ਵਿੱਚ ਕਵਿਤਾਵਾਂ, ਗੀਤ, ਭਾਸ਼ਣ ਤੇ ਸੁੰਦਰ ਪੇਸ਼ਕਾਰੀਆਂ ਦਿੱਤੀਆਂ ਗਈਆਂ, ਜਿਨ੍ਹਾਂ ਨੇ ਹਾਜ਼ਰ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਦਿਲਕਸ਼ ਵੰਨਗੀਆਂ, ਗੇਮਾਂ ਵੀ ਪੇਸ਼ ਕੀਤੀਆਂ ਤੇ ਜੇਤੂ ਬੱਚਿਆਂ ਨੂੰ ਤੋਹਫ਼ੇ ਵੀ ਵੰਡੇ ਗਏ। ਸਮਾਗਮ ਦੌਰਾਨ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਮਾਂ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਮਾਂ ਦਾ ਸਥਾਨ ਦੁਨੀਆ ਵਿੱਚ ਸਭ ਤੋਂ ਉੱਚਾ ਹੁੰਦਾ ਹੈ। ਮਾਂ ਆਪਣੇ ਬੱਚਿਆਂ ਲਈ ਹਰ ਤਿਆਗ ਕਰਦੀ ਹੈ ਅਤੇ ਹਰ ਮੁਸ਼ਕਲ ਵੇਲੇ ਉਨ੍ਹਾਂ ਦਾ ਹੌਸਲਾ ਬਣਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਮੇਸ਼ਾਂ ਆਪਣੇ ਮਾਪਿਆਂ ਦਾ ਆਦਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਪਿਆਰ ਅਤੇ ਕੁਰਬਾਨੀਆਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮਹਿਮਾਨ ਤੇ ਹਾਜ਼ਰ ਮਾਤਾਵਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਜਿੰਦਰ ਪਾਲ, ਮੈਂਬਰ ਭੂਸ਼ਣ ਜਿੰਦਲ, ਤੁਸ਼ਾਰ ਜਿੰਦਲ ਹਾਜ਼ਰ ਸਨ।

## ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿਖੇ ਬਾਇਓਟੈਕਨੋਲੋਜੀ ਵਰਕਸ਼ਾਪ



ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਬਾਇਓਟੈਕਨੋਲੋਜੀ ਵਿਭਾਗ ਵੱਲੋਂ ਆਧੁਨਿਕ ਬਾਇਓਟੈਕਨੋਲੋਜੀ ਤਕਨੀਕਾਂ 'ਤੇ ਕੇਂਦ੍ਰਿਤ ਪੰਜ ਦਿਨਾਂ ਦੀ ਸਕਿੱਲ ਇਨਹਾਂਸਮੈਂਟ ਵਰਕਸ਼ਾਪ ਕਰਵਾਈ ਗਈ।ਇਸ ਪ੍ਰੋਗਰਾਮ ਰਾਹੀਂ ਭਵਿੱਖ ਦੇ ਵਿਗਿਆਨੀਆਂ ਨੂੰ ਤਿਆਰ ਕਰਨ ਤੇ ਉਨ੍ਹਾਂ ਨੂੰ ਵਿਗਿਆਨਕ ਖੋਜ ਲਈ ਪ੍ਰੇਰਿਤ ਕਰਨ ਵੱਲ ਮਹੱਤਵਪੂਰਨ ਯਤਨ ਕੀਤਾ ਗਿਆ।ਸੈਂਟਰ ਫਾਰ ਸਾਇੰਟਿਫਿਕ ਤੇ ਰਿਸਰਚ ਇਨੋਵੇਸ਼ਨ ਤਹਿਤ ਆਯੋਜਿਤ ਇਸ ਵਰਕਸ਼ਾਪ ਵਿੱਚ ਬਾਇਓਟੈਕਨੋਲੋਜੀ, ਰਸਾਇਣ ਵਿਗਿਆਨ, ਬਨਸਪਤੀ ਵਿਗਿਆਨ ਤੇ ਵਾਤਾਵਰਣ ਵਿਗਿਆਨ ਵਿਭਾਗਾਂ ਦੇ 35 ਵਿਦਿਆਰਥੀਆਂ ਨੇ ਭਾਗ ਲਿਆ। ਵਰਕਸ਼ਾਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉੱਨਤ ਤਕਨੀਕੀ ਹੁਨਰਾਂ ਨਾਲ ਲੈਸ ਕਰਨਾ ਅਤੇ ਅਕਾਦਮਿਕ ਗਿਆਨ ਤੇ ਉਦਯੋਗਿਕ ਅਭਿਆਸ ਵਿਚਕਾਰ ਮੌਜੂਦ ਪਾੜੇ ਨੂੰ ਘਟਾਉਣਾ ਸੀ।ਵਰਕਸ਼ਾਪ ਦੌਰਾਨ ਪਾਲੀਮੇਰੇਜ਼ ਚੇਨ ਰੀਐਕਸ਼ਨ ਤੇ ਇਸ ਦੀਆਂ ਵੱਖ-ਵੱਖ ਐਪਲੀਕੇਸ਼ਨਾਂ ਬਾਰੇ ਵਿਸਤਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ।ਡੀਐੱਨਏ ਵਿਜ਼ੂਅਲਾਈਜ਼ੇਸ਼ਨ ਤਕਨੀਕਾਂ ਸਬੰਧੀ ਵਿਸ਼ੇਸ਼ ਸੈਸ਼ਨ ਕੀਤਾ ਗਿਆ, ਜਿਸ ਵਿੱਚ ਡੀਐੱਨਏ ਬੈਂਡ ਵਿਜ਼ੂਅਲਾਈਜ਼ੇਸ਼ਨ ਦੀ ਹੈਂਡਜ਼-ਆਨ ਡੈਮੋਨਸਟ੍ਰੇਸ਼ਨ ਵੀ ਕਰਵਾਈ ਗਈ।ਇਸ ਤੋਂ ਇਲਾਵਾ ਕਲਚਰ ਤਕਨੀਕਾਂ, ਸਟੇਨਿੰਗ ਮੈਥਡਜ਼ ਤੇ ਐਂਟੀਬਾਇਓਟਿਕ ਸਸੈਪਟਬਿਲਿਟੀ ਟੈਸਟਿੰਗ 'ਤੇ ਲੈਕਚਰਾਂ ਤੋਂ ਬਾਅਦ ਵਿਦਿਆਰਥੀਆਂ ਨੂੰ ਵਿਹਾਰਕ ਸਿਖਲਾਈ ਵੀ ਦਿੱਤੀ ਗਈ। ਆਖਰੀ ਦਿਨ ਰੀਵਿਊ ਸੈਸ਼ਨ ਰਾਹੀਂ ਪੂਰੇ ਵਰਕਸ਼ਾਪ ਦੌਰਾਨ ਪ੍ਰਾਪਤ ਗਿਆਨ ਤੇ ਸਿਖਲਾਈਆਂ ਦਾ ਜਾਇਜ਼ਾ ਲਿਆ ਗਿਆ।ਵਰਕਸ਼ਾਪ ਦੀ ਅਗਵਾਈ ਡਾ. ਰੁਪਿੰਦਰ ਕੌਰ ਵੱਲੋਂ ਕੀਤੀ ਗਈ, ਜਦਕਿ ਇਸ ਦਾ ਕੋਆਰਡੀਨੇਸ਼ਨ ਡਾ. ਸਿਮਰਨਜੋਤ ਕੌਰ ਵੱਲੋਂ ਕੀਤਾ ਗਿਆ।ਵਾਇਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਤੇ ਰਜਿਸਟਰਾਰ ਪ੍ਰੋ. (ਡਾ.) ਤੇਜਬੀਰ ਸਿੰਘ ਵੱਲੋਂ ਇਸ ਪਹਿਲਕਦਮੀ ਦੀ ਸਰਾਹਨਾ ਕੀਤੀ ਗਈ।ਵਿਭਾਗ ਮੁਖੀ ਡਾ. ਰੁਪਿੰਦਰ ਕੌਰ ਵੱਲੋਂ ਯੂਨੀਵਰਸਿਟੀ ਪ੍ਰਸ਼ਾਸਨ ਤੇ ਭਾਗੀਦਾਰਾਂ ਦਾ ਧੰਨਵਾਦ ਪ੍ਰਗਟਾਇਆ ਗਿਆ।

## ਪੀ ਯੂ ਵੱਲੋਂ ਪੀ ਟੀ ਏ ਅਧਿਆਪਕਾਂ ਨੂੰ ਰਿਲੀਵ ਕਰਨ ਦਾ ਫਰਮਾਨ ਜਾਰੀ

### ਕਾਲਜਾਂ 'ਚ ਪੜ੍ਹਾਉਂਦੇ ਅਧਿਆਪਕਾਂ 'ਚ ਰੋਸ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵੱਖ-ਵੱਖ ਕਾਂਸਟੀਚਿਊਟ ਕਾਲਜਾਂ ਵਿੱਚ ਕਾਫ਼ੀ ਲੰਬੇ ਸਮੇ ਤੋਂ ਪੀਟੀਏ ਅਧਿਆਪਕ ਵਜੋਂ ਕੰਮ ਕਰ ਰਹੇ ਅਧਿਆਪਕ ਅੱਜਕੱਲ੍ਹ ਡੂੰਘੇ ਮਾਨਸਿਕ ਤਨਾਅ ਤੇ ਆਰਥਿਕ ਤੰਗੀ ਵਿੱਚੋਂ ਗੁਜ਼ਰ ਰਹੇ ਹਨ।ਯੂਨੀਵਰਸਿਟੀ ਵੱਲੋਂ ਤਾਜ਼ਾ ਫਰਮਾਨ ਜਾਰੀ ਕਰਦੇ ਹੋਏ ਪੀਟੀਏ ਅਧਿਆਪਕਾਂ ਨੂੰ 16 ਮਈ ਤੋਂ ਰਿਲੀਵ ਕਰਨਾ ਤੈਅ ਕਰ ਦਿੱਤਾ ਹੈ, ਜਦਕਿ ਯੂਨੀਵਰਸਿਟੀ ਦੇ ਕਾਂਸਟੀਚਿਊਟ ਕਾਲਜਾਂ ਵਿੱਚ 16 ਮਈ ਤੋਂ ਪ੍ਰੀਖਿਆਵਾਂ ਸ਼ੁਰੂ ਹੋ ਰਹੀਆਂ ਹਨ। ਯੂਨੀਵਰਸਿਟੀ ਪ੍ਰਸ਼ਾਸਨ ਸਿੰਡੀਕੇਟ ਦੇ ਫੈਸਲੇ ਦੀ ਉਲੰਘਣਾ ਕਰ ਰਹੀ ਹੈ, ਜਿਸ ਅਨੁਸਾਰ ਪੀਟੀਏ ਅਧਿਆਪਕਾਂ ਨੂੰ ਜੂਨ ਦੀਆਂ ਛੁੱਟੀਆਂ ਤੋਂ ਇਲਾਵਾ ਰਿਲੀਵ ਕਰਨਾ ਗੈਰ-ਸੰਵਿਧਾਨਕ ਤੇ ਪੀਟੀਏ ਅਧਿਆਪਕਾਂ ਦੇ ਹੱਕਾਂ 'ਤੇ ਸਿੱਧਾ ਡਾਕਾ ਹੈ।ਜਾਣਕਾਰੀ ਅਨੁਸਾਰ ਪੰਜਾਬੀ ਯੂਨੀਵਰਸਿਟੀ ਅਧੀਨ 13 ਕਾਲਜ ਟੀਪੀਡੀ ਮਾਲਵਾ ਕਾਲਜ ਰਾਮਪੁਰਾ ਫੂਲ, ਐੱਸ ਬੀ ਐੱਸ ਬੀ ਐੱਮ ਯੂਨੀਵਰਸਿਟੀ ਕਾਲਜ ਸਰਦੂਲਗੜ੍ਹ (ਮਾਨਸਾ), ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ (ਲੜਕੀਆਂ) ਮਾਨਸਾ, ਯੂਨੀਵਰਸਿਟੀ ਕਾਲਜ ਬਹਾਦੁਰਪੁਰ (ਮਾਨਸਾ), ਯੂਨੀਵਰਸਿਟੀ ਕਾਲਜ ਬਰਨਾਲਾ, ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ), ਯੂਨੀਵਰਸਿਟੀ ਕਾਲਜ ਚੁਨੀ ਕਲਾਂ, ਯੂਨੀਵਰਸਿਟੀ ਕਾਲਜ, ਢਿੱਲਵਾਂ, ਯੂਨੀਵਰਸਿਟੀ ਕਾਲਜ ਘਨੌਰ, ਯੂਨੀਵਰਸਿਟੀ ਕਾਲਜ ਘੁੱਦਾ (ਬਠਿੰਡਾ), ਯੂਨੀਵਰਸਿਟੀ ਕਾਲਜ ਜੈਤੋ, ਯੂਨੀਵਰਸਿਟੀ ਕਾਲਜ ਮੀਰਾਂਪੁਰ ਤੇ ਯੂਨੀਵਰਸਿਟੀ ਕਾਲਜ ਮੂਨਕ ਵਿੱਚ ਪੀ ਟੀ ਏ ਅਧਿਆਪਕ ਪੜ੍ਹਾਉਂਦੇ ਹਨ।ਯੂਨੀਵਰਸਿਟੀ ਵੱਲੋਂ ਕੱਢੇ ਮੰਦਭਾਗੇ ਫਰਮਾਨ ਨਾਲ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਤੇ ਦਾਖਲਿਆਂ 'ਤੇ ਬੁਰਾ ਅਸਰ ਪਾਏਗਾ।

## ਦੇਸ਼ ਭਗਤ ਗਲੋਬਲ ਸਕੂਲ ਵਿਖੇ 'ਮਦਰਜ਼ ਡੇ' ਮਨਾਇਆ




ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰ ਪਾਲ/ਪੂਜਾ)-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ ਵੱਲੋਂ ਮਦਰਜ਼ ਡੇ ਬੜੇ ਹੀ ਉਤਸ਼ਾਹ ਤੇ ਖੁਸ਼ੀ ਨਾਲ ਮਨਾਇਆ ਗਿਆ।ਇਸ ਮੌਕੇ ਕਿੰਡਰਗਾਰਟਨ ਵਿਦਿਆਰਥੀਆਂ ਵੱਲੋਂ ਨਾਟਕ, ਕਵਿਤਾਵਾਂ, ਭਾਸ਼ਣ ਤੇ ਡਾਂਸ ਪੇਸ਼ ਕਰਕੇ ਮਾਵਾਂ ਦੇ ਸਤਿਕਾਰ ਨੂੰ ਪ੍ਰਗਟਾਇਆ ਗਿਆ।ਇਸ ਦੇ ਨਾਲ ਹੀ ਜਮਾਤ ਪਹਿਲੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਨੇ ਆਪਣੀਆਂ ਮਾਤਾਵਾਂ ਲਈ ਕਾਰਡ ਤੇ ਸੁੰਦਰ ਸੁਨੇਹੇ ਵੀ ਤਿਆਰ ਕੀਤੇ।ਇਸ ਮੌਕੇ ਕਿੰਡਰਗਾਰਟਨ ਵਿੰਗ ਦੇ ਵਿਦਿਆਰਥੀਆਂ ਦੀਆਂ ਮਾਤਾਵਾਂ ਨੂੰ ਸਕੂਲ ਵਿਖੇ ਇਸ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਬੁਲਾਇਆ ਗਿਆ।ਮਾਤਾਵਾਂ ਦਾ ਸਵਾਗਤ ਤਿਲਕ ਲਗਾ ਕੇ ਕੀਤਾ ਗਿਆ।ਇਸ ਸਬੰਧੀ ਸਕੂਲ ਵੱਲੋਂ ਮਾਪਿਆਂ ਲਈ ਗੇਮਾਂ ਦਾ ਆਯੋਜਨ ਵੀ ਕੀਤਾ ਗਿਆ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਮਾਂ ਬੱਚੇ ਦੀ ਪਹਿਲੀ ਅਧਿਆਪਕ ਹੁੰਦੀ ਹੈ।ਮਾਂ ਦਾ ਪਿਆਰ, ਤਿਆਗ ਤੇ ਸਹਿਯੋਗ ਸਾਡੇ ਜੀਵਨ ਦੀ ਸਭ ਤੋਂ ਵੱਡੀ ਤਾਕਤ ਹੈ।ਸਾਨੂੰ ਹਰ ਵੇਲੇ ਆਪਣੀਆਂ ਮਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ, ਦੇਸ਼ ਭਗਤ ਕੈਂਪਸ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਨੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਮਾਤਾ-ਪਿਤਾ, ਅਧਿਆਪਕਾਂ ਤੇ ਵੱਡਿਆਂ ਦੇ ਸਤਿਕਾਰ ਕਰਨ ਦੀ ਪ੍ਰੇਰਣਾ ਦਿੰਦੇ ਹਨ।

## ਗੁਰਮੀਤ ਸਿੰਘ ਨੇ ਸੀਨੀਅਰ ਪੁਲਸ ਕਪਤਾਨ ਦਾ ਅਹੁਦਾ ਸੰਭਾਲਿਆ




ਮਾਲੇਰਕੋਟਲਾ (ਅਸਗਰ ਪਰਿਹਾਰ)-ਗੁਰਮੀਤ ਸਿੰਘ ਪੀ.ਪੀ.ਐੱਸ. ਨੇ ਜ਼ਿਲ੍ਹਾ ਮਾਲੇਰਕੋਟਲਾ ਦੇ ਨਵੇਂ ਸੀਨੀਅਰ ਪੁਲਸ ਕਪਤਾਨ ਵਜੋਂ ਅਹੁਦਾ ਸੰਭਾਲ ਲਿਆ।ਚਾਰਜ ਸੰਭਾਲਣ ਮੌਕੇ ਉਨ੍ਹਾਂ ਨੂੰ ਪੁਲਸ ਟੁਕੜੀ ਵੱਲੋਂ ਸ਼ਾਨਦਾਰ ਗਾਰਡ ਆਫ਼ ਆਨਰ ਪੇਸ਼ ਕੀਤਾ ਗਿਆ।ਜ਼ਿਕਰਯੋਗ ਹੈ ਕਿ ਗੁਰਮੀਤ ਸਿੰਘ ਇਸ ਤੋਂ ਪਹਿਲਾਂ ਐੱਸ.ਐੱਸ.ਪੀ ਫਾਜ਼ਿਲਕਾ, ਐੱਸ.ਐੱਸ.ਪੀ. ਜਲੰਧਰ ਦਿਹਾਤੀ, ਏ.ਆਈ.ਜੀ. ਸੀ.ਆਈ.ਡੀ, ਏ.ਆਈ.ਜੀ. ਵਿਜੀਲੈਂਸ ਸਮੇਤ ਕਈ ਮਹੱਤਵਪੂਰਨ ਅਹੁਦਿਆਂ 'ਤੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।ਉਨ੍ਹਾਂ ਪ੍ਰਸ਼ਾਸਨਕ ਤਜਰਬੇ ਤੇ ਕਾਬਲੀਅਤ ਨੂੰ ਦੇਖਦਿਆਂ ਜ਼ਿਲ੍ਹਾ ਵਾਸੀਆਂ ਵਿੱਚ ਨਵੀਆਂ ਉਮੀਦਾਂ ਜਾਗੀਆਂ ਹਨ।ਅਹੁਦਾ ਸੰਭਾਲਣ ਉਪਰੰਤ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਸ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਤੇ ਸੰਵੇਦਨਸ਼ੀਲ ਪੁਲਸ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ।ਉਨ੍ਹਾਂ ਹਦਾਇਤ ਕੀਤੀ ਕਿ ਅਮਨ-ਕਾਨੂੰਨ ਦੀ ਸਥਿਤੀ ਨੂੰ ਹਰ ਹਾਲਤ ਵਿੱਚ ਬਰਕਰਾਰ ਰੱਖਣ ਲਈ ਪੂਰੀ ਮੁਸਤੈਦੀ ਨਾਲ ਕੰਮ ਕੀਤਾ ਜਾਵੇ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਸੁਣ ਕੇ ਹੱਲ ਕੀਤਾ ਜਾਵੇ।ਐੱਸ.ਐੱਸ.ਪੀ. ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੇ ਅਪਰਾਧਾਂ ਖ਼ਿਲਾਫ਼ ਚੱਲ ਰਹੀ ਮੁਹਿੰਮ ਵਿੱਚ ਪੁਲਸ ਦਾ ਨਿੱਡਰ ਹੋ ਕੇ ਸਾਥ ਦੇਣ।ਉਨ੍ਹਾਂ ਕਿਹਾ ਕਿ ਪੁਲਸ ਤੇ ਲੋਕਾਂ ਦੀ ਆਪਸੀ ਸਾਂਝ ਨਾਲ ਹੀ ਸੁਰੱਖਿਅਤ ਤੇ ਸ਼ਾਂਤਮਈ ਸਮਾਜ ਦੀ ਸਿਰਜਣਾ ਸੰਭਵ ਹੈ।ਇਸ ਮੌਕੇ ਐੱਸ ਪੀ (ਐੱਚ) ਗੁਰਸ਼ਰਨਜੀਤ ਸਿੰਘ, ਐੱਸ ਪੀ (ਇੰਨਵੈਸਟੀਗੇਸ਼ਨ) ਰਾਜਵਿੰਦਰ ਸਿੰਘ, ਡੀ.ਐੱਸ.ਪੀ. ਸਤੀਸ਼ ਕੁਮਾਰ, ਡੀ.ਐੱਸ.ਪੀ. (ਐੱਚ) ਸੁਮਿਤ ਸੂਦ, ਡੀ ਐੱਸ ਪੀ (ਇੰਨਵੈਸਟੀਗੇਸ਼ਨ) ਦੀਪਇੰਦਰ ਸਿੰਘ, ਡੀ.ਐੱਸ.ਪੀ ਮਾਲੇਰਕੋਟਲਾ ਮਾਨਵਜੀਤ ਸਿੰਘ, ਡੀ.ਐੱਸ.ਪੀ ਅਹਿਮਦਗੜ੍ਹ ਸੁਖਦੇਵ ਸਿੰਘ ਬਰਾੜ, ਡੀ.ਐੱਸ.ਪੀ ਅਮਰਗੜ੍ਹ ਸੰਜੀਵ ਕਪੂਰ, ਡੀ.ਐੱਸ.ਪੀ. ਯਾਦਵਿੰਦਰ ਸਿੰਘ ਤੋਂ ਇਲਾਵਾ ਹੋਰ ਉੱਚ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

## ਡੀ ਟੀ ਐੱਫ ਵੱਲੋਂ 17 ਦੀ ਲਾਮਬੰਦੀ ਲਈ ਮੀਟਿੰਗ



ਲੁਧਿਆਣਾ (ਸਤੀਸ਼ ਸਚਦੇਵਾ)-ਡੈਮੋਕਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਲੁਧਿਆਣਾ ਦੀ ਇਕਾਈ ਮੁੱਲਾਂਪੁਰ ਦੀ ਮੀਟਿੰਗ ਪ੍ਰਧਾਨ ਜਗਦੀਪ ਸਿੰਘ ਜੌਨੀ ਦੀ ਪ੍ਰਧਾਨਗੀ ਵਿੱਚ ਮੁੱਲਾਂਪੁਰ ਵਿਖੇ ਹੋਈ। ਇਕਾਈ ਮੁੱਲਾਂਪੁਰ ਦੇ ਜਨਰਲ ਸਕੱਤਰ ਅਵਤਾਰ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਵੱਲੋਂ ਚੋਣਾਂ ਦੌਰਾਨ ਮੁਲਾਜ਼ਮਾਂ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਹੈ।ਇਸ ਸਰਕਾਰ ਨੇ ਆਪਣੇ ਸਾਢੇ ਚਾਰ ਸਾਲ ਦੇ ਸਮੇਂ ਵਿੱਚ ਮੁਲਾਜ਼ਮਾਂ ਦੀ ਕੋਈ ਵੀ ਵਿੱਤੀ ਮੰਗ ਪੂਰੀ ਨਹੀਂ ਕੀਤੀ ਹੈ।ਪੰਜਾਬ ਦੇ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ, 18 ਪ੍ਰਤੀਸ਼ਤ ਡੀ.ਏ., ਬਾਰਡਰ ਭੱਤਾ, ਪੈਂਡੂ ਭੱਤਾ ਸਮੇਤ ਹੋਰ ਭੱਤੇ, ਪੰਜਾਬ ਸਕੇਲ ਲਾਗੂ ਨਹੀਂ ਕੀਤੇ ਗਏ ਹਨ।ਇਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਨ੍ਹਾਂ ਵਿੱਤੀ ਮੰਗਾਂ ਦੀ ਪ੍ਰਾਪਤੀ ਲਈ ਮੁਲਾਜ਼ਮਾਂ ਦੇ ਪੁਰਾਣੇ ਸਕੇਲ, ਪੁਰਾਣੀ ਪੈਨਸ਼ਨ ਤੇ ਭੱਤੇ ਬਹਾਲੀ ਮੋਰਚੇ ਵੱਲੋਂ 17 ਮਈ ਨੂੰ ਮੋਹਾਲੀ ਵਿਖੇ ਰੈਲੀ ਕੀਤੀ ਜਾ ਰਹੀ ਹੈ।ਇਸ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਰੈਲੀ ਦੀ ਸਫਲਤਾ ਲਈ ਮੁਲਾਜ਼ਮਾਂ ਨੂੰ ਮੰਗਾਂ ਸਬੰਧੀ ਜਾਗਰੂਕ ਕਰਨ ਲਈ ਮੁੱਲਾਂਪੁਰ ਇਲਾਕੇ ਦੇ ਸਕੂਲਾਂ ਦਾ ਦੌਰਾ ਕੀਤਾ ਜਾਵੇਗਾ।ਇਸ ਸਮੇਂ ਕੁਲਵੰਤ ਸਿੰਘ, ਕਰਮਜੀਤ ਸਿੰਘ ਪੰਡੋਰੀ, ਬਲਦੇਵ ਸਿੰਘ, ਕੁਲਦੀਪ ਸਿੰਘ ਸਹੌਲੀ ਤੇ ਜ਼ਿਲ੍ਹਾ ਲੁਧਿਆਣਾ ਦੇ ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਹਾਜ਼ਰ ਸਨ।

# ਬੀ ਸੀ ਤੇ ਪੱਛੜੀਆਂ ਸ਼੍ਰੇਣੀਆਂ ਦੇ ਲਾਭਪਾਤਰੀਆਂ ਦੇ ਕੰਮ 'ਚ ਕੁਤਾਹੀ ਬਰਦਾਸ਼ਤ ਨਹੀਂ : ਚੇਅਰਮੈਨ ਥਿੰਦ



ਮਮਦੋਟ (ਜਸਬੀਰ ਸਿੰਘ ਕੰਬੋਜ)-ਬੈਕਵਰਡ ਕਲਾਸ ਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਤੇ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਤੇ ਨੌਕਰੀਆਂ ਦੌਰਾਨ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ, ਰਿਜ਼ਰਵੇਸ਼ਨ ਤੇ ਹੋਰ ਲਾਭ ਦੇਣ ਵਿੱਚ ਕੁਤਾਹੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਇਨ੍ਹਾਂ ਕੈਟਾਗਿਰੀਆਂ ਦੇ ਲਾਭਪਾਤਰੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਸਕੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ: ਮਲਕੀਤ ਥਿੰਦ ਚੇਅਰਮੈਨ ਬੀ ਸੀ ਕਮਿਸ਼ਨ ਪੰਜਾਬ ਨੇ ਬੀ.ਡੀ.ਪੀ.ਓ. ਦਫਤਰ ਮਮਦੋਟ ਵਿਖੇ ਮੀਟਿੰਗ ਦੌਰਾਨ ਆਪਣੇ ਸੰਬੋਧਨ ਸਮੇਂ ਕੀਤਾ।ਇਸ ਮੌਕੇ ਸ੍ਰੀ ਵਿਪਿਨ ਕੁਮਾਰ ਬੀ ਡੀ ਪੀ ਓ ਮਮਦੋਟ, ਜਸਵਿੰਦਰ ਸਿੰਘ ਬਲਾਕ ਸਿੱਖਿਆ ਅਫ਼ਸਰ ਮਮਦੋਟ, ਇੰਸਪੈਕਟਰ ਹਰਿੰਦਰ ਸਿੰਘ ਚਮੇਲੀ ਥਾਣਾ ਮੁਖੀ ਮਮਦੋਟ, ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਅਮਨ ਕੰਬੋਜ ਬੀ ਈ ਈ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਬੈਕਵਰਡ ਕਲਾਸ ਤੇ ਪੱਛੜੀਆਂ ਸ਼੍ਰੇਣੀਆਂ ਨੂੰ ਸਹੂਲਤਾਂ ਤੇ ਰਿਜ਼ਰਵੇਸ਼ਨ ਦਿਵਾਉਣ ਵਾਸਤੇ ਸਬ-ਤਹਿਸੀਲਾਂ ਤੇ ਤਹਿਸੀਲਾਂ ਵਿੱਚ ਬਣਾਏ ਜਾਣ ਵਾਲੇ ਬੈਕਵਰਡ ਕਲਾਸ ਸਰਟੀਫਿਕੇਟ ਬਣਾਉਣ ਵਾਲੇ ਜ਼ਿਆਦਾਤਰ ਅਧਿਕਾਰੀਆਂ ਨੂੰ ਹੀ ਇਸ ਸਬੰਧੀ ਜਾਣਕਾਰੀ ਨਹੀਂ ਹੈ, ਜਿਸ ਕਾਰਨ ਜ਼ਿਆਦਾਤਰ ਲਾਭਪਾਤਰੀ ਸਹੂਲਤਾਂ ਹਾਸਲ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।ਉਨ੍ਹਾ ਸਬੰਧਤ ਅਧਿਕਾਰੀਆਂ ਨੂੰ ਸਖਤ ਸ਼ਬਦਾਂ ਵਿੱਚ ਕਿਹਾ ਕਿ ਬੀ ਸੀ ਤੇ ਪੱਛੜੀਆਂ ਸ਼੍ਰੇਣੀਆਂ ਦੇ ਲਾਭ ਪਾਤਰੀਆਂ ਦੇ ਕਿਸੇ ਵੀ ਕੰਮ ਵਿੱਚ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ।ਇਸ ਮੌਕੇ ਭਾਈਚਾਰੇ ਦੇ ਆਗੂਆਂ ਵੱਲੋਂ ਚੇਅਰਮੈਨ ਮਲਕੀਤ ਥਿੰਦ ਨੂੰ ਸਿਰਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ।

## ਟਾਊਨ ਵੈਂਡਿੰਗ ਕਮੇਟੀ ਨੇ ਵਿਚਾਰੇ ਮਸਲੇ

ਸ੍ਰੀ ਮੁਕਤਸਰ ਸਾਹਿਬ/ਮਲੋਟ (ਸ਼ਮਿੰਦਰਪਾਲ, ਪੂਜਾ/ਸ਼ੇਖੂ)-ਦਫਤਰ ਨਗਰ ਕੌਂਸਲ ਮਲੋਟ ਵਿਖੇ ਟਾਊਨ ਵੈਂਡਿੰਗ ਕਮੇਟੀ ਦੀ ਮੀਟਿੰਗ ਮੰਗਤ ਕੁਮਾਰ ਕਾਰਜ ਸਾਧਕ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਤੇ ਰਾਜ ਕੁਮਾਰ ਸੈਨਟਰੀ ਇੰਸਪੈਕਟਰ ਨੋਡਲ ਅਫਸਰ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ 'ਚ ਕਮੇਟੀ ਮੈਂਬਰਾਂ ਦੁਆਰਾ ਰੇਹੜੀ ਫੜੀ ਲਾਈਸੈਂਸ ਬਣਾਉਣ ਰਜਿਸਟਰਡ ਵੈਂਡਰਾ ਦੁਆਰਾ ਮਹੀਨੇ ਵਾਰ ਫੀਸ ਭਰਨ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਮੀਟਿੰਗ 'ਚ ਵਿਚਾਰ ਵਟਾਂਦਰਾ ਕੀਤਾ ਗਿਆ, ਜਿਨ੍ਹਾਂ ਰੇਹੜੀ ਫੜ੍ਹੀ ਵਾਲਿਆਂ ਨੇ ਹੁਣ ਤੱਕ ਲਾਈਸੈਂਸ ਨਹੀਂ ਬਣਵਾਇਆ, ਉਨ੍ਹਾਂ ਨੂੰ ਵੀ 20/05/2026 ਤੱਕ ਆਖਰੀ ਮੌਕਾ ਦਿੱਤਾ ਜਾਂਦਾ ਹੈ।ਰੇਹੜੀ ਫੜੀ ਲਾਈਸੈਂਸ ਨਾ ਬਣਾਉਣ, ਮਹੀਨਾਵਰ ਫੀਸ ਨਾ ਭਰਨ ਤੇ ਟਰੈਫ਼ਿਕ ਨਿਯਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ 'ਚ ਰੇਹੜੀ ਜਬਤ ਕਰਕੇ ਕਾਰਵਾਈ ਕੀਤੀ ਜਾਵੇਗੀ।ਇਸ ਮੀਟਿੰਗ 'ਚ ਸੁਨੀਲ ਕੁਮਾਰ ਕਲਰਕ, ਗੁਰਮੀਤ ਸਿੰਘ ਟ੍ਰੈਫਿਕ ਇੰਚਾਰਜ ਪਰਮਜੀਤ ਸਿੰਘ ਟਰੈਫਿਕ ਇੰਚਾਰਜ, ਪ੍ਰਦੀਪ ਸਿੰਘ ਸੀਐੱਮਐੱਮ, ਰਾਜੇਸ਼ ਕੁਮਾਰ ਸੀਓ, ਮਨੀਸ਼ ਕੁਮਾਰ ਰੇਹੜੀ ਫੜੀ ਪ੍ਰਧਾਨ ਯੂਨੀਅਨ, ਦੀਪਕ ਕੁਮਾਰ, ਅਮਿਤ ਕੁਮਾਰ, ਰੇਸ਼ਮਾ, ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

## ਤੇਰਾਪੰਥ ਯੁਵਕ ਪ੍ਰੀਸ਼ਦ ਵੱਲੋਂ ਵਿਸ਼ਾਲ ਖੂਨਦਾਨ ਕੈਂਪ ਅੱਜ

ਜਗਰਾਓਂ (ਅਮਿਤ ਖੰਨਾ)-ਅਖਿਲ ਭਾਰਤੀਯ ਤੇਰਾਪੰਥ ਯੁਵਕ ਪ੍ਰੀਸ਼ਦ ਵੱਲੋਂ ਮਨੁੱਖਤਾ ਦੀ ਸੇਵਾ ਤੇ ਸਮਾਜਿਕ ਭਲਾਈ ਦੇ ਉਦੇਸ਼ ਨਾਲ 10 ਮਈ ਨੂੰ ਮਹਾਪ੍ਰਗਯ ਸਕੂਲ ਰਾਏਕੋਟ ਰੋਡ ਜਗਰਾਓਂ ਵਿਖੇ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ।ਇਸ ਕੈਂਪ ਦਾ ਮੁੱਖ ਉਦੇਸ਼ ਲੋੜਵੰਦ ਮਰੀਜ਼ਾਂ ਲਈ ਖੂਨ ਦੀ ਉਪਲਬਧਤਾ ਯਕੀਨੀ ਬਣਾਉਣਾ ਤੇ ਲੋਕਾਂ ਵਿੱਚ ਖੂਨਦਾਨ ਪ੍ਰਤੀ ਜਾਗਰੂਕਤਾ ਫੈਲਾਉਣਾ ਹੈ।ਸੰਸਥਾ ਦੇ ਮੈਂਬਰਾਂ ਨੇ ਇਲਾਕੇ ਦੇ ਨੌਜਵਾਨਾਂ, ਸਮਾਜ ਸੇਵੀਆਂ ਤੇ ਆਮ ਲੋਕਾਂ ਨੂੰ ਇਸ ਖੂਨਦਾਨ ਕੈਂਪ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ।ਇਸ ਮੌਕੇ ਮਹਾਪ੍ਰਗਯ ਸਕੂਲਸਕੂਲ ਦੇਡਾਇਰੈਕਟਰ ਸ੍ਰੀ ਵਿਸ਼ਾਲ ਜੈਨ ਨੇ ਦੱਸਿਆ ਕਿ ਕੈਂਪ ਦੌਰਾਨ ਸਿਹਤ ਵਿਭਾਗ ਦੀ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਖੂਨਦਾਨੀਆਂ ਦੀ ਜਾਂਚ ਕਰਕੇ ਪੂਰੀ ਸੁਰੱਖਿਆ ਤੇ ਸਹੂਲਤਾਂ ਦਾ ਖਾਸ ਧਿਆਨ ਰੱਖਿਆ ਜਾਵੇਗਾ। ਖੂਨਦਾਨ ਕਰਨ ਵਾਲੇ ਸੇਵਾਦਾਰਾਂ ਨੂੰ ਪ੍ਰਮਾਣ-ਪੱਤਰ ਦੇਕੇ ਸਨਮਾਨਤ ਕੀਤਾ ਜਾਵੇਗਾ।

# ਭਾਰਤ-ਅਮਰੀਕਾ ਵਪਾਰਕ ਸਮਝੌਤੇ ਖ਼ਿਲਾਫ਼ ਕਿਸਾਨਾਂ ਨੇ ਵਿੱਢੀ ਮੁਹਿੰਮ

■ 11 ਜੂਨ ਨੂੰ ਫਿਰੋਜ਼ਸ਼ਾਹ ਟੋਲ ਪਲਾਜ਼ਾ ਹੋਵੇਗਾ ਫਰੀ


■ ਬੀ.ਕੇ.ਯੂ. ਏਕਤਾ ਮਸ਼ੈਲ ਵੱਲੋਂ ਘੱਲ ਖੁਰਦ ਵਿਖੇ ਲਾਮਬੰਦੀ ਮੀਟਿੰਗ



ਫਿਰੋਜ਼ਪੁਰ (ਗੁਰਬਚਨ ਸਿੰਘ)-ਭਾਰਤੀ ਕਿਸਾਨ ਯੂਨੀਅਨ ਏਕਤਾ ਮਸ਼ੈਲ ਵੱਲੋਂ ਬਲਾਕ ਘੱਲ ਖੁਰਦ ਵਿਖੇ ਇਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿਚ ਭਾਰਤ ਤੇ ਅਮਰੀਕਾ ਦਰਮਿਆਨ ਹੋਣ ਵਾਲੇ ਵਪਾਰਕ ਸਮਝੌਤੇ ਨੂੰ ਲੈ ਕੇ ਡੂੰਘੀ ਚਿੰਤਾ ਪ੍ਰਗਟਾਈ ਗਈ।ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਫੂਲਰਵਨ ਤੇ ਆਗੂ ਨਿਸ਼ਾਨ ਸਿੰਘ ਖਹਿਰਾ ਦੀ ਅਗਵਾਈ ਹੇਠ ਹੋਈ ਇਸ ਇਕੱਤਰਤਾ ਵਿੱਚ ਵੱਡੀ ਗਿਣਤੀ 'ਚ ਕਿਸਾਨਾਂ ਤੇ ਮਜ਼ਦੂਰਾਂ ਨੇ ਸ਼ਮੂਲੀਅਤ ਕੀਤੀ।ਜਥੇਬੰਦੀ ਨੇ ਸਪੱਸ਼ਟ ਕੀਤਾ ਕਿ ਇਹ ਵਪਾਰਕ ਸਮਝੌਤਾ ਖੇਤੀਬਾੜੀ ਤੇ ਕਿਰਤੀ ਵਰਗ ਦੇ ਹਿੱਤਾਂ ਲਈ ਘਾਤਕ ਸਿੱਧ ਹੋਵੇਗਾ, ਜਿਸ ਨੂੰ ਰੱਦ ਕਰਵਾਉਣ ਲਈ ਪਿੰਡ-ਪਿੰਡ ਲਾਮਬੰਦੀ ਸ਼ੁਰੂ ਕਰ ਦਿੱਤੀ ਗਈ ਹੈ।ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਇਸ ਸੰਘਰਸ਼ ਨੂੰ ਤਿੱਖਾ ਕਰਦਿਆਂ ਆਉਣ ਵਾਲੀ 11 ਜੂਨ 2026 ਨੂੰ ਫਿਰੋਜ਼ਸ਼ਾਹ ਟੋਲ ਪਲਾਜ਼ਾ ਨੂੰ ਰੋਸ ਵਜੋਂ ਪਰਚੀ ਮੁਕਤ ਕੀਤਾ ਜਾਵੇਗਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਫੂਲਰਵਨ ਤੇ ਨਿਸ਼ਾਨ ਸਿੰਘ ਖਹਿਰਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੇ ਜਾ ਰਹੇ ਵਪਾਰਕ ਸਮਝੌਤੇ ਕਿਸਾਨੀ ਦੀ ਆਰਥਿਕਤਾ ਨੂੰ ਤਬਾਹ ਕਰ ਦੇਣਗੇ।ਕਿਸਾਨ ਆਗੂਆਂ ਨੇ ਦੱਸਿਆ ਕਿ ਸੰਘਰਸ਼ ਦੇ ਪਹਿਲੇ ਪੜਾਅ ਵਜੋਂ 11 ਜੂਨ 2026 ਨੂੰ ਫਿਰੋਜ਼ਸ਼ਾਹ ਟੋਲ ਪਲਾਜ਼ਾ ਵਿਖੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਟੋਲ ਪਲਾਜ਼ਾ ਨੂੰ ਪੂਰੀ ਤਰ੍ਹਾਂ ਫਰੀ ਰੱਖਿਆ ਜਾਵੇਗਾ ਤਾਂ ਜੋ ਸਰਕਾਰ ਤੱਕ ਰੋਸ ਪਹੁੰਚਾਇਆ ਜਾ ਸਕੇ।

ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਕਿਸਾਨ ਵਿਰੋਧੀ ਨੀਤੀਆਂ ਨਾ ਤਿਆਗੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਤਿੱਖੇ ਐਕਸ਼ਨ ਉਲੀਕੇ ਜਾਣਗੇ।ਇਸ ਮੌਕੇ ਬਲਾਕ ਪ੍ਰਧਾਨ ਘੱਲ ਖੁਰਦ ਜੁਗਰਾਜ ਸਿੰਘ ਚੰਗਾਲੀ ਕਦੀਮ, ਜ਼ਿਲ੍ਹਾ ਕਮੇਟੀ ਮੈਂਬਰ ਸੁਖਦੀਪ ਸਿੰਘ ਸੱਦੂਸ਼ਾਹ ਅਤੇ ਇਕਾਈ ਪ੍ਰਧਾਨ ਗੁਰਜੀਤ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

## ਸੁਪਰੀਮ ਕੌਨਵੈਂਟ ਸਕੂਲ ਵਿਖੇ ਮਾਂ ਦਿਵਸ ਮਨਾਇਆ



ਹਠੂਰ (ਨਛੱਤਰ ਸੰਧੂ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਮਾਂ ਦਿਵਸ ਦੇ ਖਾਸ ਮੌਕੇ 'ਤੇ ਸਕੂਲ ਵਿੱਚ ਸਪੈਸ਼ਲ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਕਵਿਤਾਵਾਂ, ਗੀਤ, ਡਾਂਸ ਤੇ ਨਾਟਕ ਰਾਹੀਂ ਆਪਣਾ ਪਿਆਰ ਜ਼ਾਹਰ ਕੀਤਾ।ਇਸ ਮੌਕੇ ਵਿਦਿਆਰਥੀਆਂ ਨੇ ਆਪਣੀਆਂ ਮਾਵਾਂ ਲਈ ਗਰੀਟਿੰਗ ਕਾਰਡ ਬਣਾਏ ਤੇ ਆਪਣੀਆਂ ਭਾਵਨਾਵਾਂ ਨੂੰ ਜ਼ਾਹਰ ਕੀਤਾ।ਇਸ ਮੌਕੇ ਵਿਦਿਆਰਥੀਆਂ ਨੇ ਆਪਣੀ ਕਲਾਸ ਅਧਿਆਪਕਾਂ ਨੂੰ ਚਾਕਲੇਟ ਨਾਲ ਮੂੰਹ ਮਿੱਠਾ ਕਰਵਾਉਣ ਤੇ ਉਨ੍ਹਾਂ ਨੂੰ ਕਾਰਡ ਦੇ ਕੇ ਆਪਣੀਆਂ ਭਾਵਨਾਵਾਂ ਨੂੰ ਜ਼ਾਹਰ ਕੀਤਾ।ਇਸ ਤੋਂ ਇਲਾਵਾ ਮਾਂ ਦਿਵਸ ਨੂੰ ਸਮਰਪਤ ਸਕੂਲ ਵਿੱਚ ਹਾਊਸ ਬੋਰਡ ਸਜਾਉਣ ਦਾ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਰਾਜਗੁਰੂ ਹਾਊਸ ਨੇ ਪਹਿਲਾ, ਨੇਤਾ ਜੀ ਹਾਊਸ ਨੇ ਦੂਸਰਾ ਤੇ ਸੁਖਦੇਵ ਹਾਊਸ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਇੰਟਰਨੈਸ਼ਨਲ ਓਲੰਪੀਆਡ ਦੇ ਦੂਸਰੇ ਪੱਧਰ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਮਨਵੀਰ ਕੌਰ ਕਲਾਸ ਨੌਵੀਂ ਤੇ ਗੁਰਕਮਲ ਸਿੰਘ ਸਿੱਧੂ ਕਲਾਸ ਨੌਵੀਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮੌਜੂਦ ਸਕੂਲ ਪ੍ਰਧਾਨ ਚਰਨ ਸਿੰਘ, ਚੇਅਰਮੈਨ ਯੋਗਿੰਦਰ ਪ੍ਰਸਾਦ ਸ਼ਰਮਾ, ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਮਾਂ ਦਿਵਸ ਦੀਆਂ ਸ਼ੁਭ-ਕਾਮਨਾਵਾਂ ਦਿੱਤੀਆਂ।

# ਬੇਕਾਬੂ ਟਰੱਕ ਨੇ ਮਾਰੀ ਚਾਰ ਨੂੰ ਟੱਕਰ, ਦੋ ਦੀ ਮੌਤ, ਦੋ ਗੰਭੀਰ ਜ਼ਖ਼ਮੀ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ):** ਬੇਕਾਬੂ ਟਰੱਕ ਚਾਲਕ ਵਲੋਂ ਚਾਰ ਲੋਕਾਂ ਨੂੰ ਟੱਕਰ ਮਾਰਨ 'ਤੇ ਇੱਕ ਔਰਤ ਸਮੇਤ ਦੋ ਲੋਕਾਂ ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਦੋ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਮ੍ਰਿਤਕਾਂ ਦੀ ਪਛਾਣ ਅਸ਼ਵਨੀ ਕੁਮਾਰ ਪੁੱਤਰ ਰੋਸ਼ਨ ਲਾਲ ਵਾਸੀ ਅਹਿਆਪੁਰ ਤੇ ਹਰਭਜਨ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਮਿਆਣੀ ਥਾਣਾ ਟਾਂਡਾ ਵਜੋਂ ਹੋਈ ਜਦਕਿ ਜ਼ਖ਼ਮੀਆਂ ਦੀ ਪਛਾਣ ਸਰਵਣ ਸਿੰਘ ਪੁੱਤਰ ਸੁੰਦਰ ਸਿੰਘ ਵਾਸੀ ਪੱਸੀ ਵੇਟ ਤੇ ਅਵਤਾਰ ਸਿੰਘ ਕਾਲਾ ਪੁੱਤਰ ਗੋਪਾਲ ਸਿੰਘ ਵਾਸੀ ਮਿਆਣੀ ਥਾਣਾ ਟਾਂਡਾ ਵਜੋਂ ਹੋਈ ।ਮਿਲੀ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਸ਼ਾਮ ਵਕਤ ਕਰੀਬ ਪੰਜ ਸਵਾ ਪੰਜ ਵਜੇ ਅਸ਼ਵਨੀ ਕੁਮਾਰ ਆਪਣੀਆਂ ਦੋ ਲੜਕੀਆਂ ਤੇ ਪਤਨੀ ਸਮੇਤ ਆਪਣੇ ਮੋਟਰਸਾਈਕਲ 'ਤੇ ਮਿਆਣੀ ਵੱਲ ਜਾ ਰਿਹਾ ਸੀ। ਜਦੋਂ ਉਹ ਗੁਰਦੁਆਰਾ ਸ੍ਰੀ ਪੁਲ ਪੁਖਤਾ ਸਾਹਿਬ ਦੇ ਨੇੜੇ ਪਹੁੰਚਿਆ ਤਾਂ ਕਿਸੇ ਕਾਰਨ ਮੋਟਰਸਾਈਕਲ ਰੋਕ ਸੜਕ ਪਾਰ ਕਰ ਰਿਹਾ ਸੀ ਕਿ ਅਚਾਨਕ ਪਿਛਿਉਂ ਟਾਂਡਾ ਵਾਲੇ ਪਾਸੇ ਤੋਂ ਆਏ ਇੱਕ ਬੇਕਾਬੂ ਟਰੱਕ ਨੇ ਅਸ਼ਵਨੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਜਿਸ ਕਾਰਨ ਉਸ ਦੀ ਮੌਕੇ ਤੇ ਮੌਤ ਹੋ ਗਈ। ਟਰੱਕ ਚਾਲਕ ਮੌਕੇ 'ਤੇ ਸਮੇਤ ਟਰੱਕ ਫ਼ਰਾਰ ਹੋ ਗਿਆ। ਉਸ ਤੋਂ ਬਾਅਦ ਇਸ ਬੇਕਾਬੂ ਟਰੱਕ ਚਾਲਕ ਨੇ ਮਿਆਣੀ ਸੜਕ ਤੇ ਗੁਰਦੁਆਰਾ ਪੁਲ ਪੁਖਤਾ ਸਾਹਿਬ ਤੋਂ ਸੇਵਾ ਕਰਕੇ ਵਾਪਸ ਜਾ ਰਹੀ ਇੱਕ ਔਰਤ ਹਰਭਜਨ



ਕੌਰ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਉਸ ਦੀ ਵੀ ਮੌਕੇ 'ਤੇ ਮੌਤ ਹੋ ਗਈ। ਇਸ ਤੋਂ ਬਾਅਦ ਇਸ ਬੇਕਾਬੂ ਟਰੱਕ ਚਾਲਕ ਨੇ ਮਿਆਣੀ ਸੜਕ ਤੇ ਇੱਕ ਮਰੂਤੀ ਆਰਟਿਗਾ ਕਾਰ ਜਿਸ ਵਿੱਚ 7 ਲੋਕ ਸਵਾਰ ਸਨ, ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਕਾਰ ਚਾਲਕ ਸਰਵਣ ਸਿੰਘ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ, ਜਿਸ ਨੂੰ ਮੌਕੇ 'ਤੇ ਕਾਰ ਵਿਚ ਬੈਠੇ ਬਾਕੀ ਪਰਵਾਰਕ ਮੈਂਬਰਾਂ ਸਰਕਾਰੀ ਹਸਪਤਾਲ ਦਸੂਹਾ ਦਾਖਲ ਕਰਵਾਇਆ । ਇਸ ਤੋਂ ਬਾਅਦ ਉਕਤ ਟਰੱਕ ਚਾਲਕ ਨੇ ਮਿਆਣੀ ਸੜਕ 'ਤੇ ਜਾ ਰਹੇ ਇੱਕ ਮੋਟਰਸਾਈਕਲ ਸਵਾਰ ਅਵਤਾਰ ਸਿੰਘ ਕਾਲਾ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ ਜਿਸ ਨੂੰ ਮੌਕੇ ਤੇ ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਬਖਤਾਵਰ ਸਿੰਘ ਦੀ ਟੀਮ ਨੇ ਸਰਕਾਰੀ ਹਸਪਤਾਲ ਟਾਂਡਾ ਪਹੁੰਚਾਇਆਂ ਜਿੱਥੇ ਡਾਕਟਰਾਂ ਜ਼ਖਮੀ ਦੀ ਗੰਭੀਰ ਹਾਲਤ ਵੇਖਦੇ ਹੋਏ ਅੱਗੇ ਹੁਸ਼ਿਆਰਪੁਰ ਰੈਫਰ ਕਰ ਦਿੱਤਾ । ਇਸ ਹਾਦਸੇ ਦੀ ਸੂਚਨਾ ਮਿਲਣ ਤੇ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਮੌਕੇ ਤੇ ਸਰਕਾਰੀ ਹਸਪਤਾਲ ਟਾਂਡਾ ਪਹੁੰਚੇ ਤੇ ਜ਼ਖ਼ਮੀਆਂ ਦਾ ਹਾਲ ਚਾਲ ਪੁੱਛਿਆ ਤੇ ਮ੍ਰਿਤਕਾ ਦੇ ਪਰਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਚ ਓ ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਇਨ੍ਹਾਂ ਹਾਦਸਿਆਂ ਦੀ ਸੂਚਨਾ ਮਿਲਣ 'ਤੇ ਟਾਂਡਾ ਪੁਲਸ ਨੇ ਫੌਰੀ ਕਾਰਵਾਈ ਕਰਦਿਆਂ ਟਰੱਕ ਨੂੰ ਚਾਲਕ ਸਮੇਤ ਕਾਬੂ ਕਰ ਲਿਆ ਤੇ ਮ੍ਰਿਤਕਾਂ ਦੀਆਂ ਲਾਸ਼ਾਂ ਕਬਜ਼ੇ ਵਿਚ ਲੈ ਕੇ ਅਗਲੀ ਕਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੁਰਾਣੀ ਲਾਈਬ੍ਰੇਰੀ ਦੇ ਆਧੁਨਿਕੀਰਨ ਦਾ ਕੈਬਨਿਟ ਮੰਤਰੀ ਵੱਲੋਂ ਉਦਘਾਟਨ

**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)-** ਨੰਗਲ ਦੇ ਸ਼ਿਵਾਲਿਕ ਐਵਨਿਊ ਫੇਸ 1ਬੀ ਵਿੱਚ ਸਥਿਤ ਪੁਰਾਣੀ ਲਾਈਬ੍ਰੇਰੀ ਦੇ ਆਧੁਨਿਕੀਰਨ ਦੇ ਕੰਮ ਦਾ ਉਦਘਾਟਨ ਹਰਜੋਤ ਸਿੰਘ ਬੈਂਸ



ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਅਤੇ ਗਿਆਨ ਦੇ ਮਾਧਿਅਮਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸ ਲਾਈਬ੍ਰੇਰੀ ਨੂੰ ਨਵੀਂ ਰੂਪ-ਰੇਖਾ ਦੇ ਕੇ ਨੌਜਵਾਨਾਂ ਦੇ ਪੜਨ ਲਈ ਇੱਕ ਆਧੁਨਿਕ ਅਤੇ ਸੁਵਿਧਾਜਨਕ ਸਥਾਨ ਬਣਾਇਆ ਗਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਲਾਈਬ੍ਰੇਰੀ ਦਾ ਅੰਦਰੂਨੀ ਢਾਂਚਾ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਇਹ ਕਿਸੇ ਫਾਈਵ ਸਟਾਰ ਹੋਟਲ ਦੀ ਲੌਬੀ ਵਾਂਗ ਸੁੰਦਰ ਅਤੇ ਆਕਰਸ਼ਕ ਦਿਖਾਈ ਦਿੰਦਾ ਹੈ। ਨਵੀਆਂ ਕੁਰਸੀਆਂ, ਰੀਡਿੰਗ ਟੇਬਲਾਂ ਅਤੇ ਆਧੁਨਿਕ ਸਜਾਵਟ ਨਾਲ ਇਸਨੂੰ ਇੱਕ ਵਧੀਆ ਮਾਹੌਲ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮਾਡਰਨ ਢਾਂਚੇ ਨਾਲ ਪਾਠਕਾਂ ਨੂੰ ਵਧੀਆ ਅਨੁਭਵ ਮਿਲੇਗਾ ਅਤੇ ਉਹ ਵਧੇਰੇ ਸਮਾਂ ਇੱਥੇ ਬਿਤਾਉਣ ਲਈ ਪ੍ਰੇਰਿਤ ਹੋਣਗੇ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਲਾਈਬ੍ਰੇਰੀ ਦਾ ਲਗਭਗ 50 ਫੀਸਦੀ ਕੰਮ ਪੂਰਾ ਹੋ ਚੁੱਕਾ ਹੈ ਅਤੇ ਬਾਕੀ ਕੰਮ ਜਲਦੀ ਹੀ ਮੁਕੰਮਲ ਕੀਤਾ ਜਾਵੇਗਾ। ਆਉਣ ਵਾਲੇ ਸਮੇਂ ਵਿੱਚ ਇੱਥੇ ਵਿਸ਼ੇਸ਼ ਰੀਡਿੰਗ ਰੂਮ ਅਤੇ ਖੁੱਲ੍ਹਾ ਸਪੇਸ ਤਿਆਰ ਕੀਤਾ ਜਾਵੇਗਾ। ਇਸ ਨਾਲ ਬਜ਼ੁਰਗ ਲੋਕਾਂ ਨੂੰ ਆਪਣਾ ਸਮਾਂ ਵਧੀਆ ਢੰਗ ਨਾਲ ਬਿਤਾਉਣ ਦਾ ਮੌਕਾ ਮਿਲੇਗਾ, ਜਦਕਿ ਨੌਜਵਾਨ ਤੇ ਕੰਪਟੀਟਿਵ ਇਮਤਿਹਾਨਾਂ ਦੀ ਤਿਆਰੀ ਕਰ ਰਹੇ ਵਿਦਿਆਰਥੀ ਵੀ ਇਸ ਸਹੂਲਤ ਦਾ ਲਾਭ ਲੈ ਸਕਣਗੇ।

# ਆਪਣੀ ਜਾਚੇ ਤਾਂ ਵੱਡੇ ਘਰ ਜਾਂਦਾ ਹੈ...

**ਸ਼ਾਹਕੋਟ (ਗਿਆਨ ਸੈਦਪੁਰੀ)-** ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਇਨ੍ਹੀਂ ਦਿਨੀਂ ਸਿਆਸੀ ਗੁੰਮਨਾਮੀ ਦੇ ਦੌਰ ਵਿੱਚੋਂ ਗੁਜ਼ਰ ਰਹੇ ਜਾਪਦੇ ਹਨ। 2002 ਤੋਂ 2007 ਦੌਰਾਨ ਉਹ ਪੰਜਾਬ ਵਿੱਚ ਸਭ ਤੋਂ ਧੜੱਲੇਦਾਰ ਆਗੂ ਮੰਨੇ ਜਾਂਦੇ ਸਨ। 2017 ਵਿੱਚ ਵੀ ਉਹ ਪੰਜਾਬ ਦੇ ਮੁੱਖ ਮੰਤਰੀ ਰਹੇ ਪਰ ਪਹਿਲਾਂ ਵਾਲੀ ਸਿਆਸੀ ਛਵੀ ਬਰਕਰਾਰ ਨਾ ਰਹੀ।



ਹਾਲਾਤ ਉਨ੍ਹਾਂ ਨੂੰ ਕਾਂਗਰਸ ਪਾਰਟੀ ਤੋਂ ਹੀ ਪਾਸੇ ਲੈ ਗਏ। ਉਹ ਪੂਰੀ ਸੱਜ ਧੱਜ ਨਾਲ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਅੱਜ ਜਦੋਂ ਭਾਜਪਾ ਜੇਤੂ 'ਰੱਥ' 'ਤੇ ਸਵਾਰ ਹੈ ਤਾਂ ਕੈਪਟਨ ਅਮਰਿੰਦਰ ਸਿੰਘ 'ਚੁੱਪ ਦੇ ਵਿਹੜੇ' ਵਿੱਚ ਬੈਠੇ ਲੱਗਦੇ ਹਨ ।ਇਹੀ ਹਾਲ ਦੋ ਵਾਰ ਪੰਜਾਬ ਦੇ ਖਜ਼ਾਨਾ ਮੰਤਰੀ ਰਹੇ ਮਨਪ੍ਰੀਤ ਸਿੰਘ ਬਾਦਲ ਦਾ ਨਜ਼ਰ ਆਉਂਦਾ ਹੈ। ਉਹਨਾਂ ਪਹਿਲਾਂ ਅਕਾਲੀ ਦਲ ਛੱਡਿਆ। ਉਸ ਤੋਂ ਬਾਅਦ ਉਹ ਕਈ ਸਾਰੇ ਸਿਆਸੀ ਰੰਗਾਂ ਵਿੱਚ ਰੰਗੇ ਨਜ਼ਰ ਆਉਂਦੇ ਰਹੇ। ਉਹ ਆਪਣੇ ਮਖ਼ਸੂਸ ਅੰਦਾਜ਼ ਲਈ ਜਾਣੇ ਜਾਂਦੇ ਰਹੇ ਹਨ। ਅੱਲਾਮਾ ਇਕਬਾਲ ਦੀ ਸ਼ਾਇਰੀ ਉਹਨਾਂ ਦੀ ਜ਼ੁਬਾਨ 'ਤੇ ਰਹਿੰਦੀ ਸੀ। ਅੱਜ-ਕੱਲ੍ਹ ਉਨ੍ਹਾਂ ਦਾ ਖਾਸ ਅੰਦਾਜ਼ ਵੀ ਨਜ਼ਰਾਂ ਤੋਂ ਉਹਲੇ ਹੈ ਤੇ ਉਹਨਾਂ ਅੰਦਰਲਾ ਸ਼ਾਇਰ ਵੀ ਚੁੱਪ ਹੈ। ਕਾਂਗਰਸ ਪਾਰਟੀ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਹੋਰ ਅਨੇਕਾਂ ਆਗੂ ਵੀ ਇਸੇ ਫਹਿਰਿਸ਼ਤ ਵਿੱਚ ਸ਼ੁਮਾਰ ਹਨ। ਉੱਘੇ ਕਵੀ ਗੁਰਭਜਨ ਗਿੱਲ ਦੀ ਇੱਕ ਗਜ਼ਲ ਦਾ ਸ਼ੇਅਰ, 'ਆਪਣੀ ਜਾਚੇ ਤਾਂ ਉਹ ਵੱਡੇ ਘਰ ਜਾਂਦਾ ਹੈ, ਵਿੱਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਹੈ, ਉਪਰੋਕਤ ਸਿਆਸਤਦਾਨਾਂ 'ਤੇ ਢੁਕਦਾ ਨਜ਼ਰ ਆਉਂਦਾ ਹੈ।ਉਂਝ ਸਾਰਿਆਂ ਨਾਲ ਇੰਜ ਨਹੀਂ ਹੋਈ। ਰਵਨੀਤ ਸਿੰਘ ਬਿੱਟੂ ਚੋਣ ਹਾਰ ਕੇ ਵੀ ਸਿਆਸੀ ਤੌਰ 'ਤੇ ਹਰਿਆ ਭਰਿਆ ਨਜ਼ਰ ਆਉਂਦਾ ਹੈ। ਉਨ੍ਹਾਂ ਦੀ ਸਿਆਸੀ ਟੌਹਰ ਕਾਂਗਰਸੀ ਵੇਲਿਆਂ ਤੋਂ ਵੀ ਵੱਖਰੀ ਨਿਆਰੀ ਹੈ। ਸੁਨੀਲ ਜਾਖੜ ਹੁਰਾਂ ਦੀ ਸਿਆਸੀ ਸੀਟੀ ਅਕਸਰ ਸੁਣਾਈ ਦਿੰਦੀ ਰਹਿੰਦੀ ਹੈ। ਹਾਂ, ਫਤਹਿ ਜੰਗ ਸਿੰਘ ਬਾਜਵਾ ਨੂੰ ਉਹੋ ਜਿਹੀ ਸਿਆਸੀ 'ਫਤਹਿ' ਮਿਲੀ ਨਹੀਂ ਜਾਪਦੀ, ਜਿਹੋ ਜਿਹੀ ਉਹ ਆਸ ਲੈ ਕੇ ਭਾਜਪਾ ਦਾ ਹਿੱਸਾ ਬਣੇ ਸਨ।

# 15 ਨੂੰ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ 'ਚ ਕਿਰਤੀ ਕਿਸਾਨ ਯੂਨੀਅਨ ਗੜ੍ਹਸ਼ੰਕਰ ਕਰੇਗੀ ਸ਼ਮੂਲੀਅਤ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰੀ)-** ਕਿਰਤੀ ਕਿਸਾਨ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਦੀ ਇਕ ਵਿਸ਼ੇਸ਼ ਮੀਟਿੰਗ ਜਗਤਾਰ ਸਿੰਘ ਭਿੰਡਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸੰਯੁਕਤ ਕਿਸਾਨ ਮੋਰਚੇ ਵੱਲੋਂ 15 ਮਈ ਨੂੰ ਚੰਡੀਗੜ੍ਹ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਹਰਮੇਸ਼ ਸਿੰਘ ਢੇਸੀ ਭੂਪਿੰਦਰ ਸਿੰਘ ਭੂੰਗਾ ਕੁਲਵਿੰਦਰ ਸਿੰਘ ਚਾਹਲ ਦਰਸ਼ਨ ਸਿੰਘ ਖਨੂਰ ਸੁਖਵਿੰਦਰ ਸਿੰਘ ਸੋਢੀ ਜੱਲੋਵਾਲ ਸਤਨਾਮ ਸਿੰਘ ਮੁਖਲਿਆਣਾ ਗੁਰਦੀਪ ਸਿੰਘ ਹਰਖੋਵਾਲ ਹਰਨੇਕ ਸਿੰਘ ਪੰਡੋਰੀ ਬੀਬੀ ਬਲਵਿੰਦਰ ਸਿੰਘ ਵਿਰਕ ਬਡਲਾ ਜਰਨੈਲ ਸਿੰਘ ਮੁਖਲਿਆਣਾ ਸਰਪੰਚ ਰਾਮਜੀਤ ਸਿੰਘ ਦੇਣੇਵਾਲ ਅਵਤਾਰ ਸਿੰਘ ਖਨੂਰ ਕੁਲਬੀਰ ਸਿੰਘ ਮਜਾਰਾ ਡੀਂਗਰੀਆਂ ਬਾਬਾ ਸਰਜੀਤ ਸਿੰਘ ਸਿੰਘ ਧਰਮਵੀਰ ਸਿੰਘ ਹਾਰਟਾ ਆਦਿ ਹਾਜ਼ਰ ਸਨ।

# ਸਿਵਲ ਸਰਜਨ ਵੱਲੋਂ ਡੇਂਗੂ ਰੋਕਥਾਮ ਮੁਹਿੰਮ ਦਾ ਨਿਰੀਖਣ

**ਮੋਹਾਲੀ (ਗੁਰਜੀਤ ਬਿੱਲਾ)-** 'ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਜ਼ਿਲ੍ਹੇ ਵਿਚ ਵੱਖ ਵੱਖ ਉਚ-ਜੋਖਮ ਅਤੇ ਹੋਰ ਖੇਤਰਾਂ ਵਿਚ ਕੰਟੇਨਰ ਸਰਵੇ ਕੀਤਾ ਤੇ ਲੋਕਾਂ ਨੂੰ ਡੇਂਗੂ ਜਿਹੇ ਮਾਰੂ ਬੁਖ਼ਾਰ ਤੋਂ ਬਚਣ ਲਈ ਸਾਵਧਾਨੀਆਂ ਵਰਤਣ ਵਾਸਤੇ ਜਾਣਕਾਰੀ ਦਿਤੀ।ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਚੱਲੀ ਜ਼ਿਲ੍ਹਾ ਪੱਧਰੀ ਮੁਹਿੰਮ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਕਿਤੇ ਵੀ ਜ਼ਿਆਦਾ ਪਾਣੀ ਇਕੱਠਾ ਨਾ ਹੋਣ ਦੇਣ ਤਾਕਿ ਜਾਨਲੇਵਾ ਮੱਛਰ ਪੈਦਾ ਹੀ ਨਾ ਹੋ ਸਕੇ। ਡਾ. ਜੈਨ ਨੇ ਮੋਹਾਲੀ ਨੇੜਲੇ ਪਿੰਡ ਬੜਮਾਜਰਾ ਵਿਖੇ ਕਈ ਘਰਾਂ ਵਿਚ ਜਾ ਕੇ ਕੂਲਰ ਅਤੇ ਹੋਰ ਕੰਟੇਨਰ ਚੈੱਕ ਕੀਤੇ। ਉਨ੍ਹਾਂ ਪੇਂਡੂ ਸਿਹਤ ਅਤੇ ਸਫ਼ਾਈ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਵੀ ਕੀਤੀ ਅਤੇ ਡੇਂਗੂ ਰੋਕਥਾਮ ਮੁਹਿੰਮ ਵਿਚ ਉਨ੍ਹਾਂ ਦਾ ਸਹਿਯੋਗ ਮੰਗਿਆ। ਡਾ. ਜੈਨ ਨੇ ਕਿਹਾ ਕਿ ਪਿੰਡ ਦੀ ਪੰਚਾਇਤ ਅਤੇ ਕਮੇਟੀ ਦੇ ਸਾਥ ਨਾਲ ਪਿੰਡਾਂ ਦੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਬਿਹਤਰ ਤਰੀਕੇ ਨਾਲ ਜਾਗਰੂਕ ਕੀਤਾ ਜਾ ਸਕਦਾ ਹੈ ਅਤੇ ਪਿੰਡ ਨੂੰ ਡੇਂਗੂ-ਮੁਕਤ ਬਣਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਸਿਹਤ ਟੀਮਾਂ ਡੇਂਗੂ ਰੋਕਥਾਮ ਲਈ ਆਪਣੇ ਤੌਰ ਤੇ ਪੂਰੀ ਵਾਹ ਲਾਉਂਦੀਆਂ ਹਨ ਪਰ ਲੋਕਾਂ ਦਾ ਸਾਥ ਵੀ ਬਹੁਤ ਜ਼ਰੂਰੀ ਹੁੰਦਾ ਹੈ। ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਮੌਕੇ ਤੇ ਮੌਜੂਦ ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਅਤੇ ਹੋਰ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵਿਸਥਾਰਪੂਰਵਕ ਸਮਝਾਇਆ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੀਤ ਮੋਹਨ ਸਿੰਘ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।



# ਆਰ ਬੀ ਯੂ ਨੇ ਜੀ ਐੱਸ ਟੀ, ਡਿਜੀਟਲ ਪਰਿਵਰਤਨ 'ਤੇ ਭਾਸ਼ਣ ਕਰਵਾਇਆ



**ਚੰਡੀਗੜ੍ਹ (ਗੁਰਜੀਤ ਬਿੱਲਾ)-** ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਦੇ ਮੈਨੇਜਮੈਂਟ ਵਿਭਾਗ ਨੇ ਵਿਦਿਆਰਥੀਆਂ ਨੂੰ ਵਪਾਰਕ ਸੰਚਾਲਨ, ਪਾਲਣਾ ਪ੍ਰਣਾਲੀਆਂ ਅਤੇ ਡਿਜੀਟਲ ਟੈਕਸ ਪ੍ਰਸ਼ਾਸਨ ਵਿੱਚ ਜੀ ਐਸ ਟੀ ਦੀ ਵਿਕਸਤ ਹੋ ਰਹੀ ਭੂਮਿਕਾ ਬਾਰੇ ਸਮਝ ਪ੍ਰਦਾਨ ਕਰਨ ਲਈ 'ਟੈਕਸੇਸ਼ਨ ਤੋਂ ਅੱਗੇ (ਬਿਓਂਡ ਟੈਕਸੇਸ਼ਨ): ਜੀਐਸਟੀ ਭਾਰਤ ਵਿੱਚ ਕਾਰੋਬਾਰ ਅਤੇ ਤਕਨਾਲੋਜੀ ਨੂੰ ਕਿਵੇਂ ਬਦਲ ਰਿਹਾ ਹੈ' ਵਿਸ਼ੇ 'ਤੇ ਇੱਕ ਮਾਹਰ ਭਾਸ਼ਣ ਦਾ ਆਯੋਜਨ ਕੀਤਾ। ਇਸ ਮੌਕੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਨੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਟੈਕਸੇਸ਼ਨ, ਵਿੱਤ ਅਤੇ ਵਪਾਰਕ ਤਕਨਾਲੋਜੀ ਵਿੱਚ ਉਦਯੋਗ-ਅਧਾਰਿਤ ਗਿਆਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਡਿਜੀਟਲ ਟੈਕਸੇਸ਼ਨ ਅਤੇ ਸ਼ਾਸਨ ਵਿੱਚ ਉੱਭਰ ਰਹੇ ਰੁਝਾਨਾਂ ਨਾਲ ਅਪਡੇਟ ਰਹਿਣ ਲਈ ਉਤਸ਼ਾਹਿਤ ਕੀਤਾ। ਮੁੱਖ ਭਾਸ਼ਣ ਪੂਨਮ ਠਾਕੁਰ ਐਚਪੀਆਰਐਸ, ਸਹਾਇਕ ਕਮਿਸ਼ਨਰ, ਰਾਜ ਟੈਕਸ ਅਤੇ ਆਬਕਾਰੀ-ਕਮ-ਨਿਰੋਤਰਨ ਅਤੇ ਨੋਡਲ ਅਫਸਰ ਜ਼ਿਲ੍ਹਾ ਸ਼ਿਮਲਾ ਦੁਆਰਾ ਦਿੱਤਾ ਗਿਆ, ਜਿਨ੍ਹਾਂ ਨੇ ਦੱਸਿਆ ਕਿ ਕਿਵੇਂ ਜੀ ਐੱਸ ਟੀ ਨੇ ਕਈ ਟੈਕਸਾਂ ਨੂੰ ਇੱਕ ਏਕੀਕ੍ਰਿਤ ਢਾਂਚੇ ਵਿੱਚ ਜੋੜ ਕੇ ਭਾਰਤ ਦੀ ਅਸਿੱਧੀ ਟੈਕਸ ਪ੍ਰਣਾਲੀ ਨੂੰ ਸਰਲ ਬਣਾਇਆ ਹੈ। ਉਹਨਾਂ ਨੇ ਪਾਰਦਰਸ਼ਤਾ ਅਤੇ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਵਿੱਚ ਡਿਜੀਟਲ ਇਨਵੌਇਸਿੰਗ, ਆਨਲਾਈਨ ਟੈਕਸ ਫਾਈਲਿੰਗ ਪ੍ਰਣਾਲੀਆਂ, ਈ-ਗਵਰਨੈਂਸ ਪਲੇਟਫਾਰਮਾਂ ਅਤੇ ਸਵੈਚਾਲਿਤ ਪਾਲਣਾ ਵਿਧੀਆਂ ਦੀ ਭੂਮਿਕਾ ਨੂੰ ਉਜਾਗਰ ਕੀਤਾ। ਇਸ ਤੋਂ ਪਹਿਲਾਂ, ਪ੍ਰੋ. (ਡਾ.) ਸੁਨੈਨਾ ਖੁਰਾਨਾ ਡੀਨ, ਯੂਐਸਐਮਐਸ ਨੇ ਸਪੀਕਰ ਦੀ ਜਾਣ-ਪਛਾਣ ਕਰਵਾਈ ਅਤੇ ਭਾਰਤ ਦੇ ਵਪਾਰਕ ਵਾਤਾਵਰਣ ਨੂੰ ਮਜ਼ਬੂਤ ਕਰਨ ਵਿੱਚ ਤਕਨਾਲੋਜੀ-ਅਧਾਰਤ ਟੈਕਸ ਸੁਧਾਰਾਂ ਦੀ ਮਹੱਤਤਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ ।

# ਪ੍ਰੀ-ਪਲੇਸਮੈਂਟ ਵਰਕਸ਼ਾਪ ਸੀਰੀਜ਼ ਦੀ ਕਲੋਜ਼ਿੰਗ ਸੈਰੇਮਨੀ

**ਮੁਹਾਲੀ (ਗੁਰਜੀਤ ਬਿੱਲਾ)-** ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਰਿਆਤ ਬਾਹਰਾ ਯੂਨੀਵਰਸਿਟੀ, ਖਰੜ-ਮੋਹਾਲੀ ਵਿਖੇ 4 ਮਈ ਤੋਂ ਸ਼ੁਰੂ ਕੀਤੀ ਪ੍ਰੀ-ਪਲੇਸਮੈਂਟ ਵਰਕਸ਼ਾਪ ਸੀਰੀਜ਼ ਦੇ ਤਹਿਤ ਪ੍ਰੀ-ਪਲੇਸਮੈਂਟ ਵਰਕਸ਼ਾਪ ਦੀ ਕਲੋਜ਼ਿੰਗ ਸੈਰੇਮਨੀ ਆਯੋਜਿਤ ਕੀਤੀ ਗਈ।ਡੀ ਬੀ ਈ ਈ ਐੱਸ ਏ ਐੱਸ ਨਗਰ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੀ-ਪਲੇਸਮੈਂਟ ਵਰਕਸ਼ਾਪ ਦੌਰਾਨ ਵੱਖ-ਵੱਖ ਮਾਹਿਰਾਂ ਵੱਲੋਂ ਪ੍ਰਾਰਥੀਆਂ ਨੂੰ ਕਰੀਅਰ ਅਤੇ ਰੋਜ਼ਗਾਰ ਨਾਲ ਸਬੰਧਤ ਵਿਸ਼ਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

# ਪ੍ਰਾਇਮਰੀ ਸਕੂਲਾਂ ਤੇ ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਨਿਰੀਖਣ

**ਨਵਾਂਸ਼ਹਿਰ (ਮਨੋਜ ਲੜੋਈ)-** ਐਸ.ਬੀ.ਐਸ. ਨਗਰ ਪੰਜਾਬ ਰਾਜ ਭੋਜਨ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਜ਼ਿਲ੍ਹਾ ਐਸ.ਬੀ.ਐਸ. ਨਗਰ ਦੇ ਬਲਾਕ ਬਲਾਚੌਰ ਅਧੀਨ ਪੈਂਦੇ ਪਿੰਡ ਕਿਸ਼ਨਪੁਰ, ਪਿੰਡ ਬਛੂਆ ਅਤੇ ਪਿੰਡ ਬਰਨਾਲਾ ਵਿੱਚ ਪ੍ਰਾਇਮਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਨਿਰੀਖਣ ਕੀਤਾ। ਦੌਰੇ ਦੌਰਾਨ, ਉਨ੍ਹਾਂ ਨੇ ਰਾਸ਼ਟਰੀ ਖੁਰਾਕ ਸੁਰੱਖਿਆ



ਐਕਟ 2013 ਅਧੀਨ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੇ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦਾ ਜਾਇਜ਼ਾ ਲਿਆ। ਨਿਰੀਖਣ ਦੌਰਾਨ ਵਿਜੇ ਦੱਤ ਨੇ ਮਿਡ-ਡੇਅ ਮੀਲ ਪ੍ਰਬੰਧਾਂ, ਬੱਚਿਆਂ ਨੂੰ ਦਿੱਤੇ ਜਾ ਰਹੇ ਭੋਜਨ ਦੀ ਗੁਣਵੱਤਾ, ਸਫ਼ਾਈ ਅਤੇ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਦੀ ਜਾਂਚ ਕੀਤੀ। ਉਨ੍ਹਾਂ ਸਬੰਧਤ ਅਧਿਕਾਰੀਆਂ ਅਤੇ ਸਟਾਫ਼ ਨੂੰ ਹਦਾਇਤ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਬੱਚਿਆਂ ਨੂੰ ਸਾਫ਼, ਪੌਸ਼ਟਿਕ ਅਤੇ ਗੁਣਵੱਤਾ ਵਾਲਾ ਭੋਜਨ ਮੁਹੱਈਆ ਕਰਵਾਇਆ ਜਾਵੇ ਅਤੇ ਸਾਰੇ ਨਿਰਧਾਰਤ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।ਉਨ੍ਹਾਂ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਰਸੋਈ ਗਾਰਡਨ ਦੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਤਾਂ ਜੋ ਬੱਚਿਆਂ ਨੂੰ ਤਾਜ਼ੀਆਂ ਅਤੇ ਪੌਸ਼ਟਿਕ ਸਬਜ਼ੀਆਂ ਉਪਲਬਧ ਕਰਵਾਈਆਂ ਜਾ ਸਕਣ। ਉਨ੍ਹਾਂ ਮਿਡ-ਡੇਅ ਮੀਲ ਕੁੱਕ ਸਟਾਫ਼ ਨੂੰ ਵੀ ਹਦਾਇਤ ਕੀਤੀ ਕਿ ਉਹ ਖਾਣਾ ਬਣਾਉਂਦੇ ਸਮੇਂ ਸਹੀ ਸਫਾਈ ਬਣਾਈ ਰੱਖਣ ਅਤੇ ਸਾਰੇ ਸਿਹਤ ਅਤੇ ਸੁਰੱਖਿਆ ਮਾਪਦੰਡਾਂ ਦੀ ਸਖ਼ਤੀ ਨਾਲ ਪਾਲਣਾ ਕਰਨ।

# ਈ ਸੀ ਸੀ ਈ ਦਿਵਸ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੀਆਂ ਹਦਾਇਤਤਾਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਦੀ ਆਗਵਾਈ ਹੇਠ ਆਂਗਣਵਾੜੀ ਸੈਂਟਰ ਬਲਾਕ ਮੁਕੇਰੀਆਂ ਦੇ ਪਿੰਡ ਡੁਗਰੀ ਅਵਾਣਾ ਵਿੱਚ ਈ ਸੀ ਸੀ ਈ ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਲਈ ਵੱਖ-ਵੱਖ ਸਿਖਿਆਤਮਕ ਤੇ ਮਨੋਰੰਜਨ ਗਤੀਵਿਧੀਆਂ ਜਿਵੇਂ ਕਿ ਚਿੱਤਕਾਰੀ ਮੁਕਾਬਲੇ, ਕਵਿਤਾ ਪਾਠ, ਕਹਾਣੀ ਸੁਣਾਉਣ ਖੇਡਾਂ ਅਤੇ ਸੱਭਿਆਚਾਰ ਪ੍ਰੋਗਰਾਮ ਕਰਵਾਏ ਗਏ। ਬੱਚਿਆ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਮਾਵਾਂ ਨੂੰ ਬੱਚਿਆਂ ਦੀ ਸਿਹਤ, ਪੌਸ਼ਣ, ਸਫਾਈ ਅਤੇ ਟੀਕਾਕਰਣ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਆਂਗਣਵਾੜੀ ਵਰਕਰਾਂ ਵੱਲੋਂ ਮਾਵਾਂ ਨੂੰ ਗਰਭਵਸਥਾ ਦੌਰਾਨ ਸਹੀ ਖੁਰਾਕ, ਸਿਹਤ ਜਾਂਚ, ਆਇਰਨ ਅਤੇ ਫੌਲਿਕ ਐਸਿਡ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਗਤੀਵਿਧੀਆਂ ਦੌਰਾਨ ਬੱਚਿਆਂ ਨੂੰ ਖੇਡਾਂ, ਗਰੁੱਪ ਐਕਟਿਵਿਟਿਆਂ ਅਤੇ ਕਲਾ ਸਰੂਪ ਸੈਸ਼ਨਾਂ ਰਾਹੀ ਸਫਾਈ, ਅਨੁਸ਼ਾਸ਼ਨ, ਆਪਸੀ ਸਹਿਯੋਗ ਅਤੇ ਨੈਤਿਕ ਮੁੱਲਾਂ ਬਾਰੇ ਜਾਣਕਾਰੀ ਦਿੱਤੀ ਗਈ।



ਇਸ ਮੌਕੇ ਬੱਚਿਆਂ ਦੀ ਮਾਨਸਿਕ, ਸਰੀਰਿਕ ਅਤੇ ਸਮਾਜਿਕ ਵਿਕਾਸ ਉੱਤੇ ਖਾਸ ਧਿਆਨ ਦਿੱਤਾ ਗਿਆਂ।

ਆਂਗਣਵਾੜੀ ਕੇਂਦਰਾਂ ਵਿੱਚ ਸਿਹਤ ਵਿਭਾਗ ਦੇ ਕਰਮਚਾਰੀਆਂ ਵਲੋਂ ਮਾਵਾਂ ਅਤੇ ਬੱਚਿਆਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਪੌਸ਼ਟਿਕ ਖੁਰਾਕ ਲੈਣ ਲਈ ਪ੍ਰੇਰਿਤ ਕੀਤਾ ਗਿਆ।

# 'ਪ੍ਰੋ-ਐਕਟਿਵ ਮਾਡਲ' ਨਾਲ ਘਰ ਬੈਠੇ ਮਿਲ ਰਿਹਾ ਯੋਜਨਾਵਾਂ ਦਾ ਲਾਭ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੂਬੇ ਵਿੱਚ ਹਰਿਆਣਾ ਆਨਲਾਈਨ ਬਿਲਡਿੰਗ ਪਲਾਨ ਅਪਰੂਵਲ ਸਿਸਟਮ ਦੇ ਡਿਜੀਟਲ ਪਲੇਟਫਾਰਮ ਅਤੇ ਕਿਸਾਨਾਂ ਨੂੰ ਜੇ-ਫਾਰਮ ਵਟਸਐਪ 'ਤੇ ਭੇਜੇ ਜਾਣ ਦੀ ਸ਼ੁਰੂਆਤ ਕਰ ਦਿੱਤੀ ਹੈ।ਮੁੱਖ ਮੰਤਰੀ ਨੇ ਹਰਿਆਣਾ ਨਿਵਾਸ ਵਿਖੇ ਆਯੋਜਿਤ ਪ੍ਰੈੱਸ ਕਾਨਫਰੰਸ ਦੌਰਾਨ ਸੂਬੇ ਦੇ ਆਮ ਲੋਕਾਂ ਅਤੇ ਕਿਸਾਨਾਂ ਨੂੰ ਇਨ੍ਹਾਂ ਦੋ ਵੱਡੀਆਂ ਸੌਗਾਤਾਂ ਤੋਂ ਇਲਾਵਾ 24 ਵੱਖ-ਵੱਖ ਭਲਾਈ ਸਕੀਮਾਂ ਤਹਿਤ 2 ਹਜ਼ਾਰ 115 ਕਰੋੜ 41 ਲੱਖ ਰੁਪਏ ਦੀ ਰਾਸ਼ੀ ਸਿੱਧੀ ਲਾਭਕਾਰਾਂ ਦੇ ਖਾਤਿਆਂ ਵਿੱਚ ਜਾਰੀ ਕੀਤੀ।



ਇਸ ਤਹਿਤ 58 ਲੱਖ 87 ਹਜ਼ਾਰ 479 ਯੋਗ ਲਾਭਕਾਰਾਂ ਨੂੰ ਲਾਭ ਮਿਲਿਆ ਹੈ।ਮੁੱਖ ਮੰਤਰੀ ਨਾਇਬ ਸਿੰਘ ਨੇ ਡੀ ਬੀ ਟੀ ਰਾਹੀਂ ਜਿਨ੍ਹਾਂ ਲਾਭਕਾਰਾਂ ਨੂੰ ਰਾਸ਼ੀ ਵੰਡੀ ਹੈ, ਉਨ੍ਹਾਂ ਵਿੱਚ 'ਦੀਨ ਦਿਆਲ ਲਾਡੋ ਲੱਛਮੀ' ਯੋਜਨਾ ਦੀ ਸੱਤਵੀਂ ਕਿਸ਼ਤ, 'ਹਰ ਘਰ-ਹਰ ਗ੍ਰਹਿਣੀ' ਯੋਜਨਾ ਤਹਿਤ ਜਾਰੀ ਹੋਣ ਵਾਲੀ ਸਬਸਿਡੀ ਰਾਸ਼ੀ, ਰਬੀ ਦੀ ਫਸਲ-2025 ਦਾ ਮੁਆਵਜ਼ਾ, ਭਾਵਾਂਤਰ ਭਰਪਾਈ ਯੋਜਨਾ ਦੀ ਰਾਸ਼ੀ ਤੋਂ ਇਲਾਵਾ ਸਮਾਜਿਕ ਸੁਰੱਖਿਆ ਨਾਲ ਜੁੜੀ ਪੈਨਸ਼ਨ ਰਾਸ਼ੀ ਸ਼ਾਮਲ ਹੈ।

# ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਮਾਨਯੋਗ ਡਿਪਟੀ ਕਮਿਸ਼ਨਰ ਕਮ ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸ਼ਾਖਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਕੋਮਲ ਮਿੱਤਲ ਦੀ ਅਗਵਾਈ ਹੇਠ ਜ਼ਿਲ੍ਹਾ ਰੈਡ ਕਰਾਸ ਸ਼ਾਖਾ, ਐਸ.ਏ.ਐਸ.ਨਗਰ ਵੱਲੋਂ ਵਿਸ਼ਵ ਰੈਡ ਕਰਾਸ ਦਿਵਸ ਮਨਾਇਆ ਗਿਆ। ਜ਼ਿਲ੍ਹਾ ਰੈਡ ਕਰਾਸ ਸ਼ਾਖਾ ਵਲੋਂ 6 ਮਈ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੰਜੇੜੀ, ਮੁਹਾਲੀ ਤੇ ਮਿਤੀ 7 ਮਈ ਨੂੰ ਅਮਰ ਪ੍ਰੋਫੈਸ਼ਨਲ ਕਾਲਜ ਆਫ ਨਰਸਿੰਗ,



ਦਿਆਲਪੁਰਾ, ਮੋਹਾਲੀ ਵਿਖੇ ਫਸਟ ਏਡ ਦੀ ਟ੍ਰੇਨਿੰਗ ਅਤੇ ਸਮਾਜਿਕ ਸਮੱਸਿਆਵਾਂ ਜਿਵੇ ਕਿ ਐੱਚ ਆਈ ਵੀ/ਏਡਜ, ਨਸ਼ੇ, ਭਰੂਣ ਹੱਤਿਆ, ਰੁੱਖ ਲਗਾਉਣ, ਵਾਤਾਵਰਣ, ਪਾਣੀ ਦੀ ਸੰਭਾਲ ਆਦਿ ਸਬੰਧੀ ਕੈਂਪ ਲਗਾ ਕੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਇਸ ਦੇ ਨਾਲ ਹੀ ਅਮਰ ਪ੍ਰੋਫੈਸ਼ਨਲ ਕਾਲਜ ਆਫ ਨਰਸਿੰਗ, ਦਿਆਲਪੁਰਾ, ਮੋਹਾਲੀ ਦੇ ਵਿਦਿਆਰਥੀਆਂ ਵਲੋਂ ਸਟੇਟ ਐਂਬੂਲੈਂਸ ਪ੍ਰਤੀਯੋਗਤਾ ਵਿੱਚ ਹਿੱਸਾ ਲਿਆ ਗਿਆ ਸੀ, ਜਿਸ ਵਿੱਚ ਵਿਦਿਆਰਥੀਆਂ ਨੇ ਰਾਜ ਪੱਧਰ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਸੀ, ਉਨ੍ਹਾਂ ਵਿਦਿਆਰਥੀਆਂ ਨੂੰ ਵਧੀਕ ਡਿਪਟੀ ਕਮਿਸ਼ਨਰ—ਕਮ—ਸੀਨੀਅਰ ਮੀਤ ਪ੍ਰਧਾਨ ਗੀਤਿਕਾ ਸਿੰਘ ਪੀ.ਸੀ.ਐਸ ਵਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਇਲਾਵਾ ਵਿਸ਼ਵਾਸ ਫਾਊਡੇਸ਼ਨ ਅਤੇ ਪੰਜਾਬ ਨੈਸ਼ਨਲ ਬੈਂਕ, ਸੈਕਟਰ—76, ਮੋਹਾਲੀ ਦੇ ਸਹਿਯੋਗ ਨਾਲ ਵਿਸ਼ਵ ਰੈਡ ਕਰਾਸ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ ਅਤੇ ਇਸ ਕੈਂਪ ਵਿੱਚ 50 ਯੂਨਿਟ ਖੂਨ ਇਕੱਠੇ ਕੀਤੇ ਗਏ ਲਖਵਿੰਦਰ ਸਿੰਘ ਵਲੋਂ ਇਸ ਮੌਕੇ 50 ਵਾਰ ਤੋਂ ਵੱਧ ਖੂਨਦਾਨ ਕੀਤਾ।

# 'ਗੱਲਾਂ ਸੱਚੀਆਂ' ਗਾਇਕ ਜੇ ਸੰਧੂ ਦੀ ਸ਼ੂਟਿੰਗ ਮੁਕੰਮਲ

**ਕਪੂਰਥਲਾ (ਮਨਜੀਤ ਮਾਨ)-** ਨਿਰਦੇਸ਼ਕ ਅਮਰੀਕ ਮਾਈਕਲ ਨੇ ਦੱਸਿਆ ਕਿ ਨਵਾਂ ਲੋਕ ਤੱਥ ਗੀਤ ਗੱਲਾਂ ਸੱਚੀਆਂ ਜਿਸ ਨੂੰ ਪੰਜਾਬੀ ਗਾਇਕ ਜੇ ਸੰਧੂ ਨੇ ਬੜੇ ਹੀ ਵਧੀਆ ਤਰੀਕੇ ਨਾਲ ਗਾਇਆ ਹੈ ਜਿਸ ਨੂੰ ਲਿਖਿਆ ਗੀਤਕਾਰ ਰਾਮ ਧੌਲੇਟੇ ਵਾਲਾ ਨੇ ਤੇ ਹਰੀ ਅਮਿਤ ਵਲੋਂ ਸੰਗੀਤ ਤਿਆਰ ਕੀਤਾ ਗਿਆ ਹੈ। ਸਾਹਿਲ ਚੌਹਾਨ ਵਲੋਂ ਗੀਤ ਦੀ ਤਰਜ਼ ਤਿਆਰ ਕੀਤੀ ਗਈ । ਗੀਤ ਗੱਲਾਂ ਸੱਚੀਆਂ ਦੀ ਸ਼ੂਟਿੰਗ ਲਈ ਕੈਮਰਾਮੈਨ ਦੀ ਭੂਮਿਕਾ ਕੁਲਦੀਪ ਕੁੰਡਲ ਵਲੋਂ ਨਿਭਾਈ ਗਈ। ਗੀਤ ਵਿੱਚ ਮਹੱਤਵਪੂਰਨ ਭੂਮਿਕਾ ਅਦਾਕਾਰ ਸੋਨੀਆ ਸ਼ਰਮਾ, ਯੂਨੀਕ ਮੁਸਕਾਨ, ਜੈਜ਼ੀ ਸਿਕੰਦਰ, ਇੰਦਰਜੀਤ ਸੰਧੂ ਨਿਭਾਈ ਗਈ ਹੈ। ਪੋਸਟਰ ਨੂੰ ਖੁਸ਼ੀ ਸੱਭਰਵਾਲ ਵਲੋਂ ਤਿਆਰ ਕੀਤਾ ਗਿਆ। ਇਸ ਗੀਤ ਵਿੱਚ ਪੰਜਾਬੀ ਗਾਇਕ ਸ਼ੀਰਾ ਗਿੱਲ ਵਲੋਂ ਸਹਿਯੋਗ ਕੀਤਾ ਗਿਆ ਹੈ। ਗੀਤ ਦੇ ਨਿਰਦੇਸ਼ਕ ਹਨ ਅਮਰੀਕ ਮਾਈਕਲ ਤੇ ਗੀਤ ਦੇ ਨਿਰਮਾਤਾ ਨਿਰਦੇਸ਼ਕ ਪੂਜਾ ਸਭਰਵਾਲ ।



# ਪੰਜਾਬ ਦੀ ਜਨਤਾ ਬੰਗਾਲ ਵਰਗਾ ਫਤਵਾ ਦੇਣ ਲਈ ਉਤਾਵਲੀ : ਆਰਿਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)-** ਭਾਰਤੀ ਜਨਤਾ ਪਾਰਟੀ ਦੇ ਅਨੁਸੂਚਿਤ ਜਾਤੀ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਲਾਲ ਸਿੰਘ ਆਰਿਆ ਨੇ ਡੇਰਾਬੱਸੀ ਵਿਖੇ ਇੱਕ ਵਿਸ਼ਾਲ ਜਨਸਭਾ ਨੂੰ ਸੰਬੋਧਨ ਕਰਦਿਆਂ ਪੰਜਾਬ ਦੀ ਸਿਆਸਤ ਵਿੱਚ ਵੱਡੇ ਉਲਟਫੇਰ ਦੀ ਭਵਿੱਖਬਾਣੀ ਕੀਤੀ ਹੈ। ਉਨ੍ਹਾਂ



ਦਾਅਵਾ ਕੀਤਾ ਕਿ ਪੰਜਾਬ ਦੀ ਜਨਤਾ ਹੁਣ ਸੂਬੇ ਵਿੱਚ ਭਾਜਪਾ ਨੂੰ ਬੰਗਾਲ ਅਤੇ ਅਸਾਮ ਵਰਗਾ ਇਤਿਹਾਸਕ ਫਤਵਾ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮਾਈਕ੍ਰੋ ਮੈਨੇਜਮੈਂਟ ਰਣਨੀਤੀ, ਜੋ ਬੰਗਾਲ ਅਤੇ ਅਸਾਮ ਵਿੱਚ ਕਾਮਯਾਬ ਰਹੀ ਹੈ, ਉਹੀ ਹੁਣ ਪੰਜਾਬ ਵਿੱਚ ਵੀ ਕਮਲ ਖਿਲਾਉਣ ਦਾ ਕੰਮ ਕਰੇਗੀ।ਡੇਰਾਬੱਸੀ ਵਿਖੇ ਪ੍ਰਧਾਨ ਰਾਧੇ ਸ਼ਿਆਮ ਦੀ ਅਗਵਾਈ ਹੇਠ ਕਰਵਾਈ ਗਈ ਇਸ ਜਨਸਭਾ ਵਿੱਚ ਵਰਕਰਾਂ ਦੇ ਭਾਰੀ ਇਕੱਠ ਨੂੰ ਦੇਖਦਿਆਂ ਆਰਿਆ ਨੇ ਕਿਹਾ ਕਿ ਬੰਗਾਲ ਅਤੇ ਅਸਾਮ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਪੰਜਾਬ ਦੇ ਲੋਕਾਂ ਦੇ ਚਿਹਰਿਆਂ 'ਤੇ ਇੱਕ ਵੱਖਰੀ ਹੀ ਰੌਣਕ ਦੇਖਣ ਨੂੰ ਮਿਲ ਰਹੀ ਹੈ।

# ਸਫਾਈ ਸੇਵਕਾਂ ਦੀ ਪੰਜਾਬ ਭਰ 'ਚ ਅਣਮਿਥੇ ਸਮੇਂ ਦੀ ਹੜਤਾਲ ਤੀਜੇ ਦਿਨ ਵੀ ਜਾਰੀ ਰਹੀ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)-** ਨਗਰ ਪੰਚਾਇਤ ਲੋਹੀਆਂ ਖਾਸ ਦੇ ਸਮੂਹ ਸਫ਼ਾਈ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪਿਛਲੇ ਦੋ ਦਿਨਾਂ ਤੋਂ ਅਣਮਿਥੇ ਸਮੇਂ ਲਈ ਹੜਤਾਲ 'ਤੇ ਚਲੇ ਗਏ ਹਨ।ਮੁਲਾਜ਼ਮਾਂ ਵੱਲੋਂ ਨਗਰ ਪੰਚਾਇਤ ਦਫ਼ਤਰ ਅੱਗੇ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ ਅਤੇ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਜਾ ਰਹੀ ਹੈ। ਸਫ਼ਾਈ ਸੇਵਕਾਂ ਦੀ ਇਸ ਹੜਤਾਲ ਕਾਰਨ ਸ਼ਹਿਰ 'ਚ ਸਫ਼ਾਈ ਵਿਵਸਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ ਅਤੇ ਥਾਂ-ਥਾਂ ਗੰਦਗੀ ਦੇ ਢੇਰ ਲੱਗਣੇ ਸ਼ੁਰੂ ਹੋ ਗਏ ਹਨ। ਸਫ਼ਾਈ ਕਰਮਚਾਰੀ ਯੂਨੀਅਨ ਲੋਹੀਆਂ ਦੇ ਆਗੂ ਸੰਦੀਪ ਸਿੰਘ ਨਾਗਪਾਲ ਨੇ ਦੱਸਿਆ ਕਿ ਉਨ੍ਹਾਂ ਦੀਆਂ ਮੁੱਖ ਮੰਗਾਂ ਵਿੱਚ ਠੇਕੇਦਾਰੀ ਪ੍ਰਥਾ ਨੂੰ ਖ਼ਤਮ ਕਰਨਾ ਅਤੇ ਸਮੂਹ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਭਰ ਦੀਆਂ ਨਗਰ ਨਿਗਮਾਂ ਅਤੇ ਨਗਰ ਪੰਚਾਇਤਾਂ ਦੇ ਲਗਭਗ 140 ਸਟੇਸ਼ਨਾਂ 'ਤੇ ਮੁਕੰਮਲ ਹੜਤਾਲ ਜਾਰੀ ਹੈ, ਜੋ ਮੰਗਾਂ ਮੰਨੇ ਜਾਣ




ਤੱਕ ਜਾਰੀ ਰਹੇਗੀ। ਇਸ ਸੰਘਰਸ਼ ਨੂੰ ਵੱਖ-ਵੱਖ ਭਰਾਤਰੀ ਜਥੇਬੰਦੀਆਂ ਵੱਲੋਂ ਵੀ ਭਰਵਾਂ ਸਮਰਥਨ ਮਿਲ ਰਿਹਾ ਹੈ। ਧਰਨੇ ਨੂੰ ਸੰਬੋਧਨ ਕਰਨ ਲਈ ਤਰਸੇਮ ਪੀਟਰ ਸੂਬਾ ਪ੍ਰਧਾਨ, ਪੇਂਡੂ ਮਜ਼ਦੂਰ ਯੂਨੀਅਨ,ਸੋਨੂੰ ਅਰੋੜਾ ਜ਼ਿਲਾ ਸਕੱਤਰ, ਨੌਜਵਾਨ ਭਾਰਤ ਸਭਾ, ਗੁਰਚਰਨ ਅਟਵਾਲ ਤਹਿਸੀਲ ਸਕੱਤਰ, ਪੇਂਡੂ ਮਜ਼ਦੂਰ ਯੂਨੀਅਨ ਆਦਿ ਆਗੂ ਵੀ ਨਗਰ ਪੰਚਾਇਤ ਦੇ ਵਿਹੜੇ 'ਚ ਮੌਜੂਦ ਸਨ। ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਗੁਰਚਰਨ ਅਟਵਾਲ ਨੇ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਜਿਹੜੀ ਸਰਕਾਰ ਮਜ਼ਦੂਰਾਂ ਦੇ ਝਾੜੂ ਦੇ ਨਿਸ਼ਾਨ 'ਤੇ ਚੋਣ ਜਿੱਤ ਕੇ ਸੱਤਾ 'ਚ ਆਈ ਸੀ, ਅੱਜ ਉਹੀ ਸਰਕਾਰ ਮਜ਼ਦੂਰਾਂ ਦਾ ਘਾਣ ਕਰ ਰਹੀ ਹੈ। ਇਸ ਮੌਕੇ ਸਫਾਈ ਮੁਲਾਜ਼ਮਾਂ 'ਚ ਸੰਦੀਪ ਸਿੰਘ ਨਾਗਪਾਲ, ਸ਼ੁਭਮ ਸੁਪਰਵਾਈਜ਼ਰ, ਨਰਿੰਦਰਜੀਤ ਸਿੰਘ, ਰਕੇਸ਼ ਕੁਮਾਰ, ਸੁਭਾਸ਼, ਸੰਜੀਵ ਕੁਮਾਰ, ਰਛਪਾਲ ਸਿੰਘ, ਰਾਜ ਕੁਮਾਰ, ਸੁਰਜੀਤ, ਜੈ ਚੰਦ, ਧਰਮਵੀਰ, ਸੁਰੇਸ਼, ਪੱਪੂ, ਵਿਨੋਦ, ਬੀਬੀ ਕਮਲੇਸ਼, ਵੀਨਾ, ਸੋਨੀਆ, ਪ੍ਰੀਤੀ, ਸੁਰੇਸ਼ ਕੁਮਾਰ, ਸੁਦੇਸ਼ ਕੁਮਾਰ, ਮੰਗਲ ਸਿੰਘ, ਧਰਮਿੰਦਰ, ਦੀਪਕ, ਪੱਪੂ, ਹਰਵੀਰ, ਮੁਕੇਸ਼, ਸੰਦੀਪ ਕੁਮਾਰ, ਬਨਵਾਰੀ ਲਾਲ, ਬਜਿੰਦਰ, ਸੁਰੇਸ਼, ਪੂਨਮ, ਕਾਲੀ, ਰਾਜ ਕੌਰ, ਸੁੱਚਾ ਪੂਨੀਆਂ ਆਦਿ ਮੌਜੂਦ ਸਨ।

# ਸੀਚੇਵਾਲ ਨੇ ਡਰੇਨਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਵਿਭਾਗਾਂ ਨੂੰ ਠੋਸ ਨੀਤੀ ਅਪਨਾਉਣ 'ਤੇ ਦਿੱਤਾ ਜ਼ੋਰ

**ਜਲੰਧਰ (ਸ਼ੈਲੀ ਐਲਬਰਟ)-** ਰਾਜ ਸਭਾ ਮੈਂਬਰ ਅਤੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਾਲਾ ਸੰਘਿਆ ਤੇ ਜਮਸ਼ੇਰ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਠੋਸ ਨੀਤੀ ਅਪਨਾਉਣ 'ਤੇ ਜ਼ੋਰ ਦਿੱਤਾ।ਡਰੇਨਾਂ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਸਬੰਧੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਨਗਰ ਨਿਗਮ ਜਲੰਧਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡਰੇਨਾਂ ਵਿੱਚ ਵੇਸਟ ਦੇ ਸਿੱਧੇ ਪ੍ਰਵਾਹ ਨੂੰ ਰੋਕਣ ਲਈ ਬਿਹਤਰ ਆਪਸੀ ਤਾਲਮੇਲ ਨਾਲ ਕੰਮ ਕੀਤਾ ਜਾਵੇ, ਤਾਂ ਜੋ ਇਨ੍ਹਾਂ ਕੁਦਰਤੀ ਸਰੋਤਾਂ ਨੂੰ ਪ੍ਰਦੂਸ਼ਣ ਮੁਕਤ ਕਰਕੇ ਇਨ੍ਹਾਂ ਵਿੱਚ ਸਾਫ਼ ਪਾਣੀ ਵਗਣਾ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ ਵੀ ਮੌਜੂਦ ਸਨ।ਸੰਤ ਸੀਚੇਵਾਲ ਨੇ ਕਿਹਾ ਕਿ ਕੁਦਰਤੀ ਸਰੋਤਾਂ ਨਾਲ ਖਿਲਵਾੜ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਿਰਮਾਣ ਕਾਰਜਾਂ ਕਰਕੇ ਬੰਦ ਪਿਆ ਪਾਣੀ ਜਲਦ ਤੋਂ ਜਲਦ ਛੱਡਣ ਨੂੰ ਯਕੀਨੀ ਬਣਾਉਣ ਲਈ ਕਿਹਾ। ਇਸ ਦੌਰਾਨ ਉਨ੍ਹਾਂ



ਡਰੇਨਾਂ ਨੂੰ ਪ੍ਰਦੂਸ਼ਿਤ ਕਰਦਾ ਪਾਏ ਜਾਣ 'ਤੇ ਜ਼ਿੰਮੇਵਾਰ ਖਿਲਾਫ਼ ਨਿਯਮਾਂ ਅਨੁਸਾਰ ਬਣਦੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਪਾਸੋਂ ਐਸ.ਟੀ.ਪੀਜ਼ ਦੀ ਨਿਯਮਿਤ ਚੈਕਿੰਗ ਅਤੇ ਸੈਂਪਲਿੰਗ ਦਾ ਵੀ ਜਾਇਜ਼ਾ ਲਿਆ। ਰਾਜ ਸਭਾ ਮੈਂਬਰ ਨੇ ਕਾਲਾ ਸੰਘਿਆ ਡਰੇਨ ਵਿੱਚ ਸਾਫ਼ ਪਾਣੀ ਛੱਡੇ ਜਾਣ ਦਾ ਵੀ ਜਾਇਜ਼ਾ ਲਿਆ ਅਤੇ ਜਮਸ਼ੇਰ ਵਿਖੇ ਸੀ ਬੀ ਜ਼ੀ. ਪਲਾਂਟ ਅਤੇ ਵਰਿਆਣਾ ਵਿਖੇ ਬਾਇਓ-ਮਾਈਨਿੰਗ ਪ੍ਰਾਜੈਕਟ ਦਾ ਵੀ ਜਾਇਜ਼ਾ ਲਿਆ।

ਉਨ੍ਹਾਂ ਜਲੰਧਰ ਨਗਰ ਨਿਗਮ ਨੂੰ ਗਾਈਡਲਾਈਨਜ਼ ਅਨੁਸਾਰ ਪਾਣੀ ਦੀ ਸਪਲਾਈ ਕਰਨ ਦੀ ਹਦਾਇਤ ਕੀਤੀ ਕਿਉਂਕਿ ਪਾਣੀ ਦੀ ਜ਼ਿਆਦਾ ਸਪਲਾਈ ਐਸ.ਟੀ.ਪੀਜ਼. ਅਤੇ ਡਰੇਨ ਦੇ ਕੰਮਕਾਜ ਵਿੱਚ ਰੁਕਾਵਟ ਪਾ ਸਕਦੀ ਹੈ।

# ਅੱਡਾ ਕਿਸ਼ਨਗੜ੍ਹ ਵਿਖੇ ਮਹਿਲਾ ਦੀਆਂ ਵਾਲੀਆਂ ਝਪਟ ਕੇ ਲੁਟੇਰੇ ਫਰਾਰ

**ਅਲਾਵਲਪੁਰ (ਮਦਨ ਬੰਗੜ)—** ਅੱਡਾ ਕਿਸ਼ਨਗੜ੍ਹ ਵਿਖੇ ਸ਼ਾਮ ਕਰੀਬ ਸਵਾ ਪੰਜ ਵਜੇ ਮੋਟਰਸਾਈਕਲ ਸਵਾਰ ਦੋ ਲੁਟੇਰਿਆਂ ਵੱਲੋਂ ਟੈਂਪੂ ਵਿੱਚ ਸਵਾਰ ਇਕ ਮਹਿਲਾ ਦੀਆਂ ਵਾਲੀਆਂ ਝਪਟ ਕੇ ਫਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਦੌਰਾਨ ਮਹਿਲਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈ।ਪੀੜਤ ਦੇ ਪਰਿਵਾਰਕ ਮੈਂਬਰ ਅਮਰਜੀਤ ਸਿੰਘ ਨੇ ਦੱਸਿਆ ਕਿ ਉਹ ਆਪਣੀ ਪਤਨੀ ਸਮੇਤ ਘਰ ਜਾਣ ਲਈ ਅੱਡਾ ਕਿਸ਼ਨਗੜ੍ਹ ਵਿਖੇ ਟੈਂਪੂ ਵਿੱਚ ਸਵਾਰ ਹੋ ਰਹੇ ਸਨ। ਜਦੋਂ ਉਸ ਦੀ ਪਤਨੀ ਟੈਂਪੂ ਦੇ ਪਿਛਲੇ ਪਾਸੇ ਬੈਠ ਰਹੀ ਸੀ ਤਾਂ ਉੱਥੇ ਪਹਿਲਾਂ ਤੋਂ ਹੀ ਮੋਟਰਸਾਈਕਲ 'ਤੇ ਖੜ੍ਹੇ ਦੋ ਨੌਜਵਾਨਾਂ ਵਿੱਚੋਂ ਇਕ ਨੇ ਉਸ ਦੀਆਂ ਵਾਲੀਆਂ ਝਪਟ ਲਈਆਂ। ਇਸ ਦੌਰਾਨ ਇੱਕ ਵਾਲੀ ਤੁਰੰਤ ਨਿਕਲ ਗਈ, ਜਦਕਿ ਦੂਜੀ ਖਿੱਚਣ ਸਮੇਂ ਮਹਿਲਾ ਦਾ ਕੰਨ ਬੁਰੀ ਤਰ੍ਹਾਂ ਪਾਟ ਗਿਆ।ਘਟਨਾ ਤੋਂ ਬਾਅਦ ਦੋਵੇਂ ਲੁਟੇਰੇ ਮੌਕੇ ਤੋਂ ਫਰਾਰ ਹੋ ਗਏ।



ਜ਼ਖਮੀ ਮਹਿਲਾ ਨੂੰ ਤੁਰੰਤ ਨਜ਼ਦੀਕੀ ਡਾਕਟਰ ਕੋਲ ਲਿਜਾਇਆ ਗਿਆ, ਜਿੱਥੇ ਉਸ ਦੇ ਕੰਨ 'ਤੇ ਟਾਂਕੇ ਲਗਾ ਕੇ ਮਰਹਮ ਪੱਟੀ ਕੀਤੀ ਗਈ। ਜਾਣਕਾਰੀ ਮੁਤਾਬਕ ਝਪਟੀਆਂ ਗਈਆਂ ਵਾਲੀਆਂ ਨਕਲੀ ਸਨ, ਪਰ ਲੁਟੇਰਿਆਂ ਦੀ ਖਿੱਚੋਤਾਣ ਕਾਰਨ ਮਹਿਲਾ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਇਸ ਮੌਕੇ ਪਿੰਡ ਸਿਕੰਦਰਪੁਰ ਤੇ ਮੁਹਤਬਰ ਵਿਅਕਤੀਆਂ ਡਾ. ਵਰਿੰਦਰ ਬੱਧਣ , ਜੰਗ ਬਹਾਦਰ ਬਰਮਾ ਨੇ ਦੱਸਿਆ ਕਿ ਜਿੱਥੇ ਇਹ ਘਟਨਾ ਵਾਪਰੀ ਹੈ ਉੱਥੇ ਹਮੇਸ਼ਾ ਭਾਰੀ ਭੀੜ ਰਹਿੰਦੀ ਹੈ ਅਤੇ ਨੇੜੇ ਪੁਲਸ 2 ਪੁਲਿਸ ਚੌਕੀਆਂ ਦੇ ਨਾਕੇ ਵੀ ਲੱਗਦੇ ਹਨ। ਇਸ ਦੇ ਬਾਵਜੂਦ ਦਿਨ-ਦਿਹਾੜੇ ਹੋਈ ਇਸ ਵਾਰਦਾਤ ਨੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਮੁਹਤਬਰ ਵਿਅਕਤੀਆਂ ਨੇ ਪ੍ਰਸ਼ਾਸਨ ਤੋਂ ਇਲਾਕੇ ਵਿੱਚ ਗਸ਼ਤ ਵਧਾਉਣ ਅਤੇ ਲੁਟੇਰਿਆਂ ਨੂੰ ਜਲਦ ਕਾਬੂ ਕਰਨ ਦੀ ਮੰਗ ਕੀਤੀ ਹੈ।

# 'ਸਾਡੇ ਬੱਚਿਆਂ ਨੂੰ ਪੰਜਾਬੀ ਪੜ੍ਹਾਉ' ਆਰਮੀ ਸਕੂਲ ਅੱਗੇ ਮਾਪਿਆਂ ਦੀ ਪੁਕਾਰ

**ਜਲੰਧਰ (ਰਾਜੇਸ਼ ਥਾਪਾ)-** ਆਰਮੀ ਪਬਲਿਕ ਸਕੂਲ ਜਲੰਧਰ ਛਾਉਣੀ ਵਿੱਚ ਸੰਸਕ੍ਰਿਤ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਦੇ ਸੰਬੰਧ ਵਿੱਚ ਇੱਥੇ ਸਕੂਲ ਦੀ ਪ੍ਰਿੰਸੀਪਲ ਨਾਲ ਵਿਦਿਆਰਥੀਆਂ ਦੇ ਮਾਪਿਆਂ ਨੇ ਮੁਲਾਕਾਤ ਕੀਤੀ। ਇਸ ਮੁਲਾਕਾਤ ਵਿਚ ਉਨ੍ਹਾਂ ਨੇ ਛੇਵੀਂ ਜਮਾਤ ਤੋਂ ਹੀ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਲਈ ਬੇਨਤੀ ਕੀਤੀ।ਇਸ ਮੁਲਾਕਾਤ ਤੋਂ ਬਾਅਦ ਪੰਜਾਬੀ ਭਾਸ਼ਾ ਪ੍ਰਸਾਰ ਭਾਈਚਾਰਾ ਦੇ ਸੰਚਾਲਕ ਮਹਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਮਾਪਿਆਂ ਵਲੋਂ ਪ੍ਰਿੰਸੀਪਲ ਨੂੰ ਦੱਸਿਆ ਗਿਆ ਹੈ ਕਿ ਆਰਮੀ ਵੈਲਫੇਅਰ ਐਜੂਕੇਸ਼ਨ ਸੋਸਾਇਟੀ ਦਾ ਸੰਸਕ੍ਰਿਤ ਪੜ੍ਹਾਉਣ ਸੰਬੰਧੀ ਫੈਸਲਾ ਸਰਾਸਰ ਗਲਤ ਹੈ ਕਿਉਂਕਿ ਨਵੀਂ ਸਿੱਖਿਆ ਨੀਤੀ ਅਨੁਸਾਰ ਤਿੰਨ ਭਾਸ਼ਾਵਾਂ ਪੜ੍ਹਾਉਣ ਦੀ ਪੇਸ਼ਕਸ਼ ਕੀਤੀ ਗਈ ਹੈ। ਜਿਸ ਵਿੱਚ ਖੇਤਰੀ ਭਾਸ਼ਾ ਪੜ੍ਹਾਉਣੀ ਲਾਜ਼ਮੀ ਹੈ।ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਨੇ ਸਿੱਖਿਆ ਨੀਤੀ ਦੀਆਂ ਸਿਫਾਰਸ਼ਾਂ ਵੀ ਪਾਸੇ ਰੱਖ ਕੇ ਪੰਜਾਬੀ ਭਾਸ਼ਾ ਨੂੰ ਚੌਥੀ ਐਡੀਸ਼ਨਲ ਭਾਸ਼ਾ ਬਣਾ ਦਿੱਤਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ 9ਵੀਂ ਤੋਂ 12ਵੀਂ ਕਲਾਸ ਦੇ ਵਿਦਿਆਰਥੀ ਪੰਜਾਬੀ ਸਮੇਤ ਖੇਤਰੀ ਭਾਸ਼ਾਵਾਂ ਵਿਚ ਰਜਿਸਟ੍ਰੇਸ਼ਨ ਤਾਂ ਕਰਵਾ ਸਕਦੇ ਹਨ ਪਰ ਸਕੂਲ ਉਨ੍ਹਾਂ ਲਈ ਕੋਈ ਅਧਿਆਪਕ ਮੁਹੱਈਆ ਨਹੀਂ



ਕਰਵਾਏਗਾ। ਇਹ ਤਬਦੀਲੀ ਸਪੱਸ਼ਟ ਰੂਪ ਵਿਚ ਕੌਮੀ ਸਿੱਖਿਆ ਨੀਤੀ-2020 ਦੇ ਵੀ ਉਲਟ ਹੈ। ਗੌਰਤਲਬ ਹੈ ਕਿ ਇਕ ਵਾਰ ਪਹਿਲਾਂ ਵੀ ਆਰਮੀ ਪਬਲਿਕ ਸਕੂਲ, ਜਲੰਧਰ ਨੇ 2024 ਵਿਚ ਅਜਿਹਾ ਫੈਸਲਾ ਲਿਆ ਸੀ ਪਰ ਉਸ ਵੇਲੇ ਮਹਿੰਦਰ ਸਿੰਘ ਸੇਖੋਂ ਵੱਲੋਂ ਜ਼ੋਰ ਸ਼ੋਰ ਨਾਲ ਮਸਲਾ ਉਠਾਇਆ ਗਿਆ ਸੀ ਅਤੇ ਪੰਜਾਬ ਸਰਕਾਰ ਵੱਲੋਂ ਸਕੂਲ ਉਤੇ ਦਬਾਅ ਪਾਇਆ ਗਿਆ ਸੀ ਤਾਂ ਉਹ ਫੈਸਲਾ ਬਦਲ ਦਿੱਤਾ ਗਿਆ ਸੀ। ਕਲ੍ਹ ਤਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਨੇ ਵੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਇਕ ਪੱਤਰ ਲਿਖ ਕੇ ਇਹ ਫੈਸਲਾ ਵਾਪਸ ਲੈਣ ਦੀ ਮੰਗ ਕੀਤੀ ਹੈ। ਮਹਿੰਦਰ ਸਿੰਘ ਸੇਖੋਂ ਨੇ ਇਸ ਫੈਸਲੇ ਨੂੰ ਨਾ ਸਿਰਫ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਭਾਸ਼ਾ ਕਾਨੂੰਨ-2008 ਦੀ ਉਲੰਘਣਾ ਕਰਾਰ ਦਿੱਤਾ ਹੈ, ਸਗੋਂ ਸਿੱਖਿਆ ਨੀਤੀ-2020 ਅਤੇ ਨੈਸ਼ਨਲ ਕਰਿਕੁਲਮ ਫ੍ਰੇਮਵਰਕ ਦੀਆਂ ਭਾਵਨਾਵਾਂ ਦੇ ਵੀ ਖ਼ਿਲਾਫ਼ ਦੱਸਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਵਾਂਝਾ ਕਰਨਾ ਬਹੁਤ ਮੰਦਭਾਗਾ ਅਤੇ ਚਿੰਤਾਜਨਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਭਾਸ਼ਾ ਕਾਨੂੰਨ ਅਨੁਸਾਰ ਪੰਜਾਬ ਦੇ ਹਰ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੈ, ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਜਾਰੀ ਕੀਤੇ ਸਰਕੂਲਰ ਵਿੱਚ ਪੰਜਾਬੀ ਨੂੰ ਇੱਕ ਅਤਿਰਿਕਤ ਭਾਸ਼ਾ ਵਜੋਂ ਰੱਖ ਕੇ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣਾ ਬੱਚਿਆਂ ਦੇ ਸਿੱਖਣ ਦੇ ਅਧਿਕਾਰਾਂ, ਮਨੋਵਿਗਿਆਨਕ ਆਜ਼ਾਦੀ ਅਤੇ ਉਨ੍ਹਾਂ ਦੀ ਭਾਸ਼ਾਈ ਪਸੰਦ ਨਾਲ ਸਿੱਧਾ ਟਕਰਾਅ ਹੈ ।

# ਮਨੋਹਰ ਲਾਲ ਨਮਿਤ ਰੱਖੇ ਪਾਠ ਦੇ ਭੋਗ ਉਪਰੰਤ ਸ਼ਰਧਾਂਜਲੀ

**ਭਲਾਣ (ਹਰਭਜਨ ਸਿੰਘ ਢਿੱਲੋਂ)-** ਸੁਖਸਾਲ ਤੋਂ ਪ੍ਰਤਿਨਿਧੀ ਚੌਧਰੀ ਧਰਮ ਪਾਲ ਦੇ ਵੱਡੇ ਭਰਾ ਮਨੋਹਰ ਲਾਲ ਚੌਧਰੀ ਦੇ ਦੇਹਾਂਤ ਤੇ ਉਨ੍ਹਾਂ ਨਮਿਤ ਰੱਖੇ ਪਾਠ ਦੇ ਭੋਗ ਉਪਰੰਤ ਸ਼ਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਅਦਾਰਾ ਅਜੀਤ ਦੇ ਮੁੱਖ ਸੰਪਾਦਕ ਡਾਕਟਰ ਬਰਜਿੰਦਰ ਸਿੰਘ ਹਮਦਰਦ, ਸਾਬਕਾ ਸਪੀਕਰ ਰਾਣਾ ਕੇ.ਪੀ. ਸਿੰਘ, ਮੁਕੇਸ਼ ਅਗਨੀਹੋਤਰੀ ਉਪ ਮੁੱਖ ਮੰਤਰੀ ਹਿਮਾਚਲ ਪ੍ਰਦੇਸ਼, ਡਾ. ਗੁਰਿੰਦਰਪਾਲ ਸਿੰਘ ਬਿੱਲਾ ਸਾਬਕਾ ਉਪ ਚੇਅਰਮੈਨ ਪਛੜੀਆਂ ਸ਼੍ਰੇਣੀਆਂ, ਸੱਤਪਾਲ ਸਿੰਘ ਰਾਏਜਾਦਾ ਸਾਬਕਾ ਵਿਧਾਇਕ ਊਨਾ, ਸਤਪਾਲ ਸਿੰਘ ਸੱਤੀ ਇੰਚਾਰਜ ਉੱਪ ਦਫਤਰ ਅਜੀਤ ਰੂਪਨਗਰ, ਪ੍ਰੋ. ਅਵਤਾਰ ਸਿੰਘ ਇੰਚਾਰਜ ਉੱਪ ਦਫਤਰ ਅਜੀਤ ਮੋਹਾਲੀ, ਚੰਡੀਗੜ੍ਹ ਵੱਲੋਂ ਸ਼ੋਕ ਸੰਦੇਸ਼ ਭੇਜੇ ਗਏ। ਇਸ ਮੌਕੇ ਸਾਬਕਾ ਚੇਅਰਮੈਨ ਨਗਰ ਕੌਂਸਲ ਨੰਗਲ, ਕਾਂਗਰਸੀ ਆਗੂ ਐਡਵੋਕੇਟ ਵਿਸ਼ਵਪਾਲ ਸਿੰਘ ਰਾਣਾ, ਟਿੱਕਾ ਯਸ਼ਵੀਰ ਚੰਦ ਭਲਾਣ, ਭਾਜਪਾ ਆਗੂ ਬਲਰਾਮ ਪਰਾਸ਼ਰ, ਬਾਹਤੀ ਮਹਾਂ ਸਭਾ ਰੋਪੜ ਦੀ ਪ੍ਰਧਾਨ ਚੌਧਰੀ ਮੋਹਨ ਲਾਲ, ਸਾਬਕਾ ਪ੍ਰਧਾਨ ਚਰਨ ਦਾਸ ਸਲੂਰੀਆ, ਸਮਾਜ ਸੇਵੀ ਚੌਧਰੀ ਭਗਤ ਰਾਮ, ਸਰਬਣ ਸਿੰਘ ਦਰੋਲੀ, ਗੁਲਜ਼ਾਰ ਸਿੰਘ ਨੰਗਲੀ, ਜਗਜੀਤ ਸਿੰਘ ਜੱਗੀ, ਸੋਨੂੰ ਰਾਣਾ ਨਾਨਗਰਾਂ, ਅਕਾਲੀ ਆਗੂ ਕਮਲ ਸਿੰਘ ਮਜਾਰੀ, ਦਿਲਬਾਗ ਸਿੰਘ ਸਨੋਲੀ, ਕਿਸਾਨ ਆਗੂ ਗੌਰਵ ਰਾਣਾ, ਐਸ.ਡੀ.ਓ. ਕੁਨਾਲ ਬੈਂਸ, ਸੁਖਵਿੰਦਰ ਸਿੰਘ ਜੇ.ਈ., ਜੇ,.ਈ ਕੇਸਰ ਸਿੰਘ, ਅਕਾਲੀ ਆਗੂ ਕਰਮ ਸਿੰਘ ਬੇਲਾ, ਪੱਤਰਕਾਰ ਰਾਕੇਸ਼ ਸੈਣੀ, ਪੱਤਰਕਾਰ ਅਭੀਨਾਸ਼ ਅੱਤਰੀ, ਰਿਟਾ ਐਸ ਡੀ ਓ ਸੁਰੇਸ ਕੁਮਾਰ, ਭਾਜਪਾ ਆਗੂ ਜੀਵਨ ਕੁਮਾਰ ਚੌਧਰੀ, ਅਕਾਲੀ ਆਗੂ ਰਣਜੀਤ ਸਿੰਘ ਭੱਟੀ, ਮੋਤੀ ਲਾਲ ਮੋਜੋਵਾਲ, ਗੋਰਵ ਐਰੀ, ਮੁਲਾਜ਼ਮ ਆਗੂ ਅਮਰਜੀਤ ਭੱਲੜੀ, ਚੌਧਰੀ ਪੰਨਾ ਲਾਲ ਭਨਾਮ,





ਪੱਤਰਕਾਰ ਪ੍ਰਭਾਤ ਭੱਟੀ, ਪੱਤਰਕਾਰ ਗੁਰਪ੍ਰੀਤ ਸਿੰਘ ਗਰੇਵਾਲ, ਪੱਤਰਕਾਰ ਗੁਰਭਾਗ ਸਿੰਘ, ਪੱਤਰਕਾਰ ਗੁਰਵੀਰ ਸਿੰਘ ਵਾਲੀਆ, ਪੱਤਰਕਾਰ ਅੰਮ੍ਰਿਤਪਾਲ ਸਿੰਘ ਬੰਟੀ, ਪੱਤਰਕਾਰ ਜਸਬੀਰ ਸਿੰਘ ਬਾਵਾ, ਪੱਤਰਕਾਰ ਜਸਬੀਰ ਸਿੰਘ ਸੈਣੀ, ਪੱਤਰਕਾਰ ਪ੍ਰਵੀਨ ਦੱਤਾ, ਪੱਤਰਕਾਰ ਹਰਭਜਨ ਸਿੰਘ ਢਿੱਲੋਂ, ਪੱਤਰਕਾਰ ਬਲਵਿੰਦਰ ਰੈਤ, ਪੱਤਰਕਾਰ ਵਰਿੰਦਰ ਪ੍ਰਤਾਪ ਸਿੰਘ ਰਾਣਾ, ਸ਼ੁੱਭ ਸਿੰਘ ਰਾਣਾ, ਪੱਤਰਕਾਰ ਅਭੀ ਰਾਣਾ, ਸਵਰਣ ਦਾਸ ਸੰਗਤਪੁਰ, ਲੈਕ. ਰਵਿੰਦਰ ਸਿੰਘ, ਪ੍ਰਿੰਸੀਪਲ ਰਾਕੇਸ਼ ਧੀਮਾਨ, ਲੈਕ. ਸੋਹਨ ਸਿੰਘ ਚਾਹਲ, ਖੁਸ਼ਵਿੰਦਰ ਸਿੰਘ ਜੰਜੂਆ, ਗੌਰਵ ਕਾਲੀਆ, ਦਰਬਾਰਾ ਸਿੰਘ ਕਲਿਤਰਾਂ, ਮਾਸਟਰ ਅਨਿਲ ਕੁਮਾਰ, ਪ੍ਰਿੰਸੀਪਲ ਪ੍ਰੇਮ ਧੀਮਾਨ, ਕਾਂਗਰਸੀ ਆਗੂ ਰਾਜੂ ਸੈਣੀ, ਪ੍ਰਸ਼ੋਤਮ ਭਾਟੀਆ, ਨੰ. ਸੂਜੇ ਬਾਰਡਾ ਆਦਿ ਅਤੇ ਵੱਡੀ ਗਿਣਤੀ ਵਿੱਚ ਵੱਖ ਵੱਖ ਪਿੰਡਾਂ ਤੋਂ ਪੰਚ, ਸਰਪੰਚ, ਨੰਬਰਦਾਰ ਅਤੇ ਮੋਹਤਵਰ ਪਤਵੰਤਿਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

## ਵਰ੍ਹੇਗੰਢ ਮੁਬਾਰਕ



ਸੁਖਵਿੰਦਰ ਸਿੰਘ ਅਤੇ ਸੁਨੀਤਾ ਨੇ ਆਪਣੇ ਵਿਆਹ ਦੀ 20ਵੀਂ ਵਰ੍ਹੇਗੰਢ ਮਨਾਈ।



ਰਾਨੇਹ ਫਾਲ ਤੇ ਪਾਂਡਵ ਗੁਫਾਵਾਂ ਦਾ ਸਫਰ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ
# ਐਤਵਾਰਤਾ

ਛਪਣੋਂ ਪਹਿਲਾਂ ਹੀ ਮਿੱਟ ਜਾਵਣ,
ਖ਼ਬਰਾਂ ਮੇਰੇ ਸ਼ਹਿਰ ਦੀਆਂ।
ਹੁਣ ਖੁਦ ਨੂੰ ਘੱਟ ਕਹਾਵਣ,
ਖ਼ਬਰਾਂ ਮੇਰੇ ਸ਼ਹਿਰ ਦੀਆਂ।
- ਸੁਰਜੀਤ ਮਜਾਰੀ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 10 ਮਈ 2026 www.nawanzamana.in ਕੀਮਤ 5.00 ਰੁਪਏ


# ਮਾਰਟਿਨ ਲੂਥਰ ਦੀ ਰਾਜ ਸਭਾ 'ਚ ਤਕਰੀਰ

1450 ਤੋਂ ਬਾਅਦ ਜਰਮਨੀ ਵਿਚ ਮਨੁੱਖਵਾਦ ਦਾ ਪਸਾਰ ਹੋਇਆ। ਉਹਦਾ ਨਿਸ਼ਾਨਾ ਸੀ—ਦਾਰਸ਼ਨਿਕ ਵਿਦਿਆ, ਵਿਗਿਆਨ ਤੇ ਗਿਆਨ ਨੂੰ ਚਰਚ ਦੀ ਸਰਪ੍ਰਸਤੀ ਤੋਂ ਸੁਤੰਤਰ ਕਰਨਾ। ਮਨੁੱਖਵਾਦੀਆਂ ਨੇ ਪ੍ਰਾਚੀਨ ਗ੍ਰੰਥਾਂ ਦਾ ਮੂਲ ਵਿਚ ਅਧਿਐਨ ਕੀਤਾ ਤੇ ਖ਼ੁਦ ਆਪਣੀਆਂ ਰਚਨਾਵਾਂ ਲਾਤੀਨੀ ਵਿਚ ਪ੍ਰਕਾਸ਼ਤ ਕੀਤੀਆਂ। ਇੰਜ ਇਹ ਅੰਦੋਲਨ ਵਿਦਵਾਨਾਂ ਦੇ ਘੇਰੇ ਤੱਕ ਸੀਮਿਤ ਰਿਹਾ ਤੇ ਇਟਲੀ ਦੇ ਪੁਨਰ-ਜਾਗਰਣ ਤੋਂ ਵੱਖਰਾ ਪੂਰੇ ਰਾਸ਼ਟਰ ਨੂੰ ਵਲਣ ਵਾਲੀ ਕਿਸੇ ਨਵੀਂ ਸੰਸਕ੍ਰਿਤੀ ਦੀ ਰਚਨਾ ਨਾ ਕਰ ਸਕਿਆ, ਪਰ ਜਰਮਨੀ ਦੇ ਮੱਧ ਯੁੱਗੀ ਪਾਦਰੀ-ਬੰਧਨਾਂ ਵੱਲ ਆਲੋਚਨਾਤਮਕ ਦ੍ਰਿਸ਼ਟੀਕੋਣ ਦੇ ਕਾਰਨ ਧਰਮ-ਸੁਧਾਰ ਅੰਦੋਲਨ ਪੈਦਾ ਹੋਇਆ। ਉਹਦਾ ਮਹਾਨ ਸੂਚਕ ਮਾਰਟਿਨ ਲੂਥਰ (1483-1546) ਸੀ। ਉਹ ਬਾਈਬਲ ਦੇ ਮੂਲ ਪਾਠ ਦਾ ਆਸਰਾ ਲੈਂਦਿਆਂ ਪਾਦਰੀ-ਪਰੰਪਰਾ ਤੋਂ ਅਲੱਗ ਰਿਹਾ, ਪਰ ਆਪਣੇ ਸਿਧਾਂਤਾਂ ਨੂੰ ਵਿਸ਼ਵਾਸ ਤੇ ਇਲਹਾਮ ਉਤੇ ਆਧਾਰਤ ਕਰਨ ਵਿਚ ਉਸ ਨੇ ਮੱਧਕਾਲੀ ਰਾਹ ਹੀ ਅਪਣਾਇਆ। ਲੂਥਰ ਖ਼ੁਦ ਵੈਰਾਗੀ ਰਹਿ ਚੁੱਕਾ ਸੀ। ਮੁੱਢ ਵਿਚ ਉਸ ਨੇ ਮੌਜੂਦਾ ਚਰਚ ਦੀਆਂ ਬਾਹਰੀ ਕਮਜ਼ੋਰੀਆਂ ਦੀ ਹੀ ਆਲੋਚਨਾ ਕੀਤੀ, ਪਰ ਹੌਲੀ-ਹੌਲੀ ਉਨਤੀ ਕਰਕੇ ਅਖ਼ੀਰ ਵਿਚ ਉਹਨੇ ਚਰਚ ਦੀਆਂ ਬੁਨਿਆਦੀ ਮਾਨਤਾਵਾਂ ਨੂੰ ਵੀ ਨਾਮਨਜ਼ੂਰ ਕਰ ਦਿੱਤਾ। ਉਹਦੇ ਪ੍ਰਾਸ਼ਚਿਤ ਨਾ ਕਰਨ ਦੇ ਕਾਰਨ 1520 ਵਿਚ ਉਹਨੂੰ ਚਰਚ ਵਿਚੋਂ ਕੱਢ ਦਿੱਤਾ ਗਿਆ। ਇਕ ਵਰ੍ਹੇ ਪਿੱਛੋਂ ਸਮਰਾਟ ਚਾਰਲਸ ਪੰਚਮ ਨੇ ਉਹਨੂੰ ਵੌਰਮਸ ਦੀ ਰਾਜ ਸਭਾ ਵਿਚ ਹਾਜ਼ਰ ਹੋਣ ਦਾ ਹੁਕਮ ਦਿੱਤਾ, ਉਥੇ ਵੀ ਲੂਥਰ ਨੇ ਆਪਣੀ ਰਾਏ ਬਦਲਣ ਤੋਂ ਇਨਕਾਰ ਕਰ ਦਿੱਤਾ। 18 ਅਪ੍ਰੈਲ 1521 ਨੂੰ ਉਸ ਨੇ ਜੋ ਤਕਰੀਰ ਕੀਤੀ, ਉਹ ਸਾਨੂੰ ਹਾਸਿਲ ਹੋ ਗਈ ਹੈ। ਉਹਦੇ ਵਿਚ ਲੂਥਰ ਨੇ ਕਿਹਾ ਕਿ ਉਹਦੀ ਅੰਤਰ ਆਤਮਾ ਸਿਰਫ਼ ਰੱਬ ਨਾਲ ਸੰਬੰਧਤ ਹੈ।



**ਮਾਰਟਿਨ ਲੂਥਰ ਦੀ 18 ਅਪ੍ਰੈਲ 1521 ਨੂੰ ਵੌਰਮਸ ਦੀ ਰਾਜ ਸਭਾ ਵਿਚ ਤਕਰੀਰ**

ਹਾਜ਼ਰੀ ਦਾ ਕਾਰਨ ਸਭ ਸ਼ਹਿਨਸ਼ਾਹ ਤੇ ਸਲਤਨਤ ਦੇ ਸਾਹਮਣੇ ਲੂਥਰ ਦੀ ਜਾਣਦੇ ਹਨ ਤੇ ਉਸ ਦੀ ਤਕਰੀਰ ਦੇ ਆਖ਼ਰੀ ਲਫ਼ਜ਼ ਕੁਝ ਪੌਰਾਣਿਕ ਕਥਾ ਜਿਹੇ, ਮੁਹਾਵਰਾ ਬਣ ਗਏ ਹਨ। ਉਹ ਆਪਣੀ ਰਾਏ ਬਦਲਣ ਤੋਂ ਇਨਕਾਰੀ ਹੈ। ਦੂਜੇ ਪਾਸੇ ਇਹ ਵੀ ਗੱਲ ਹੈ ਕਿ ਬੜੀ ਇਹਤਿਆਤ ਨਾਲ ਤਿਆਰ ਕੀਤੀ ਉਸ ਤਕਰੀਰ ਦੇ ਠੀਕ-ਠੀਕ ਲਫ਼ਜ਼ ਅਜੀਬ ਤਰ੍ਹਾਂ ਅਗਿਆਤ ਰਹੇ ਹਨ। ਤਕਰੀਰ ਪਹਿਲਾਂ ਜਰਮਨ ਜ਼ਬਾਨ ਵਿਚ ਦਿੱਤੀ ਗਈ ਸੀ, ਫੇਰ ਲਾਤੀਨੀ ਵਿਚ ਤੇ ਲਾਤੀਨੀ ਮਸੌਦਾ ਹਿਫ਼ਾਜ਼ਤ ਵਿਚ ਰੱਖਿਆ ਗਿਆ ਹੈ। ਜ਼ਾਹਿਰ ਹੈ ਕਿ ਇਸ ਫ਼ੈਸਲੇ ਦੀ ਘੜੀ ਲੂਥਰ ਲਈ ਸਭ ਤੋਂ ਅਹਿਮ ਕੀ ਸੀ : ਆਪਣੀ ਰੂਹ ਦੇ ਖ਼ਿਲਾਫ਼, ਜੋ ਰੱਬ ਦੇ ਵੱਸ ਹੈ, ਕੁਝ ਵੀ ਨਾ ਕਰਨਾ ਤੇ ਨਾ ਕੁਝ ਹੋਣ ਦੇਣਾ। ਇਸ ਤਰ੍ਹਾਂ ਸੁਧਾਰ ਅੰਦੋਲਨ ਆਪਣੇ ਆਪ ਉੱਤੇ ਆਧਾਰਤ ਸੀ, ਉਹ ਸਭ ਹਕੂਮਤੀ-ਧਾਰਮਿਕ ਤੇ ਰਾਜਨੀਤਕ ਸੱਤਾ ਤੋਂ ਵੱਖਰਾ ਹੋ ਗਿਆ, ਪਰ ਕਿਸੇ ਸੁਧਾਰਕ ਦੀ ਜਾਤੀ ਰਾਏ ਜਾਂ ਸੰਕਲਪ ਤੋਂ ਬਚਿਆ ਵੀ ਨਾ ਰਹਿ ਸਕਿਆ। ਉਹ ਇਤਿਹਾਸਕ ਰੂਪ ਤੋਂ ਦ੍ਰਿੜ੍ਹ ਹੋ ਗਿਆ, ਪਰ ਸਪੱਸ਼ਟ ਕ੍ਰਾਂਤੀਕਾਰੀ ਕਰਮ ਬਣ ਗਿਆ।

ਬੜੇ ਮਿਹਰਬਾਨ ਮਾਲਕ ! ਤੇ ਸ਼ਹਿਨਸ਼ਾਹ ! ਮੰਨੇ-ਪ੍ਰਮੰਨੇ ਰਾਜਿਓ ! ਸੁਹਿਰਦ ਅਮੀਰਜ਼ਾਦਿਓ !

ਕੱਲ੍ਹ ਤਰਕਾਲ ਜੋ ਸਮਾਂ ਮੇਰੇ ਲਈ ਮਿਥਿਆ ਗਿਆ ਸੀ, ਮੈਂ ਉਸ ਸਮੇਂ ਹਾਜ਼ਰ ਹੋ ਗਿਆ ਹਾਂ ਅਤੇ ਮਿਹਰਬਾਨ ਸਮਰਾਟ, ਪ੍ਰਸਿੱਧ ਰਾਜਿਆਂ ਤੇ ਸਾਮੰਤਾਂ ਅੱਗੇ ਖ਼ੁਦਾ ਦੇ ਰਹਿਮ ਲਈ ਦਰਖ਼ਾਸਤ ਕਰਦਾ ਹਾਂ ਕਿ ਉਹ ਮੇਰੀ ਗੱਲ ਮਿਹਰਬਾਨੀ ਨਾਲ ਸੁਣਨਗੇ, ਜੋ ਮੇਰੀ ਜਾਚੇ ਨਿਆਈਂ ਹੈ ਤੇ ਸੱਚੀ ਹੈ। ਜੇ ਅਬੋਲ ਮੈਂ ਕਿਸੇ ਨੂੰ ਮੁਨਾਸਿਬ ਤਰ੍ਹਾਂ ਮੁਖ਼ਾਤਬ ਕਰਨ ਤੋਂ ਉਕ ਜਾਵਾਂ ਜਾਂ ਕਿਸੇ ਤਰ੍ਹਾਂ ਮੇਰੇ ਕੋਲੋਂ ਰਾਜ ਦਰਬਾਰੀ ਰੀਤ ਵਿਚ ਜਾਂ ਸਲੀਕੇ ਵਿਚ ਉਕਾਈ ਰਹਿ ਜਾਏ ਤਾਂ ਦਰਖ਼ਾਸਤ ਕਰਦਾ ਹਾਂ ਕਿ ਉਹਦੇ ਲਈ ਮੈਨੂੰ ਮੁਆਫ਼ ਕੀਤਾ ਜਾਏ, ਕਿਉਂਕਿ ਮੇਰੀ ਪਰਵਰਿਸ਼ ਦਰਬਾਰ ਵਿਚ ਨਹੀਂ, ਇਕ ਛੋਟੇ ਜਿਹੇ ਚਰਚ ਦੇ ਕੋਨੇ ਵਿਚ ਹੋਈ ਅਤੇ ਮੈਂ ਆਪਣੇ ਬਾਰੇ ਸਿਰਫ਼ ਏਨਾ ਆਖ ਸਕਦਾ ਹਾਂ ਕਿ ਆਪਣੇ ਉਪਦੇਸ਼ਾਂ ਵਿਚ ਤੇ ਆਪਣੀਆਂ ਲਿਖਤਾਂ ਵਿਚ ਮੈਂ ਸਿਰਫ਼ ਖ਼ੁਦਾ ਦੀ ਉਸਤਤ ਤੇ ਸਿੱਧੇ ਸੁਭਾਅ ਦੇ ਈਸਾਈਆਂ ਦੀ ਸੱਚੀ ਸਿੱਖਿਆ ਲਈ ਹੀ ਜਤਨ ਕੀਤਾ ਹੈ।

—ਸਭ ਤੋਂ ਮਿਹਰਬਾਨ ਸ਼ਹਿਨਸ਼ਾਹ ! ਤੇ ਨਾਮਵਰ ਰਾਜਿਓ ! ਕੱਲ੍ਹ ਮੇਰੇ ਕੋਲੋਂ ਦੋ ਸਵਾਲ ਪੁੱਛੇ ਗਏ ਸਨ ਕਿ ਮੈਂ ਇਕਬਾਲ ਕਰਦਾ ਹਾਂ ਕਿ ਨਹੀਂ ਕਿ ਜੋ ਕਿਤਾਬਾਂ ਮੇਰੇ ਨਾਂਅ ਹੇਠਾਂ ਪ੍ਰਕਾਸ਼ਤ ਹੋਈਆਂ, ਉਹ ਮੇਰੀਆਂ ਹਨ ਕਿ ਨਹੀਂ ? ਏਸ ਪਹਿਲੀ ਗੱਲ ਦਾ ਮੈਂ ਸਪੱਸ਼ਟ ਉਤਰ ਦੇ ਦਿੱਤਾ ਸੀ ਕਿ ਉਹ ਮੇਰੀਆਂ ਹਨ। ਇਹ ਮੈਂ ਅੱਜ ਵੀ ਮੰਨਦਾ ਹਾਂ ਤੇ ਮੰਨਦਾ ਰਹਾਂਗਾ ਕਿ ਜੋ ਕਿਤਾਬਾਂ ਮੇਰੇ ਨਾਂਅ ਹੇਠਾਂ ਪ੍ਰਕਾਸ਼ਤ ਹੋਈਆਂ ਹਨ, ਉਹ ਮੇਰੀਆਂ ਹਨ। ਮੈਂ ਇਹ ਲਫ਼ਜ਼ ਇਹ ਮੰਨਦਿਆਂ ਕਿ ਕਿਸੇ ਹਸਦ ਕਾਰਨ ਮੇਰੇ ਕਿਸੇ ਦੁਸ਼ਮਣ ਨੇ ਉਹਦੇ ਵਿਚ ਹੋਇਆਂ ਆਖਦਾ ਹਾਂ, ਪਿੱਛੋਂ ਕੋਈ ਤਬਦੀਲੀ ਨਹੀਂ ਕੀਤੀ ਹੋਵੇਗੀ ਤੇ ਨਾ ਉਹਦੇ ਵਿਚੋਂ ਕੁਝ ਕੱਢਿਆ-ਪਾਇਆ ਹੋਵੇਗਾ। ਜੋ ਮੇਰਾ ਹੈ, ਉਸ ਨੂੰ ਮੈਂ ਯਕੀਨਨ ਮੇਰਾ ਆਖਦਾ ਹਾਂ, ਪਰ ਉਹਦੀ ਵਿਆਖਿਆ ਮੈਂ ਕਿਸੇ ਹੋਰ ਕੋਲੋਂ ਨਹੀਂ ਚਾਹਵਾਂਗਾ।

ਦੂਜੇ ਸਵਾਲ ਬਾਰੇ ਮੈਂ ਮਿਹਰਬਾਨ ਸਮਰਾਟ ਤੇ ਪ੍ਰਸਿੱਧ ਰਾਜਿਆਂ ਨੂੰ ਬੇਨਤੀ ਕਰਦਾ ਹਾਂ ਕਿ ਮੇਰੀਆਂ ਸਾਰੀਆਂ ਲਿਖਤਾਂ ਇਕੋ ਤਰ੍ਹਾਂ ਦੀਆਂ ਨਹੀਂ।

ਪਹਿਲੇ ਦਰਜੇ ਉਤੇ ਉਹ ਰਚਨਾਵਾਂ ਔਂਦੀਆਂ ਹਨ, ਜਿਨ੍ਹਾਂ ਵਿਚ ਮੈਂ ਸਹੀ ਵਿਸ਼ਵਾਸ ਤੇ ਸਹੀ ਜ਼ਿੰਦਗੀ ਦੇ ਪ੍ਰਸ਼ਨਾਂ ਉਤੇ ਏਨੇ ਬੇਲਾਗ 'ਤੇ ਸਪੱਸ਼ਟ ਢੰਗ ਨਾਲ ਲਿਖਿਆ ਹੈ ਕਿ ਮੇਰੇ ਮੁਖ਼ਾਲਫ਼ਾਂ ਨੂੰ ਵੀ ਇਹ ਮੰਨਣਾ ਪਵੇਗਾ ਕਿ ਉਹ ਰਚਨਾਵਾਂ ਲਾਹੇਵੰਦ ਹਨ, ਖ਼ਤਰਨਾਕ ਨਹੀਂ ਤੇ ਹਰ ਈਸਾਈ ਦੇ ਪੜ੍ਹਨਯੋਗ ਹਨ। ਹੋਰ ਤਾਂ ਹੋਰ ਖ਼ੁਦ ਪੋਪ ਦੇ ਆਗਿਆ ਪੱਤਰ ਵਿਚ ਵੀ, ਆਪਣੀ ਬੜੀ ਮੁਖ਼ਾਲਫ਼ਤ ਦੇ ਬਾਵਜੂਦ ਮੇਰੀਆਂ ਕਈਆਂ ਕਿਤਾਬਾਂ ਬਾਰੇ ਕਿਹਾ ਗਿਆ ਹੈ ਕਿ ਉਹ ਨੁਕਸਾਨਦੇਹ ਨਹੀਂ। ਚਾਹੇ ਉਹਨਾਂ ਨੂੰ ਫੇਰ ਵੀ ਮਨਚਾਹੇ ਫ਼ਤਵੇ ਨਾਲ ਕੋਸਿਆ ਗਿਆ ਹੈ। ਇਸ ਤਰ੍ਹਾਂ ਮੈਂ ਇਹਨਾਂ ਕਿਤਾਬਾਂ ਵਿਚ ਲਿਖੀਆਂ ਗੱਲਾਂ ਤੋਂ ਮੁਕਰਨ ਲੱਗਾਂ, ਤਾਂ ਮੈਂ ਪੁੱਛਦਾ ਹਾਂ, ਇਹਦਾ ਕੀ ਨਤੀਜਾ ਹੋਵੇਗਾ? ਉਸ ਹਾਲਤ ਵਿਚ ਸਿਰਫ਼ ਮੈਂ ਹੀ ਉਸ ਸੱਚ ਦੀ ਨਿੰਦਿਆ ਕਰਨ ਵਾਲਾ ਇਨਸਾਨ ਸਾਬਤ ਹੋਵਾਂਗਾ, ਜਿਹਨੂੰ ਦੋਸਤ-ਦੁਸ਼ਮਣ ਸਭ ਜਾਣਦੇ ਹਨ। ਉਹ ਜਿਹਨੇ ਸਭ ਦੀ ਇਕ ਜ਼ਬਾਨ ਰਾਏ ਦਾ ਵਿਰੋਧ ਕੀਤਾ ਹੈ।

ਦੂਜੇ ਦਰਜੇ ਉਤੇ ਉਹ ਕਿਤਾਬਾਂ ਔਂਦੀਆਂ ਹਨ, ਜਿਨ੍ਹਾਂ ਵਿਚ ਪੋਪ-ਤੰਤਰ ਤੇ ਉਹਦੇ ਪਿਛਲੱਗਾਂ ਦੇ ਕਾਰਨਾਮਿਆਂ ਉਤੇ ਵਾਰ ਕੀਤਾ ਗਿਆ ਹੈ, ਕਿਉਂਕਿ ਉਹਨਾਂ ਦੇ ਉਪਦੇਸ਼ਾਂ ਤੇ ਮਾੜੀਆਂ ਮਿਸਾਲਾਂ ਨੇ ਪੂਰੀ ਈਸਾਈ ਦੁਨੀਆਂ ਨੂੰ ਮਾਨਸਕ ਤੇ ਸਰੀਰਕ ਦੋਹਾਂ ਤਰ੍ਹਾਂ ਨਾਲ ਬੇਚੈਨ ਕੀਤਾ ਹੈ। ਕੋਈ ਵੀ ਉਹਦੇ ਤੋਂ ਇਨਕਾਰ ਕਰਨਾ ਜਾਂ ਉਹਨੂੰ ਅਣਡਿੱਠ ਕਰਨਾ ਨਹੀਂ ਚਾਹੇਗਾ। ਹਰ ਕੋਈ ਆਪਣੇ ਤਜਰਬੇ ਤੋਂ ਜਾਣਦਾ ਹੈ ਤੇ ਆਮ ਬੇਚੈਨੀ ਇਸ ਗੱਲ ਦਾ ਸਬੂਤ ਹੈ ਕਿ ਪੋਪ-ਤੰਤਰ ਦੇ ਨਿਯਮਾਂ ਤੇ ਉਪਦੇਸ਼ਾਂ ਨੇ ਸ਼ਰਧਾਵਾਨਾਂ ਦੀ ਆਤਮਾ ਨੂੰ ਬੜੇ ਤਰਸਯੋਗ ਰੂਪ ਵਿਚ ਉਲਝਾਇਆ ਹੈ, ਦਬਾਇਆ ਹੈ, ਸਤਾਇਆ ਹੈ, ਬਲਕਿ ਬੜੇ ਸ਼ਰਮਨਾਕ ਢੰਗ ਨਾਲ, ਖ਼ਾਸ ਕਰ ਆਪਣੇ ਚੰਗੇ ਜਰਮਨ-ਰਾਜ ਵਿਚ, ਮਾਲ-ਅਸਬਾਬ ਤੇ ਚੀਜ਼-ਵਸਤ ਨੂੰ ਹੜੱਪ ਕਰਨ ਦਾ ਉਹ ਅੱਤਿਆਚਾਰ ਹੋਇਆ ਹੈ ਤੇ ਹੋ ਰਿਹਾ ਹੈ, ਜਿਹਦੇ ਉਤੇ ਯਕੀਨ ਨਹੀਂ ਆਉਂਦਾ। ਫੇਰ ਵੀ ਉਹਨਾਂ ਦੇ ਆਦੇਸ਼ ਪੱਤਰਾਂ ਵਿਚ ਇਹਦਾ ਗੰਢਤੋੜ ਹੈ, ਜਿਵੇਂ ਕਾਂਡ 9 ਤੇ 25, ਪ੍ਰਸ਼ਨ 1 ਤੇ 9 ਵਿਚ ਪੜ੍ਹਿਆ ਜਾ ਸਕਦਾ ਹੈ : ਪੋਪ-ਤੰਤਰ ਦੇ ਜੋ ਨਿਯਮ ਗਾਸਪਲ ਤੇ ਚਰਚ-ਪਿਤਾਮਿਆਂ ਦੀ ਸਿੱਖਿਆ ਦੇ ਅਨੁਕੂਲ ਨਾ ਹੋਣ, ਉਹਨਾਂ ਨੂੰ ਗ਼ਲਤ ਤੇ ਨਾ ਮੰਨਣਯੋਗ ਸਮਝਿਆ ਜਾਏ। ਇਸ ਤਰ੍ਹਾਂ ਜੇ ਮੈਂ ਇਹਨਾਂ ਕਿਤਾਬਾਂ ਦੀਆਂ ਗੱਲਾਂ ਤੋਂ ਮੁਕਰਨ ਲੱਗਾਂ ਤਾਂ ਇਹਦੇ ਨਾਲ ਉਸ ਅੱਤਿਆਚਾਰ ਨੂੰ ਹਾਮੀ ਤੇ ਸਹਾਰਾ ਮਿਲੇਗਾ। ਏਸ ਤਬਾਹੀ ਲਈ ਏਸ ਨਾਸਤਿਕਤਾ ਵੱਲ ਨਾ ਸਿਰਫ਼ ਇਕ ਛੋਟੀ ਜਿਹੀ ਬਾਰੀ, ਬਲਕਿ ਵੱਡੇ ਦਰਵਾਜ਼ੇ ਤੇ ਫਾਟਕ ਵੀ ਅਸਾਨੀ ਨਾਲ ਖੁੱਲ੍ਹ ਜਾਣਗੇ, ਜਿੰਨੇ ਪਹਿਲਾਂ ਕਦੀ ਸੰਭਵ ਨਹੀਂ ਹੋਏ। ਇਸ ਤਰ੍ਹਾਂ ਮੇਰਾ ਆਪਣੀ ਰਾਏ ਬਦਲਣਾ ਉਸ ਅਧਰਮ ਦੀ 'ਅਸੀਮ ਤੇ ਨਿਰਲੱਜ' ਭਿਆਨਕਤਾ ਲਈ ਬੜਾ ਸੁਖਦਾਈ ਰਹੇਗਾ ਤੇ ਉਹਦੀ ਸੱਤਾ ਗ਼ਰੀਬਾਂ ਨੂੰ ਹੋਰ ਵੀ ਬੁਰੀ ਤਰ੍ਹਾਂ ਸਤਾਏਗੀ। ਅਜਿਹਾ ਹੋਰ ਵੀ ਜ਼ਿਆਦਾ ਹੋਵੇਗਾ, ਕਿਉਂਕਿ ਉਦੋਂ ਏਸ ਗੱਲ ਦੀ ਡਾਂਗ ਮਾਰੀ ਜਾਏਗੀ ਕਿ ਮੈਂ ਆਪਣੇ ਸਮਰਾਟ ਤੇ ਸਾਰੇ ਪਵਿੱਤਰ ਰੋਮ-ਰਾਜ ਦੇ ਕਹਿਣ 'ਤੇ ਇੰਜ ਕੀਤਾ। ਹੇ ਖ਼ੁਦਾ! ਉਸ ਵੇਲੇ ਤੀਜੇ ਦਰਜੇ ਉਤੇ ਉਹ ਮੈਂ ਸਾਰੇ ਹਸਦ ਤੇ ਅੱਤਿਆਚਾਰ ਲਈ ਇਕ ਓਟ ਬਣ ਜਾਵਾਂਗਾ। ਕਿਤਾਬਾਂ ਹਨ, ਜੋ ਮੈਂ ਕਈ ਅਜਿਹੇ ਮਨੁੱਖਾਂ ਖ਼ਿਲਾਫ ਲਿਖੀਆਂ ਹਨ, ਜੋ ਦੂਜਿਆਂ ਤੋਂ ਹੋਰ ਕਿਸਮ ਦੇ ਹਨ ਤੇ ਜਿਨ੍ਹਾਂ ਨੇ ਰੋਮਨ-ਅੱਤਿਆਚਾਰ ਦੀ ਹਮਾਇਤ ਤੇ ਉਸ ਈਸਾਈ ਧਰਮ ਨੂੰ ਡੇਗਣ ਦਾ ਜਤਨ ਕੀਤਾ ਹੈ, ਜਿਹਦਾ ਮੈਂ ਪ੍ਰਚਾਰ ਕਰ ਰਿਹਾ ਸਾਂ। ਮੈਂ ਇਹ ਕਬੂਲ ਕਰਦਾ ਹਾਂ ਕਿ ਇਹਨਾਂ ਲੋਕਾਂ ਖ਼ਿਲਾਫ਼ ਮੈਂ ਜਿੰਨੀ ਸਖ਼ਤੀ ਨਾਲ ਕੰਮ ਲਿਆ, ਉਹ ਮਜ਼ਹਬੀ ਮਾਮਲਿਆਂ ਵਿਚ ਤੇ ਮੇਰੇ ਰੁਤਬੇ ਨੂੰ ਦੇਖਦਿਆਂ ਹੋਇਆਂ ਠੀਕ ਨਹੀਂ ਸੀ, ਕਿਉਂਕਿ ਮੈਂ ਕੋਈ ਮਹਾਤਮਾ ਬਣ ਕੇ ਨਹੀਂ ਦਿਸਣਾ ਚਾਹੁੰਦਾ ਅਤੇ ਮੈਂ ਆਪਣੇ ਜੀਵਨ-ਢੰਗਾਂ ਦੀ ਹਮਾਇਤ ਨਹੀਂ, ਬਲਕਿ ਕ੍ਰਾਈਸਟ ਦੇ ਉਪਦੇਸ਼ਾਂ ਦਾ ਪ੍ਰਚਾਰ ਕਰ ਰਿਹਾ ਹਾਂ। ਇਹਨਾਂ ਕਿਤਾਬਾਂ ਲਈ ਵੀ ਮੁਕਰਨਾ ਮੁਨਾਸਿਬ ਨਹੀਂ, ਕਿਉਂਕਿ ਇਹਦਾ ਨਤੀਜਾ ਹੋਵੇਗਾ ਕਿ ਬੇਧਰਮੇ ਜ਼ਾਲਮ ਮੇਰਾ ਨਾਂਅ ਲੈ ਸਕਣਗੇ ਤੇ ਲੋਕਾਂ ਨੂੰ ਪਹਿਲਾਂ ਤੋਂ ਵੀ ਬਹੁਤੀ ਸਖ਼ਤੀ ਨਾਲ ਦਬਾ ਸਕਣਗੇ, ਪਰ ਮੈਂ ਇਨਸਾਨ ਹਾਂ, ਖ਼ੁਦਾ ਨਹੀਂ। ਉਂਜ ਮੈਂ ਆਪਣੀਆਂ ਲਿਖਤਾਂ ਉਤੇ ਉਸੇ ਤਰ੍ਹਾਂ ਕਾਇਮ ਰਹਿ ਸਕਦਾ ਹਾਂ, ਜਿਵੇਂ ਖ਼ੁਦ ਈਸਾ ਮਸੀਹ ਆਪਣੇ ਹਰਫ਼ਾਂ ਉਤੇ ਕਾਇਮ ਰਹੇ। ਜਦੋਂ ਜਾਨ ਨੇ ਉਹਨਾ ਦੇ ਉਹਨਾਂ ਉਪਦੇਸ਼ਾਂ ਬਾਰੇ ਪੁੱਛਿਆ ਤੇ ਇਕ ਖ਼ਿਦਮਤਗਾਰ ਨੇ ਉਹਨਾਂ ਦੀਆਂ ਗੱਲ੍ਹਾਂ ਉਤੇ ਤਮਾਚਾ ਮਾਰ ਦਿੱਤਾ, ਤਾਂ ਉਹਨਾਂ ਨੇ ਕਿਹਾ (ਜਾਨ 18, 23) ਜੇ ਮੈਂ ਕੋਈ ਮਾੜੀ ਗੱਲ ਕਹੀ ਹੈ ਤਾਂ ਉਹਦੇ ਗਵਾਹ ਰਹੋ! ਇਸ ਤਰ੍ਹਾਂ ਖ਼ੁਦ ਈਸਾ ਮਸੀਹ ਨੇ, ਜੋ ਪੱਕ ਜਾਣਦੇ ਸਨ ਕਿ ਉਹ ਭੁੱਲ ਨਹੀਂ ਸਕਦੇ, ਆਪਣੇ ਲਫ਼ਜ਼ਾਂ ਦੇ ਖ਼ਿਲਾਫ਼ ਕੋਈ ਵੀ ਸਬੂਤ ਤੇ ਉਹ ਵੀ ਇਕ ਨਿਕੰਮੇ ਟਹਲੀਏ ਦੇ ਮੂੰਹੋਂ ਸੁਣਨਾ ਅਪਮਾਨ ਨਾ ਸਮਝਿਆ, ਤਾਂ ਫਿਰ ਮੇਰੇ ਜਿਹੇ ਅਦਨਾ ਇਨਸਾਨ ਨੂੰ, ਜੋ ਭੁੱਲਾਂ ਕਰ ਸਕਦਾ ਹੈ, ਆਪਣੇ ਲਫ਼ਜ਼ਾਂ ਦੇ ਖ਼ਿਲਾਫ਼ ਹਰ ਸਬੂਤ ਦੀ ਉਡੀਕ ਕਰਨ ਲਈ, ਕਿੰਨਾ ਤਿਆਰ ਰਹਿਣਾ ਚਾਹੀਦਾ ਹੈ। ਇਸ ਲਈ ਮੈਂ ਮਿਹਰਬਾਨ ਸਮਰਾਟ ਨੂੰ, ਪ੍ਰਸਿੱਧ ਰਾਜਿਆਂ ਨੂੰ ਤੇ ਹਰ ਸੰਭਵ ਮਨੁੱਖ ਨੂੰ, ਚਾਹੇ ਉਹਦਾ ਰੁਤਬਾ ਉੱਚੇ ਤੋਂ ਉੱਚਾ ਹੋਵੇ ਜਾਂ ਨੀਵੇਂ ਤੋਂ ਨੀਵਾਂ, ਇਹ ਇਲਤਜਾਅ ਕਰਦਾ ਹਾਂ ਕਿ ਮੇਰੇ ਸਾਹਮਣੇ ਸਬੂਤ ਰੱਖਣ, ਮੇਰੇ ਉਤੇ ਗ਼ਲਤੀਆਂ ਦੇ ਇਲਜ਼ਾਮ ਲਾਣ ਤੇ ਮੈਨੂੰ ਪੈਗੰਬਰੀ ਜਾਂ ਅੰਜੀਲੀ ਧਰਮ ਗ੍ਰੰਥਾਂ ਦੇ ਹਵਾਲਿਆਂ ਨਾਲ ਹਰਾ ਦੇਣ।ਮੈਂ ਆਪਣੀ ਅਜਿਹੀ ਹਰ ਰਾਏ ਨੂੰ ਬਦਲਣ ਲਈ ਤਿਆਰ ਹਾਂ,



ਜਿਹਨੂੰ ਮੇਰੇ ਸਾਹਮਣੇ ਗ਼ਲਤ ਸਾਬਿਤ ਕਰ ਦੇਣ, ਬਲਕਿ ਆਪਣੀਆਂ ਅਜਿਹੀਆਂ ਕਿਤਾਬਾਂ ਨੂੰ ਸਭ ਤੋਂ ਪਹਿਲਾਂ ਮੈਂ ਖ਼ੁਦ ਹੀ ਅੱਗ ਦੇ ਹਵਾਲੇ ਕਰਾਂਗਾ।

ਇਸ ਤੋਂ ਇਹ ਗੱਲ ਬਹੁਤ ਕੁਝ ਸਾਫ਼ ਹੋ ਗਈ ਹੋਵੇਗੀ ਕਿ ਮੇਰੇ ਉਪਦੇਸ਼ ਕਾਰਨ ਹਰ ਥਾਵੇਂ ਜੋ ਬੇਚੈਨੀ ਤੇ ਮੁਖ਼ਾਲਫ਼ਤ, ਪਰੇਸ਼ਾਨੀਆਂ ਤੇ ਖ਼ਤਰੇ ਪੈਦਾ ਹੋਏ ਹਨ ਤੇ ਜਿਨ੍ਹਾਂ ਦਾ ਕੱਲ੍ਹ ਮੇਰੇ ਉਤੇ ਗੰਭੀਰ ਤੇ ਤਗੜਾ ਇਲਜ਼ਾਮ ਲਾਇਆ ਗਿਆ, ਉਹਨਾਂ ਉਤੇ ਮੈਂ ਬੜੇ ਧਿਆਨ ਨਾਲ ਸੋਚ-ਵਿਚਾਰ ਕੀਤਾ ਹੈ। ਮੇਰੇ ਲਈ ਤਾਂ ਇਹ ਬੜੀ ਹਿੰਮਤ ਬੰਨ੍ਹਣ ਵਾਲੀ ਗੱਲ ਹੈ ਕਿ ਰੱਬੀ-ਬਚਨਾਂ ਬਾਰੇ ਇੰਜ ਬੇਚੈਨੀ ਤੇ ਵਿਰੋਧ ਪੈਦਾ ਹੋ ਰਿਹਾ ਹੈ, ਕਿਉਂਕਿ ਰੱਬੀ-ਬਚਨਾਂ ਦਾ ਇਹੀ ਪ੍ਰਭਾਵ ਤੇ ਦਸਤੂਰ ਹੁੰਦਾ ਹੈ, ਜਿਵੇਂ ਈਸਾ ਮਸੀਹ ਨੇ ਕਿਹਾ ਹੈ (ਮੈਥਯੂ 10,34) ਮੈਂ ਸ਼ਾਂਤੀ ਨਹੀਂ, ਤਲਵਾਰ ਦੇਣ ਲਈ ਆਇਆ ਹਾਂ, ਕਿਉਂਕਿ ਮੈਂ ਇਨਸਾਨ ਨੂੰ ਆਪਣੇ ਬਾਪ ਦੇ ਵਿਰੁੱਧ ਖੜਾ ਕਰਨ ਲਈ ਆਇਆ ਹਾਂ, ਇਸ ਲਈ ਸਾਨੂੰ ਵਿਚਾਰ ਕਰਨੀ ਚਾਹੀਦੀ ਹੈ ਕਿ ਰੱਬੀ ਢੰਗ ਕਿੰਨੇ ਅਜੀਬੋ-ਗ਼ਰੀਬ ਤੇ ਭਿਆਨਕ ਹੁੰਦੇ ਹਨ, ਜਿਹਦੇ ਅਖ਼ੀਰ ਵਿਚ ਅਸੀਂ ਅਸ਼ਾਂਤੀ ਨੂੰ ਰੋਕਣ ਲਈ ਜਿਹੜੇ ਉਪਾਅ ਅਪਣਾਈਏ, ਉਹ ਕਿਤੇ ਧਰਮ ਗ੍ਰੰਥ ਦੀ ਨਿੰਦਿਆ ਤੋਂ ਨਾ ਸ਼ੁਰੂ ਹੋਣ ਤੇ ਬਿਲਕੁਲ ਅਸਹਿ ਮੁਸੀਬਤਾਂ ਦਾ ਹੜ੍ਹ ਨਾ ਲੈ ਔਣ। ਸਾਨੂੰ ਏਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਡੇ ਤੇਜਸਵੀ ਜਵਾਨ ਬਾਦਸ਼ਾਹ ਚਾਰਲਸ ਦੀ ਹਕੂਮਤ, ਜਿਹਦੇ ਕੋਲੋਂ ਸਾਨੂੰ ਰੱਬ ਤੋਂ ਬਾਅਦ ਸਭ ਤੋਂ ਵੱਧ ਆਸਾਂ ਹਨ, ਕੋਈ ਬਦਨਸੀਬ ਤੇ ਮਾਰੂ ਮੋੜ ਨਾ ਲੈ ਲਏ। ਇਥੇ ਮੈਂ ਧਰਮ ਗ੍ਰੰਥਾਂ ਵਿਚੋਂ ਫ਼ਰਓਹ, ਬੇਬਿਲੋਨ ਦੇ ਸ਼ਾਹ ਤੇ ਇਜ਼ਰਾਈਲ ਦੇ ਰਾਜਿਆਂ ਦੀਆਂ, ਬਹੁਤ ਸਾਰੀਆਂ ਮਿਸਾਲਾਂ ਦੇ ਸਕਦਾ ਹਾਂ ਕਿ ਕਿਸ ਤਰ੍ਹਾਂ ਜਦੋਂ ਉਹ ਆਪਣੇ ਰਾਜ ਵਿਚ ਅਮਨ ਕਾਇਮ ਰੱਖਣ ਲਈ ਬੜੀਆਂ ਚੁਕੰਨੀਆਂ ਯੋਜਨਾਵਾਂ ਨੂੰ ਲਾਗੂ ਕਰਨ ਲਗੇ, ਉਦੋਂ ਠੀਕ ਉਸੇ ਵੇਲੇ ਉਹਨਾਂ ਦੀ ਬਰਬਾਦੀ ਹੋ ਗਈ, ਕਿਉਂਕਿ ਰੱਬ ਚਲਾਕ ਲੋਕਾਂ ਨੂੰ ਉਹਨਾਂ ਦੀ ਚਲਾਕੀ ਤੋਂ ਹੀ ਫੜਦਾ ਹੈ ਤੇ ਉਹਨਾਂ ਦੇ ਚੁਕੰਨਿਆਂ ਹੋਣ ਤੋਂ ਪਹਿਲਾਂ ਹੀ ਦੇਂਦਾ ਹੈ। ਇਸ ਤਰ੍ਹਾਂ ਲੋੜ ਇਸ ਗੱਲ ਦੀ ਹੈ ਕਿ ਅਸੀਂ ਰੱਬ ਤੋਂ ਡਰੀਏ।ਇੰਜ ਮੈਂ ਇਸ ਲਈ ਨਹੀਂ ਆਖ ਰਿਹਾ ਕਿ ਅਜਿਹੇ ਪ੍ਰਤਾਪੀ ਰਾਜਿਆਂ ਨੂੰ ਮੇਰੇ ਉਪਦੇਸ਼ ਤੇ ਚੇਤਾਵਨੀ ਦੀ ਲੋੜ ਹੈ, ਬਲਕਿ ਏਸ ਲਈ ਕਿ ਆਪਣੀ ਪਿਆਰੀ ਜਰਮਨੀ ਦੀ ਜਿਹੜੀ ਖ਼ਿਦਮਤ ਦੀ ਜ਼ਿੰਮੇਵਾਰੀ ਮੇਰੇ ਉਤੇ ਹੈ, ਉਸ ਤੋਂ ਮੈਂ ਵਾਂਝਿਆਂ ਨਾ ਰਹਿ ਜਾਵਾਂ।ਇਸ ਤਰ੍ਹਾਂ ਮੈਂ ਮਿਹਰਬਾਨ ਸਮਰਾਟ ਤੇ ਨਾਮੀ ਰਾਜਿਆਂ ਅੱਗੇ ਨਿਮਰਤਾ ਸਹਿਤ ਅਰਜ਼ ਕਰਨਾ ਚਾਹੁੰਦਾ ਹਾਂ ਕਿ ਉਹ ਅਕਾਰਣ ਮੇਰੇ ਉਤਸ਼ਾਹੀ ਮੁਖ਼ਾਲਫ਼ਾਂ ਦੇ ਕਹਿਣੇ ਵਿਚ ਨਾ ਔਣ।

ਪਰਬਤ ਉਲਟਾ ਮੈਂ ਬਸ ਏਨਾ ਹੀ ਆਖਣਾ ਹੈ।

ਇਹਨਾਂ ਲਫ਼ਜ਼ਾਂ ਤੋਂ ਬਾਅਦ ਸਮਰਾਟ ਦੇ ਪ੍ਰਤੀਨਿਧ ਨੇ ਖਹੁਰੀ ਤਰ੍ਹਾਂ ਆਖਿਆ ਕਿ ਮੈਂ ਮੁਨਾਸਿਬ ਉਤਰ ਨਹੀਂ ਦਿੱਤਾ ਤੇ ਜਿਸ ਗੱਲ ਲਈ ਪਹਿਲਾਂ ਹੀ ਕੌਂਸਲਾਂ ਵਿਚ ਮੈਂ ਨਿਖੇਧਿਆ ਗਿਆ ਹਾਂ ਤੇ ਜੋ ਫ਼ੈਸਲਾ ਹੋ ਚੁੱਕਾ ਹੈ, ਉਸ ਉਤੇ ਮੁੜ ਕੇ ਬਹਿਸ ਨਹੀਂ ਹੋ ਸਕਦੀ। ਇਸ ਲਈ ਉਹ ਮੇਰੇ ਕੋਲੋਂ ਸਿੱਧਾ-ਸਾਦਾ ਜਵਾਬ ਮੰਗਦੇ ਹਨ ਕਿ ਮੈਂ ਆਪਣੀ ਗ਼ਲਤੀ ਕਬੂਲਣ ਨੂੰ ਤੇ ਆਪਣੀ ਰਾਏ ਬਦਲਣ ਨੂੰ ਤਿਆਰ ਹਾਂ ਕਿ ਨਹੀਂ?

ਇਸ 'ਤੇ ਮੈਂ ਆਖਿਆ, ਕਿਉਂਕਿ ਮੇਰੇ ਮਿਹਰਬਾਨ ਮੇਰੇ ਕੋਲੋਂ ਸਿੱਧਾ ਜਵਾਬ ਚਾਹੁੰਦੇ ਹਨ, ਇਸ ਲਈ ਮੈਂ ਸਿੱਧਾ ਬਿਨਾਂ ਕਿਸੇ ਘੁੰਤਰ ਦੇ, ਆਖਦਾ ਹਾਂ ਤੇ ਮੇਰਾ ਆਖਣਾ ਇਹ ਹੈ : ਜੇ ਮੈਨੂੰ ਧਰਮ ਗ੍ਰੰਥਾਂ ਦੇ ਪ੍ਰਮਾਣਾਂ ਨਾਲ ਜਾਂ ਸਾਫ਼-ਸਾਫ਼ ਤਰਕਸ਼ੀਲ ਦਲੀਲਾਂ ਨਾਲ ਨਹੀਂ ਹਰਾਇਆ ਜਾ ਸਕਦਾ, ਤਾਂ ਮੈਂ ਧਰਮ ਗ੍ਰੰਥਾਂ ਦੇ ਉਹਨਾਂ ਅੰਸ਼ਾਂ ਤੋਂ ਹੀ ਹਾਰਿਆ ਰਵਾਂਗਾ, ਜਿਨ੍ਹਾਂ ਦਾ ਮੈਂ ਹਵਾਲਾ ਦਿੱਤਾ ਸੀ। ਮੇਰੀ ਆਤਮਾ ਰੱਬ ਦੇ ਬਚਨਾਂ ਨਾਲ ਬੰਨ੍ਹੀ ਹੋਈ ਹੈ। ਮੈਂ ਸਿਰਫ਼ ਪੋਪ ਜਾਂ ਕੌਂਸਲਾਂ ਉਤੇ ਵਿਸ਼ਵਾਸ ਕਰਨ ਨੂੰ ਤਿਆਰ ਨਹੀਂ, ਕਿਉਂਕਿ ਇਹ ਸਾਰੇ ਜਾਣਦੇ ਹਨ ਕਿ ਇਹਨਾਂ ਤੋਂ ਅਕਸਰ ਭੁੱਲਾਂ ਹੁੰਦੀਆਂ ਰਹਿੰਦੀਆਂ ਹਨ ਤੇ ਉਹ ਆਪੋ ਵਿਚ ਵੀ ਵਿਰੋਧੀ ਰਾਵਾਂ ਰੱਖਦੇ ਹਨ। ਮੈਂ ਆਪਣੀ ਕੋਈ ਵੀ ਰਾਏ ਨਹੀਂ ਬਦਲ ਸਕਦਾ ਤੇ ਨਾ ਬਦਲਾਂਗਾ, ਕਿਉਂਕਿ ਆਪਣੀ ਆਤਮਾ ਦੇ ਖ਼ਿਲਾਫ਼ ਕੁਝ ਵੀ ਕਰਨਾ ਨਾ ਬੇਖ਼ਤਰ ਹੈ, ਨਾ ਉਚਿਤ।

**ਖ਼ੁਦਾ ਮੇਰਾ ਮਦਦਗਾਰ ਹੋਵੇ ! ਆਮੀਨ !**

ਦਿੱਤਾ ਗਿਆ, ਪਰ ਉਸ ਨੂੰ ਇਸ ਤੋਂ ਬਾਅਦ ਲੂਥਰ ਨੂੰ ਦੇਸ਼ ਨਿਕਾਲਾ ਦੇ ਸੈਕਸੋਨੀ ਦੇ ਚੋਣਕਾਰ ਕੋਲ ਆਸਰਾ ਮਿਲ ਗਿਆ, ਤੇ 1521 ਤੋਂ 1534 ਤੱਕ ਉਥੇ ਰਿਹਾ। ਇਹ ਕੰਮ ਆਮ ਲੋਕਾਂ ਦੇ ਵਿਕਾਸ ਲਈ ਸਭ ਤੋਂ ਜ਼ਰੂਰੀ ਬਾਈਬਲ ਦੇ ਜਰਮਨ ਅਨੁਵਾਦ ਵਿਚ ਲਗਾ ਸਮਝ ਵਿਚ ਆ ਸਕਣ ਵਾਲੀ ਜਰਮਨ ਜ਼ਬਾਨ ਸਾਬਤ ਹੋਇਆ। ਧਰਮ-ਸੁਧਾਰ ਅੰਦੋਲਨ ਬਿਨਾਂ ਕਿਸੇ ਵਿਘਨ ਦੇ ਜਰਮਨੀ ਭਰ ਵਿਚ ਫ਼ੈਲ ਰਿਹਾ ਸੀ, ਜਿਹਦਾ ਨਤੀਜਾ ਇਹ ਹੋਇਆ ਕਿ ਰੋਮਨ ਕੈਥੋਲਿਕ ਚਰਚ ਦੇ ਨਾਲ ਨਾਲ ਪ੍ਰੋਟੈਸਟੈਂਟ ਚਰਚ ਦੀ ਵੀ ਸਥਾਪਨਾ ਹੋਈ।

ਧਰਮ-ਸੁਧਾਰ ਅੰਦੋਲਨ ਦਾ ਇਕ ਫੌਰੀ ਨਤੀਜਾ ਕਿਸਾਨਾਂ ਦੀ ਬਗ਼ਾਵਤ ਦੇ ਰੂਪ ਵਿਚ ਹੋਇਆ। ਉਹ ਅਨਿਸਚਿਤ ਰਾਜਨੀਤਕ ਤੇ ਸਮਾਜਕ ਹਾਲਤਾਂ, ਖੇਤਰੀ ਰਾਜਿਆਂ ਦੀ ਆਪਮੁਹਾਰੀ ਸੱਤਾ ਤੇ ਸਿਰਫ਼ ਸ਼ਹਿਰਾਂ ਨੂੰ ਖ਼ੁਸ਼ਹਾਲ ਕਰਨ ਵਾਲੀ ਆਰਥਿਕਤਾ ਵਿਚ ਪਿਸ ਰਹੇ ਸਨ। ਕਿਸਾਨਾਂ ਉੱਤੇ ਜਗੀਰਦਾਰ ਅਜਿਹੇ ਅੱਤਿਆਚਾਰ ਕਰਦੇ ਸਨ, ਜਿਵੇਂ ਉਹ ਸਮਾਜ ਤੋਂ ਨਿਕਲੇ ਹੋਏ ਲੁਟੇਰੇ ਹੋਣ ਤੇ ਉਹ ਉਹਨਾਂ ਤੋਂ ਬੰਦਖਲਾਸੀ ਚਾਹੁੰਦੇ ਸਨ। 1525 ਵਿਚ ਤਿਆਰ ਕੀਤੇ ਗਏ 'ਬਾਰਾਂ ਸੂਤਰ' ਦੱਖਣੀ ਜਰਮਨੀ ਤੋਂ ਹਾਸਿਲ ਹੋਏ ਹਨ।ਇਹਨਾਂ ਵਿਚ ਕਿਸਾਨ ਕੁਝ ਵਾਜਬ ਮੰਗਾਂ ਰੱਖਦੇ ਹਨ, ਜਿਨ੍ਹਾਂ ਬਾਰੇ ਉਹ ਰੱਬੀ ਵਚਨਾਂ ਦਾ ਵੀ ਹਵਾਲਾ ਦੇਂਦੇ ਹਨ।

# ਮਜ਼ਦੂਰ ਸੰਘਰਸ਼ਾਂ ਨੂੰ ਕੁਚਲਣ ਲਈ ਭਗਵਾਂ ਹਕੂਮਤ ਜਬਰ ਦੇ ਰਾਹ 'ਤੇ

**ਬੂਟਾ ਸਿੰਘ ਮਹਿਮੂਦਪੁਰ**

ਆਖ਼ਿਰਕਾਰ ਦਿੱਲੀ ਅਤੇ ਇਸ ਦੇ ਨਾਲ ਲੱਗਦੇ ਸਨਅਤੀ ਖੇਤਰ ਦੇ ਮਜ਼ਦੂਰਾਂ ਅੰਦਰ ਅੰਦਰੋ-ਅੰਦਰੀ ਖੌਲ ਰਹੀ ਬੇਚੈਨੀ ਸੜਕਾਂ 'ਤੇ ਆ ਗਈ ਹੈ। ਹਾਲਾਂਕਿ ਮਸਲੇ ਦਾ ਮੂਲ ਕਾਰਨ ਉਦਯੋਗਾਂ ਦੀਆਂ ਮੈਨੇਜਮੈਂਟਾਂ ਵੱਲੋਂ ਨਾਮਨਿਹਾਦ ਕਿਰਤ ਕਾਨੂੰਨਾਂ ਦੀਆਂ ਖੁੱਲ੍ਹੇਆਮ ਧੱਜੀਆਂ ਉਡਾ ਕੇ ਮਜ਼ਦੂਰਾਂ ਦੀ ਅੰਨ੍ਹੀ ਲੁੱਟ-ਖਸੁੱਟ ਕਰਨਾ ਹੈ, ਪਰ ਇਸ ਦਾ ਫੌਰੀ ਕਾਰਨ ਈਰਾਨ ਵਿਰੁੱਧ ਅਮਰੀਕੀ-ਇਜ਼ਰਾਇਲੀ ਜੰਗ ਕਾਰਨ ਰਸੋਈ ਗੈਸ ਦੀ ਕਾਲਾ ਬਾਜ਼ਾਰੀ ਨਾਲ ਆਮ ਲੋਕਾਂ ਉੱਪਰ ਪਿਆ ਬੋਝ ਤੇ ਅਸਹਿ ਮਹਿੰਗਾਈ ਬਣਿਆ ਹੈ। 1000 ਰੁਪਏ ਵਾਲਾ ਗੈਸ ਸਿਲੰਡਰ ਚਾਰ-ਪੰਜ ਹਜ਼ਾਰ ਵਿਚ ਵੇਚੇ ਜਾਣ ਕਾਰਨ ਮਜ਼ਦੂਰ ਦੀ ਤੀਜੇ ਹਿੱਸੇ ਤੋਂ ਵੀ ਵੱਧ ਤਨਖ਼ਾਹ ਗੈਸ ਸਿਲੰਡਰ ਉੱਪਰ ਖ਼ਰਚ ਹੋਣ ਨਾਲ ਗੁਜ਼ਾਰੇ ਦਾ ਸੰਕਟ ਅਸਹਿ ਹੋ ਗਿਆ ਹੈ। ਇਨ੍ਹਾਂ ਹਾਲਤਾਂ ਤੋਂ ਤੰਗ ਆ ਕੇ ਵੱਡੇ ਸ਼ਹਿਰਾਂ ਤੋਂ ਹਜ਼ਾਰਾਂ ਮਜ਼ਦੂਰਾਂ ਦਾ ਆਪਣੇ ਜੱਦੀ ਰਾਜਾਂ ਨੂੰ ਮੁੜਨਾ ਇਸ ਡੂੰਘੇ ਸੰਕਟ ਦੀ ਦੱਸ ਪਾਉਂਦਾ ਹੈ।

ਮਜ਼ਦੂਰਾਂ ਦੇ ਰੋਹ ਨੂੰ ਠੰਢਾ ਕਰਨ ਲਈ ਯੂ.ਪੀ. ਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਸੰਬੰਧਤ ਸਨਅਤੀ ਖੇਤਰਾਂ ਦੇ ਮਜ਼ਦੂਰਾਂ ਦੀਆਂ ਤਨਖ਼ਾਹਾਂ ਵਿਚ ਕ੍ਰਮਵਾਰ 21 ਫੀਸਦੀ ਅਤੇ 35 ਫੀਸਦੀ ਵਾਧਾ ਕਰਨਾ ਪਿਆ। ਹਰਿਆਣਾ ਸਰਕਾਰ ਵੱਲੋਂ ਗੈਰਹੁਨਰਮੰਦ ਮਜ਼ਦੂਰ ਦੀ ਘੱਟੋ-ਘੱਟ ਤਨਖ਼ਾਹ ਦਸ ਸਾਲ ਬਾਅਦ 11274 ਰੁਪਏ ਤੋਂ ਵਧਾ ਕੇ 15220 ਰੁਪਏ ਕੀਤੀ ਗਈ ਹੈ। ਇਸੇ ਤਰ੍ਹਾਂ ਗੌਤਮ ਬੁੱਧ ਨਗਰ (ਨੋਇਡਾ ਇਸੇ ਜ਼ਿਲ੍ਹੇ ਵਿਚ ਹੈ) ਅਤੇ ਗਾਜ਼ੀਆਬਾਦ ਵਿਚ ਯੂ.ਪੀ. ਸਰਕਾਰ ਵੱਲੋਂ ਗੈਰਹੁਨਰਮੰਦ ਮਜ਼ਦੂਰ ਦੀ ਘੱਟੋ-ਘੱਟ ਤਨਖ਼ਾਹ ਵਧਾ ਕੇ 13690 ਅਤੇ ਹੁਨਰਮੰਦ ਦੀ 16868 ਕੀਤੀ ਗਈ ਹੈ। ਪ੍ਰਸ਼ਾਸਨ ਨੇ ਇਸ ਨੂੰ 'ਸੰਤੁਲਤ ਕਦਮ' ਦੱਸਿਆ ਹੈ ਅਤੇ ਮਜ਼ਦੂਰਾਂ ਦੀ ਘੱਟੋ-ਘੱਟ ਤਨਖ਼ਾਹ 20000 ਰੁਪਏ ਕਰਨ ਦੀ ਮੰਗ ਨੂੰ 'ਗੁੰਮਰਾਹਕੁਨ' ਕਿਹਾ ਹੈ। ਪ੍ਰਸ਼ਾਸਨ ਨੂੰ ਇਹ ਭਰੋਸਾ ਦਿਵਾਉਣਾ ਪਿਆ ਹੈ ਕਿ ਘੱਟੋ-ਘੱਟ ਤਨਖ਼ਾਹ ਦਿਵਾਈ ਜਾਵੇਗੀ ਅਤੇ ਮਜ਼ਦੂਰਾਂ ਦੇ ਹੋਰ ਮਸਲਿਆਂ ਦੇ ਹੱਲ ਲਈ ਕਦਮ ਚੁੱਕੇ ਜਾਣਗੇ। ਕੀ ਲੱਕਤੋੜ ਮਹਿੰਗਾਈ ਅਤੇ ਜੀਵਨ-ਲੋੜਾਂ ਦੇ ਖ਼ਰਚਿਆਂ ਵਿਚ ਹੋਏ ਅਸਹਿ ਵਾਧੇ ਦੇ ਮੱਦੇਨਜ਼ਰ ਤਨਖ਼ਾਹਾਂ ਵਿਚ ਕੀਤੇ ਇਸ ਨਿਗੂਣੇ ਵਾਧੇ ਨਾਲ ਮਜ਼ਦੂਰਾਂ ਦੀ ਜੂਨ ਸੁਧਰ ਜਾਵੇਗੀ ਅਤੇ ਬੇਚੈਨੀ ਖ਼ਤਮ ਹੋ ਜਾਵੇਗੀ?

ਭਾਰਤੀ ਰਾਜ, ਖ਼ਾਸ ਕਰਕੇ ਭਗਵਾਂ ਹਕੂਮਤ ਦੀ ਖੁੱਲ੍ਹੇਆਮ ਫਾਸ਼ੀ ਖ਼ਸਲਤ ਕਾਰਨ ਜਨਤਕ ਜਮਹੂਰੀ ਅੰਦੋਲਨਾਂ ਉੱਪਰ 'ਸਾਜ਼ਿਸ਼' ਦਾ ਠੱਪਾ ਲੱਗਣਾ ਹੈਰਾਨੀਜਨਕ ਨਹੀਂ ਹੈ। ਚਾਹੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ਼ ਦਾ ਮੋਰਚਾ ਹੋਵੇ, ਚਾਹੇ ਇਤਿਹਾਸਕ ਕਿਸਾਨ ਅੰਦੋਲਨ ਹੋਵੇ ਅਤੇ ਚਾਹੇ ਦਿੱਲੀ ਵਿਚ ਵਾਤਾਵਰਣ ਦੇ ਪ੍ਰਦੂਸ਼ਨ ਵਿਰੁੱਧ ਅੰਦੋਲਨ ਹੋਵੇ, ਇਹ ਭਗਵਾਂ ਹਕੂਮਤ ਦਾ ਤੈਅਸ਼ੁਦਾ ਪੈਟਰਨ ਹੈ ਕਿ ਕੋਈ ਵੀ ਲੋਕ ਅੰਦੋਲਨ ਉੱਠਣ 'ਤੇ ਸਰਕਾਰ ਅਤੇ ਪੁਲਸ ਨੇ ਸਰਕਾਰ ਵਿਰੁੱਧ 'ਬਦਅਮਨੀ ਫੈਲਾਉਣ ਦੀ ਸਾਜ਼ਿਸ਼' ਅਤੇ 'ਸਾਜ਼ਿਸ਼ ਦੇ ਮਾਸਟਰ ਮਾਈਂਡ' ਦਾ ਬਿਰਤਾਂਤ ਪ੍ਰਚਾਰਨਾ ਹੀ ਹੁੰਦਾ ਹੈ। ਵਾਜਬ ਸੰਘਰਸ਼ ਦੀ ਹਕੀਕਤ ਤੋਂ ਆਮ ਲੋਕਾਈ ਨੂੰ ਦੂਰ ਰੱਖਣ ਅਤੇ ਸੰਘਰਸ਼ਸ਼ੀਲ ਹਿੱਸਿਆਂ ਪ੍ਰਤੀ ਲੋਕਾਂ ਦੇ ਹੋਰ ਹਿੱਸਿਆਂ ਵਿਚ ਬਣਨ ਵਾਲੀ ਹਮਦਰਦੀ ਨੂੰ ਰੋਕਣ ਲਈ ਅਜਿਹਾ ਪ੍ਰਚਾਰ ਕਰਨਾ ਹਕੂਮਤ ਦੀ ਅਣਸਰਦੀ ਲੋੜ ਹੈ। ਹੁਣ ਵੀ ਇਕ ਪਾਸੇ



ਭਾਜਪਾਈ ਹੁਕਮਰਾਨਾਂ ਨੂੰ ਕੁਝ ਹੱਦ ਤੱਕ ਮਜ਼ਦੂਰਾਂ ਦੀਆਂ ਮੰਗਾਂ ਮੰਨਣੀਆਂ ਪਈਆਂ ਹਨ (ਇਹ ਮੰਗਾਂ ਮਜ਼ਦੂਰਾਂ ਵੱਲੋਂ ਮੈਨੇਜਮੈਂਟਾਂ, ਉਨ੍ਹਾਂ ਦੇ ਲੱਠਮਾਰਾਂ ਅਤੇ ਪੁਲਸ ਦੀ ਦਹਿਸ਼ਤ ਨੂੰ ਤੋੜ ਕੇ ਸੜਕਾਂ ਉੱਪਰ ਆਉਣ ਦੇ ਭਾਰੀ ਦਬਾਅ ਹੇਠ ਹੀ ਮੰਨੀਆਂ ਗਈਆਂ ਹਨ), ਪਰ ਨਾਲ ਹੀ ਮਜ਼ਦੂਰ ਸੰਘਰਸ਼ ਨੂੰ 'ਬਦਅਮਨੀ ਫੈਲਾਉਣ' ਅਤੇ 'ਵਿਕਾਸ ਨੂੰ ਰੋਕਣ' ਦੀ 'ਖ਼ਤਰਨਾਕ ਸਾਜ਼ਿਸ਼' ਕਰਾਰ ਦੇਣ ਦਾ ਸਰਕਾਰੀ ਬਿਰਤਾਂਤ ਵੀ ਜ਼ੋਰ-ਸ਼ੋਰ ਨਾਲ ਚਲਾਇਆ ਜਾ ਰਿਹਾ ਹੈ। ਪੁਲਸ ਅਧਿਕਾਰੀਆਂ ਅਤੇ ਸੱਤਾਧਾਰੀ ਧਿਰ ਦੇ ਆਗੂਆਂ ਵੱਲੋਂ ਮੀਡੀਆ ਕੈਮਰਿਆਂ ਅੱਗੇ ਐਲਾਨ ਕੀਤੇ ਗਏ ਹਨ ਕਿ ਇਸ ਅੰਦੋਲਨ ਪਿੱਛੇ 'ਸ਼ਹਿਰੀ ਨਕਸਲੀਆਂ' ਅਤੇ 'ਪਾਕਿਸਤਾਨ ਦੀ ਆਈ.ਐੱਸ.ਆਈ.' ਦਾ ਹੱਥ ਹੈ। ਖ਼ੁਦ ਮੁੱਖ ਮੰਤਰੀ ਅਦਿੱਤਿਆਨਾਥ ਨੇ ਮਜ਼ਦੂਰ ਹੜਤਾਲ ਨੂੰ 'ਨਕਸਲਵਾਦ ਨੂੰ ਮੁੜ ਜ਼ਿੰਦਾ ਕਰਨ ਦੀ ਸਾਜ਼ਿਸ਼' ਕਿਹਾ ਹੈ। ਔਰਤਾਂ ਸਮੇਤ ਸਰਗਰਮ ਮਜ਼ਦੂਰਾਂ ਨੂੰ ਗ੍ਰਿਫ਼ਤਾਰੀ ਬਾਰੇ ਸੁਪਰੀਮ ਕੋਰਟ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾ ਕੇ ਹਿਰਾਸਤ ਵਿਚ ਲਿਆ ਗਿਆ ਹੈ, ਮਜ਼ਦੂਰ ਕਾਰਕੁਨਾਂ ਨੂੰ 'ਸਾਜ਼ਿਸ਼ ਦੇ ਯੋਜਨਾਘਾੜੇ' ਦੱਸਿਆ ਜਾ ਰਿਹਾ ਹੈ ਅਤੇ ਸੈਂਕੜੇ ਆਮ ਮਜ਼ਦੂਰਾਂ ਨੂੰ ਅਗਵਾ ਕਰਨ ਤੋਂ ਬਾਅਦ ਲਾਪਤਾ ਕਰਕੇ ਜਾਂ ਜੇਲ੍ਹੀਂ ਡੱਕ ਕੇ ਡੰਡੇ ਦੇ ਰਾਜ ਦਾ ਖ਼ੌਫ਼ ਪੈਦਾ ਕੀਤਾ ਜਾ ਰਿਹਾ ਹੈ। ਕਈ ਮਜ਼ਦੂਰਾਂ ਨੂੰ ਤਨਖ਼ਾਹਾਂ ਵਧਾਏ ਜਾਣ ਤੇ ਐਲਾਨ ਤੋਂ ਬਾਅਦ ਮੈਨੇਜਮੈਂਟ ਵੱਲੋਂ ਕੰਮ 'ਤੇ ਬੁਲਾ ਕੇ ਗ੍ਰਿਫ਼ਤਾਰ ਕਰਵਾਇਆ ਗਿਆ। ਇਨ੍ਹਾਂ ਲਾਪਤਾ ਮਜ਼ਦੂਰਾਂ ਨੂੰ ਲੱਭ ਰਹੇ ਸੈਂਕੜੇ ਪਰਵਾਰ ਥਾਣਿਆਂ, ਕਚਹਿਰੀਆਂ ਤੇ ਜੇਲ੍ਹਾਂ ਵਿਚ ਧੱਕੇ ਖਾ ਰਹੇ ਹਨ। 'ਮਜ਼ਦੂਰ ਬਿਗਲ' ਜਥੇਬੰਦੀ ਦੇ ਕਾਰਕੁਨਾਂ ਤੋਂ ਇਲਾਵਾ ਪੱਤਰਕਾਰ ਤੇ ਬੁੱਧੀਜੀਵੀ ਸੱਤਿਅਮ ਵਰਮਾ ਨੂੰ ਵੀ ਜੇਲ੍ਹ ਵਿਚ ਬੰਦ ਕਰਨ ਅਤੇ ਹੋਰ ਬਹੁਤ ਸਾਰੇ ਕਾਰਕੁਨਾਂ ਨੂੰ ਛਾਪੇਮਾਰੀ ਰਾਹੀਂ ਪ੍ਰੇਸ਼ਾਨ ਕਰਨ ਦੀਆਂ ਰਿਪੋਰਟਾਂ ਹਨ।

ਪੁਲਸ ਅਧਿਕਾਰੀਆਂ ਨੇ ਇੱਥੋਂ ਤੱਕ ਦਾਅਵਾ ਕੀਤਾ ਹੈ ਕਿ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਤੋਂ ਹਾਸਲ ਕੀਤਾ ਡੇਟਾ ਦੱਸਦਾ ਹੈ ਕਿ ਦੋ ਕਾਰਕੁਨਾਂ ਅਦਿੱਤਿਆ ਆਨੰਦ ਅਤੇ ਰੂਪੇਸ਼ ਦੇ ਸੋਸ਼ਲ ਮੀਡੀਆ ਹੈਂਡਲ ਲਗਾਤਾਰ ਪਾਕਿਸਤਾਨ ਤੋਂ ਚਲਾਏ ਜਾ ਰਹੇ ਸਨ। ਇਸ ਝੂਠੇ ਬਿਰਤਾਂਤ ਨੂੰ ਆਪਣੀ ਲੋਕ ਵਿਰੋਧੀ ਖ਼ਸਲਤ ਅਨੁਸਾਰ ਗੋਦੀ ਮੀਡੀਆ ਵੱਲੋਂ ਚੀਕ-ਚੀਕ ਕੇ ਪ੍ਰਚਾਰਿਆ ਗਿਆ ਹੈ। ਉਹ ਸੱਤਾ ਨੂੰ ਇਹ ਸਵਾਲ ਨਹੀਂ ਕਰਨਗੇ ਕਿ ਜੇਕਰ ਬਦਅਮਨੀ ਪਿੱਛੇ ਸੱਚਮੁੱਚ ਇਨ੍ਹਾਂ 'ਦੇਸ਼ਧਰੋਹੀ' ਤਾਕਤਾਂ ਦਾ ਹੱਥ ਹੈ, ਫਿਰ ਤਾਂ ਇਨ੍ਹਾਂ ਤਾਕਤਾਂ ਦੇ ਦਬਾਅ ਹੇਠ ਆ ਕੇ ਮੰਗਾਂ ਮੰਨਣਾ ਬਿਲਕੁਲ ਹੀ ਗ਼ਲਤ ਹੈ? ਜਦਕਿ ਤਨਖ਼ਾਹਾਂ ਵਧਾਉਣਾ ਆਪਣੇ-ਆਪ ਵਿਚ ਇਸ ਦਾ ਸਬੂਤ ਹੈ ਕਿ ਸਾਜ਼ਿਸ਼ ਦਾ ਸਰਕਾਰੀ ਬਿਰਤਾਂਤ ਪੂਰੀ ਤਰ੍ਹਾਂ ਝੂਠਾ ਹੈ।

ਸਰਕਾਰ ਦੀ ਫ਼ਿਕਰਮੰਦੀ ਸਿਰਫ਼ ਇਹ ਨਹੀਂ ਹੈ ਕਿ ਇਹ ਮੰਗਾਂ ਮੰਨੇ ਜਾਣ ਨਾਲ ਸਰਮਾਏਦਾਰੀ ਦੇ ਮੁਨਾਫ਼ੇ ਘਟਣਗੇ, ਸਗੋਂ ਉਨ੍ਹਾਂ ਦੀ ਵਧੇਰੇ ਫ਼ਿਕਰਮੰਦੀ ਇਹ ਹੈ ਕਿ ਹੋਰ ਉਦਯੋਗਾਂ ਤੇ ਖੇਤਰਾਂ ਦੇ ਮਜ਼ਦੂਰ ਇਸ ਜਿੱਤ ਤੋਂ ਪ੍ਰੇਰਿਤ ਹੋ ਕੇ ਆਪਣੀਆਂ ਮੰਗਾਂ ਲਈ ਸੰਘਰਸ਼ ਦੇ ਰਾਹ ਨਾ ਤੁਰ ਪੈਣ ਅਤੇ ਕਿਧਰੇ ਆਉਣ ਵਾਲੇ ਸਮੇਂ ਵਿਚ ਇਹ ਮਜ਼ਦੂਰਾਂ ਦੀ ਵਿਆਪਕ ਲਹਿਰ ਨਾ ਬਣ ਜਾਵੇ। ਇਸੇ ਲਈ, ਹਰਿਆਣੇ ਵਿਚ ਤਨਖ਼ਾਹਾਂ ਵਧਾਉਣ ਤੋਂ ਤੁਰੰਤ ਬਾਅਦ ਮਜ਼ਦੂਰ ਜਥੇਬੰਦੀਆਂ ਨੂੰ ਤੋੜਨ ਲਈ ਜਾਬਰ ਹੱਲਾ ਵਿੱਢ ਦਿੱਤਾ ਗਿਆ। ਇਸੇ ਤਰ੍ਹਾਂ, ਯੋਗੀ ਸਰਕਾਰ ਵੱਲੋਂ ਪੂਰੇ ਨੋਇਡਾ ਖੇਤਰ ਨੂੰ ਪੁਲਸ ਦੀ ਛਾਉਣੀ ਬਣਾ ਕੇ ਮਜ਼ਦੂਰਾਂ ਵਿਰੁੱਧ ਹਕੂਮਤੀ ਦਹਿਸ਼ਤ ਦਾ ਝੱਖੜ ਝੁਲਾ ਦਿੱਤਾ ਗਿਆ।

ਵੱਖ-ਵੱਖ ਸਨਅਤੀ ਖੇਤਰਾਂ ਵਿਚ ਮਜ਼ਦੂਰਾਂ ਦੇ ਵਿਰੋਧ ਪ੍ਰਦਰਸ਼ਨ ਇਸ ਸਾਲ ਦੇ ਮੁੱਢ ਤੋਂ ਹੀ ਸ਼ੁਰੂ ਹੋ ਗਏ ਸਨ, ਜੋ ਅਪ੍ਰੈਲ ਦੇ ਪਹਿਲੇ ਹਫ਼ਤੇ ਵਧੇਰੇ ਤਿੱਖੇ ਸੰਘਰਸ਼ 'ਚ ਬਦਲ ਗਏ। ਪਹਿਲਾਂ ਬਰੌਨੀ (ਬਿਹਾਰ) ਦੇ ਮਜ਼ਦੂਰ ਅਤੇ ਫਿਰ ਸੂਰਤ, ਪਾਣੀਪਤ, ਮਾਨੇਸਰ ਤੇ ਨੋਇਡਾ ਦੇ ਮਜ਼ਦੂਰ ਸੜਕਾਂ 'ਤੇ ਆ ਗਏ। ਫਰਵਰੀ ਮਹੀਨੇ ਪਾਣੀਪਤ ਵਿਚ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਬੁਨਿਆਦੀ ਢਾਂਚਾ ਵਿਸਤਾਰ ਦਾ ਕੰਮ ਕਰ ਰਹੀ ਧੜਵੈਲ ਕੰਪਨੀ 'ਲਾਰਸਨ ਐਂਡ ਟਿਊਬਰੋ' ਦੇ ਠੇਕਾ ਮਜ਼ਦੂਰਾਂ ਵੱਲੋਂ ਹੜਤਾਲ ਕੀਤੀ ਗਈ। 6 ਦਿਨ ਚੱਲੀ ਹੜਤਾਲ ਨੂੰ ਦਬਾਉਣ ਲਈ ਬੇਤਹਾਸ਼ਾ ਜਬਰ ਕੀਤਾ ਗਿਆ ਅਤੇ 2500 ਅਣਪਛਾਤੇ ਮਜ਼ਦੂਰਾਂ ਵਿਰੁੱਧ ਸੰਗੀਨ ਧਾਰਾਵਾਂ ਲਗਾ ਕੇ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ, ਜਿਨ੍ਹਾਂ ਦੇ ਤਹਿਤ ਪੁਲਸ ਜਦੋਂ ਵੀ ਚਾਹੇ, ਕਿਸੇ ਨੂੰ ਵੀ ਗ੍ਰਿਫ਼ਤਾਰ ਕਰ ਸਕਦੀ ਹੈ।

3 ਅਪ੍ਰੈਲ ਨੂੰ ਹੌਂਡਾ ਦੇ ਮਾਨੇਸਰ ਪਲਾਂਟ ਵਿਚ ਹੜਤਾਲ ਹੋਈ, ਜੋ ਦੋ-ਤਿੰਨ ਦਿਨਾਂ 'ਚ ਹੀ ਟੈਕਸਟਾਈਲ ਤੇ ਹੋਰ ਫੈਕਟਰੀਆਂ ਵਿਚ ਫੈਲ ਗਈ। ਇਸੇ ਦੇ ਦਬਾਅ ਹੇਠ ਹਰਿਆਣਾ ਸਰਕਾਰ ਗ਼ੈਰਹੁਨਰਮੰਦ ਮਜ਼ਦੂਰ ਦੀ ਘੱਟੋਘੱਟ ਤਨਖ਼ਾਹ ਵਧਾ ਕੇ 15520 ਕਰਨ ਲਈ ਮਜਬੂਰ ਹੋਈ। ਯਾਦ ਰਹੇ ਕਿ ਪਿਛਲੇ ਸਾਲ ਹਰਿਆਣਾ ਸਰਕਾਰ, ਸਨਅਤੀ ਐਸੋਸੀਏਸ਼ਨਾਂ ਅਤੇ ਟਰੇਡ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਲੈ ਕੇ ਜੋ 'ਘੱਟੋ-ਘੱਟ ਉਜਰਤ ਕਮੇਟੀ' ਬਣਾਈ ਗਈ ਸੀ, ਉਸ ਨੇ ਘੱਟੋ-ਘੱਟ ਤਨਖ਼ਾਹ 23196 ਰੁਪਏ ਦੇਣ ਦੀ ਸਿਫ਼ਾਰਸ਼ ਕੀਤੀ ਸੀ, ਸਰਕਾਰ ਵੱਲੋਂ ਤਾਜ਼ਾ ਵਾਧਾ ਉਸ ਸਿਫ਼ਾਰਸ਼ ਤੋਂ ਬਹੁਤ ਜ਼ਿਆਦਾ ਘੱਟ ਹੈ। ਐਨੇ ਵੱਡੇ ਪਾੜੇ ਤੋਂ ਸਰਕਾਰਾਂ ਦੀ ਮਜ਼ਦੂਰ ਵਿਰੋਧੀ ਮਨਸ਼ਾ ਸਾਫ਼ ਦੇਖੀ ਜਾ ਸਕਦੀ ਹੈ। ਇਕ ਪਾਸੇ ਸਰਕਾਰ ਨੇ ਉਜਰਤ ਥੋੜ੍ਹੀ ਵਧਾ ਦਿੱਤੀ ਅਤੇ ਦੂਜੇ ਪਾਸੇ ਦੋ ਕੰਪਨੀਆਂ ਦੀਆਂ ਮੈਨੇਜਮੈਂਟਾਂ ਨੇ ਉੱਥੇ ਕੰਮ ਕਰ ਰਹੀਆਂ ਮਜ਼ਦੂਰ ਯੂਨੀਅਨਾਂ ਵਿਰੁੱਧ ਇਰਾਦਾ ਕਤਲ, ਭੰਨਤੋੜ ਅਤੇ ਹਮਲੇ ਵਰਗੇ ਸੰਗੀਨ ਦੋਸ਼ ਲਾ ਕੇ ਪਰਚੇ ਦਰਜ ਕਰਵਾ ਦਿੱਤੇ, ਜਿਨ੍ਹਾਂ ਤਹਿਤ 20 ਔਰਤਾਂ ਸਮੇਤ 55 ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜੁਡੀਸ਼ੀਅਲ ਹਿਰਾਸਤ ਤਹਿਤ ਜੇਲ੍ਹ ਭੇਜ ਦਿੱਤੇ ਗਏ।

ਨੋਇਡਾ ਵਿਚ 13 ਅਪ੍ਰੈਲ ਨੂੰ ਮਜ਼ਦੂਰਾਂ ਵੱਲੋਂ ਆਪ-ਮੁਹਾਰੇ ਕੀਤੀ ਹੜਤਾਲ ਤੇਜ਼ੀ ਨਾਲ ਹੋਰ ਫੈਕਟਰੀਆਂ ਅਤੇ ਸੈਕਟਰਾਂ ਵਿਚ ਫੈਲ ਗਈ। ਸ਼ਾਮ ਤੱਕ 45000 ਦੇ ਕਰੀਬ ਮਜ਼ਦੂਰ ਸੰਘਰਸ਼ ਵਿਚ ਸ਼ਾਮਲ ਹੋ ਗਏ ਸਨ, ਜਿਨ੍ਹਾਂ ਵਿਚ ਗਾਰਮੈਂਟ, ਇਲੈਕਟ੍ਰਾਨਿਕਸ, ਆਟੋ-ਪਾਰਟਸ ਉਦਯੋਗ ਅਤੇ ਹੋਰ ਨਿਰਯਾਤ ਆਧਾਰਤ ਕੰਪਨੀਆਂ ਦੇ ਮਜ਼ਦੂਰ ਸ਼ਾਮਲ ਸਨ। ਜਦੋਂ ਮਜ਼ਦੂਰਾਂ ਦੀ ਲਾਮਬੰਦੀ ਤੋਂ ਬੁਖਲਾਈ ਪੁਲਸ ਅਤੇ ਰੈਪਿਡ ਐਕਸ਼ਨ ਫੋਰਸ ਨੇ ਸ਼ਾਂਤਮਈ ਇਕੱਠ ਉੱਪਰ ਹਿੰਸਕ ਹਮਲਾ ਕਰ ਦਿੱਤਾ ਤਾਂ ਮਜ਼ਦੂਰਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਅਤੇ ਉਨ੍ਹਾਂ ਨੇ ਡਟ ਕੇ ਟਾਕਰਾ ਕੀਤਾ। ਕੁਝ ਭੰਨਤੋੜ ਅਤੇ ਅਗਜ਼ਨੀ ਦੀਆਂ ਘਟਨਾਵਾਂ ਵੀ ਵਾਪਰੀਆਂ। ਹਿੰਸਕ ਘਟਨਾਵਾਂ ਪਿੱਛੇ ਉਨ੍ਹਾਂ ਅਨਸਰਾਂ ਦੀ ਭੂਮਿਕਾ ਵੀ ਰਹੀ ਹੋਵੇਗੀ, ਜਿਨ੍ਹਾਂ ਨੂੰ ਮੈਨੇਜਮੈਂਟਾਂ ਤੇ ਪੁਲਸ ਵੱਲੋਂ ਅੰਦੋਲਨ ਉੱਪਰ ਹਮਲਾ ਕਰਨ ਦੀ ਵਾਜਬੀਅਤ ਬਣਾਉਣ ਲਈ ਅਜਿਹੀ ਹਿੰਸਾ ਨੂੰ ਅੰਜਾਮ ਦੇਣ ਵਾਸਤੇ ਭੇਜਿਆ ਗਿਆ ਹੋਵੇਗਾ।

ਨੋਇਡਾ ਖੇਤਰ ਮੁਲਕ ਦੀ ਰਾਜਧਾਨੀ ਦੇ ਐਨ ਨੱਕ ਹੇਠ ਮਜ਼ਦੂਰਾਂ ਦੀ ਕਰੂਰ ਲੁੱਟਖਸੁੱਟ ਦਾ ਨਮੂਨਾ ਹੈ। ਇੱਥੇ ਮਜ਼ਦੂਰਾਂ ਨੂੰ ਨੌਂ-ਦਸ ਹਜ਼ਾਰ ਰੁਪਏ ਦੇ ਕੇ ਤਨਖ਼ਾਹ ਸਲਿੱਪਾਂ ਉੱਪਰ 18-20 ਹਜ਼ਾਰ ਰੁਪਏ 'ਤੇ ਦਸਤਖ਼ਤ ਕਰਾਏ ਜਾਂਦੇ ਹਨ। ਫੈਕਟਰੀਆਂ ਵਿਚ ਜਵਾਨ ਔਰਤਾਂ ਵੱਡੀ ਗਿਣਤੀ ਵਿਚ ਕੰਮ ਕਰਦੀਆਂ ਹਨ। ਉਨ੍ਹਾਂ ਦੀ ਤਨਖ਼ਾਹ ਮਰਦਾਂ ਨਾਲੋਂ ਵੀ ਘੱਟ ਹੈ ਅਤੇ ਕਈ ਤਾਂ ਫੈਕਟਰੀ ਅਧਿਕਾਰੀਆਂ ਦਾ ਜਿਨਸੀ ਸ਼ੋਸ਼ਣ ਵੀ ਝੱਲਦੀਆਂ ਹਨ। ਲੁੱਟ ਤੇ ਦਾਬੇ ਤੋਂ ਤੰਗ ਔਰਤ ਮਜ਼ਦੂਰਾਂ ਨੇ ਮੀਡੀਆ ਕੈਮਰਿਆਂ ਅੱਗੇ ਇਸ ਲੁੱਟ ਦਾ ਨਿਧੜਕ ਹੋ ਕੇ ਪਰਦਾਫਾਸ਼ ਕੀਤਾ ਹੈ। ਕੰਪਨੀ ਦਾ ਮਾਲਕ ਭਾਵੇਂ ਕੋਈ ਵੀ ਹੋਵੇ, ਫੈਕਟਰੀ/ਉਤਪਾਦਨ ਯੂਨਿਟ ਭਾਵੇਂ ਕਿਸੇ ਵੀ ਰਾਜ ਵਿਚ ਲਗਾਇਆ ਗਿਆ ਹੋਵੇ ਅਤੇ ਉੱਥੇ ਕੁਝ ਵੀ ਬਣਦਾ ਹੋਵੇ, ਸਰਮਾਏਦਾਰ ਕਾਰੋਬਾਰੀਆਂ ਵੱਲੋਂ ਮਜ਼ਦੂਰਾਂ ਦੀ ਮਿਹਨਤ ਹੜੱਪਣ ਲਈ ਸਟੇਟ ਦੀ ਮਿਲੀਭੁਗਤ ਨਾਲ ਥੋਪੇ ਲੋਟੂ ਦਸਤੂਰ ਦੀ ਕਰੂਰਤਾ ਹਰ ਥਾਂ ਹੀ ਇੱਕੋ ਜਹੀ ਹੈ। ਕੰਮ ਦੇ ਹਾਲਾਤ ਸਨਮਾਨਜਨਕ ਤੇ ਸੁਰੱਖਿਅਤ ਨਹੀਂ ਹਨ। ਨਾ ਕੰਮ ਦਾ ਸਮਾਂ ਤੈਅ ਹੈ ਅਤੇ ਨਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਬਦਲ ਚੁੱਕਾ ਭਾਰਤ ਦਾ ਰਾਜਸੀ ਨਕਸ਼ਾ ਤੇ ਖੱਬੀ ਲਹਿਰ ਬਾਰੇ ਇਬਨੇ ਇਨਸਾਂ ਦਾ ਨੁਸਖਾ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਮੈਨੂੰ ਉਹ ਵਕਤ ਪਤਾ ਨਹੀਂ, ਅਸਲ ਵਿੱਚ ਓਦੋਂ ਏਨੀ ਹੋਸ਼ ਨਹੀਂ ਸੀ, ਜਦੋਂ ਭਾਰਤ ਦੇ ਕਈ ਰਾਜਾਂ ਦੇ ਲੋਕਾਂ ਨੇ ਪਹਿਲੀ ਵਾਰੀ ਗੈਰ-ਕਾਂਗਰਸੀ ਸਰਕਾਰਾਂ ਬਣਨ ਦਾ ਮੌਕਾ ਸਿਰਜਿਆ ਸੀ। ਪੰਜਾਬ ਵਿੱਚ ਪਹਿਲੀ ਗੈਰ-ਕਾਂਗਰਸੀ ਸਰਕਾਰ ਅਕਾਲੀ ਦਲ ਦੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਬਣੀ ਤਾਂ ਇਸ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸੱਤਪਾਲ ਡਾਂਗ ਹੁਰੀਂ ਮੰਤਰੀ ਸਨ, ਉਸ ਵਕਤ ਭਾਰਤੀ ਜਨਤਾ ਪਾਰਟੀ ਹਾਲੇ ਨਹੀਂ ਸੀ ਬਣ ਸਕੀ ਅਤੇ ਉਸ ਦਾ ਪਹਿਲਾ ਸਿਆਸੀ ਰੂਪ ਜਨ ਸੰਘ ਉਸ ਸਾਂਝੀ ਸਰਕਾਰ ਵਿੱਚ ਸ਼ਾਮਲ ਸੀ। ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਸਭ ਤੋਂ ਵੱਡੇ ਆਗੂ ਹਰਕਿਸ਼ਨ ਸਿੰਘ ਸੁਰਜੀਤ ਉਸ ਸਰਕਾਰ ਨੂੰ ਚਲਾਉਣ ਵਾਲੇ ਸਾਂਝੇ ਮੋਰਚੇ ਦੇ ਕਨਵੀਨਰ ਬਣੇ। ਸਰਕਾਰ ਤਾਂ ਚੱਲ ਨਾ ਸਕੀ ਅਤੇ ਅਕਾਲੀ ਆਗੂ ਲਛਮਣ ਸਿੰਘ ਗਿੱਲ ਦੇ ਬਾਗੀ ਹੋਣ ਕਾਰਨ ਟੁੱਟ ਗਈ ਤੇ ਦੋਬਾਰਾ ਬਣੀ ਤਾਂ ਉਸ ਵਿੱਚ ਸੀ ਪੀ ਆਈ ਸ਼ਾਮਲ ਨਹੀਂ ਸੀ ਹੋਈ। ਜਦੋਂ ਜਸਟਿਸ ਗੁਰਨਾਮ ਸਿੰਘ ਸਰਕਾਰ ਵਿੱਚ ਸੀ ਪੀ ਆਈ ਸ਼ਾਮਲ ਸੀ, ਓਸੇ ਸਮੇਂ ਕਈ ਹੋਰ ਰਾਜਾਂ ਵਿੱਚ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਵਿੱਚ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਅਤੇ ਜਨ ਸੰਘ ਸ਼ਾਮਲ ਹੋਈਆਂ ਤਾਂ ਇਸ ਦਾ ਕਮਿਊਨਿਸਟ ਸਫਾਂ ਵਿੱਚ ਵਿਰੋਧ ਸ਼ੁਰੂ ਹੋ ਗਿਆ ਕਿ ਏਦਾਂ ਦੇ ਮੋਰਚੇ ਵਿੱਚ ਜਦੋਂ ਜਨ ਸੰਘ ਸ਼ਾਮਲ ਹੈ, ਕਮਿਊਨਿਸਟਾਂ ਨੂੰ ਨਹੀਂ ਜਾਣਾ ਚਾਹੀਦਾ। ਅਕਾਲੀ ਦਲ ਨਾਲ ਜੁੜਨ ਦੇ ਮੁੱਦੇ ਉੱਤੇ ਵੀ ਏਦਾਂ ਦਾ ਵਿਰੋਧ ਸੀ ਤੇ ਦੋਵੇਂ ਥਾਂਈਂ ਕਾਰਨ ਇਹ ਸੀ ਕਿ ਇਸ ਨਾਲ ਧਰਮ ਆਸਰੇ ਚੱਲਦੀਆਂ ਰਾਜਸੀ ਧਿਰਾਂ ਮਜ਼ਬੂਤ ਹੋਣਗੀਆਂ ਤੇ ਇੱਕ ਦਿਨ ਇਸ ਦੇਸ਼ ਅਤੇ ਦੇਸ਼ ਵਾਸੀਆਂ ਲਈ ਖਤਰਾ ਖੜੇ ਕਰਨ ਵਾਲੀਆਂ ਬਣ ਜਾਣਗੀਆਂ। ਸੀ ਪੀ ਆਈ ਬਹੁਤ ਜ਼ਿਆਦਾ ਸਮਾਂ ਗੁਆਏ ਬਿਨਾਂ ਅਗਲੀ ਚੋਣ ਸਮੇਂ ਲਾਂਭੇ ਹਟ ਗਈ, ਪਰ ਸੀ ਪੀ ਆਈ (ਐੱਮ) ਕੁਝ ਸਮਾਂ ਚਲਦੀ ਰਹੀ।

ਕਮਿਊਨਿਸਟਾਂ ਵਿਚਲੇ ਜਿਹੜੇ ਲੋਕ ਓਦੋਂ ਇਸ ਸਾਂਝ ਦਾ ਵਿਰੋਧ ਕਰਦੇ ਸਨ, ਉਨ੍ਹਾਂ ਵਿੱਚੋਂ ਇੱਕਾ-ਦੁੱਕਾ ਵਿਰਲਾ ਹੀ ਜਿਉਂਦਾ ਹੋ ਸਕਦਾ ਹੈ, ਸਮੇਂ ਨਾਲ ਬਹੁਤੇ ਇਸ ਦੁਨੀਆ ਤੋਂ ਜਾ ਚੁੱਕੇ ਹਨ, ਪਰ ਓਦੋਂ ਕਹੀਆਂ ਗੱਲਾਂ ਅੱਜ ਭਾਰਤ ਦੀ ਰਾਜਨੀਤੀ ਵਿੱਚ ਹਕੀਕਤ ਬਣ ਚੁੱਕੀਆਂ ਹਨ। ਪੱਛਮੀ ਬੰਗਾਲ ਵਰਗੇ ਬਤਾਲੀ ਲੋਕ ਸਭਾ ਸੀਟਾਂ ਵਾਲੇ ਰਾਜ ਦੀ ਅਸੈਂਬਲੀ ਚੋਣ ਵਿੱਚ ਭਾਜਪਾ ਜਿਵੇਂ ਹੂੰਝਾ ਫੇਰੂ ਜਿੱਤ ਨਾਲ ਅੱਗੇ ਵਧੀ, ਆਸਾਮ, ਮੱਧ ਪ੍ਰਦੇਸ਼, ਹਰਿਆਣਾ, ਉੱਤਰ ਪ੍ਰਦੇਸ਼ ਤੇ ਕਈ ਹੋਰ ਰਾਜਾਂ ਵਾਂਗ ਓਥੇ ਵੀ ਮੋੜਾ ਪੈਣ ਦੀ ਨੇੜ ਭਵਿੱਖ ਵਿੱਚ ਆਸ ਰੱਖਣੀ ਔਖੀ ਹੋਵੇਗੀ। ਇਹ ਆਮ ਚਰਚਾ ਹੈ ਤੇ ਇਸ ਸੋਚ ਦਾ ਕੋਈ ਵਿਰੋਧ ਕਰਨ ਵਾਲਾ ਵੀ ਕੋਈ ਨਹੀਂ ਲੱਭਦਾ। ਦੱਬੀ ਜ਼ਬਾਨ ਵਿੱਚ ਇਹ ਚਰਚਾ ਵੀ ਚੱਲ ਰਹੀ ਹੈ ਕਿ ਇਹ ਹਾਲਾਤ ਬਣਨ ਵਿੱਚ ਖੱਬੇ ਪੱਖੀਆਂ ਦੀਆਂ ਬੀਤੇ ਸਮੇਂ ਵਿੱਚ ਕੀਤੀਆਂ ਭੁੱਲਾਂ ਦੀ ਭੂਮਿਕਾ ਵੀ ਹੋ ਸਕਦੀ ਹੈ।

ਇਸ ਬਾਰੇ ਚਰਚਾ ਕਰਨਾ ਜਾਂ ਨਾ ਕਰਨਾ ਵੱਡੇ ਸਿਰਾਂ ਵਾਲਿਆਂ ਦਾ ਕੰਮ ਹੈ, ਅਸੀਂ ਇਸ ਵਿੱਚ ਨਹੀਂ ਪਵਾਂਗੇ ਅਤੇ ਇਸ ਦੀ ਥਾਂ ਇਸ ਵਕਤ ਦੇ ਸਿਆਸੀ ਨਕਸ਼ੇ ਨੂੰ ਵੇਖ ਕੇ ਅਗਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਕੰਮਾਂ ਲਈ ਉਨ੍ਹਾਂ ਨੂੰ ਜ਼ੋਰ ਦੇਣ ਦਾ ਯਤਨ ਕਰ ਸਕਦੇ ਹਾਂ। ਉਂਜ ਇਸ ਬਾਰੇ ਗੱਲ ਕਰਨਾ ਵੀ ਸੌਖਾ ਨਹੀਂ। ਪੰਜਾਬ ਦੇ ਇੱਕ ਮੁੱਖ ਮੰਤਰੀ ਨੂੰ ਰਾਜਸੀ ਘਟਨਾਵਾਂ ਦੀ ਹਾਥ ਰੱਖਦੇ ਕਿਸੇ ਵਿਚਾਰਵਾਨ ਨੂੰ ਮਿਲਣ ਬਾਰੇ ਕਿਸੇ ਨੇ ਸਲਾਹ ਦਿੱਤੀ ਗਈ ਤਾਂ ਉਸ ਨੇ ਕਿਹਾ ਸੀ ਕਿ ਕੀ ਲਾਭ ਹੈ ਉਸ ਨੂੰ ਮਿਲਣ ਦਾ, ਵਕਤ ਖਰਾਬ ਕਿਉਂ ਕਰਨਾ, ਜੇ ਉਹ ਵਿਚਾਰਵਾਨ ਰਾਜਨੀਤੀ ਦਾ ਏਨਾ ਮਾਹਰ ਹੁੰਦਾ, ਮੁੱਖ ਮੰਤਰੀ ਨਾ ਬਣ ਜਾਂਦਾ, ਫਿਰ ਲੋਕਾਂ ਨੇ ਮੈਨੂੰ ਕਿਉਂ ਬਣਾਉਣਾ ਸੀ? ਉਸ ਦਾ ਸਿੱਧਾ ਪੈਮਾਨਾ ਸੀ; ਰਾਜਨੀਤੀ ਦੀ ਅਗੇਤ-ਪਛੇਤ ਲਈ ਥਿੰਕ-ਟੈਂਕ ਮੰਨੇ ਜਾਂਦੇ ਵਿਚਾਰਵਾਨਾਂ ਅਤੇ ਬੁੱਧੀਜੀਵੀਆਂ ਦੀ ਕੋਈ ਲੋੜ ਨਹੀਂ ਹੁੰਦੀ, ਪੰਜਾਬੀ ਲੋਕਾਂ ਨੂੰ ਉਹ ਆਗੂ ਚਾਹੀਦਾ ਹੈ, ਜਿਹੜਾ ਨਿਰਾ ਲੂਣ ਵੀ ਗੁੰਨ੍ਹੀ ਜਾਵੇ ਤੇ ਉਹ ਜਾਣਦੇ ਵੀ ਹੋਣ ਕਿ ਲਿਫਾਫੇਬਾਜ਼ੀ ਕਰ ਰਿਹਾ ਹੈ, ਤਾਂ ਵੀ ਉਸ ਦੇ ਮਗਰ ਤਾੜੀਆਂ ਮਾਰੀ ਜਾਣ ਅਤੇ ਕਹੀ ਜਾਣ ਕਿ ਬੰਦਾ ਕਮਾਲ ਦਾ ਹੈ। ਜਦੋਂ ਤੋਂ ਪੰਜਾਬੀਆਂ ਦੇ ਚੁਣੇ ਹੋਏ ਉਸ ਮੁੱਖ ਮੰਤਰੀ ਦੀ ਇਹ ਧਾਰਨਾ ਅਸਾਂ ਸੁਣੀ ਹੈ, ਇਸ ਦੀ ਹਕੀਕਤ ਸਮਝਣ ਦਾ ਕਈ ਪਾਸਿਆਂ ਤੋਂ ਯਤਨ ਕੀਤਾ ਅਤੇ ਇਸ ਸਿੱਟੇ ਉੱਤੇ ਪਹੁੰਚੇ ਹਾਂ ਕਿ ਸਿਰਫ ਮੁੱਖ ਮੰਤਰੀ ਦੀ ਕੁਰਸੀ ਉੱਤੇ ਬੈਠਾ ਆਗੂ ਨਹੀਂ, ਸਗੋਂ ਏਥੇ ਸਿਆਸੀ ਮੈਦਾਨ ਵਿੱਚ ਆਇਆ ਹਰ ਛੋਟੀ-ਵੱਡੀ ਧਿਰ ਦਾ ਹਰ ਆਗੂ ਮੰਨਦਾ ਹੈ ਕਿ ਅਕਲ ਸਿਰਫ ਓਸੇ ਕੋਲ ਹੈ। ਜਿਸ ਪਾਰਟੀ ਦੇ ਪੰਜਾਬ ਦੇ ਪੰਜੀ ਪਿੰਡਾਂ ਵਿੱਚ ਪੰਚ ਜਾਂ ਸਰਪੰਚ ਵੀ ਨਹੀਂ ਬਣਦੇ, ਉਨ੍ਹਾਂ ਦਾ ਆਗੂ ਅਤੇ ਹਰ ਛੋਟਾ-ਵੱਡਾ ਆਗੂ ਵੀ ਕਹਿਣ ਤੋਂ ਨਹੀਂ ਝਿਜਕਦਾ ਕਿ ਰਾਜਨੀਤੀ ਨੂੰ ਸਿਰਫ ਉਹੀ ਸਮਝ ਸਕਦਾ ਹੈ, ਵਰਨਾ ਇਹ ਪਾਰਟੀ ਅੱਜ ਤੱਕ ਡੁੱਬ ਗਈ ਹੁੰਦੀ।

ਭਾਰਤ ਦੀ ਰਾਜਨੀਤੀ ਦਾ ਸੌ ਸਾਲ ਪਹਿਲਾਂ ਦਾ ਉਹ ਸਮਾਂ ਯਾਦ ਕਰੋ, ਜਦੋਂ ਕਮਿਊਨਿਸਟ ਪਾਰਟੀ ਬਣਾਉਣ ਦਾ ਐਲਾਨ ਹੋਇਆ ਤੇ ਲੱਗਭਗ ਓਸੇ ਸਮੇਂ ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਦੀ ਨੀਂਹ ਰੱਖਣ ਦਾ ਐਲਾਨ ਆ ਗਿਆ ਸੀ। ਦੋਵਾਂ ਦੀ ਉਡਾਣ ਸ਼ੁਰੂ ਹੋਣ ਵਿੱਚ ਕੁਝ ਕੁ ਦਿਨਾਂ ਦਾ ਅੱਗਾ-ਪਿੱਛਾ ਸੀ। ਉਹ ਇੱਕ ਧਰਮ ਦੇ ਨਾਂਅ ਉੱਤੇ ਜਥੇਬੰਦੀ ਮਜ਼ਬੂਤ ਕਰਦੇ ਗਏ ਅਤੇ ਕਮਿਊਨਿਸਟ ਮਿਹਨਤਕਸ਼ ਜਮਾਤਾਂ, ਕਿਸਾਨਾਂ ਅਤੇ ਮਜ਼ਦੂਰਾਂ ਲਈ ਕੰਮ ਕਰਨ ਦੇ ਰਾਹ ਨੂੰ ਆਪਣਾ ਧਰਮ ਮੰਨ ਕੇ ਚੱਲਦੇ ਰਹੇ। ਅਮਲ ਵਿੱਚ ਉਹ ਜਥੇਬੰਦੀ ਸਿਰਜਣ ਅਤੇ ਉਸ ਨੂੰ ਫੌਜੀ ਰੂਪ ਦੇਣ ਲੱਗੇ ਰਹੇ ਤੇ ਕਮਿਊਨਿਸਟ ਲੀਡਰਸ਼ਿਪ ਆਜ਼ਾਦੀ ਲਹਿਰ ਵਿੱਚ ਬੇਮਿਸਾਲ ਕੁਰਬਾਨੀਆਂ ਦੇਣ ਦੇ ਨੇਕ ਫਰਜ਼ ਦੀ ਪੂਰਤੀ ਵਿੱਚ ਹੋਰਨਾਂ ਤੋਂ ਅੱਗੇ ਹੁੰਦਿਆਂ ਵੀ ਰਾਜਸੀ ਕੁਰਾਹੇ ਅਤੇ ਨਿੱਕੀ-ਨਿੱਕੀ ਗੱਲ ਨੂੰ ਸਿਧਾਂਤਕ ਮੱਤਭੇਦ ਬਣਾ ਕੇ ਆਪਸੀ ਬਹਿਸਾਂ ਅਤੇ ਉਨ੍ਹਾਂ ਤੋਂ ਅੱਗੇ ਤੁਰਦੇ ਹੋਏ ਇੱਕ-ਦੂਜੇ ਦੀਆਂ ਲੱਤਾਂ ਖਿੱਚਣ ਦੇ ਕੰਮ ਵਾਸਤੇ ਰੁੱਝੇ ਰਹੇ। ਆਜ਼ਾਦੀ ਮਿਲਣ ਮੌਕੇ ਵੀ ਇਹ ਲਹਿਰ ਆਜ਼ਾਦੀ ਸੱਚੀ ਕਿ ਝੂਠੀ ਦੀ ਬਹਿਸ ਵਿੱਚ ਉਲਝੀ ਰਹੀ ਅਤੇ ਜਦੋਂ ਏਸੇ ਉਲਝਣ ਕਾਰਨ ਦੋਫਾੜ ਹੋਈ ਤੇ ਫਿਰ ਕਈ ਥਾਂਈਂ ਵੰਡੀ ਗਈ, ਫਿਰ ਵੀ ਇੱਕ-ਦੂਸਰੇ ਨੂੰ ਸੋਧਵਾਦੀ, ਨਵ-ਸੋਧਵਾਦੀ ਅਤੇ ਪਤਾ ਨਹੀਂ ਕਿੰਨਾ ਕੁਝ ਕਹਿਣ ਅਤੇ ਉਨ੍ਹਾਂ ਦਾ ਅਕਸ ਵਿਗਾੜ ਕੇ ਪੇਸ਼ ਕਰਨ ਵਿੱਚ ਆਪਣਾ ਸਾਰਾ ਸਮਾਂ ਤੇ ਸ਼ਕਤੀ ਲਾਈ ਗਏ। ਅਸਲ ਨਿਸ਼ਾਨੇ ਤੋਂ ਥਿੜਕਣ ਦਾ ਇਹ ਰੁਝਾਨ ਅੱਜ ਤੱਕ ਵੀ ਰੁਕਿਆ ਨਹੀਂ ਅਤੇ ਜਾਪਦਾ ਹੈ ਕਿ ਕਦੀ ਇਹ ਰੁਕਣ ਵਾਲਾ ਵੀ ਨਹੀਂ।

ਇਸ ਲਹਿਰ ਦੇ ਵੱਖ-ਵੱਖ ਪੱਖਾਂ ਨਾਲ ਜੁੜੇ ਹੋਏ ਕਈ ਆਗੂਆਂ ਨਾਲ ਅਸੀਂ ਜਦੋਂ ਕਦੇ ਇਕੱਲੇ ਬੈਠਿਆਂ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲਗਭਗ ਸਭ ਦਾ ਕਹਿਣਾ ਹੁੰਦਾ ਹੈ ਕਿ ਨਿੱਕੇ-ਮੋਟੇ ਮੱਤਭੇਦ ਲਾਂਭੇ ਰੱਖ ਕੇ ਵੀ ਸਮੁੱਚੀ ਖੱਬੀ ਲਹਿਰ ਨੂੰ ਇੱਕ ਥਾਂ ਜੋੜਨ ਦੀ ਲੋੜ ਹੈ। ਜਦੋਂ ਉਹੀ ਆਗੂ ਕਦੀ ਚਾਰ-ਪੰਜ ਜਣੇ ਇਕੱਠੇ ਮਿਲ ਜਾਣ ਤਾਂ ਉਹ ਸਿੱਧੀ ਗੱਲ ਨਹੀਂ ਕਰਦੇ, ਸਗੋਂ ਇਹ ਕਹਿਣ ਤੱਕ ਚਲੇ ਜਾਂਦੇ ਹਨ ਕਿ ਜਿਹੜੇ ਮੱਤਭੇਦਾਂ ਨੂੰ ਤੁਸੀਂ ਛੋਟੇ-ਮੋਟੇ ਕਹੀ ਜਾਂਦੇ ਹੋ, ਉਹ ਅਸਲ ਵਿੱਚ ਸਿਧਾਂਤਕ ਨੁਕਤੇ ਹਨ, ਜਿਨ੍ਹਾਂ ਦਾ ਨਿਪਟਾਰਾ ਕਰਨਾ ਸੁਖਾਲਾ ਨਹੀਂ। ਕਮਾਲ ਦੀ ਗੱਲ ਹੈ ਕਿ ਇਸ ਗੱਲ ਉੱਤੇ ਉਨ੍ਹਾਂ ਵਿੱਚ 'ਏਕਤਾ' ਹੁੰਦੀ ਹੈ ਕਿ ਸਾਡੀ ਕੋਈ ਏਕਤਾ ਨਹੀਂ ਅਤੇ ਹੋ ਵੀ ਨਹੀਂ ਸਕਦੀ। ਉਨ੍ਹਾਂ ਦਾ ਇਹ ਵਿਹਾਰ ਵੇਖ ਕੇ ਸਾਨੂੰ ਇਬਨੇ-ਇਨਸ਼ਾਂ ਦੀ ਕਹਾਣੀ ਯਾਦ ਆ ਜਾਂਦੀ ਹੈ, ਜਿਹੜੀ ਕੁਝ ਸਾਲ ਪਹਿਲਾਂ ਸਾਡੇ ਇੱਕ ਦੋਸਤ ਨੇ ਸੁਣਾਈ ਸੀ। ਉਸ ਨੇ ਦੱਸਿਆ ਸੀ ਕਿ ਇਬਨੇ-ਇਨਸਾਂ ਆਪਣੇ ਵਕਤ ਦਾ ਬਹੁਤ ਵੱਡਾ ਵਿਅੰਗਕਾਰ ਸੀ, ਪਰ ਲਿਖਣ ਦਾ ਢੰਗ ਏਦਾਂ ਦਾ ਸੀ, ਜਿਵੇਂ ਸਕੂਲ ਵਿੱਚ ਬੱਚੇ ਗਾਂ, ਸਵੇਰ ਦੀ ਸੈਰ ਜਾਂ ਏਕੇ ਦੀ ਬਰਕਤ ਅਤੇ ਕਿਸਾਨ ਦੀ ਮਿਹਨਤ ਵਾਲੇ ਕਿਤਾਬਾਂ ਤੋਂ ਪੜ੍ਹੇ-ਪੜ੍ਹਾਏ ਲੇਖ ਇਮਤਿਹਾਨ ਵੇਲੇ ਲਿਖਦੇ ਹਨ, ਉਨ੍ਹਾਂ ਵਿੱਚੋਂ ਇੱਕ ਲੇਖ ਇਹ ਵੀ ਸੀ।

ਇੱਕ ਸੇਠ ਦੇ ਚਾਰ ਪੁੱਤਰ ਸਨ, ਆਪਸ ਵਿੱਚ ਲੜਦੇ ਰਹਿੰਦੇ ਸਨ। ਉਹ ਮਰਨ ਵੇਲੇ ਉਨ੍ਹਾਂ ਨੂੰ ਅਕਲ ਦਾ ਸਬਕ ਦੇਣਾ ਚਾਹੁੰਦਾ ਸੀ। ਉਸ ਨੇ ਉਨ੍ਹਾਂ ਨੂੰ ਚਾਰ ਸੋਟੀਆਂ ਲਿਆਉਣ ਨੂੰ ਕਿਹਾ। ਪਹਿਲਾਂ ਚਾਰਾਂ ਨੂੰ ਆਪੋ ਆਪਣੀ ਸੋਟੀ ਤੋੜਨ ਲਈ ਕਿਹਾ ਤਾਂ ਸਾਰਿਆਂ ਨੇ ਤੋੜ ਲਈ। ਫਿਰ ਕਿਹਾ ਕਿ ਚਾਰੇ ਸੋਟੀਆਂ ਇਕੱਠੀਆਂ ਜੋੜ ਕੇ ਕੋਈ ਜਣਾ ਤੋੜਨ ਦਾ ਯਤਨ ਕਰੋ। ਸਭ ਨੇ ਜ਼ੋਰ ਲਾਇਆ, ਪਰ ਚਾਰ ਸੋਟੀਆਂ ਦਾ ਗੱਠਾ ਕਿਸੇ ਕੋਲੋਂ ਨਹੀਂ ਤੋੜਿਆ ਗਿਆ। ਉਸ ਨੇ ਆਪਣੇ ਪੁੱਤਰਾਂ ਨੂੰ ਸਮਝਾਇਆ ਕਿ ਇਕੱਠੇ ਰਹੋਗੇ ਤਾਂ ਕੋਈ ਤੁਹਾਨੂੰ ਤੋੜ ਨਹੀਂ ਸਕੇਗਾ, ਮੇਰੇ ਮਗਰੋਂ ਮਿਲ ਕੇ ਚੱਲਿਓ। ਚਾਰੇ ਪੁੱਤਰਾਂ ਨੇ ਸਮਝ ਕੇ ਏਦਾਂ ਕਰਨਾ ਮੰਨ ਲਿਆ ਤਾਂ ਸੇਠ ਨੇ ਅੱਖਾਂ ਬੰਦ ਕਰਨ ਤੋਂ ਪਹਿਲਾਂ ਏਨਾ ਕਿਹਾ: ਸ਼ੁਕਰ ਹੈ, ਮੈਂ ਆਪਣੇ ਪੁੱਤਰਾਂ ਦੀ ਏਕਤਾ ਹੁੰਦੀ ਵੇਖ ਚੱਲਿਆ ਹਾਂ, ਇਸ ਪਿੱਛੋਂ ਮੈਂ ਆਰਾਮ ਨਾਲ ਮਰ ਸਕਦਾ ਹਾਂ। ਫਿਰ ਇੱਕ ਹੋਰ ਸੇਠ ਦੇ ਚਾਰ ਪੁੱਤਰ ਏਸੇ ਤਰ੍ਹਾਂ ਲੜਦੇ ਹੁੰਦੇ ਸਨ ਅਤੇ ਉਹ ਵੀ ਉਨ੍ਹਾਂ ਤੋਂ ਦੁਖੀ ਸੀ। ਜਦੋਂ ਅੰਤਲਾ ਸਮਾਂ ਆਇਆ ਤਾਂ ਉਸ ਨੇ ਪਹਿਲੇ ਸੇਠ ਵਾਲਾ ਸਬਕ ਉਨ੍ਹਾਂ ਨੂੰ ਦੇਣ ਲਈ ਸਾਰਿਆਂ ਨੂੰ ਬੁਲਾ ਕੇ ਆਖਿਆ ਕਿ ਜਾਓ ਪੁੱਤਰੋ, ਲੱਕੜ ਦੀਆਂ ਕੁਝ ਸੋਟੀਆਂ ਲੈ ਕੇ ਆਓ। ਪਹਿਲਾ ਬੋਲਿਆ: ਬਾਪੂ ਨੂੰ ਯਕੀਨ ਨਹੀਂ ਰਿਹਾ ਕਿ ਇਹ ਪੂਰਾ ਬਾਲਣ ਪਾਉਣਗੇ, ਆਪਣੇ ਅੱਖੀਂ ਇਹ ਵੇਖ ਲੈਣਾ ਚਾਹੁੰਦਾ ਹੈ। ਦੂਸਰੇ ਨੇ ਕਿਹਾ: ਇਹ ਯਕੀਨ ਕਰ ਲੈਣਾ ਚਾਹੁੰਦਾ ਹੈ ਕਿ ਸਸਕਾਰ ਕਰਨ ਜੋਗੇ ਪੈਸੇ ਖਰਚਣਗੇ ਕਿ ਨਹੀਂ। ਤੀਜੇ ਨੇ ਕਿਹਾ: ਬਾਪੂ ਵੇਖਣਾ ਚਾਹੁੰਦਾ ਹੈ ਕਿ ਰਸਮਾਂ ਕਿਹੋ ਜਿਹੀਆਂ ਕਰਨਗੇ। ਚੌਥਾ ਬੋਲਿਆ: ਇਹੋ ਜਿਹੀ ਗੱਲ ਨਹੀਂ, ਅਸਲ ਵਿੱਚ ਮੌਤ ਸਾਹਮਣੇ ਵੇਖ ਕੇ ਆਪਣੇ ਬਾਪੂ ਦੀ ਮੱਤ ਪਲਟਾ ਮਾਰ ਗਈ ਅਤੇ ਇਹ ਅਪਲੀਆਂ-ਟਪਲੀਆਂ ਮਾਰਨ ਲੱਗ ਪਿਆ ਹੈ। ਇਸ ਗੱਲ ਉੱਤੇ ਉਹ ਚਾਰੇ ਆਪਸ ਵਿੱਚ ਸਹਿਮਤ ਹੋ ਗਏ ਕਿ ਬਾਪੂ ਦੀ ਮੱਤ ਪਲਟ ਗਈ ਹੈ। ਬਾਪੂ ਨੇ ਸੁਣਿਆ ਤਾਂ ਕਹਿਣ ਲੱਗਾ : ਸ਼ੁਕਰ ਹੈ ਕਿ ਕਿਸੇ ਗੱਲ ਉੱਤੇ ਇਨ੍ਹਾਂ ਦੀ 'ਏਕਤਾ' ਤਾਂ ਹੋਈ, ਇਸ ਪਿੱਛੋਂ ਮੈਂ ਆਰਾਮ ਨਾਲ ਪ੍ਰਾਣ ਤਿਆਗ ਸਕਦਾ ਹਾਂ। ਵਿਚਾਰਾ ਬਾਪੂ ਉਨ੍ਹਾਂ ਦੀ ਪੁੱਠੀ ਮੱਤ ਵਿੱਚ ਵੀ ਉਨ੍ਹਾਂ ਦੀ 'ਏਕਤਾ' ਵੇਖਦਾ ਤੁਰ ਗਿਆ।

ਮੈਨੂੰ ਇਹ ਪਤਾ ਨਹੀਂ ਕਿ ਇਹ ਕਹਾਣੀ ਇਬਨੇ ਇਨਸਾਂ ਨੇ ਲਿਖੀ ਸੀ ਜਾਂ ਉਸ ਦੇ ਨਾਂਅ ਉੱਤੇ ਅਕਲ ਵਰਤਣ ਦੇ ਕੁਝ ਸ਼ੌਕੀਨਾਂ ਨੇ ਆਪਣੇ ਆਪ ਘੜੀ ਹੋਵੇਗੀ ਤੇ ਇਸ ਨੂੰ ਹਕੀਕਤ ਦਾ ਰੂਪ ਦੇਣ ਵਾਸਤੇ ਉਸ ਦਾ ਨਾਂਅ ਇਸ ਨਾਲ ਜੋੜ ਦਿੱਤਾ ਹੋਵੇਗਾ, ਪਰ ਅੱਜ ਦੇ ਭਾਰਤ ਦੀ ਖੱਬੀ ਲਹਿਰ ਦੇ ਹਾਲਾਤ ਉੱਤੇ ਪੂਰੀ ਢੁਕਦੀ ਹੈ। ਸਾਰੇ ਕਮਿਊਨਿਸਟਾਂ ਦੀ ਇਹ ਰਾਇ ਹੈ ਕਿ ਦੇਸ਼ ਜਿਸ ਪਾਸੇ ਵੱਲ ਵਧ ਰਿਹਾ ਹੈ, ਇਸ ਦਾ ਭਵਿੱਖ ਭਲਾ ਨਹੀਂ ਤੇ ਏਥੋਂ ਦੀਆਂ ਘੱਟ-ਗਿਣਤੀਆਂ ਦੇ ਲੋਕਾਂ ਲਈ ਸੁਖਾਵਾਂ ਨਹੀਂ ਰਹਿਣ ਵਾਲਾ। ਉਹ ਅਗਲੀ ਗੱਲ ਇਹ ਵੀ ਸੋਚਣ ਵਿੱਚ ਇੱਕ ਰਾਏ ਹਨ ਕਿ ਇਤਿਹਾਸ ਜਾਂ ਮਿਥਹਾਸ ਵਿੱਚ ਜਿਹੜੇ ਵਰਣ-ਵੰਡ ਦੇ ਚੈਪਟਰ ਛਪੇ ਹੋਏ ਮਿਲਦੇ ਹਨ, ਭਵਿੱਖ ਦਾ ਭਾਰਤ ਉਨ੍ਹਾਂ ਉੱਤੇ ਅਮਲ ਕਰਨ ਦੇ ਰਾਹੇ ਪੈ ਸਕਦਾ ਹੈ ਤੇ ਓਦੋਂ ਘੱਟ-ਗਿਣਤੀਆਂ ਹੀ ਨਹੀਂ, ਧਾਰਮਿਕ ਬਹੁ-ਗਿਣਤੀ ਵਿੱਚੋਂ ਦੱਬੇ-ਕੁਚਲੇ ਵਰਗਾਂ ਨਾਲ ਜ਼ਿਆਦਤੀਆਂ ਦਾ ਇੱਕ ਨਵਾਂ ਦੌਰ ਮੁੜ ਕੇ ਸ਼ੁਰੂ ਹੋ ਸਕਦਾ ਹੈ। ਇਹ ਰਾਏ ਲਗਭਗ ਉਨ੍ਹਾਂ ਸਾਰਿਆਂ ਦੀ ਹੈ ਕਿ ਇਸ ਰੁਝਾਨ ਦੇ ਵਿਰੁੱਧ ਸੰਘਰਸ਼ ਕਰਨਾ ਚਾਹੀਦਾ ਹੈ, ਪਰ ਏਥੇ ਆ ਕੇ ਗੱਡੀ ਲੀਹੋਂ ਲੱਥ ਜਾਂਦੀ ਤੇ ਏਕਤਾ ਦੀ ਨਵੀਂ ਵੰਨਗੀ ਭਾਰੂ ਹੋ ਜਾਂਦੀ ਹੈ ਕਿ ਸਾਡੀ ਇਸ ਗੱਲ ਵਿੱਚ 'ਏਕਤਾ' ਹੈ ਕਿ ਏਕਤਾ ਕਦੀ ਹੋ ਹੀ ਨਹੀਂ ਸਕਦੀ। ਚੰਗਾ ਹੁੰਦਾ ਕਿ ਇਬਨੇ ਇਨਸਾਂ ਏਦਾਂ ਦੇ ਸਮੇਂ ਬਾਰੇ ਵੀ ਕੋਈ ਹੋਰ ਸੇਧ ਲਿਖ ਕੇ ਛੱਡ ਜਾਂਦਾ, ਇੱਕ ਲੇਖ ਹੀ ਤਾਂ ਲਿਖਣਾ ਸੀ। ਅੰਮ੍ਰਿਤਾ ਪ੍ਰੀਤਮ ਵੱਲੋਂ ਵਾਰਿਸ ਸ਼ਾਹ ਨੂੰ ਕਬਰਾਂ ਵਿੱਚੋਂ ਬੋਲਣ ਦੀ ਹੂਕ ਵਾਂਗ ਇਹ ਹੂਕ ਵੀ ਇੱਕ ਹੂਕ ਹੀ ਰਹੇਗੀ।

# .ਗਦਰੀ ਨੂਰ ਇਲਾਹੀ ਦਾ ਪਿੰਡ ਸਰਾਭਾ

ਪਿੰਡ ਵਸਿਆ-75

ਵਿਜੇ ਬੰਬੇਲੀ

ਈਦੂ ਅਰਾਂਈ ਦਾ ਪੁੱਤ ਨੂਰ ਇਲਾਹੀ, ਜਿਹੜਾ ਲਾਲਾ ਹਰਦਿਆਲ ਵੱਲੋਂ 1913 ਵਿੱਚ ਆਸਟੋਰੀਆ (ਅਮਰੀਕਾ) ਵਿਖੇ ਸੰਬੋਧਿਤ ਗ਼ਦਰੀਆਂ ਦੀ ਮੀਟਿੰਗ ਤੋਂ ਪ੍ਰਭਾਵਿਤ ਹੋ ਕੇ ਗ਼ਦਰੀ ਸਫ਼ਾਂ ਵਿੱਚ ਸ਼ਾਮਲ ਹੋ ਗਿਆ ਸੀ, ਸਿਰਮੌਰ ਗ਼ਦਰੀ ਕਰਤਾਰ ਸਿੰਘ ਸਰਾਭਾ ਦੇ ਪਿੰਡ ਸਰਾਭਾ (ਲੁਧਿਆਣਾ) ਦਾ ਜਾਇਆ ਸੀ। ਕਈ ਹੋਰਾਂ ਵਾਂਗ ਗੁਰਬਤ ਨੂੰ ਗਲੋਂ ਲਾਹੁਣ ਲਈ ਅਮਰੀਕਾ ਪੁੱਜਿਆ ਇਹ ਜਿਊੜਾ ਆਹਲਾ ਵਤਨ ਦੀ ਬੰਦ ਖਲਾਸੀ ਲਈ, ਅਮਰੀਕਾ ਦੀ ਕਮਾਈ ਅਤੇ ਘਰ-ਘਾਟ ਨੂੰ ਭੁੱਲ ਭਾਰਤ ਮੁੜ ਆਪਾ-ਵਾਰੂ ਸਰਗਰਮੀਆਂ ਵਿੱਚ ਰੁੱਝ ਗਿਆ। ਫੜਿਆ ਗਿਆ ਅਤੇ ਤਾਅ-ਉਮਰ ਲਈ ਜੂਹ-ਬੰਦ ਕਰ ਦਿੱਤਾ ਗਿਆ, ਫਿਰ ਵੀ ਜਥਾ-ਸੰਭਵ ਟਿਕ ਕੇ ਨਾ ਬੈਠਾ। ਵਤਨ ਅਜ਼ਾਦ ਹੋਇਆ, "ਆਪਣਿਆਂ" ਕਿਹਾ, "ਮੁਸਲਮਾਨ ਹੈ, ਤੂੰ। ਆਪਣੇ ਵਤਨ, ਪਾਕਸਤਾਨ, ਵਗ ਜਾ।" ਕਹਿਣ ਵਾਲੇ, ਫਿਰਕੂ, ਉਸ ਦੀ ਨੇਕ ਕੁਰਬਾਨੀ ਨੂੰ ਭੁੱਲ ਗਏ। ਨਾ ਚਾਹੁੰਦਿਆਂ ਵੀ ਉਹ ਪਰਾਈ ਜੂਹ ਨੂੰ ਤੁਰ ਗਿਆ। ਅਫਸੋਸ! ਇਧਰਲਿਆਂ ਕੀ ਯਾਦ ਰੱਖਣਾ ਸੀ, ਉਧਰਲਿਆਂ ਨੇ ਵੀ ਕਦਰ ਨਾ ਪਾਈ। ਲੱਗਦਾ; ਗੁੰਮਨਾਮੀ ਵਿੱਚ ਮਰ ਗਿਆ ਹੋਣਾ।

ਈਦੂ, ਉਸ ਸਰਾਭਾ ਪਿੰਡ ਜਿਸ ਨੂੰ ਲੁਧਿਆਣਾ ਨਿਗਲ ਚੁੱਕਾ ਹੈ, ਦਾ ਕਲਗੀ ਪੁੱਤ ਸੀ। ਉਸ ਸਰਾਭਾ ਪਿੰਡ ਦਾ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਦੀ ਮੋੜ੍ਹੀ ਉੜੀਸਾ ਦੇ, ਹੁਣ ਛਤੀਸਗੜ੍ਹ, ਸਰਾਭਾਪੁਰੀਆਂ ਰਾਜ ਪ੍ਰਬੰਧਕਾਂ ਦੇ ਕਿਸੇ ਮਜਬੂਰੀ ਕਾਰਨ ਇਧਰ ਆਏ ਇੱਕ ਪੂਰ ਨੇ ਗੱਡੀ ਸੀ। ਇਤਿਹਾਸ-ਮਿਥਿਹਾਸ ਮੁਤਾਬਿਕ "ਸਲਤਨਤ ਸਰਾਭਾਪੁਰੀਆਂ" ਦਾ 5ਵੀਂ-6ਵੀਂ ਸਦੀ ਵਿੱਚ ਉਧਰ ਸਿੱਕਾ ਬੋਲਦਾ ਸੀ। ਜਿਹੜੀ ਫੇਰ ਆਪਣਿਆਂ ਦੀ ਆਪਸੀ ਅਧੋ-ਗਤੀ ਨਾਲ ਢਹਿੰਦਿਆਂ ਢਹਿ ਗਈ। ਉਹ ਇਧਰ ਕਿਵੇਂ ਅਤੇ ਕਦ ਆਏ ਜਾਂ ਵਾਕਿਆ ਈ ਇਹ ਖੇੜਾ ਉਹਨੀਂ ਹੀ ਵਸਾਇਆ, ਕਹੇ-ਸੁਣੇ (ਮੌਖਿਕ ਇਤਿਹਾਸ) ਤੋਂ ਬਿਨਾਂ ਠੋਸ ਸਬੂਤ ਨਹੀਂ ਮਿਲੇ। ਸਿਵਾਏ ਇਸ ਗੱਲ ਦੇ ਵਜ਼ਨ ਤੋਂ, "ਸਰਾਭਾਪੁਰੀਆਂ ਤੋਂ ਸਰਾਭਾ ਨਾਂਅ ਪਿਆ ਸੀ, ਇਸ ਖੇੜੇ ਦਾ।"

ਹਾਂ; ਕਿਉਂਕਿ ਪੁਰਾਣੇ ਭਾਰਤੀ ਪਿੰਡਾਂ ਵਿਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ, ਜਿਸ ਕਰਕੇ ਵਿਸ਼ੇਸ਼ ਕਿੱਤਾ ਸਮੂਹ ਨੂੰ ਹੋਰ ਕਿੱਤਾ ਸਮੂਹਾਂ (ਜਾਤੀਆਂ), ਜਿਹਨਾਂ ਕੋਲ ਵਿਸ਼ੇਸ਼ ਕਿਰਤ ਜਾਂ ਪੇਸ਼ਿਆਂ ਦੀ ਮੁਹਾਰਤ ਤੇ ਇਜਾਰੇਦਾਰੀ ਹੁੰਦੀ ਸੀ, ਦੀਆਂ ਸੇਵਾਵਾਂ ਦੀ ਲੋੜ ਪੈਂਦੀ ਸੀ। ਨਵਾਂ ਪਿੰਡ ਬੰਨਣ ਸਮੇਂ ਅਜਿਹਾ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਸੀ। ਹੋਰ ਪਾਸਿਓਂ ਵੀ, ਹੋਰ ਜਾਤਾਂ (ਧਰਮੀ) ਵੀ ਕਿਸੇ ਕਾਰਨ ਵਿਸ਼ੇਸ਼ ਜਾਂ ਆਪਣੀਆਂ ਰੋਜ਼ੀ-ਰੋਟੀ ਦੀਆਂ ਲੋੜਾਂ ਤਹਿਤ ਉਥੇ ਸਦੀਵੀ ਵਸੇਬ ਕਰ ਲੈਂਦੀਆਂ ਸਨ। ਅਤੇ; ਇਹ ਵੀ ਕਿ, "ਪਹਿਲ-ਪਲੱਕੜਿਆਂ ਵਿੱਚ, ਸਭ ਪਿੰਡ ਬੁਨਿਆਦੀ ਸਰੂਪ ਵਿਚ ਇੱਕ-ਦੂਜੇ ਨਾਲ ਮੇਲ ਖਾਂਦੇ ਸਨ। ਕੁਝ ਕੁ ਕੱਚੇ-ਪੱਕੇ ਘਰਾਂ ਦਾ ਸਮੂਹ। ਪਸ਼ੂਆਂ ਦੇ ਨਹਾਉਣ-ਪੀਣ ਲਈ ਇੱਕ ਛੱਪੜ, ਪਾਣੀ ਲਈ ਖੂਹ। ਪਿੰਡ ਦੀ ਸਾਂਝੀ ਸੱਥ, ਜਿੱਥੇ ਤਬਸਰੇ ਚੱਲਦੇ, ਰਾਗ-ਰਤਨ ਹੁੰਦੇ। ਪਿੱਪਲਾਂ-ਬੋਹੜਾਂ 'ਤੇ ਤੀਆਂ, ਪਿੰਡ ਦੀ ਬਾਹਰਲੀ ਹੱਦ ਉੱਤੇ ਜਠੇਰਿਆਂ ਤੇ ਸਤੀਆਂ ਦੇ ਸਥਾਨ ਅਤੇ ਮਮਟੀਆਂ ਹੁੰਦੀਆਂ ਸਨ। ਹੱਟੀ-ਭੱਠੀ ਅਤੇ ਸੱਥ ਨੂੰ ਪਿੰਡ ਦਾ ਸੰਚਾਰ ਕੇਂਦਰ ਕਿਹਾ ਜਾ ਸਕਦਾ ਸੀ। ਜਿੱਥੋਂ ਤੱਕ ਆਰਥਿਕ, ਸਮਾਜਿਕ, ਧਾਰਮਿਕ ਅਤੇ ਅੰਸ਼ਕ ਹੱਦ ਤੀਕ ਸਿਆਸੀ ਮਾਮਲਿਆਂ ਦਾ ਸੰਬੰਧ ਸੀ, ਸਾਰੇ ਪੇਂਡੂ ਤਾਣੇ-ਪੇਟੇ ਵਾਂਗ ਇੱਕ ਦੂਜੇ ਵਿਚ ਰਚੇ ਤੇ ਰਮੇ ਹੋਏ ਸਨ।" ਭਲਿਆਂ ਵਕਤੀਂ; ਸਰਾਭਾ ਪਿੰਡ ਵੀ ਇਹੋ ਜਿਹਾ ਹੀ ਸੀ, ਜਿਹੜਾ ਹੁਣ ਇੱਕ ਧੜਵੈਲ ਸ਼ਹਿਰ ਦਾ ਅੰਗ ਹੀ ਨਹੀਂ, ਖ਼ੁਦ, ਸ਼ਹਿਰ ਦੀ ਹੋਣੀ ਹੰਢਾ ਰਿਹਾ ਹੈ।

ਕਦੇ ਇਸ ਨਗਰ ਦੀਆਂ ਚਾਰ ਪੱਤੀਆਂ ਸਨ: ਰਾਮਾ ਪੱਤੀ, ਸੱਦਾ ਪੱਤੀ, ਮੋਰੀ ਪੱਤੀ, ਜਿਹੜੀ ਸੱਦਾ ਪੱਤੀ ਦੀ ਹੀ ਜ਼ਿਮੀ ਵੰਡ ਵਿੱਚੋਂ ਬਣੀ ਸੀ ਅਤੇ ਪੱਤੀ ਰਾਈਆਂ। ਗ਼ਦਰੀ ਨੂਰ ਇਲਾਹੀ ਬਾਲਦ ਈਦੂ ਅਰਾਂਈ ਇਸੇ ਪੱਤੀ, ਰਾਈਆਂ ਦਾ ਫਰਜ਼ੰਦ ਸੀ। ਸੱਦਾ ਪੱਤੀ 'ਚੋਂ ਚਾਰ ਗ਼ਦਰੀ ਸਨ: ਸ਼ਹੀਦ ਕਰਤਾਰ ਸਿੰਘ ਸਰਾਭਾ, ਗ਼ਦਰੀ ਸ਼ਹੀਦ ਰੁਲੀਆ ਸਿੰਘ ਸਰਾਭਾ ਅਤੇ ਗ਼ਦਰੀ ਅਤੇ ਇਨਕਲਾਬੀ ਕਾਰਕੁੰਨ ਤੇਜਾ ਸਿੰਘ ਸਫਰੀ ਪੁੱਤਰ ਜੀਵਾ ਸਿੰਘ ਅਤੇ ਪ੍ਰੇਮ ਸਿੰਘ ਪ੍ਰੇਮ। ਮਗਰਲੇ ਦੋਵੇਂ ਸਕੇ ਭਾਈ ਸਨ। ਇਹਨਾਂ ਸਭ ਦੀ ਕੁਰਬਾਨੀ ਅਤੇ ਘਾਲਣਾ ਬੇ-ਮਿਸਾਲ ਹੈ, ਪਰ ਬੇ-ਜੋੜ ਗ਼ਦਰੀ ਸੂਰਮੇ ਕਰਤਾਰ ਸਿੰਘ ਦੇ ਸੂਰਜੀ ਆਭਾ-ਮੰਡਲੀ ਜਲੌਅ ਵਿੱਚ ਗ਼ਦਰੀ ਰੁਲੀਆ ਸਿੰਘ ਸਰਾਭਾ, ਜਿਸ ਦਾ ਜ਼ਿਕਰ ਤਾਂ ਕਦੇ-ਕਦੇ ਤੁਰਦਾ ਹੈ, ਤੋਂ ਬਿਨਾਂ ਇਹਨਾਂ ਸਾਰਿਆਂ ਦੀ ਸਮੇਤ ਇਸ ਖੇੜੇ ਦੇ ਹੋਰ ਦੇਸ਼ ਭਗਤਾਂ/ਗ਼ਦਰੀਆਂ ਦੀ ਗਾਥਾ ਦੀ ਚਮਕ ਇਤਿਹਾਸਕਾਰਾਂ ਦੀਆਂ ਪੈੜਾਂ ਵਿੱਚ ਉਵੇਂ ਨਹੀਂ ਚਮਕ ਸਕੀ, ਜਿਵੇਂ ਚਮਕਣੀ ਚਾਹੀਦੀ ਸੀ/ਹੈ। ਇਹੀ ਨਹੀਂ, ਇਸੇ ਨਗਰੀ ਦੇ ਪੰਜ ਹੋਰ ਗ਼ਦਰੀ/ਸੂਹੇ ਦੇਸ਼ ਭਗਤ ਅਤੇ ਲੋਕ-ਹਿਤੂ ਕਾਰਕੁੰਨ ਵੀ ਸਨ: ਗੁਰਮੁੱਖ ਸਿੰਘ ਪੁੱਤਰ ਕਿਸ਼ਨ ਸਿੰਘ ਉਰਫ ਗੁਰਮੁੱਖ ਸਿੰਘ 'ਮੁਸਾਫਰ', ਕੁੰਦਨ ਸਿੰਘ ਪੁੱਤਰ ਪ੍ਰਤਾਪ ਸਿੰਘ, ਜਗਤ ਸਿੰਘ ਪੁੱਤਰ ਸਰੂਪ ਸਿੰਘ, ਸ਼ੇਰਾ ਸਿੰਘ ਅਤੇ ਨਰੰਗ ਸਿੰਘ। ਇੱਕ ਹੋਰ ਇਨਕਲਾਬੀ ਅਮਰ ਸਿੰਘ ਪੁੱਤਰ ਰਾਮ ਸਿੰਘ, ਸੀ ਤਾਂ ਭਾਵੇਂ ਹਲਵਾਰਾ/ਰਾਏਕੋਟ ਦਾ, ਪਰ ਇਸ ਨੇ ਰੁਲੀਆ ਸਿੰਘ ਸਰਾਭੇ ਨਾਲ ਇਹੋ-ਜਿਹੀਆਂ ਸਰਗਰਮੀਆਂ ਕੀਤੀਆਂ ਕਿ ਦੂਜੇ ਪਿੰਡ ਦਾ ਹੋਣ ਦੇ ਬਾਵਜੂਦ ਇਹ ਯੋਧਾ ਹਕੂਮਤ ਅਤੇ ਉਸ ਦੇ ਸੰਦਾਂ ਦੇ ਕਾਗਤਾਂ ਵਿੱਚ ਸਰਾਭਾ ਪਿੰਡ ਦੇ ਜਾਏ ਵਜੋਂ ਹੀ ਉੱਕਰ ਗਿਆ।

ਹਾਂ; ਰਾਈਆਂ ਪੱਤੀ, ਅਰਾਈਆਂ ਪੱਤੀ ਦਾ ਖੁਰਚਿਆ ਨਾਂਅ ਹੈ। ਅਰਾਂਈ ਨਿਮਨ ਹਲਵਾਹਕ ਮੁਸਲਿਮ ਹੁੰਦੇ ਸਨ/ਹਨ, ਜਿਨ੍ਹਾਂ ਦੀ ਇਹ ਪੱਤੀ ਸੀ। "ਮਿਸਲ ਹਕੀਕਤ" ਮਹਿਕਮਾ ਮਾਲ ਅਨੁਸਾਰ, "ਇਸ ਪਿੰਡ, ਸਾਰੀਆਂ ਪੱਤੀਆਂ, ਕੋਲ 72 ਹਲਾਂ ਦੀ ਭੌਂਇ ਹੈ। ਜਿਸ ਵਿੱਚੋਂ 42 ਸੱਦਾ ਪੱਤੀ ਦੇ, 15 ਰਾਈਆਂ (ਅਰਾਈਆਂ) ਕੋਲ ਅਤੇ 12 ਹਲਾਂ ਦੀ ਖੇਤੀ ਰਾਮਾ ਪੱਤੀ ਦੀ ਹੈ।" ਤਿੰਨ ਹਲਾਂ ਦੀ ਜ਼ਮੀਨ ਹੋਰ ਕਿੱਤਾ ਸਮੂਹਾਂ ਜਾਂ ਸ਼ਾਮਲਾਟ ਦੀ ਸੀ। ਦੱਸ ਦੇਣਾ ਕੁਥਾਂ ਨਹੀਂ ਹੋਵੇਗਾ ਕਿ ਇੱਕ ਹਲ ਦੀ ਖੇਤੀ 120 ਵਿਘੇ ਜ਼ਮੀਨ ਦੀ ਨਿਆਂਈ ਸੀ ਅਤੇ ਇੱਕ ਵਿੱਘੇ ਦਾ ਪੈਮਾਨਾ 4 ਕਨਾਲਾਂ ਦੇ ਬਰੋਬਰ ਸੀ। ਸੋ; ਸਰਾਭਾ ਪਿੰਡ ਦੀ, ਉਦੋਂ ਕੁੱਲ ਖੇਤੀ ਮਾਲਕੀ, 4320 ਏਕੜ ਹੋਵੇਗੀ। ਹੋਰ ਰਕਬਾ ਬਾਬਤ ਵਸੇਬ, ਛੱਪੜ, ਧਰਮਸ਼ਾਲ, ਧਰਮ ਅਰਥ, ਚਰਾਂਦ ਅਤੇ ਝਿੜੀ ਤੇ ਕਬਰ-ਸ਼ਮਸ਼ਾਨ ਆਦਿ ਦਾ ਅੱਡ ਸੀ। ਮਗਰੋਂ; ਰਾਈਆਂ ਪੱਤੀ, ਜੋ ਨਿਰੋਲ ਮੁਸਲਿਮ ਫਿਰਕੇ ਦੀ ਸੀ, '47 ਦੀ ਤ੍ਰਾਸਦੀ ਉਪਰੰਤ ਉੱਜੜ-ਪੁੱਜੜ ਗਈ। ਇਸ ਦਾ ਰਕਬਾ ਤੇ ਮਾਲ-ਅਸਬਾਬ ਅਤੇ ਰੈਣ-ਬਸੇਰੇ ਰਫਿਊਜ਼ੀਆਂ ਵਿੱਚ ਵੰਡ ਦਿੱਤੇ ਗਏ। ਇਹਨਾਂ ਉੱਜੜ-ਪੁੱਜੜਿਆਂ ਜਾਂ ਉਜਾੜ ਦਿੱਤਿਆਂ ਨੂੰ ਯਾਦ ਕਰਕੇ ਬਜ਼ੁਰਗਵਾਰ ਅੱਜ ਵੀ, ਸਿੱਲੇ ਕੋਇਆਂ ਨਾਲ ਯਾਦ ਕਰਦੇ ਹਨ। ਜ਼ਰੂਰ; ਸਰਹੱਦ ਪਾਰ ਮੌਤ ਦੇ ਬਿਸਤਰੇ ਬੈਠੇ ਬੁਢੜੇ ਵੀ ਇਧਰਲਿਆਂ ਅਤੇ ਆਪਣੀ ਜੰਮਣ ਭੌਂਇੰ ਨੂੰ ਯਾਦ ਕਰਦੇ ਹੋਣਗੇ।

ਗ਼ਦਰ ਦੇ ਜਲੌਅ ਨੂੰ ਢੇਰ ਸਮਾਂ ਬੀਤ ਚੁੱਕਾ ਹੈ। ਗ਼ਦਰੀ ਨੂਰ ਇਲਾਹੀ ਵੀ ਮਰ-ਮੁੱਕ ਗਿਆ ਹੋਣਾ, ਪਰ ਆਹਲਾ ਵਤਨ ਲਈ ਕੁਰਬਾਨ ਹੋ ਜਾਣ ਵਾਲਾ ਇਹ ਸੂਰਮਾ ਅਤੇ ਇਸੇ ਵਰਗੇ ਹੋਰ ਸੂਰਮੇ ਸਾਡੇ ਚੇਤਿਆਂ ਵਿੱਚੋਂ ਨਹੀਂ ਮਰ-ਮੁੱਕਣੇ ਚਾਹੀਦੇ। ਰਹਿੰਦੀ ਦੁਨੀਆ ਤੀਕ ਸ਼ਹੀਦ ਸਰਾਭਾ ਜਿਊਂਦਾ ਰਹੇਗਾ ਅਤੇ ਸਰਾਭਾ ਪਿੰਡ ਵੀ, ਪਰ ਗ਼ਦਰ ਪਾਰਟੀ ਦੇ ਧਰਮ-ਨਿਰਪੱਖ ਖਾਸੇ ਦੇ ਸੂਹੇ ਗਵਾਹ ਨੂਰ ਇਲਾਹੀ ਵਰਗੇ ਵੀ, ਸਾਡੇ ਚੇਤਿਆਂ ਅਤੇ ਸਾਡੇ ਇਤਿਹਾਸ ਵਿੱਚ ਜਿਊਂਦੇ ਰਹਿਣੇ ਚਾਹੀਦੇ ਹਨ। ਹਾਕਮ ਜਮਾਤਾਂ ਕਦਾਚਿਤ ਅਜਿਹਾ ਨਹੀਂ ਚਾਹੁੰਣਗੀਆਂ। ਸ਼ਾਇਦ ਸਾਨੂੰ-ਤੁਹਾਨੂੰ ਵੀ ਨਹੀਂ ਪਤਾ ਕਿ ਇਸ ਚੇਤੇ ਵਿੱਚ ਵੀ ਸਾਡਾ ਅਤੇ ਸਾਡੇ ਵਤਨ ਦਾ ਭਲਾ ਲੁਕਿਆ-ਛੁਪਿਆ ਹੋਇਆ ਹੈ।

**ਸੰਪਰਕ : 94634-39075**

# 'ਚੁੱਕ' ਪੱਥਰਾਂ ਨੂੰ ਪਾੜੇ, ਤੈਨੂੰ ਕੌਣ ਸਮਝਾਵੇ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-65

ਸੁਰਜੀਤ ਸੁਮਨ

ਬਚਪਨ ਵੇਲ਼ੇ ਕਦੇ ਕਦੇ ਮਾਂ ਚਕਵਾ ਤੇ ਚਕਵੀ ਦੀਆਂ ਗਿਆਨ ਭਰਪੂਰ ਕਹਾਣੀਆਂ ਸੁਣਾਇਆ ਕਰਦੀ ਸੀ। ਅਸੀਂ ਭੈਣ-ਭਰਾ, ਮਾਂ ਦੀਆਂ ਬਾਤਾਂ ਸੁਣਨ ਲਈ ਰਾਤ ਹੋਣ ਦਾ ਬੇਸਬਰੀ ਨਾਲ਼ ਇੰਤਜ਼ਾਰ ਕਰਦੇ। ਘਰ ਦੇ ਕੰਮ ਮੁਕਾਅ ਮੇਰੇ ਚਚੇਰੇ ਭੈਣ-ਭਰਾ ਵੀ ਕੋਲ਼ ਆ ਬਹਿੰਦੇ। ਫਿਰ ਚਾਚੀ ਚੰਨੋ ਵੀ ਪਿੱਛੇ ਨਾ ਰਹਿੰਦੀ। ਸਾਡੇ ਘਰ ਰੌਣਕ ਲੱਗ ਜਾਂਦੀ। ਉਦੋਂ ਅੱਜ ਵਾਂਗ ਬੰਦਾ 'ਕੱਲਾ ਨਹੀਂ ਸੀ ਹੁੰਦਾ। ਇੰਟਰਨੈੱਟ ਤੇ ਏ.ਆਈ. ਦੇ ਜ਼ਮਾਨੇ ਵਿੱਚ ਤਾਂ ਮਨੁੱਖ ਮਸ਼ੀਨ ਬਣ ਕੇ ਰਹਿ ਗਿਆ ਹੈ। ਉਨ੍ਹਾਂ ਵੇਲ਼ਿਆਂ ਵਿੱਚ ਅੱਜ ਵਾਂਗ ਖ਼ੂਨ ਦੇ ਰਿਸ਼ਤਿਆਂ ਵਾਲ਼ੇ ਘਰਾਂ ਵਿੱਚ ਉੱਚੀਆਂ ਉੱਚੀਆਂ ਦੀਵਾਰਾਂ ਨੇ ਹਾਲੇ ਉੱਗਣਾ ਸੀ। ਸਾਂਝੇ ਪਰਿਵਾਰਾਂ ਦੇ ਖੁੱਲ੍ਹੇ-ਡੁੱਲ੍ਹੇ ਵਿਹੜੇ ਉਦੋਂ ਸੁੱਚੀ-ਸੁੱਚੀ ਕਿਰਤ ਦੀ ਮਹਿਕ ਵੰਡਦੇ ਸਨ। ਪਿੰਡਾਂ ਵਿੱਚੋਂ ਲੋਕ ਉਦੋਂ ਵੀ ਪਰਵਾਸ ਕਰਦੇ ਸਨ, ਪਰ ਅੱਜ ਵਾਂਗ ਨਹੀਂ। ਕੋਈ ਵਿਰਲਾ-ਟਾਂਵਾਂ ਹੀ ਵਿਦੇਸ਼ ਜਾਂਦਾ। ਜ਼ਿਆਦਾਤਰ ਲੋਕ ਫੌਜ ਵਿੱਚ ਭਰਤੀ ਹੁੰਦੇ। ਫੌਜਣਾਂ ਆਪਣੇ ਫੌਜੀਆਂ ਦੀ ਯਾਦ ਵਿੱਚ ਤੜਫਦੀਆਂ, ਵਿਆਕੁਲ ਹੁੰਦੀਆਂ। ਉਡੀਕ ਵਿੱਚ ਗਿੱਠ ਗਿੱਠ ਲੰਮੇ ਹੌਕੇ ਭਰਦੀਆਂ, ਜੁਦਾਈ ਦੇ ਗੀਤ ਗਾਉਂਦੀਆਂ। ਉਨ੍ਹਾਂ ਦੇ ਮਿਲਾਪ ਤੇ ਜੁਦਾਈ ਦੇ ਇਹ ਗੀਤ ਵੀ ਉਸੇ ਤਰ੍ਹਾਂ ਦੇ ਹੁੰਦੇ, ਜਿਸ ਤਰ੍ਹਾਂ ਦੇ ਚਕਵਾ ਤੇ ਚਕਵੀ ਦੇ ਹੁੰਦੇ। ਇਨ੍ਹਾਂ ਦੇ ਵਿਛੋੜੇ ਦੇ ਦਰਦ ਦੀ ਕੋਈ ਇੰਤਹਾ ਨਾ ਹੁੰਦੀ। 'ਤਾਈ, ਇਹ ਚਕਵਾ ਤੇ ਚਕਵਾ ਕਿਹੋ ਜਿਹੇ ਪੰਛੀ ਹੁੰਦੇ ਆ ਭਲਾਂ?' ਚਚੇਰਾ ਭਰਾ ਸੁੱਚਾ ਸਿੰਘ ਬੀਬੀ ਤੋਂ ਪੁੱਛਦੈ। 'ਚਕਵਾ ਤੇ ਚਕਵੀ, ਬੱਤਖ ਵਰਗੇ ਬਹੁਤ ਪਿਆਰੇ ਜਿਹੇ ਸੰਤਰੀ ਰੰਗੇ ਪੰਛੀ ਹੁੰਦੇ ਨੇ ਪੁੱਤ। ਇਨ੍ਹਾਂ ਦਾ ਸਿਰ ਪੀਲ਼ੇ ਰੰਗਾ, ਖੰਭਾਂ ਉੱਤੇ ਚਿੱਟੇ ਚਿੱਟੇ ਜਿਹੇ ਚਟਾਖ ਹੁੰਦੇ ਹਨ। ਇਨ੍ਹਾਂ ਨੂੰ ਚਕੋਰ ਵੀ ਕਹਿ ਦਿੰਦੇ ਨੇ ਤੇ ਸੁਰਖਾਬ ਵੀ। ਜੇ ਕਿਸੇ ਨੂੰ ਅਚਾਨਕ ਕੋਈ ਫਾਇਦੇਮੰਦ ਚੀਜ਼ ਮਿਲ਼ ਜਾਵੇ ਤਾਂ ਕਈ ਵਾਰ ਕਹਿ ਨਈਂ ਦਿੰਦੇ, 'ਓਏ ! ਬੜਾ ਹੁੱਬਿਆ ਫਿਰਦੈਂ। ਤੈਨੂੰ ਕੀ ਸੁਰਖਾਬ ਦਾ ਪਰ ਲੱਭ ਪਿਐ?

ਗੁਰੂ ਸਾਹਿਬ ਬਾਣੀ ਵਿੱਚ ਫਰਮਾਉਂਦੇ ਨੇ, ÷ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ॥÷ ਕਬੀਰ ਸਾਅਬ ਬਹੁਤ ਵਧੀਆ ਉਦਾਹਰਨ ਦਿੰਦੇ ਨੇ; ਅਖੇ, ÷ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥÷ ਇਸ ਤਰ੍ਹਾਂ ਕਹਿੰਦੇ ਚਕਵਾ ਤੇ ਚਕਵੀ ਰਾਤ ਦੇ ਵਿਛੜੇ ਅੰਤ ਸਵੇਰੇ ਸੂਰਜ ਚੜ੍ਹਿਆਂ ਈ ਮਿਲ਼ਦੇ ਹਨ। ਤਾਂ ਹੀ ਸਿਆਣੇ ਕਹਿੰਦੇ ਨੇ ਬਈ ਹਨ੍ਹੇਰਾ ਵਿਛੋੜਦਾ ਹੈ ਤੇ ਪ੍ਰਭਾਤ ਦਾ ਚਾਨਣ ਮਿਲ਼ਾਉਂਦਾ ਹੈ। ਕਹਿੰਦੇ ਕਿਸੇ ਜਲਗਾਹ ਦੇ ਕਿਨਾਰੇ ਚਕਵਾ ਤੇ ਚਕਵੀ ਰਹਿੰਦੇ ਸਨ। ਆਪਸੀ ਸਨੇਹ, ਵਿਸ਼ਵਾਸ ਤੇ ਸਮਰਪਣ ਨੇ ਉਨ੍ਹਾਂ ਦੇ ਗ੍ਰਹਿਸਥ ਦੀ ਗੱਡੀ ਨੂੰ ਬਹੁਤ ਸੁਹਾਵਣਾ ਬਣਾਇਆ ਹੋਇਆ ਸੀ। ਸਿਆਣੇ ਆਖਦੇ ਨੇ ਕਿ ਤੁਹਾਨੂੰ ਆਲ਼ੇ-ਦੁਆਲ਼ੇ ਵਸਦੇ ਕਈ ਈਰਖਾਲੂ ਤੇ ਝਗੜਾਲੂ ਲੋਕਾਂ ਤੋਂ ਬਚ ਕੇ ਰਹਿਣਾ ਚਾਹੀਦੈ। ਉਨ੍ਹਾਂ ਤੋਂ ਕਿਸੇ ਦੀ ਖੁਸ਼ਹਾਲੀ ਵਰਗਾ ਅਜਿਹਾ ਕੁਝ ਜਰਿਆ ਨਹੀਂ ਜਾਂਦਾ। ਹੁਣ ਦੇਖ ਲਓ ਕੋਇਲ ਕਿੰਨਾ ਮਿੱਠਾ ਮਿੱਠਾ ਗਾਉਂਦੀ ਐ। ਬਾਗਾਂ ਵਿੱਚ ਜਦੋਂ ਇਹ ਗਾਉਂਦੀ ਐ ਤਾਂ ਚੁਫੇਰਾ ਸੰਗੀਤ ਨਾਲ਼ ਭਰ ਜਾਂਦੈ। ਰਾਗਮਈ ਹੋ ਜਾਂਦੈ। ਊਂ ਰਾਗ ਸੂਹੀ ਬਾਣੀ ਸ਼ੇਖ ਫਰੀਦ ਜੀ ਕੀ ਵਿੱਚ ਆਉਂਦੈ ਬਈ, 'ਕਾਲੀ ਕੋਇਲ ਤੂ ਕਿਤ ਗੁਨ ਕਾਲੀ॥' ਸਿਆਣੇ ਕਹਿੰਦੇ ਨੇ ਇਹੀ ਵਿਯੋਗਣ ਕਾਲ਼ੀ ਮਾਦਾ ਕੋਇਲ ਆਪਣੇ ਅੰਡੇ ਕਾਂ-ਕਾਉਣੀ ਦੇ ਆਲ੍ਹਣੇ ਵਿੱਚ ਦੇ ਆਉਂਦੀ ਹੈ ਤੇ ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਆਪਣੇ ਨਾਲ਼ ਹੀ ਉਡਾ ਲਿਆਉਂਦੀ ਹੈ। ਇਸੇ ਤਰ੍ਹਾਂ ਇੱਕ ਘੋਗੜ ਕਾਲ਼ੇ ਕਾਂ ਨੂੰ ਚੁਗਲੀ ਤੇ ਸਾੜੇ ਦੀ ਬਹੁਤ ਆਦਤ ਸੀ। ਪਤਾ ਨਹੀਂ ਕਿਉਂ ਸਾੜੇ ਦਾ ਮਾਰਿਆ ਹੋਇਆ ਕਾਂ ਗੁਆਂਢੀ ਚਕਵਾ-ਚਕਵੀ ਤੋਂ ਖਾਰ ਖਾਣ ਲੱਗ ਪਿਆ।

ਕਦੇ ਕਦੇ ਉਹ ਚਕਵੇ ਕੋਲ਼ ਆਉਂਦਾ ਤੇ ਚਕਵੀ ਦੇ ਖਿਲਾਫ ਉਸ ਦੇ ਕੰਨ ਭਰਨ ਲਗਦਾ। ਚਕਵਾ ਬਹੁਤਾ ਧਿਆਨ ਨਾ ਦਿੰਦਾ। ਪਰ ਕਹਿੰਦੇ ਨੇ ਨਾ 'ਚੁੱਕ' ਤਾਂ ਪੱਥਰ ਨੂੰ ਵੀ ਪਾੜ ਦਿੰਦੀ ਆ। ਪੱਥਰ 'ਤੇ ਬੂੰਦ ਬੂੰਦ ਗਿਰਦਾ ਪਾਣੀ ਆਖਿਰ ਇੱਕ ਦਿਨ ਅਸਰਅੰਦਾਜ਼ ਹੋ ਈ ਜਾਂਦੈ। ਕਾਂ ਦੀਆਂ ਗੱਲਾਂ ਦੀ ਚੁੱਕਣਾ ਵਿੱਚਲਾ ਜ਼ਹਿਰ ਹੌਲ਼ੀ ਹੌਲ਼ੀ ਅਸਰ ਵਿਖਾਉਣ ਲੱਗਾ ਤਾਂ ਚਕਵਾ ਤੇ ਚਕਵੀ ਆਪੇ ਨਾਲ਼ੋਂ ਉੱਖੜ ਗਏ। ਆਪਸੀ ਮਨ-ਮੁਟਾਵ ਨੇ ਉਨ੍ਹਾਂ ਵਿੱਚ ਦੂਰੀਆਂ ਵਧਾ ਦਿੱਤੀਆਂ। ਉਨ੍ਹਾਂ ਦੋਵਾਂ ਵਿੱਚ ਦੋਫਾੜ ਪਾ ਕੇ ਕਾਂ ਪਾਸੇ ਹੋ ਗਿਆ। ਇਸ ਤਰ੍ਹਾਂ ਚਕਵੇ ਤੇ ਚਕਵੀ ਦਾ ਵਸਦਾ-ਰਸਦਾ ਘਰ ਟੁੱਟ ਕੇ ਬਿਖਰ ਗਿਆ। ਇਹ ਬਿਰਤਾਂਤ ਸੁਣ ਚਾਚੀ ਚੰਨੋ ਨੇ ਡੂੰਘਾ ਜਿਹਾ ਹੌਕਾ ਲਿਆ ਤਾਂ ਕੋਲ਼ ਬੈਠੀ ਬੀਬੀ ਨੇ ਓਹਦਾ ਹੱਥ ਆਪਣੇ ਹੱਥ ਵਿੱਚ ਲੈਂਦਿਆਂ ਕਿਹਾ, 'ਰੱਬ 'ਤੇ ਡੋਰੀਆਂ ਰੱਖ ਭੈਣੇ, ਦੇਖੀਂ ਕਿਸੇ ਦਿਨ ਪਾਪੀਆਂ ਦਾ ਭਰਿਆ ਬੇੜਾ ਡੁੱਬਣਾਂ। ਰੱਬ ਦੇ ਘਰ ਦੇਰ ਆ ਨ੍ਹੇਰ ਨਈਂ।' ਚਾਚੀ ਚੰਨੋ ਨੇ ਚੁੰਨੀ ਦੇ ਲੜ ਨਾਲ਼ ਅੱਖਾਂ ਪੂੰਝੀਆਂ ਸਨ ਤਾਂ ਅਸੀਂ ਸਾਰੇ ਨਿਆਣੇ ਅਫਸੋਸੇ ਗਏ ਸਾਂ। ਚਾਚੀ ਚੰਨੋ ਨੂੰ ਅਧਵਾਟੇ ਛੱਡ ਕੇ ਤੁਰ ਗਏ ਲਾਈਲੱਗ ਚਾਚੇ ਨੂੰ ਮੈਂ ਜੀਅ ਭਰ ਕੇ ਕੋਸਿਆ।

ਪਤਾ ਨਹੀਂ ਕਿਉਂ ਅੱਜ ਫਿਰ ਬਚਪਨ ਚੇਤੇ ਆਇਆ ਤਾਂ ਮਾਂ ਦੀਆਂ ਯਾਦਾਂ ਕੋਲ਼ ਆ ਬੈਠੀਆਂ। ਚਕਵਾ-ਚਕਵੀ ਦੀ ਕਹਾਣੀ ਤੇ ਫਿਰ ਚਾਚੀ ਚੰਨੋ ਦੀ ਹੰਝੂਆਂ ਭਿੱਜੀ ਚੁੰਨੀ ਵਿੱਚਲੀ ਨਮੀਂ ਮੇਰੇ ਸਾਹਾਂ ਵਿੱਚ ਘੁਲ਼ਣ ਲੱਗੀ। ਫੋਨ ਦੀ ਮੈਸਜ਼ ਵੀਪ ਕੰਨੀਂ ਪੈਂਦੀ ਹੈ। ਲੰਮੇ ਅਰਸੇ ਬਾਅਦ ਪੁਰਾਣੇ ਬੇਲੀ ਤੇ ਕੁਲੀਗ ਬਲਜਿੰਦਰ ਸਿੰਘ ਰਾਜ ਦੇ ਗੁੱਡ ਮਾਰਨਿੰਗ ਜਿਹੇ ਫੋਨ ਸੁਨੇਹੇ ਆਉਣ ਲੱਗੇ ਹਨ। ਪਿੱਛੇ ਜਿਹੇ ਉਸ ਨੂੰ ਹਾਰਟ ਅਟੈਕ ਆਇਆ ਤਾਂ ਓਹਦਾ ਆਪਾ ਰੋਜ਼ਮਰਾ ਵਰਤਾਰੇ ਨਾਲ਼ੋਂ ਉੱਖੜਨ ਲੱਗ ਪਿਆ ਸੀ। ਓਹਦੇ ਦਿਲ ਵਿੱਚ ਵਸੀ ਉਦਾਸੀ ਹੋਰ ਗਹਿਰਾ ਗਈ। ਵਟਸਅਪ, ਫੇਸਬੁੱਕ ਉਹ ਸਭ ਕੁਝ ਛੱਡ ਛੁਡਾ ਗਿਆ। ਉਸਨੂੰ ਫੋਨ ਕਰਦਾਂ ਤਾਂ ਉਹ ਕਦੇ ਕਦਾਈ ਹੀ ਅਟੈਂਡ ਕਰਦਾ। ਅੱਜ ਓਹਦਾ ਗੁੱਡ ਮਾਰਨਿੰਗ ਮੈਸਜ਼ ਪੜ੍ਹ ਕੇ ਮੈਂ ਉਸਨੂੰ ਵਟਸਐਪ ਕਾਲ ਲਗਾ ਲਈ। ਉਹ ਆਨਲਾਈਨ ਹੀ ਸੀ। ਸਾਸਰੀਕਾਲ ਬਾਅਦ, ਮੇਰੇ ਉੱਤੇ ਉਸ ਦਾ ਪਹਿਲਾ ਅਟੈਕ ਸੀ, 'ਸੁਣਿਆ ਅੱਜ ਕੱਲ੍ਹ ਆਪਣਿਆਂ ਨਾਲ਼ ਈ ਲੜਾਈਆਂ ਛੇੜੀ ਬੈਂਠੈਂ। ਸ਼ਰਮ ਤਾਂ ਨੀਂ ਆਉਂਦੀ?' ਮੈਂ ਧੁਰ ਅੰਦਰ ਤੱਕ ਹਿੱਲ ਗਿਆ। ਉਹ ਪੂਰੇ ਤਰਾਰੇ ਵਿੱਚ ਸੀ। ਓਹਦੀ ਖਬਰਸਾਰ ਪੁੱਛਦਾ ਪੁੱਛਦਾ ਮੈਂ ਕਿਹੜੇ ਵੇਲ਼ੇ ਓਹਦੇ ਕੋਲ਼ ਆਪਣਾ ਈ ਹਾਲ ਬਿਆਨ ਕਰਨ ਲੱਗ ਪਿਆਂ। ਢਾਈ-ਤਿੰਨ ਸਾਲਾਂ ਦਾ ਇਕੱਠਾ ਹੋਇਆ ਅੰਦਰਲਾ ਗੁੱਭ-ਗੁਭਾਟ ਮੈਂ ਓਹਦੇ ਅੱਗੇ ਝੱਟ ਉਗਲ਼ ਦਿੱਤਾ, ਕਿਉਂਕਿ ਅਚਾਨਕ ਉਸਨੇ ਮੇਰੀ ਦੁਖਦੀ ਰਗ ਉੱਤੇ ਹੱਥ ਰੱਖ ਦਿੱਤਾ ਸੀ। ਹਾਲਾਂਕਿ ਅਸੀ? ਦੋਵੇਂ ਇੱਕ ਦੂਜੇ ਅੱਗੇ ਖੁੱਲ੍ਹੀ ਕਿਤਾਬ ਵਾਂਗ ਸਾਂ। ਮੇਰੇ ਵਾਂਗ ਉਹ ਵੀ ਮੇਰੇ ਇਨ੍ਹਾਂ ਤਾਜ਼ੇ ਜ਼ਖ਼ਮਾਂ ਤੋਂ ਅਣਜਾਣ ਸੀ। ਇਹ ਬਿਰਤਾਂਤ ਸੁਣ ਮੇਰੇ ਪ੍ਰਤੀ ਉਹਦੇ ਮਨ ਵਿੱਚ ਬਣੇ ਗਾੜ੍ਹੇ ਬੱਦਲ਼ ਛਟ ਗਏ ਜਾਂ ਨਹੀਂ, ਕੁਝ ਪਤਾ ਨਹੀਂ। ਪਰ ਮੈਨੂੰ ਇੰਝ ਹੀ ਮਹਿਸੂਸ ਹੋਇਆ।

ਮੈਨੂੰ ਇੱਕ ਕਹਾਣੀ ਚੇਤੇ ਆ ਗਈ। ਸੂਰਜ ਦੀ ਪਹਿਲੀ ਕਿਰਨ ਨਾਲ਼ ਚਕਵਾ ਤੇ ਚਕਵੀ ਦੇ ਮਿਲਾਪ ਨੇ ਉਦਾਸੀ ਛਿੰਨ-ਭਿੰਨ ਕਰ ਛੱਡੀ ਸੀ। ਚਕਵਾ, ਚਕਵੀ ਨੂੰ ਇੱਕ ਜੱਗਬੀਤੀ ਸੁਣਾਉਣ ਲੱਗ ਪਿਆ। ਭਾਗਵਾਨੇ, ਮਤਲਬੀ ਦੁਨੀਆਂ ਏਥੇ ਕਿਸੇ ਦੀ ਮਿੱਤ ਨਈਂ ਹੁੰਦੀ। ਕੌਣ ਜਾਣਦੈ ਕਿਹੜੇ ਵੇਲ਼ੇ ਲਹੂਆਂ ਵਿੱਚ ਪਾਣੀ ਪੈ ਜਾਵੇ ਜਾਂ ਲਹੂਆਂ ਦਾ ਰੰਗ ਈ ਸਫੇਦ ਹੋ ਜਾਵੇ। ਸੁਣ, ਇੱਕ ਸ਼ਹਿਰ ਵਿੱਚ ਦੋ ਸਕੀਆਂ ਭੈਣਾਂ ਰਹਿੰਦੀਆਂ ਸਨ। ਉਨ੍ਹਾਂ ਦੇ ਆਪਸੀ ਪਿਆਰ 'ਤੇ ਉਂਗਲ਼ ਧਰਨਾ ਨਾਮੁਮਕਿਨ ਸੀ। ਦੋਵੇਂ ਇੱਕ ਦੂਜੀ 'ਤੇ ਜਾਨ ਛਿੜਕਦੀਆਂ। ਮਾਂ-ਪਿਓ ਮੁੱਕੇ ਤਾਂ ਬਾਬਲ ਦੇ ਵਿਹੜੇ ਦਾ ਰਾਜ ਭਰਜਾਈਆਂ ਹੱਥ ਚਲਾ ਗਿਆ। ਛੋਟਾ ਭਰਾ-ਭਰਜਾਈ ਦਿਆਲੂ। ਵੱਡੀ ਭਰਜਾਈ ਕਾਇਰ ਤੇ ਭਰਾ ਲਾਈਲੱਗ। ਵੱਡੀ ਭੈਣ ਨੇ ਆਪਣੀ ਧੀ ਦਾ ਕਾਜ ਰਚਾਉਣ ਲਈ ਮਸ਼ਵਰਾ ਚਾਹਿਆ। ਕਾਇਰਾਂ ਦੀ ਕਾਇਰਤਾ ਅੱਗੇ ਆ ਗਈ। ਅੰਦਰੋਂ ਕੁਸ਼ ਤੇ ਬਾਹਰੋਂ ਕੁਸ਼। ਹਰ ਗੱਲ ਵਿੱਚ ਅੜਿੱਕਾ ਡਾਹੁਣ ਲੱਗ ਪਏ। ਇੰਝ ਨਹੀਂ ਇੰਝ ਕਰੋ। ਹਰ ਰਸਮ ਵੇਲ਼ੇ ਉਨ੍ਹਾਂ ਆਪਣਾ ਰੰਗ ਦਿਖਾਇਆ। ਦੋਵੇਂ ਧਿਰਾਂ ਦੇ ਮਨਾਂ ਵਿੱਚ ਬੂੰਦ ਬੂੰਦ ਜ਼ਹਿਰ ਇਕੱਠਾ ਹੋਣ ਲੱਗ ਪਿਆ। ਇਕੱਲਤਾ ਦੇ ਆਧੁਨਿਕ ਦੌਰ ਵਿੱਚ ਨਾ ਕਿਧਰੇ ਨਾਨਕੇ ਰਹੇ ਤੇ ਨਾ ਦਾਦਕੇ। ਮਾਮਾ-ਮਾਮੀ, ਮਾਸੀ-ਮਾਸੜ ਆਦਿ ਰਿਸ਼ਤਿਆਂ ਦੀ ਖਿੱਦੋ ਵਿੱਚੋਂ ਸੜੀਆਂ-ਗਲ਼ੀਆਂ ਲੀਰਾਂ ਸੜਾਂਦ ਮਾਰਨ ਲੱਗੀਆਂ। ਨਾਨੇ ਵੱਲੋਂ ਦੋਹਤੀ ਦੇ ਨਾਂ ਨਾਨਕੇ-ਸ਼ੱਕ ਲਈ ਜਮ੍ਹਾਂ ਐਫ.ਡੀ. ਵਿੱਚੋਂ ਵੀ ਕੁਝ ਰਕਮ ਹਥਿਆ ਲੈਣ ਦੀਆਂ ਗੋਂਦਾਂ ਗੁੰਦ ਹੋਣ ਲੱਗੀਆਂ। ਕਾਰਜ ਸੰਪੰਨ ਹੋਇਆ। ਵੱਡੇ ਮਾਮਾ-ਮਾਮੀ ਨੇ ਭਾਣਜੀ ਲਈ ਨਾਨਕੇ ਘਰ ਦੇ ਦਰਵਾਜ਼ੇ ਢੋਅ ਲਏ। ਸਮੇਂ ਦੇ ਵਹਾਅ ਨੇ ਇੱਕ ਦਿਨ ਮਾਸੀ-ਮਾਸੜ ਵੱਲੋਂ ਵਿਛਾਈ ਬਿਸਾਤ ਦਾ ਰਾਜ਼ ਚੌਰਾਹੇ ਖੋਲ੍ਹ ਦਿੱਤਾ। ਚਕਵੇ ਨੇ ਚਕਵੀ ਦੀਆਂ ਤਰਲ ਅੱਖਾਂ ਵੱਲ ਭਰਵੀਂ ਨਜ਼ਰ ਸੁੱਟੀ ਜਿੱਥੇ ਉਸ ਨਾਲ਼ ਹੋਈਆਂ-ਬੀਤੀਆਂ ਵੀ ਖੰਡਰਾਂ ਵਿੱਚ ਵਟੀਆਂ ਪਈਆਂ ਸਨ। ਇਨ੍ਹਾਂ ਪੰਖੇਰੂਆਂ ਦੀ ਬਾਤ ਸੁਣ ਮੇਰੇ ਮਨ ਵਿੱਚ ਮੇਰੇ ਗੀਤ ਦਾ ਅੰਤਰਾ ਰੁਮਕਣ ਲੱਗ ਪੈਂਦਾ ਹੈ, 'ਚੁੱਕ ਪੱਥਰਾਂ ਨੂੰ ਪਾੜੇ ਤੈਨੂੰ ਕੌਣ ਸਮਝਾਵੇ/ ਇੱਕੋ ਛੋਟੀ ਜਈ ਨਿਸ਼ਾਨੀ ਅੱਗ ਸਾਗਰਾਂ ਨੂੰ ਲਾਵੇ/ ਦੱਸੀਂ ਕੀਹਦੇ ਲਈ ਕਦੋਂ ਮੈਂ ਮਲੰਗ ਨਈਉਂ ਹੋਇਆ/ ਮੇਰੇ ਲਹੂ ਦਾ ਸਫੈਦ ਹਾਲੇ ਰੰਗ ਨਈਉਂ ਹੋਇਆ/ ਤਾਈਉਂ ਨਜ਼ਰਾਂ ਚੁਰਾ ਕੇ ਕੋਲ਼ੋਂ ਲੰਘ ਨਈਉਂ ਹੋਇਆ।'

***ਸੰਪਰਕ : 98144-30874***

# ਵਿਗਿਆਨਕ ਧਾਰਨਾਵਾਂ ਤੇ ਤਰਕਸ਼ੀਲ ਪ੍ਰਵਚਨ

ਅਤਰਜੀਤ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੋ ਮਿੱਤਰ ਪਿਆਰੇ ਤੁਹਾਡਾ ਹਾਲ-ਚਾਲ ਪੁੱਛਣ ਵੇਲੇ ਇਹ ਕਹਿੰਦੇ ਸੁਣੀਂਦੇ ਨੇ-'ਕੋਈ ਨੀਂ ਪਰਮਾਤਮਾ ਭਲੀ ਕਰੂਗਾ।' ਜਾਂ 'ਵਾਹਿਗੁਰੂ ਕਿਰਪਾ ਕਰਨ।' ਇਹ ਸ਼ਬਦ ਖ਼ਾਸ ਕਰਕੇ ਰੱਬ ਸਾਡੇ ਸੱਭਿਆਚਾਰ ਵਿੱਚ ਏਸ ਕਦਰ ਰਮ ਚੁੱਕੇ ਹਨ ਕਿ ਸਾਡੇ ਮੂੰਹੋਂ ਸਹਿਜ ਨਾਲ 'ਰੱਬ ਦੀ ਰਜ਼ਾ' ਨਿਕਲ ਹੀ ਜਾਂਦਾ ਹੈ। ਚਾਹੇ ਕੁੱਝ ਵੀ ਹੈ, ਜਨ ਸਾਧਾਰਨ ਲਈ ਇਹ ਬੋਲ ਰਾਹਤ ਦਾ ਸਾਧਨ ਬਣ ਜਾਂਦੇ ਹਨ।

ਹਜ਼ਾਰਾਂ ਸਾਲਾਂ ਤੋਂ ਸਥਾਪਤ ਗੈਰ ਵਿਗਿਆਨਕ ਧਾਰਨਾਵਾਂ ਦੇ ਅਨੁਆਈ ਹੁੰਦੇ ਹੋਏ, ਇਹ ਆਮ ਵਰਤਾਰਾ ਹੈ, ਜੋ ਡਾਕਟਰੀ ਇਲਾਜ ਦੀਆਂ ਵਿਗਿਆਨਕ ਖੋਜਾਂ ਵਿੱਚ ਯਕੀਨ ਵੀ ਰੱਖਦੇ ਹਨ, ਪਰ ਮਰ ਰਹੇ ਬੰਦੇ ਦੇ ਸਾਹਾਂ ਵਿੱਚ ਵਾਧਾ ਕਰਨ ਵਾਲੀਆਂ ਦੁਆਈਆਂ, ਤਕਨੀਕਾਂ ਵੱਲ ਪਿੱਠ ਕਰਕੇ ਖੜ੍ਹੇ ਹੁੰਦੇ ਹਨ। ਅੰਤਮ ਅਵਸਥਾ ਵਿੱਚ ਮਰੀਜ਼ ਨੂੰ ਐਮਰਜੈਂਸੀ ਦਾਖ਼ਲ ਕਰਾਇਆ ਜਾਂਦਾ ਹੈ। ਇਲਾਜ ਸ਼ੁਰੂ ਹੁੰਦਾ ਹੈ। ਮਾਹਰ ਡਾਕਟਰ ਸਿਰਤੋੜ ਯਤਨ ਕਰਕੇ ਮਰੀਜ਼ ਨੂੰ ਬੇਹੋਸ਼ੀ ਵਿੱਚੋਂ ਬਾਹਰ ਕੱਢ ਲੈਂਦੇ ਹਨ, ਪਰ ਅਸੀਂ ਹਾਂ ਜੋ ਡਾਕਟਰ ਮੂਹਰੇ ਹੱਥ ਜੋੜ ਕੇ ਉਸ ਦਾ ਸ਼ੁਕਰਾਨਾ ਨਹੀਂ ਕਰਦੇ। ਹੱਥ ਜੁੜਦੇ ਹਨ ਤੇ ਮੂੰਹੋਂ ਬੋਲ ਨਿਕਲਦੇ ਹਨ-' ਸ਼ੁਕਰ ਹੈ ਪਰਮਾਤਮਾ ਤੇਰੇ ਨਾਂ ਨੂੰ!' ਸੁੱਖਾਂ ਸੁੱਖੀਆਂ ਜਾਂਦੀਆਂ ਹਨ, ਭਾਂਤ-ਸੁਭਾਂਤੇ ਵਿਚਾਰਾਂ ਵਾਲੇ ਲੋਕ ਘਰਾਂ ਵਿੱਚ ਆਪਣੇ ਵਿਸ਼ਵਾਸ ਅਨੁਸਾਰ ਪਾਠ-ਪੂਜਾ ਕਰਾਉਂਦੇ, ਅਰਦਾਸ ਵਿੱਚ ਵੀ ਕਿਤੇ ਡਾਕਟਰ ਦਾ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ।

ਮੌਤ ਬਾਰੇ ਪ੍ਰਚੱਲਤ ਰੂੜੀਗਤ ਗਿਆਨ ਕਿ ਪਰਮਾਤਮਾ ਨੇ ਜਿੰਨੇ ਸਾਸ ਲਿਖੇ ਸਨ, ਭੋਗ ਕੇ ਬੰਦੇ ਨੇ ਜਿੱਥੋਂ ਆਇਆ ਹੁੰਦਾ ਹੈ, ਜਾਣਾ ਹੁੰਦਾ ਹੈ। ਕੀਰਤਨੀਏ ਤੇ ਅਰਦਾਸੀਆਂ ਦਾ ਇਸ ਗੈਰ ਵਿਗਿਆਨਕ ਕਲਪਨਾ ਨੂੰ ਸੰਘਣਾ ਕਰਨ 'ਤੇ ਜ਼ੋਰ ਲੱਗਾ ਹੁੰਦਾ ਹੈ। ਡਾਕਟਰੀ ਇਲਾਜ ਨੇ ਸਾਹਾਂ ਵਿੱਚ ਜਿੰਨਾ ਵਾਧਾ ਕੀਤਾ ਹੁੰਦਾ ਹੈ, ਗਿਆਨ ਹਵਾ ਵਿੱਚ ਉਡਾ ਦਿੱਤਾ ਜਾਂਦਾ ਹੈ। ਆਤਮਾ ਜਾਂ ਆਤਮ ਬਲ ਨੂੰ ਵੀ ਮਿੱਥਾਂ ਵਿੱਚ ਗਲੇਫ਼ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਵਰਤਾਰਾ ਮਨੁੱਖੀ ਆਤਮ ਸ਼ਕਤੀ (will pover) ਨੂੰ ਘਟਾ ਕੇ ਵੇਖਣ ਦਾ ਨਤੀਜਾ ਹੁੰਦਾ ਹੈ, ਜਿਸ ਕਰਕੇ ਉਹ ਤੰਦਰੁਸਤੀ ਨੂੰ ਪਰਮਾਤਮਾ ਜਾਂ ਵਾਹਿਗੁਰੂ ਦੇ ਖਾਤੇ ਵਿੱਚ ਪਾਉਣਾ ਨਹੀਂ ਭੁੱਲਦੇ।

ਜੇ ਗੁਰਬਾਣੀ ਦੀ ਗੱਲ ਵੀ ਕਰੀਏ ਤਾਂ ਗੁਰਬਾਣੀ ਮਰਨ ਦੇ ਸੰਕਲਪ ਨੂੰ ਮੁੱਢੋਂ-ਸੁੱਢੋਂ ਹੀ ਰੱਦ ਕਰਦੀ ਹੈ ਕਿ ਮਰਦਾ ਕੁੱਝ ਵੀ ਨਹੀਂ, ਤੱਤਾਂ ਵਿੱਚ ਤੱਤ ਰਲ ਜਾਂਦੇ ਹਨ। ਇਹੋ ਗੱਲ ਵਿਗਿਆਨ ਕਹਿੰਦਾ ਹੈ।

ਇੱਥੇ ਹੀ ਬੱਸ ਨਹੀਂ, ਰਾਜਸਥਾਨ ਦੇ ਰਾਜਾ ਭਗਤ ਪੀਪਾ ਜੀ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਇੱਕੋ-ਇੱਕ ਸ਼ਬਦ ਵਿਚਾਰਿਆ ਜਾ ਸਕਦਾ ਹੈ- 'ਪੀਪਾ ॥'

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥

ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ ਪੰਨਾ 695॥ ਜਦੋਂ ਪਰਵਾਰ ਦੇ ਹਰੇ-ਭਰੇ ਰੁੱਖ ਤੋਂ ਕੋਈ ਟਾਹਣੀ ਟੁੱਟ ਜਾਂਦੀ ਹੈ। ਪਰਮਾਤਮਾ ਨੂੰ ਜੋ ਮਨਜ਼ੂਰ, ਉਹਦਾ ਹੁਕਮ ਹੋਇਆ ਲੈ ਗਿਆ, ਜਦੋਂ ਅੰਨ ਜਲ ਮੁੱਕ ਗਿਆ, ਰੱਬ ਦਾ ਭਾਣਾ ਆਦਿ ਸ਼ਬਦ ਵੀ ਦੁਖੀ ਹਿਰਦੇ ਨੂੰ ਸ਼ਾਂਤ ਕਰਨ ਲਈ ਹੀ ਵਰਤੇ ਜਾਂਦੇ ਹਨ।

ਮਹਾਂ ਪੁਰਖਾਂ ਦੇ ਉਸ ਗਿਆਨ ਦੇ ਵਿਕਸਤ ਵਿਗਿਆਨਕ ਸੱਚ ਨੂੰ ਅੱਜ ਤਰਕਸ਼ੀਲ ਲਹਿਰ ਅੱਗੇ ਤੋਰ ਰਹੀ ਹੈ।

ਘੱਟ ਪੜ੍ਹੇ, ਚੇਤਨਾ ਵਿਹੂਣੇ ਤਬਕਿਆਂ ਦਾ ਤਾਂ ਕੋਈ ਕਸੂਰ ਹੀ ਨਹੀਂ, ਉਹ ਇਹ ਸਮਝਣੋਂ ਤਾਂ ਕਿਧਰੇ ਰਹੇ, ਮੈਂ ਆਪਣੇ ਅਧਿਆਪਨ ਕਾਰਜ ਦੌਰਾਨ ਅਨੇਕਾਂ ਸਾਇੰਸ ਮਾਸਟਰਾਂ ਦੀਆਂ ਉਦਾਹਰਣਾਂ ਦੇ ਸਕਦਾ ਹਾਂ ਕਿ ਉਨ੍ਹਾਂ ਨੂੰ ਮਾਦੇ ਵਿਚਲੀ ਸੰਚਾਲਤ ਸ਼ਕਤੀ ਦੀ ਵਿਆਖਿਆ ਤਾਂ ਕਿਧਰੇ ਰਹੀ, ਮੁੱਢਲੀ ਜਾਣਕਾਰੀ ਵੀ ਨਹੀਂ ਸੀ ਹੁੰਦੀ। ਮੈਂ ਉਨ੍ਹਾਂ 'ਚੋਂ ਬਹੁਤਿਆਂ ਨੂੰ ਬਿਆਸ ਜਾਂ ਸਿਰਸਾ ਦੇ ਡੇਰਿਆਂ ਤੋਂ ਮੁਕਤੀ ਦਾ ਮਾਰਗ ਲੱਭਦੇ ਦੇਖ ਰਿਹਾਂ। ਨਾਨਕ ਮੱਤ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦਾ-'ਹਸੰਦਿਆਂ ਖਿਲੰਦਿਆਂ ਪਹਿਨੰਦਿਆ ਵਿਚੇ ਹੋਵੈ ਮੁਕਤਿ॥' ਵੇਦ ਬਾਣੀ ਦੇ ਸਨਾਤਨੀ ਸੰਕਲਪਾਂ ਨੂੰ ਛੱਡ ਕੇ ਜਦ ਬਾਣੀ ਧਰਾਤਲੀ ਯਥਾਰਥ ਦੀ ਵਿਆਖਿਆ ਕਰਦੀ ਹੈ ਤਾਂ ਅਸੀਂ ਮੁਢਲੇ ਵਿਗਿਆਨ ਦੇ ਨਜ਼ਦੀਕ ਪਹੁੰਚ ਜਾਂਦੇ ਹਾਂ।

ਬਰਾਹਮਣੀ ਮੱਤ ਦੇ ਸਨਾਤਨੀ ਸੰਕਲਪਾਂ ਦਾ ਗੁਰੂ ਸਾਹਿਬ ਨੇ ਬਾਣੀ ਵਿੱਚ ਉਲੇਖ ਕਰਦਿਆਂ ਇਸ ਗੱਲ ਦਾ ਖਿਆਲ ਰੱਖਿਆ ਜਾਪਦਾ ਹੈ ਕਿ ਮਰੀਜ਼ ਨੂੰ ਓਵਰ ਡੋਜ਼ ਫਾਇਦੇ ਨਾਲੋਂ ਨੁਕਸਾਨ ਵੱਧ ਕਰ ਸਕਦੀ ਹੈ। ਇਸ ਲਈ ਖੰਡਨ ਤੇ ਮੰਡਨ ਦੇ ਆਪਾ ਵਿਰੋਧੀ ਵਿਧੀ ਵਿਧਾਨ ਦੀ ਵਿਰਲ ਦੀ ਵਰਤੋਂ ਕਰਦਿਆਂ ਪੁਰਾਤਨ ਫ਼ਲਸਫ਼ੇ ਦੇ ਮੁਕਾਬਲੇ ਬੜੇ ਹੀ ਸੂਖਮ ਸੰਕੇਤਾਂ ਰਾਹੀਂ ਪਦਾਰਥ ਦੀ ਅੰਦਰੂਨੀ ਸ਼ਕਤੀ 'ਆਤਮ ਬਲ' (Will power) ਨੂੰ ਪ੍ਰਾਥਮਿਕਤਾ ਦਿੱਤੀ। ਜੇਕਰ ਮਾਦੀ ਸੰਸਾਰ ਯਾਨੀ ਬ੍ਰਹਿਮੰਡ ਦਾ ਗੁਰਮਤਿ ਗਿਆਨ ਨਾਲ ਅਧਿਐਨ ਕੀਤਾ ਜਾਵੇ ਤਾਂ 'ਜੋ ਖੋਜੈ ਸੋ ਪਾਵੇ' ਦੇ ਸਿਧਾਂਤ ਨਾਲ ਖੋਜਾਰਥੀ ਨੂੰ ਮਾਦੇ ਦੀ ਅੰਦਰਲੀ ਉਸ ਕੇਂਦਰੀ ਸ਼ਕਤੀ ਦਾ ਗਿਆਨ ਹੀ ਹੱਥ ਲੱਗੇਗਾ, ਜੋ ਉਸ ਨੂੰ ਗਤੀਸ਼ੀਲ ਰੱਖ ਰਹੀ ਹੈ। ਗਤੀਸ਼ੀਲਤਾ ਨੂੰ ਬਰਕਰਾਰ ਰੱਖਣ ਵਾਲੀ ਮਹਾਂ ਮਾਨਵੀ ਸ਼ਕਤੀ ਨੂੰ ਆਤਮਾ ਦਾ ਨਾਂਅ ਦੇ ਦਿੱਤਾ ਗਿਆ, ਜਿਸ ਨੂੰ ਮੈਂ ਆਤਮ ਬਲ ਕਹਿਣਾ ਉਚਿੱਤ ਸਮਝਦਾ ਹਾਂ।

ਕੋਈ ਦੁੱਖ-ਤਕਲੀਫ਼, ਔਕੜ, ਬਿਮਾਰੀ ਉੱਪਰੋਂ ਨਹੀਂ ਡਿੱਗਦੀ, ਸਰਕਾਰੀ ਤੰਤਰ ਦਾ ਲੋਕਾਂ ਵੱਲੋਂ ਬੇਮੁੱਖ ਹੋਣਾ, ਧਰਾਤਲੀ ਹਾਲਾਤ, ਵਾਤਾਵਰਨ, ਆਰਥਿਕ ਸਥਿਤੀ, ਗਰੀਬੀ ਕਾਰਨ ਕੁਪੋਸ਼ਣ, ਖਾਦ ਪਦਾਰਥਾਂ ਦਾ ਪ੍ਰਦੂਸ਼ਿਤ ਹੋਣਾ ਆਦਿ ਅਨੇਕਾਂ ਕਾਰਨ ਹੋ ਸਕਦੇ ਹਨ, ਜੋ ਰੋਗਾਂ ਅਤੇ ਹੋਰ ਅਲਾਮਤਾਂ ਦੇ ਜ਼ੁੰਮੇਵਾਰ ਹਨ।

ਕਿਸੇ ਵੀ ਵਿਚਾਰ ਜਾਂ ਵਿਚਾਰਧਾਰਾ ਨੂੰ ਕੋਈ ਕਿਵੇਂ ਲੈਂਦਾ ਹੈ, ਦ੍ਰਿਸ਼ਟੀਕੋਣ ਅਰਥਾਤ ਸਮਝ-ਸਮਝ ਦਾ ਫ਼ਰਕ ਹੈ। ਮੈਂ ਗੁਰਮਤਿ ਕਾਵਿ ਵਿਚਲੇ ਤਰਕਸ਼ੀਲ ਮੁਹਾਵਰਿਆਂ ਦੀ ਗੱਲ ਕਰਦਾ ਹਾਂ। ਹਜ਼ਾਰਾਂ ਸਾਲਾਂ ਤੋਂ ਇਹ ਗਿਆਨ ਭਾਰੂ ਰਿਹਾ ਹੈ ਕਿ ਉਸ ਦੀ ਮਰਜ਼ੀ ਤੋਂ ਬਗੈਰ ਪੱਤਾ ਨਹੀਂ ਝੂਲਦਾ। ਇਸੇ ਵਿਚਾਰ ਨੂੰ ਗੁਰਬਾਣੀ ਵਿੱਚ ਇਉਂ ਪੇਸ਼ ਕਰ ਦਿੱਤਾ ਗਿਆ, 'ਕਰੇ ਕਰਾਏ ਆਪੇ ਆਪ॥ ਮਾਨਸ ਕੇ ਕਿਛੁ ਨਾਹੀ ਹਾਥਿ॥' ਪਰ ਨਾਲ ਦੀ ਨਾਲ ਕਹਿ ਕੇ ਉਸ ਅਨੰਤ ਸ਼ਕਤੀ ਨੂੰ ਸਮਝਣ ਦੀ ਪ੍ਰੇਰਨਾ ਦਿੱਤੀ ਹੈ, ਪਰ ਨਾਲ ਹੀ ਇਹ ਵੀ ਦਰਸਾ ਦਿੱਤਾ ਕਿ ਕਿਸੇ ਅਗੰਮੀ ਸ਼ਕਤੀ ਨੇ ਤੁਹਾਡਾ ਕਾਰਜ ਕਰਨ ਨਹੀਂ ਆਉਣਾ, 'ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ॥'

ਗੁਰਬਾਣੀ ਵਿਗਿਆਨ ਦਾ ਬੂਹਾ ਖੋਲ੍ਹਦੀ ਹੈ, ਨਾ ਕਿ ਬੰਦ ਕਰਦੀ ਹੈ। 'ਕਰਮਾਂ ਸੰਦੜਾ ਖੇਤ॥' ਵੀ ਉਸ ਵਿਗਿਆਨਕ ਸੱਚਾਈ ਵੱਲ ਸੰਕੇਤ ਹੈ ਕਿ ਖੇਤ ਨੂੰ ਕਮਾਈ ਯਾਨੀ ਮੁਸ਼ੱਕਤ (ਮਿਹਨਤ) ਨਾਲ ਹੀ ਹਰਾ-ਭਰਾ ਕੀਤਾ ਜਾ ਸਕਦਾ ਹੈ। 'ਜੋ ਬੀਜੈ ਸੋ ਲੁਣੇ॥ ਉਸੇ ਕਰਮ ਫਲ ਦੀ ਮੱਤ ਦਿੰਦਾ ਹੈ ਨਾ ਕਿ ਪੂਰਬਲੇ ਕਿਸੇ ਕਰਮ ਫਲ ਦੀ, ਜੋ ਬਰਹਿਮਣੀ ਮੱਤ ਨੇ ਪ੍ਰਸਾਰਤ ਕੀਤਾ ਹੋਇਆ ਹੈ। ਬਾਬਾ ਫ਼ਰੀਦ ਜੀ ਨੇ ਤਾਂ ਗੱਲ ਹੀ ਮੁਕਾ ਦਿੱਤੀ, 'ਫ਼ਰੀਦਾ ਲੋੜੈ ਦਾਖ ਬਿਜਉਰੀਆ ਕਿਕਰ ਬੀਜੇ ਜਟ॥ ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ॥'

ਗੱਲ ਬਿਮਾਰੀ, ਮੌਤ, ਸਾਹਾਂ ਦੀ ਪੂੰਜੀ, ਲਿਖੇ ਗਏ ਸਾਸ ਗਿਰਾਸ, ਆਦਿ ਦੀਆਂ ਸਨਾਤਨੀ ਪਰਿਭਾਸ਼ਾਵਾਂ ਵਿਗਿਆਨਕ ਯੁੱਗ ਵਿੱਚ ਅਰਥ ਵਿਹੂਣੀਆਂ ਹੋ ਗਈਆਂ ਹਨ। ਤੰਦਰੁਸਤ ਰਹਿਣ ਦਾ ਉਪਦੇਸ਼ ਦਿੰਦੀ ਬਾਣੀ ਵਿਗਿਆਨਕ ਸੱਚ ਦੀ ਗੱਲ ਕਰਦੀ ਹੈ, 'ਬਾਬਾ ਹੋਰੁ ਖਾਣਾ ਖੁਸੀ ਖੁਆਰ॥ ਜਿਤੁ ਖਾਧੈ ਤਨੁ ਪੀੜੀਐ ਮਨੁ ਮਹਿ ਚਲੇ ਵਿਕਾਰ॥' ਜਿਹੜੇ ਵਿਹਲੜ ਗੁਰਬਾਣੀ ਦੇ ਸਿਰੋਂ ਚੰਗੀਆਂ ਕਮਾਈਆਂ ਕਰਦੇ ਸੂਰਾਂ ਵਾਂਗ ਫਿੱਟੇ ਹੋਏ ਬੇਗੈਰਤੇ ਹੋ ਕੇ ਗੁਰਬਾਣੀ ਦੇ ਥੱਪੜ ਵੀ ਖਾ ਰਹੇ ਹਨ, 'ਫਿਟ ਅਵੇਹਾ ਜੀਵਿਆ ਜਿਤੁ ਖਾ ਵਧਾਇਆ ਪੇਟ॥'

ਇਸ ਵਾਰ ਵੀ ਮੇਰੇ ਗੰਭੀਰ ਹਾਲਤ ਵਿੱਚ ਹਸਪਤਾਲ ਦਾਖ਼ਲ ਹੋਣ ਪਿੱਛੇ ਮੇਰੀ ਬਦਪਰਹੇਜ਼ੀ ਹੀ ਕਾਰਨ ਬਣੀ। ਕੰਮ ਕਰਨ ਵਾਲੀ ਲੜਕੀ ਚੋਰੀ ਕਰਦੀ ਕੈਮਰੇ ਵਿੱਚ ਕੈਦ ਹੁੰਦੀ ਰਹੀ। ਘੇਰਨ 'ਤੇ ਕੰਮ ਛੱਡ ਕੇ ਚਲੀ ਗਈ। ਮੈਂ ਦੋ ਦਿਨ ਬਾਹਰੋਂ ਰੋਟੀ ਖਾਂਦਾ ਰਿਹਾ ਤੇ ਇੱਕ ਦਿਨ ਦੋ ਆਂਡਿਆਂ ਦਾ ਆਮਲੇਟ ਬਣਾ ਕੇ ਖਾਣਾ ਮੌਤ ਦੇ ਮੂੰਹ ਧੱਕ ਕੇ ਲੈ ਗਿਆ। ਭਲਾ ਹੋਵੇ ਡਾਕਟਰਾਂ ਦਾ ਜਿਨ੍ਹਾਂ ਦੇ ਇਲਾਜ ਨੇ ਮੁੜ 'ਸਾਹਾਂ ਦੀ ਪੂੰਜੀ' ਵਿੱਚ ਵਾਧਾ ਕਰ ਦਿੱਤਾ ਤੇ ਮੱਧ ਕਾਲੀਨ ਫ਼ਲਸਫ਼ੇ ਨੂੰ ਭਾਂਜ ਦੇ ਦਿੱਤੀ।

***ਸੰਪਰਕ : 94175-81936***

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਸਮਾਜਿਕ ਮਸਲਿਆਂ ਦਾ ਪਾਤਰ-ਕੇਂਦਰਤ ਬਿਰਤਾਂਤ

## ਵਾਇਰਲ ਗਰਲ

(ਕਹਾਣੀ-ਸੰਗ੍ਰਹਿ)
ਜਤਿੰਦਰ ਸਿੰਘ ਹਾਂਸ
ਪੰਨੇ : 123, ਮੁੱਲ : 250 ਰੁਪਏ
ਊੜਾ ਪਬਲੀਕੇਸ਼ਨ, ਮੋਗਾ





ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਸੰਦੀਪ ਰਾਣਾ

ਸਮਕਾਲੀ ਯੁੱਗ ਦੇ ਸਮਾਜਿਕ ਜੀਵਨ ਦੀਆਂ ਕੌੜੀਆਂ ਸੱਚਾਈਆਂ ਨੂੰ ਕਹਾਣੀ ਦਾ ਵਿਸ਼ਾ ਬਣਾਉਣ ਵਾਲੇ ਕਹਾਣੀਕਾਰਾਂ ਵਿੱਚ ਜਤਿੰਦਰ ਹਾਂਸ ਦਾ ਨਾਂਅ ਵਿਸ਼ੇਸ਼ ਮਹੱਤਵ ਰੱਖਦਾ ਹੈ। ਉਸ ਦੀਆਂ ਕਹਾਣੀਆਂ ਆਮ ਪੰਜਾਬੀ ਦੇ ਜੀਵਨ ਵਿਚਲੀਆਂ ਪੀੜਾਂ, ਸੰਘਰਸ਼ ਅਤੇ ਸੰਵੇਦਨਾਵਾਂ ਦਾ ਪ੍ਰਤੱਖ ਦਸਤਾਵੇਜ਼ ਸਾਬਿਤ ਹੁੰਦੀਆਂ ਹਨ। ਉਸ ਦੀ ਕਹਾਣੀ ਕਲਾ ਪ੍ਰਭਾਵਸ਼ਾਲੀ ਢੰਗ ਨਾਲ ਮਨੁੱਖੀ ਜੀਵਨ ਦੀਆਂ ਘਟਨਾਵਾਂ ਨੂੰ ਛੋਟੇ-ਛੋਟੇ ਵਾਕਾਂ ਰਾਹੀਂ ਇੱਕ ਬਿੰਦੂ ਦੁਆਲੇ ਸੰਘਣਾ ਬਿਰਤਾਂਤ ਵਿਉਂਤਣ ਦੀ ਸਮਰੱਥਾ ਰੱਖਦੀ ਹੈ। ਉਸ ਦਾ ਸਗਲ ਘਟਨਾਵਾਂ ਨੂੰ ਕਥਾ ਦੇ ਰੇਖਾਂਕਿਕ ਨਿਸ਼ਚਿਤ ਕ੍ਰਮ ਅਨੁਸਾਰ ਵਿਲੱਖਣ ਮਸਨੂਈ ਤਰਤੀਬ ਵਿੱਚ ਪੇਸ਼ ਕਰਨ ਦਾ ਢੰਗ ਪਾਠਕਾਂ ਦੇ ਧਿਆਨ ਬਿੰਦੂ ਨੂੰ ਇੱਕ ਥਾਂ ਕੇਂਦਰਿਤ ਕਰਨ ਵਿੱਚ ਸਹਾਈ ਹੁੰਦਾ ਹੈ। ਇਹਨਾਂ ਵਿਲੱਖਣਤਾਵਾਂ ਕਾਰਨ ਉਸ ਦੀ ਕਹਾਣੀ ਹਮੇਸ਼ਾ ਤੋਂ ਮਕਬੂਲ ਰਹੀ ਹੈ ਅਤੇ ਕਹਾਣੀ ਸਮੀਖਿਅਕ ਖੇਮਿਆਂ ਵਿੱਚ ਇਸ ਦੀ ਚਰਚਾ ਲਗਾਤਾਰ ਹੁੰਦੀ ਰਹੀ ਹੈ। ਉਹ ਆਪਣੇ ਕਹਾਣੀ-ਸੰਗ੍ਰਹਿ 'ਪਾਵੇ ਨਾਲ ਬੰਨ੍ਹਿਆ ਹੋਇਆ ਕਾਲ' (2005), 'ਈਸ਼ਵਰ ਦਾ ਜਨਮ' (2009) 'ਜਿਉਣਾ ਸੱਚ ਬਾਕੀ ਝੂਠ' (2018) ਅਤੇ 'ਓਹਦੀਆਂ ਅੱਖਾਂ ਵਿੱਚ ਸੂਰਜ ਹੈ' (2023) ਨਾਲ ਆਪਣੇ ਵਿਲੱਖਣ ਕਹਾਣੀਕਾਰ ਵਜੋਂ ਹਸਤਾਖ਼ਰ ਸਥਾਪਤ ਕਰ ਚੁੱਕਾ ਹੈ। ਇਸ ਤੋਂ ਇਲਾਵਾ ਉਹ ਇੱਕ ਨਾਵਲ 'ਬਸ ਇਨਾ ਹੀ' (2015) ਵਿੱਚ ਪ੍ਰਕਾਸ਼ਿਤ ਕਰਵਾ ਚੁੱਕਾ ਹੈ। ਕਹਾਣੀ-ਸੰਗ੍ਰਹਿ 'ਜਿਉਣਾ ਸੱਚ ਬਾਕੀ ਝੂਠ' ਲਈ 2019 ਦਾ ਢਾਹਾਂ ਪੁਰਸਕਾਰ ਵੀ ਜਤਿੰਦਰ ਹਾਂਸ ਪ੍ਰਾਪਤ ਕਰ ਚੁੱਕਾ ਹੈ। ਇਸ ਤੋਂ ਇਲਾਵਾ ਪ੍ਰਿੰਸੀਪਲ ਸੁਜਾਨ ਸਿੰਘ ਪੁਰਸਕਾਰ, ਸੰਤ ਸਿੰਘ ਸੇਖੋਂ ਪੁਰਸਕਾਰ ਅਤੇ ਸਵਰਨ ਕੌਰ ਯਾਦਗਾਰੀ ਪੁਰਸਕਾਰ ਵੀ ਉਹ ਪ੍ਰਾਪਤ ਕਰ ਚੁੱਕਾ ਹੈ।

ਉਸ ਦਾ ਇੱਕ ਮੁੱਖ ਪਾਤਰ ਚੁਣ ਕੇ ਸਹਿਜ ਸੁਭਾਅ ਉਸ ਦੁਆਲੇ ਬਿਰਤਾਂਤ ਸਿਰਜਣ ਦਾ ਅੰਦਾਜ਼ ਪਾਠਕ ਨੂੰ ਮਿਕਨਾਤੀਸੀ ਢੰਗ ਨਾਲ ਉਸ ਦੇ ਕਥਾ ਜਗਤ ਵਿੱਚ ਪ੍ਰਵੇਸ਼ ਕਰਵਾਉਂਦਾ ਹੈ ਤੇ ਪਾਠਕ ਉਸ ਦੇ ਪਿੱਛੇ ਚਲਦਾ ਹੋਇਆ ਬਿਰਤਾਂਤਕ ਘਟਨਾਵਾਂ ਅਤੇ ਉਨ੍ਹਾਂ ਪਿੱਛੇ ਕੰਮ ਕਰ ਰਹੇ ਅਸਲ ਵਰਤਾਰਿਆਂ ਨੂੰ ਸਮਝਦਾ ਹੋਇਆ ਹਰ ਇਕ ਮਸਲੇ ਨੂੰ ਰੇਖਾਂਕਿਤ ਕਰਦਾ ਜਾਂਦਾ ਹੈ। ਹੱਥਲਾ ਕਹਾਣੀ-ਸੰਗ੍ਰਹਿ 'ਵਾਇਰਲ ਗਰਲ' ਨੌਂ ਕਹਾਣੀਆਂ 'ਤੇ ਅਧਾਰਿਤ ਹੈ ਤੇ ਇਸ ਸੰਗ੍ਰਹਿ ਦੀ ਪਹਿਲੀ ਕਹਾਣੀ ਇਸੇ ਸਿਰਲੇਖ ਵਾਲੀ ਹੈ, ਜੋ ਨਸ਼ਿਆਂ ਦੇ ਚੁੰਗਲ ਵਿੱਚ ਫਸੇ ਪਾਤਰਾਂ ਨੂੰ ਕੇਂਦਰ ਵਿੱਚ ਰੱਖ ਕੇ ਸਿਰਜੀ ਗਈ ਹੈ। ਮਲਕਾ ਨਾਂਅ ਦੀ ਅਕਲਮੰਦ ਲੜਕੀ ਜੋ ਆਇਲਸ ਵਿੱਚੋਂ ਸਿਕਸ ਈਚ ਬੈਂਡ ਲੈ ਕੇ ਕੈਨੇਡਾ ਜਾਣ ਨੂੰ ਤਿਆਰ ਸੀ, ਪਰ ਇੱਕ ਨਸ਼ੇੜੀ ਲੜਕੇ ਕਰਨ ਦੇ ਇਸ਼ਕ ਵਿੱਚ ਪੈ ਕੇ ਮਾਂ-ਬਾਪ ਦੀ ਮਰਜ਼ੀ ਤੋਂ ਬਾਹਰ ਵਿਆਹ ਕਰਵਾ ਲੈਂਦੀ ਹੈ, ਪਰ ਕਰਨ ਨਸ਼ੇ ਕਰਦਾ ਹੈ। ਉਸ ਦੀਆਂ ਗੱਲਾਂ ਵਿੱਚ ਆ ਕੇ ਮਲਕਾ ਉਸ ਦੇ ਨਸ਼ੇ ਛੁਡਵਾਉਣ ਦੀ ਥਾਂ ਆਪ ਵੀ ਨਸ਼ਾ ਕਰਨ ਲੱਗਦੀ ਹੈ। ਹੌਲੀ-ਹੌਲੀ ਸਾਰੀ ਜਮ੍ਹਾਂ ਪੂੰਜੀ ਖ਼ਤਮ ਹੋ ਜਾਂਦੀ ਹੈ, ਘਰ ਦੀਆਂ ਚੀਜ਼ਾਂ ਵਿਕਣ ਲੱਗਦੀਆਂ ਹਨ। ਹਰ ਮਹੀਨੇ ਜਦ ਉਹਨਾਂ ਦੇ ਦਾਦੇ ਦੀ ਪੈਨਸ਼ਨ ਖ਼ਤਮ ਹੋ ਜਾਂਦੀ ਹੈ ਤਾਂ ਉਹ ਪਿੰਡ ਵਾਲਿਆਂ ਨੂੰ ਲੁੱਟਣਾ ਵੀ ਸ਼ੁਰੂ ਕਰ ਦਿੰਦੇ ਹਨ। ਕਹਾਣੀ ਦਾ ਇਕ ਬਿਰਤਾਂਤਕ ਵੇਰਵਾ ਵੇਖਿਆ ਜਾ ਸਕਦਾ ਹੈ, ਮੈਂ ਕਰਨ ਦੇ ਕੱਪੜੇ ਪਾ ਲਏ, ਸਿਰ 'ਤੇ ਪਰਨਾ ਲਪੇਟ ਲਿਆ। ਸਕੂਟਰ ਦੀ ਨੰਬਰ ਪਲੇਟ ਲਾਹ ਦਿੱਤੀ। ਪਿੰਡੋਂ ਬਾਹਰ ਦੂਰ ਨਿਕਲ ਗਏ। ਤੁਰੀ ਜਾਂਦੀ 'ਕੱਲੀ ਤੀਵੀਂ ਕੋਲ ਸਕੂਟੀ ਰੋਕ ਕੇ ਕਰਨ ਰਾਹ ਪੁੱਛਣ ਲੱਗਿਆ। ਉਹ ਤੀਵੀਂ, ਪੰਜਾਬੀ ਜਿਹੜੇ ਰਾਹ ਪੁੱਛਣ ਵਾਲੇ ਨੂੰ ਘਰ ਤੱਕ ਛੱਡਣ ਜਾਣ ਜਾਂਦੇ ਨੇ, ਵਾਂਗ ਰਾਹ ਸਮਝਾਉਣ ਲੱਗੀ। ਕਰਨ ਕੰਬੀ ਜਾਵੇ। ... ਅਗਲੀ ਵਾਰ ਰਾਹ ਪੁੱਛਣ ਦੀ ਡਿਊਟੀ ਮੈਂ ਸਾਂਭੀ। ਤੀਵੀਂ ਨੇ ਰਾਹ ਦੱਸ ਕੇ ਅਜੇ ਅੱਖ ਝਪਕੀ ਸੀ, ਮੈਂ ਉਹਦੀਆਂ ਬਾਲੀਆਂ ਝਪਟ ਕੇ ਭੱਜ ਕੇ ਕਰਨ ਦੀ ਸਕੂਟੀ ਦੇ ਪਿੱਛੇ ਆ ਬੈਠੀ। ਉਸ ਦਿਨ ਅਸੀਂ ਰੱਜ ਕੇ ਚਿੱਟਾ-ਪੀਤਾ ਸੀ। ਵਾਲੀਆਂ ਝਪਟਣ ਵਾਲਾ ਅਸੀਂ ਕੰਮ ਸ਼ੁਰੂ ਕਰ ਲਿਆ। (ਪੰਨਾ 14) ਕਰਨ ਓਵਰਡੋਜ਼ ਕਾਰਨ ਮਰ ਜਾਂਦਾ ਹੈ ਅਤੇ ਨਸ਼ੇ ਦੀ ਤੋੜ ਨੂੰ ਕਾਰਨ ਬਣਾ ਕੇ ਨਸ਼ੇ ਦਾ ਸਪਲਾਇਰ ਕਾਲਾ ਉਸ ਦੀ ਗ਼ਲਤ ਵੀਡੀਓ ਬਣਾ ਲੈਂਦਾ ਹੈ। ਉਹ ਉਸ ਨੂੰ ਸਕੂਲ ਦੇ ਵਿਦਿਆਰਥੀਆਂ ਨੂੰ ਨਸ਼ੇ 'ਚ ਲਾਉਣ ਲਈ ਮਨ੍ਹਾਂ ਕਰਨ 'ਤੇ ਉਹ ਵੀਡੀਓ ਵਾਇਰਲ ਕਰ ਦਿੰਦਾ ਹੈ। ਇਸ ਢੰਗ ਨਾਲ ਇਸ ਇਸਤਰੀ ਪਾਤਰ ਦੇ ਨਸ਼ੇ ਵਿੱਚ ਪੈ ਜਾਣ ਨੂੰ ਕੇਂਦਰ ਬਣਾ ਕੇ ਕਹਾਣੀਕਾਰ ਨੇ ਇਸ ਢੰਗ ਨਾਲ ਬਿਰਤਾਂਤ ਸਿਰਜਿਆ ਹੈ ਕਿ ਪਾਠਕ ਸਹਿਜੇ ਹੀ ਉਸ ਅਕੱਥ ਨੂੰ ਵੀ ਡੀਕੋਡ ਕਰ ਸਮਝ ਲੈਂਦਾ ਹੈ, ਜੋ ਕਹਾਣੀਕਾਰ ਸੰਕੇਤਾਂ ਵਿੱਚ ਪਾਠਕ ਨੂੰ ਦੱਸਣਾ ਚਾਹੁੰਦਾ ਹੈ।

ਕਹਾਣੀ 'ਹਥਿਆਰ' ਵਿਚ ਕਹਾਣੀਕਾਰ ਬੜੇ ਸਹਿਜ ਸੁਭਾਅ ਹਾਸੇ-ਠੱਠੇ ਵਾਲੇ ਢੰਗ ਨਾਲ ਬਾਹਰਲੇ ਦੇਸ਼ਾਂ ਵਿੱਚ ਜਾ ਵਸਣ ਅਤੇ ਉਥੇ ਪੱਕੇ ਹੋਣ ਲਈ ਕੀਤੇ ਜਾਣ ਵਾਲੇ ਸੰਘਰਸ਼ ਬਾਰੇ ਬਿਰਤਾਂਤ ਮੈਂ ਪਾਤਰ ਦੀ ਜ਼ੁਬਾਨੀ ਸਿਰਜਦਾ ਹੈ। ਬਾਹਰਲੇ ਦੇਸ਼ਾਂ ਦੇ ਪੱਕੇ ਨਾਗਰਿਕ ਬਣਨ ਲਈ ਕਿਵੇਂ ਵਿਆਹ ਨੂੰ ਆਧਾਰ ਬਣਾਇਆ ਜਾਂਦਾ ਹੈ, ਹੋਰ ਕੋਈ ਕੰਮ ਨਾ ਮਿਲਣ 'ਤੇ ਬੇਰੀਆਂ ਤੋੜਨ ਦੀ ਲੇਬਰ ਅਤੇ ਘੰਟਿਆਂ ਦੇ ਹਿਸਾਬ ਨਾਲ ਪ੍ਰਾਪਤ ਕੀਤੀ ਜਾਣ ਵਾਲੀ ਮਜ਼ਦੂਰੀ ਅਰਥਾਤ ਪਰਵਾਸੀ ਜੀਵਨ ਦੇ ਮੁਢਲੇ ਟੀਚਿਆਂ ਨੂੰ ਇਸ ਕਹਾਣੀ ਵਿੱਚ ਵਿਸ਼ਾ ਬਣਾਇਆ ਗਿਆ ਹੈ। ਅਸਲ ਗੱਲ ਤਾਂ ਪੰਜਾਬ ਮੁੜ ਕੇ ਉਥੇ ਕਮਾਏ ਰੁਪਿਆਂ ਦਾ ਵਿਖਾਵਾ ਕਰਨ ਵਿੱਚ ਹੀ ਹੁੰਦੀ ਹੈ ਅਤੇ ਇਸ ਕਹਾਣੀ ਦਾ ਮੈਂ ਪਾਤਰ ਵੀ ਬਿੰਦਰ ਨਾਂਅ ਦੀ ਔਰਤ ਪਾਤਰ ਨੂੰ ਪੱਕਾ ਕਰਵਾਉਣ ਬਦਲੇ ਲਈ ਜਾਣ ਵਾਲੀ ਰਕਮ ਨੂੰ ਪੰਜਾਬ ਜਾ ਕੇ ਹਥਿਆਰ ਰੱਖਣ ਅਤੇ ਲਾਇਸੈਂਸ ਬਣਾਉਣ 'ਤੇ ਖ਼ਰਚ ਕਰਨਾ ਚਾਹੁੰਦਾ ਹੈ ਤਾਂਕਿ ਉਹ ਪਰਵਾਸੀ ਜੀਵਨ ਬਾਰੇ ਵਿਖਾਵਾ ਕਰ ਸਕੇ। ਇੱਥੇ ਕਹਾਣੀਕਾਰ ਨੇ ਮਜ਼ਾਹੀਆ ਅੰਦਾਜ਼ ਵਿੱਚ ਬਿੰਦਰ ਨਾਂਅ ਦੀ ਪਾਤਰ ਦੇ ਨੈਣਾਂ ਦੇ ਨਿਸ਼ਾਨੇ ਨਾਜਾਇਜ਼ ਹਥਿਆਰ ਤੋਂ ਵੱਧ ਮਾਰੂ ਸਿੱਧ ਕੀਤੇ ਹਨ ਤੇ ਨਾਲ ਹੀ ਵੱਡੀ ਉਮਰ ਵਿੱਚ ਇਕੱਲਤਾ ਕਾਰਨ ਹੋਣ ਵਾਲੇ ਮਾਨਸਿਕ ਤਣਾਅ ਨੂੰ ਵਿਸ਼ਾ ਬਣਾਇਆ ਹੈ। ਕਹਾਣੀ 'ਹਾਰਟਲੈਸ' ਇਕ ਵੱਖਰੀ ਮਾਨਸਿਕਤਾ ਰੱਖਣ ਵਾਲੀ ਕਿਰਨ ਨਾਂਅ ਦੀ ਉਸ ਲੜਕੀ ਦੀ ਕਹਾਣੀ ਹੈ, ਜੋ ਬ੍ਰਹਮ ਕੁਮਾਰੀਆਂ ਵਾਂਗ ਸੱਚੀ-ਸੁੱਚੀ ਜ਼ਿੰਦਗੀ ਗੁਜ਼ਾਰਨਾ ਚਾਹੁੰਦੀ ਹੈ। ਉਸ ਦੀ ਇਸ ਮਾਨਸਿਕਤਾ ਪਿੱਛੇ ਉਸ ਦੀ ਆਪਣੀ ਭੂਆ ਸੀਤੋ ਦੇ ਅਨੁਭਵ ਕੰਮ ਕਰਦੇ ਹਨ ਕਿ ਉਹ ਮਰਦ ਜ਼ਾਤ ਦੀਆਂ ਨਜ਼ਰਾਂ ਤੋਂ ਵੀ ਦੂਰ ਰਹਿਣਾ ਚਾਹੁੰਦੀ ਹੈ। ਉਹ ਸਰਕਾਰੀ ਸਕੂਲ ਦੀ ਨੌਕਰੀ ਸਮੇਂ ਵੀ ਆਪਣੇ ਕੁਲੀਗਜ਼ ਤੋਂ ਦੂਰ ਹੀ ਰਹਿੰਦੀ ਹੈ ਅਤੇ ਕਿਸੇ ਗ਼ੈਰ ਮਰਦ ਦੇ ਪਰਛਾਵੇਂ ਤੋਂ ਵੀ ਦੂਰ ਰਹਿਣ ਦੀ ਕਸ਼ਮਕਸ਼ ਉਸ ਨੂੰ ਹਰ ਸਮੇਂ ਮਾਨਸਿਕ ਤਣਾਅ ਵਿੱਚ ਰੱਖਦੀ ਹੈ। ਇਸੇ ਕਾਰਨ ਉਹ ਡਾਇਬਟਿਕ ਵੀ ਹੋ ਜਾਂਦੀ ਹੈ ਅਤੇ ਜਿਸ ਦੇ ਸਿੱਟੇ ਵਜੋਂ ਉਸ ਦੀ ਇੱਕ ਕਿਡਨੀ ਬਦਲਾਉਣ ਲਈ ਓਪਰੇਸ਼ਨ ਕਰਵਾਉਣਾ ਪੈਂਦਾ ਹੈ। ਕਹਾਣੀ ਇੱਕ ਬਿਰਤਾਂਤਕ ਮੋੜ ਤੋਂ ਬਾਅਦ ਉਸ ਵੇਲੇ ਸਿਖਰ 'ਤੇ ਪੁੱਜਦੀ ਹੈ, ਜਦ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਆਪਣੇ ਜਿਸ ਕੁਲੀਗ ਨੂੰ ਨਾ ਪਸੰਦ ਕਰਦੀ ਸੀ, ਉਸ ਨੇ ਹੀ ਉਸ ਨੂੰ ਕਿਡਨੀ ਦੇ ਕੇ ਉਸ ਦੀ ਜਾਨ ਬਚਾਈ ਹੈ। ਇਸ ਢੰਗ ਨਾਲ ਕਹਾਣੀਕਾਰ ਨੇ ਇੱਕ ਵਿਲੱਖਣ ਵਿਸ਼ੇ ਵਾਲੀ ਇਸ ਕਹਾਣੀ ਨੂੰ ਇੱਕ ਵਿਲੱਖਣ ਤਕਨੀਕ ਅਤੇ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਕਹਾਣੀ 'ਨਰ-ਮੇਧ ਯੱਗ' ਡੇਰਾਵਾਦ ਸਿਸਟਮ ਉਪਰ ਡੂੰਘੀ ਸੱਟ ਮਾਰਦੀ ਕਹਾਣੀ ਹੈ, ਜਿਸ ਵਿੱਚ ਕਹਾਣੀਕਾਰ ਨੇ ਬਿਰਤਾਂਤ ਸਰਲ, ਪਰ ਪ੍ਰਭਾਵਸ਼ਾਲੀ ਭਾਸ਼ਾ ਦੀ ਵਰਤੋਂ ਕਰਕੇ ਉਸਾਰਿਆ ਹੈ। ਕਹਾਣੀ ਦਾ ਸਿਰਲੇਖ 'ਨਰ-ਮੇਧ ਯੱਗ' ਕਹਾਣੀ ਵਿੱਚ ਇਕ ਪ੍ਰਤੀਕ ਵਜੋਂ ਵਰਤਿਆ ਗਿਆ ਹੈ, ਜੋ ਇਹ ਦਰਸਾਉਂਦਾ ਹੈ ਕਿ ਡੇਰਾਵਾਦ ਆਮ ਮਨੁੱਖ ਨੂੰ ਕਿਵੇਂ ਅੰਦਰੋਂ ਖੋਖਲਾ ਕਰ ਦਿੰਦਾ ਹੈ। ਕਹਾਣੀਕਾਰ ਨੇ ਇਸ ਕਹਾਣੀ ਵਿੱਚ ਸਰੀਰਕ ਤਿਆਗ ਦੀ ਹੀ ਨਹੀਂ, ਸਗੋਂ ਮਾਨਸਿਕ, ਆਰਥਿਕ ਅਤੇ ਸਮਾਜਿਕ ਤਿਆਗਾਂ ਨੂੰ ਵੀ ਕਹਾਣੀ ਦੇ ਕੇਂਦਰ ਵਿੱਚ ਰੱਖਿਆ ਹੈ। ਨਾਲ ਹੀ ਮਰਦ ਪ੍ਰਧਾਨ ਸਮਾਜ ਦੇ ਏਕਾਧਿਕਾਰ ਤੋਂ ਨਿਜ਼ਾਤ ਦਿਵਾਉਂਦਾ ਕਹਾਣੀਕਾਰ ਇਸ ਕਹਾਣੀ ਵਿੱਚ ਪੂਰੇ ਦਾ ਪੂਰਾ ਉਲਟਫੇਰ ਦਾ ਦਾਅ ਪੇਸ਼ ਕਰ ਜਾਂਦਾ ਹੈ। ਕਹਾਣੀ ਦਾ ਅੰਤਿਮ ਬਿਰਤਾਂਤ ਵੇਖਿਆ ਜਾ ਸਕਦਾ ਹੈ, ਗੰਗਾ ਉਹ ਰਾਮਕਾਰ ਟੱਪ ਕੇ ਕੁਟੀਆ 'ਚ ਜਾ ਵੜੀ। ਜੀਹਨੂੰ ਟੱਪਣ 'ਤੇ ਨਗਨ ਗਿਰੀ ਨੇ ਸੱਪਣੀ ਦੀ ਜੂਨੇ ਪੈਣ ਦਾ ਸਰਾਪ ਦਿੱਤਾ ਹੋਇਆ ਸੀ। ਗੰਗਾ ਨੇ ਸਾਰੀ ਕੁਟੀਆ ਛਾਣ ਮਾਰੀ। ਉੱਥੇ ਜਗਦੀ ਅਖੰਡ-ਜੋਤ ਜਿਹਦਾ ਪ੍ਰਕਾਸ਼ ਪੂਰੇ ਇਲਾਕੇ 'ਚ ਹੈ, ਤੋਂ ਸਿਵਾ ਕੁਝ ਵੀ ਨਹੀਂ ਸੀ। ਕੁਟੀਆ ਦੁਆਲ਼ੇ ਸਾਧੂਆਂ ਦਾ ਇਕੱਠ ਹੋ ਗਿਆ। ਲੱਕੜ ਦਾਸ ਨੇ ਹੱਥ ਜੋੜ ਅੱਗੇ ਹੋ ਕੇ ਦੇਖਿਆ। ਗੰਗਾ ਦੇਵੀ ਉਸੇ ਆਸਣ 'ਤੇ ਬਿਰਾਜਮਾਨ ਸੀ, ਜਿੱਥੇ ਨਗਨ ਗੁਰੂ ਜੀ ਬਿਰਾਜਮਾਨ ਹੁੰਦੇ। ਕੁਝ ਸਮੇਂ ਬਾਅਦ ਨਗਨ ਗਿਰੀ ਵਾਲੀ ਖੂੰਡੀ ਲੈ ਕੇ ਉਹ ਬਾਹਰ ਨਿਕਲੀ। ਖੂੰਡੀ ਨਾਲ ਕੁਟੀਆ ਦੁਆਲ਼ੇ ਲਕੀਰ ਖਿੱਚਦੀ ਬੋਲੀ, 'ਜੇ ਕੋਈ ਮਰਦ ਰਾਮਕਾਰ ਟੱਪਿਆ ਸੱਪ ਦੀ ਜੂਨੇ ਪਊਗਾ।.. ਹਰੀ ਓਮ ...ਹਰੀ ਓਮ।' (ਪੰਨਾ 56)

ਕਹਾਣੀ 'ਕੂਰੇ' ਬਾਹਰਲੇ ਦੇਸ਼ ਜਾ ਵੱਸਣ ਦੇ ਚਾਹਵਾਨ ਪੰਜਾਬੀਆਂ ਅਰਥਾਤ ਡੌਂਕੀਆਂ ਅਤੇ ਉਹਨਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਬਾਹਰਲੇ ਦੇਸ਼ਾਂ ਵਿੱਚ ਪਹੁੰਚਾਉਣ ਵਾਲੇ ਏਜੰਟਾਂ ਅਰਥਾਤ ਡੌਂਕਰਾਂ ਦੀ ਗਾਥਾ ਦਰਸਾਉਂਦੀ ਕਹਾਣੀ ਹੈ। ਕਹਾਣੀਕਾਰ ਨੇ ਇਸ ਬਿਰਤਾਂਤ ਰਾਹੀਂ ਅਜਿਹੇ ਲੋਕਾਂ ਦਾ ਹਾਲ ਬਿਆਨ ਕੀਤਾ ਹੈ, ਜੋ ਰੋਜ਼ੀ-ਰੋਟੀ ਲਈ ਵਿਦੇਸ਼ ਪਹੁੰਚਣ ਲਈ ਹਾਲੋਂ ਬੇਹਾਲ ਹੋ ਰਹੇ ਹਨ। ਗ਼ੈਰ-ਕਾਨੂੰਨੀ ਢੰਗ ਨਾਲ ਕਿਸੇ ਅਣਜਾਨ ਦੇਸ਼ ਦੇ ਕਿਸੇ ਅਣਜਾਨ ਕਮਰੇ ਵਿੱਚ ਕਈ-ਕਈ ਦਿਨ ਹਫ਼ਤੇ, ਮਹੀਨੇ ਅੱਗੇ ਜਾਣ ਦੀ ਵਾਰੀ ਉਡੀਕਦੇ ਹਨ ਅਤੇ ਵੱਖਰੇ-ਵੱਖਰੇ ਦੇਸ਼ਾਂ ਤੋਂ ਆਏ ਹੋਰਨਾਂ ਡੌਂਕੀਆਂ ਨਾਲ ਰਹਿੰਦੇ ਇਕ-ਦੂਜੇ ਦੇ ਦੁੱਖਾਂ ਦੇ ਸਾਥੀ ਬਣਦੇ ਹਨ। ਇਸ ਦੇ ਨਾਲ ਹੀ ਉਹ ਡੌਂਕਰ ਏਜੰਟਾਂ ਲਈ ਇੱਕ ਵਸਤ ਤੋਂ ਵੱਧ ਕੁਝ ਨਹੀਂ ਹੁੰਦੇ ਅਤੇ ਇਸੇ ਕਾਰਨ ਉਹਨਾਂ ਨੂੰ ਵਰਿਆਮ ਨਾਂਅ ਦੇ ਪਾਤਰ ਦੇ ਇਲਾਜ ਨਾਲੋਂ ਵੱਧ ਸੌਖਾ ਉਸ ਨੂੰ ਮਾਰ ਦੇਣਾ ਲੱਗਦਾ ਹੈ। ਕਹਾਣੀਕਾਰ ਨੇ ਬਹੁਤ ਕਲਾਤਮਿਕ ਢੰਗ ਨਾਲ ਛੱਪੜ ਵਿੱਚ ਪਲਣ ਵਾਲੇ ਛੋਟੇ ਜਿਹੇ ਜੀਵ ਕੂਰੇ ਦਾ ਮੈਟਾਫ਼ਰ ਵਰਤ ਕੇ ਰੱਬ ਦੀ ਰਜ਼ਾ ਅਤੇ ਮਨੁੱਖ ਦੀ ਕਿਸਮਤ ਦੀ ਸਮੀਕਰਨ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਅਗਲੀ ਕਹਾਣੀ 'ਕਾਰੂੰ ਦਾ ਖ਼ਜ਼ਾਨਾ' ਮਨੁੱਖੀ ਹਉਮੈ ਦੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪੰਜਾਬ ਦੇ ਕਾਲੇ ਦੌਰ ਦੀ ਯਥਾਰਥਵਾਦੀ ਪੜ੍ਹਤ


## ਕਾਲੇ ਦੌਰ ਦੀ ਕਾਤਰ

(ਨਾਵਲ)
ਸੰਤਵੀਰ
ਪੰਨੇ-160, ਮੁੱਲ-300 ਰੁਪਏ
ਪ੍ਰੀਤ ਪਬਲੀਕੇਸ਼ਨ, ਨਾਭਾ

ਸਾਹਿਤ ਚਿੰਤਨ

ਡਾ. ਭੁਪਿੰਦਰ ਕੌਰ

ਪੰਜਾਬੀ ਸਾਹਿਤ ਵਿੱਚ ਨਾਵਲਕਾਰ ਸੰਤਵੀਰ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਹੁਣ ਤੱਕ ਉਹਨਾਂ ਦੀਆਂ ਅੱਠ ਗਲਪ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਤੇ ਚਾਰ ਪੁਸਤਕਾਂ ਉਹਨਾਂ ਦੀਆਂ ਰਚਨਾਵਾਂ 'ਤੇ ਕੀਤੇ ਗਏ ਆਲੋਚਨਾਤਮਕ ਕਾਰਜ ਨਾਲ ਸੰਬੰਧਤ ਹਨ। ਪ੍ਰੀਤ ਪਬਲੀਕੇਸ਼ਨ ਨਾਭਾ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਕਾਲੇ ਦੌਰ ਵਿੱਚ ਮੌਤ ਦੀ ਭੇਟ ਚੜ੍ਹੇ ਬੇਦੋਸ਼ਿਆਂ ਦੇ ਨਾਂਅ ਸਮਰਪਿਤ ਕੀਤੀ ਗਈ ਹੈ। ਨਾਵਲ ਦੇ ਸ਼ੁਰੂ ਵਿੱਚ ਹਰਨਾਮ ਸਿੰਘ ਡੱਲਾ ਤੇ ਸਤਨਾਮ ਸਿੰਘ ਸ਼ੌਕਰ ਨੇ ਨਾਵਲ ਬਾਰੇ ਆਪਣੇ-ਆਪਣੇ ਪ੍ਰਤੀਕਰਮ ਦਿੱਤੇ ਹਨ। ਨਾਵਲਕਾਰ ਸੰਤਵੀਰ ਨੇ ਸਮੇਂ ਦੇ ਸਮਾਜ ਪ੍ਰਤੀ ਆਪਣੇ ਫਿਕਰਾਂ ਨੂੰ ਪੇਸ਼ ਕੀਤਾ ਹੈ। ਆਦਿਕਾ ਵਿੱਚ ਨਾਵਲ ਲਿਖਣ ਦੇ ਕਾਰਨ ਸੰਬੰਧੀ ਚਾਨਣਾ ਪਾਉਂਦਿਆਂ ਉਹ ਦੱਸਦਾ ਹੈ ਕਿ ਉਹਨਾਂ ਨੂੰ ਸੁਪਨੇ ਵਿੱਚ ਉਹਨਾਂ ਦਾ ਦੋਸਤ ਕਾਮਰੇਡ ਕਸ਼ਮੀਰਾ ਸਿੰਘ ਮਿਲਿਆ ਤੇ ਉਹ ਦੋਵੇਂ ਸਮੇਂ ਦੇ ਹਾਲਾਤ ਸੰਬੰਧੀ ਗੱਲਬਾਤ ਕਰਦੇ ਰਹੇ। ਉਨ੍ਹਾਂ ਦੋਹਾਂ ਵਿਚਕਾਰ ਮਾਸਟਰ ਵਿਰਕ, ਭਾਈ ਰਵੇਲ ਸਿੰਘ ਬਾਰੇ ਗੱਲਾਂ ਹੋਈਆਂ। ਨਾਵਲਕਾਰ ਨੂੰ ਇੰਜ ਜਾਪਿਆ, ਜਿਵੇਂ ਕੋਈ ਪਰਦੇਸੀ ਆਪਣੇ ਪਿੰਡ ਆਇਆ ਹੋਵੇ ਤੇ ਹਰ ਇਕ ਦਾ ਹਾਲ-ਚਾਲ ਪੁੱਛ ਰਿਹਾ ਹੋਵੇ। ਰਾਤ ਸੁਪਨੇ ਵਿੱਚ ਕੀਤੀਆਂ ਗੱਲਾਂ ਨੇ ਉਸ ਨੂੰ ਕਾਲੇ ਦੌਰ ਦੀ ਇਸ ਦਰਦਨਾਕ ਕਹਾਣੀ ਨੂੰ ਲਿਖਣ ਲਈ ਪ੍ਰੇਰਿਆ। ਸੰਤਵੀਰ ਨੇ ਕਾਮਰੇਡ ਕਸ਼ਮੀਰਾ ਸਿੰਘ ਨਾਲ ਸੰਬੰਧਤ 'ਕਾਲੇ ਦੌਰ ਦੀ ਕਾਤਰ' ਰਾਹੀਂ ਉਸ ਭਿਅੰਕਰ ਦੌਰ ਨਾਲ ਸੰਬੰਧਤ ਕਹਾਣੀ ਨੂੰ ਇਸ ਕਦਰ ਪੇਸ਼ ਕੀਤਾ ਹੈ ਕਿ ਉਹ ਸਾਡੀ ਆਪਣੀ ਹੱਡਬੀਤੀ ਹੀ ਜਾਪਦੀ ਹੈ।ਨਾਵਲ ਨੂੰ 21 ਕਾਂਡਾਂ ਵਿੱਚ ਵੰਡਿਆ ਗਿਆ ਹੈ। ਨਾਵਲ ਦਾ ਕਥਾਨਕ ਨਾਵਲਕਾਰ ਦੀ ਸੂਝ ਦਾ ਪ੍ਰਮਾਣ ਦਿੰਦਾ ਹੈ। ਕਮਿਊਨਿਸਟ ਪਾਰਟੀ ਦੇ ਕਾਰਡ ਹੋਲਡਰ ਕਸ਼ਮੀਰਾ ਸਿੰਘ ਦੇ ਜੀਵਨ ਤੋਂ ਨਾਵਲ ਦਾ ਆਰੰਭ ਹੁੰਦਾ ਹੈ। ਕਸ਼ਮੀਰਾ ਸਿੰਘ ਦਾ ਘਰੇਲੂ ਹਾਲਾਤ ਕਰਕੇ ਨੌਕਰੀ ਛੱਡ ਕੇ ਫੌਜ 'ਚੋਂ ਰਿਟਾਇਰਡ ਕਿਸੇ ਡਾਕਟਰ ਨਾਲ ਕੰਪਾਊਡਰ ਦਾ ਕੰਮ ਕਰਨਾ ਤੇ ਉੱਥੇ ਮੌਕਾ-ਮੇਲ ਦੀ ਜੁਗਤ ਰਾਹੀਂ ਰੂਪੋਸ਼ੀ ਹੋਏ ਕਮਿਊਨਿਸਟ ਪਾਰਟੀ ਦੇ ਨੇਤਾ ਤੇਜਾ ਸਿੰਘ ਸੁਤੰਤਰ ਦਾ ਮਿਲਣਾ ਤੇ ਉਸ ਦਾ ਕਸ਼ਮੀਰਾ ਸਿੰਘ ਤੋਂ ਪ੍ਰਭਾਵਿਤ ਹੋਣਾ। ਇਹੀ ਸਬੱਬ ਬਣਿਆ ਉਹਨਾਂ ਦਾ ਕਮਿਊਨਿਸਟ ਪਾਰਟੀ ਵਿੱਚ ਮੈਂਬਰ ਬਣਨ ਦਾ। ਉਹਨਾਂ ਦੀ ਬਦੌਲਤ ਹੀ ਆਰ.ਐੱਮ.ਪੀ ਲਾਇਸੈਂਸ ਬਣ ਗਿਆ ਤੇ ਡਾਕਟਰ ਦੀ ਦੁਕਾਨ ਖੋਲ੍ਹੀ। ਮਾਸਟਰ ਵਿਰਕ ਦੀ ਲੂੰਬੜਚਾਲ ਕਾਰਨ ਕਾਮਰੇਡ ਅਗਵਾ ਕਰ ਲਿਆ ਜਾਂਦਾ ਹੈ। ਨਾਵਲ ਵਿੱਚ ਪਿੰਡ ਦੇ ਦਾਨੇ ਜਿਹੇ ਜਥੇਦਾਰ ਬਚਨ ਸਿੰਘ ਵਰਗੇ ਪਾਤਰ ਵੀ ਹਨ, ਜੋ ਆਲੇ-ਦੁਆਲੇ ਪ੍ਰਤੀ ਚਿੰਤਿਤ ਹਨ। ਅਗਵਾ ਹੋਏ ਕਸ਼ਮੀਰਾ ਸਿੰਘ ਕਾਰਨ ਸ਼ੱਕ ਦੀ ਬਿਨਾਹ 'ਤੇ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲੈਣਾ ਪੁਲਸ ਦਾ ਕਾਰਵਾਈ ਪਾਉਣ ਨੂੰ ਦਰਸਾਉਂਦਾ ਹੈ। ਅੱਗੋਂ ਕਹਾਣੀ ਕਸ਼ਮੀਰਾ ਸਿੰਘ ਦੀ ਗਰਮ-ਖਿਆਲੀਆਂ ਦੁਆਰਾ ਇੱਕ ਐਸੇ ਅੱਡੇ 'ਤੇ ਲਿਜਾਣ ਦੀ ਹੈ, ਜਿੱਥੇ ਕਾਮਰੇਡ ਕਸ਼ਮੀਰਾ ਸਿੰਘ ਨਿੱਕੂ ਦੀ ਸੰਗਤ ਵਿੱਚ ਰਹਿੰਦਾ ਹੈ। ਹਿਮਾਚਲ ਵਿੱਚ ਕਿਸੇ ਅਗਿਆਤ ਅੱਡੇ 'ਤੇ ਖਾੜਕੂ 'ਦੁਸਟ ਸੋਧੇ ਫੋਰਸ' ਦੇ ਨਿੱਕੂ ਨਾਲ ਕਸ਼ਮੀਰਾ ਸਿੰਘ ਰਹਿੰਦਾ ਹੈ। ਅੱਗੋਂ ਕਹਾਣੀ ਨਿੱਕੂ ਦੇ ਜੀਵਨ ਬਾਰੇ ਚੱਲਦੀ ਹੈ। ਬਖ਼ਸ਼ੇ ਦਾ ਪੁੱਤ ਨਿਰਵੈਰ ਉਰਫ਼ ਨਿੱਕੂ ਜਦੋਂ ਬਾਰ੍ਹਵੀਂ ਵਿੱਚ ਪਰਚੀਆਂ ਫੜੇ ਜਾਣ ਕਾਰਨ ਬਦਨਾਮੀ ਖੱਟਦਾ ਹੈ ਤਾਂ ਪਿਓ ਦੇ ਗ਼ੁੱਸੇ ਕਾਰਨ ਬਾਗੀ ਹੋ ਜਾਂਦਾ ਹੈ। ਬੇਇੱਜ਼ਤੀ ਦੇ ਜ਼ਹਿਰ ਕਾਰਨ ਉਹ ਝਿੜੀ ਵਾਲੇ ਬਾਬਿਆਂ ਦੀ ਕੁਟੀਆ ਵਿੱਚ ਜਾ ਕੇ ਬੈਠ ਜਾਂਦਾ ਹੈ ਤੇ ਭੰਗ ਪੀ ਕੇ ਦਸਵੇਂ ਦੁਆਰ ਪਹੁੰਚਣ ਦਾ ਰਾਹ ਫੜ ਲੈਂਦਾ ਹੈ। ਨਾਵਲ ਵਿੱਚ ਬਾਬੇ ਜੈਲੇ ਵਰਗੇ ਵੀ ਕੁਝ ਪਾਤਰ ਹਨ, ਜੋ ਨੌਜਵਾਨਾਂ ਦੀਆਂ ਮਜਬੂਰੀਆਂ ਦਾ ਫਾਇਦਾ ਚੁੱਕ ਕੇ ਦਹਿਸ਼ਤ ਦੀ ਦੁਨੀਆ ਵੱਲ ਤੋਰਦੇ ਹਨ। ਨਿੱਕੂ ਗਾਇਬ ਹੋ ਜਾਂਦਾ ਹੈ, ਉਸ ਦੀ ਭੈਣ ਸੂਹ ਕੱਢ ਕੇ ਕਿਸੇ ਤਰੀਕੇ ਇਹ ਪਤਾ ਲਗਾ ਲੈਂਦੀ ਹੈ ਕਿ ਉਸ ਦਾ ਭਰਾ ਬਾਬੇ ਜੈਲੇ ਰਾਹੀਂ ਗਰਮ-ਖਿਆਲੀਆਂ ਵਿੱਚ ਸ਼ਾਮਲ ਹੋ ਗਿਆ ਹੈ। ਪੁਲਸ ਵਿੱਚ ਰਿਪੋਰਟ ਕਰਵਾਈ ਗਈ। ਪੁਲਸ ਦੀ 'ਸਪੈਸ਼ਲ ਟਾਸਕ ਫੋਰਸ' ਦਾ ਨਿੱਕੂ ਨੂੰ ਲੱਭਣ ਦੇ ਯਤਨ ਦਾ ਜ਼ਿਕਰ ਵੀ ਆਉਂਦਾ ਹੈ। ਜਿੱਥੇ ਕਹਾਣੀ ਕਾਮਰੇਡ ਕਸ਼ਮੀਰਾ ਸਿੰਘ ਤੇ ਨਿੱਕੂ ਦੇ ਜੀਵਨ ਬਾਰੇ ਹੈ, ਉੱਥੇ ਕਹਾਣੀ ਵਿੱਚ ਬੱਸਾਂ ਵਿੱਚੋਂ ਅੱਤਵਾਦੀਆਂ ਦੁਆਰਾ ਨਿਰਦੋਸ਼ ਸਵਾਰੀਆਂ ਨੂੰ ਹੇਠਾਂ ਉਤਾਰ ਕੇ ਗੋਲੀਆਂ ਨਾਲ ਭੁੰਨਣ ਵਰਗੀਆਂ ਵਾਰਦਾਤਾਂ ਬਾਰੇ ਵੀ ਜ਼ਿਕਰ ਹੈ। ਇਸ ਘਟਨਾ ਨੂੰ ਅੰਜਾਮ ਨਿੱਕੂ ਦੁਆਰਾ ਦਿਵਾਇਆ ਜਾਂਦਾ ਹੈ। ਜਵਾਨ ਖ਼ੂਨ ਨਿੱਕੂ ਅੰਦਰ ਖ਼ੂੰਖਾਰ ਦਰਿੰਦੇ ਦੀ ਰੂਹ ਪ੍ਰਵੇਸ਼ ਕਰਦੀ ਹੈ ਤੇ ਉਹ ਸਵਾਰੀਆਂ ਨੂੰ ਗੋਲੀਆਂ ਨਾਲ ਭੁੰਨ ਦਿੰਦਾ ਹੈ। ਮੌਤ ਦਾ ਉਹ ਮੰਜ਼ਰ, ਖ਼ੂਨ ਨਾਲ ਲੱਥ-ਪੱਥ ਹੋਈਆਂ ਲਾਸ਼ਾਂ ਹਰ ਇਕ ਲਈ ਚਿੰਤਾ ਦਾ ਵਿਸ਼ਾ ਸੀ। ਨਿੱਕੂ ਆਪਣੀ ਉਮਰ ਤੇ ਕੱਦ ਕਾਰਨ ਕਿਉਂਕਿ ਪੁਲਸ ਦੁਆਰਾ ਪਛਾਣਿਆ ਵੀ ਜਾ ਸਕਦਾ ਸੀ। ਉਸ ਦੀ ਪਛਾਣ ਲੁਕਾਉਣ ਲਈ 'ਦੁਸ਼ਟ ਸੋਧੋ ਫੋਰਸ' ਵੱਲੋਂ ਗੁਪਤ ਟਿਕਾਣੇ 'ਤੇ ਭੇਜ ਦਿੱਤਾ ਜਾਂਦਾ ਹੈ। ਨਾਵਲ ਇਹ ਵੀ ਦੱਸਦਾ ਹੈ ਕਿ ਜਿੰਨੀਆਂ ਵੀ ਵਾਰਦਾਤਾਂ ਹੁੰਦੀਆਂ ਸਨ, ਉਹ ਪੁਲਸ ਤੋਂ ਜਾਂ ਕਿਸੇ ਹੋਰ ਤੋਂ ਬਦਲਾ ਲੈਣ ਲਈ ਹੁੰਦੀਆਂ ਹਨ। ਇਸ ਘਟਨਾ ਦੀ ਜ਼ਿੰਮੇਵਾਰੀ 'ਬੀ ਕੇ ਦਲ' ਲੈ ਲੈਂਦਾ ਹੈ। ਜਿਸ ਗਰਮ-ਖਿਆਲੀਆਂ ਦੇ ਟਿਕਾਣੇ 'ਤੇ ਕਾਮਰੇਡ ਨੂੰ ਰੱਖਿਆ ਗਿਆ ਸੀ, ਉਥੇ ਦਾ ਜਥੇਦਾਰ ਫੜਿਆ ਜਾਂਦਾ ਹੈ, ਜਿਸ ਕਰਕੇ ਨਿੱਕੂ ਦੇ ਕਾਮਰੇਡ ਨੂੰ ਉਹ ਟਿਕਾਣਾ ਛੱਡਣਾ ਪੈਂਦਾ ਹੈ। ਨਿੱਕੂ ਬੜੀ ਚਲਾਕੀ ਨਾਲ ਕਾਮਰੇਡ ਨੂੰ ਆਪਣਾ ਪਿਓ ਬਣਾ ਕੇ 'ਮੰਗਲ ਮਾਨਵ ਆਸ਼ਰਮ' ਤੱਕ ਲੈ ਜਾਂਦਾ ਹੈ। ਅਗਲੇ ਕਾਂਡਾਂ ਵਿੱਚ ਇਸ ਆਸ਼ਰਮ ਬਾਰੇ ਜਾਣਕਾਰੀ ਦਿੱਤੀ ਗਈ। ਨਿੱਕੂ ਕੋਲ ਬਾਹਰ ਹੋ ਰਹੀ ਹਰ ਕਿਸਮ ਦੀ ਜਾਣਕਾਰੀ ਹਾਸਲ ਕਰਨ ਦਾ ਇੱਕ ਜ਼ਰੀਆ ਉਸ ਦਾ ਰੇਡੀਓ ਸੀ, ਜਿਸ ਨੂੰ ਸੁਣ ਕੇ ਹੀ ਉਸ ਨੂੰ ਆਪਣੇ ਜਥੇਦਾਰ ਦੇ ਫੜੇ ਜਾਣ ਦੀ ਜਾਣਕਾਰੀ ਵੀ ਮਿਲਦੀ ਹੈ ਤੇ ਆਪਣੇ ਮਾਂ-ਪਿਓ ਤੇ ਪਰਵਾਰ ਬਾਰੇ ਵੀ ਪਤਾ ਲੱਗਦਾ ਹੈ ਕਿ ਉਹ ਉਸ ਨੂੰ ਲੱਭ ਰਹੇ ਹਨ ਤੇ ਪਰੇਸ਼ਾਨ ਹਨ। ਉਹ ਸਾਰੀ ਰਾਤ ਬੇਚੈਨ ਰਹਿੰਦਾ ਹੈ। ਜਿੱਥੇ ਨਾਵਲ ਨਿੱਕੂ ਵਰਗੇ ਨੌਜਵਾਨ ਦਾ ਖਾੜਕੂ ਬਣਨ ਵੱਲ ਇਸ਼ਾਰਾ ਕਰਦਾ ਹੈ, ਉਥੇ ਪੜ੍ਹੇ-ਲਿਖੇ ਕੁਲਵਿੰਦਰ ਵਰਗੇ ਨੌਜਵਾਨਾਂ ਦੇ ਵੀ ਗਰਮ ਸੁਭਾਅ ਕਰਕੇ ਕਾਲੇ ਦੌਰ ਦਾ ਹਿੱਸਾ ਬਣਨ ਦੀ ਕਹਾਣੀ ਨਾਲ-ਨਾਲ ਚਲਦੀ ਹੈ। ਕੁਲਵਿੰਦਰ ਐੱਮ.ਐੱਸ.ਸੀ ਦਾ ਵਿਦਿਆਰਥੀ ਸੀ। ਸਿਰਫ਼ ਸੰਤਰੀ ਪੱਗ ਬੰਨ੍ਹਣ ਦੇ ਦੋਸ਼ ਵਿੱਚ ਤੇ ਆਪਣੇ ਗਰਮ ਸੁਭਾਅ ਕਰਕੇ ਹੀ ਉਸ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਉਸ ਜੇਲ੍ਹ ਵਿੱਚ ਜਿੱਥੇ ਪਹਿਲੇ ਤੋਂ ਹੀ 40-50 ਨੌਜਵਾਨ ਤੇ ਕਾਲਜ ਦੇ ਪ੍ਰੋਫ਼ੈਸਰ ਡੱਕੇ ਹੋਏ ਸਨ ਪਰ ਕੁਲਵਿੰਦਰ ਪਿਓ ਦੀ ਸਿਫਾਰਸ਼ 'ਤੇ ਇਕੱਲਾ ਬਾਹਰ ਨਹੀਂ ਆਉਂਦਾ, ਬਲਕਿ ਉਹ ਆਪਣੇ ਨਾਲ ਸਾਰਿਆਂ ਨੂੰ ਵੀ ਰਿਹਾਅ ਕਰਵਾ ਕੇ ਆਉਂਦਾ ਹੈ। ਨਾਵਲ ਵਿੱਚ ਅੱਤਵਾਦ ਦੀ ਭੇਟ ਚੜ੍ਹੇ ਇੱਕ ਹੋਰ ਪਰਵਾਰ ਦੀ ਕਹਾਣੀ ਵੀ ਨਾਲ-ਨਾਲ ਚੱਲਦੀ ਹੈ। ਮਘਰ ਸਿੰਘ, ਕਰਤਾਰੋ ਤੇ ਉਹਨਾਂ ਦੇ ਬੱਚੇ ਬਿੱਕਰ ਸਿੰਘ ਤੇ ਪ੍ਰੀਤੋ ਪੈਲੀ ਵਿੱਚ ਬਣਾਏ ਗਏ ਘਰ ਵਿੱਚ ਰਹਿੰਦੇ ਹਨ। ਜਦੋਂ ਅੱਤਵਾਦੀ ਉਨ੍ਹਾਂ ਦੇ ਘਰ ਆਉਂਦੇ ਹਨ ਤਾਂ ਉਹ ਲੰਗਰ ਵੀ ਖਾ ਜਾਂਦੇ ਹਨ ਤੇ ਉਹਨਾਂ ਦੀਆਂ ਇੱਜ਼ਤਾਂ ਨੂੰ ਵੀ ਲੀਰੋ-ਲੀਰ ਕਰ ਜਾਂਦੇ ਹਨ। ਨਾਵਲ ਇਹ ਵੀ ਦੱਸਦਾ ਹੈ ਕਿ ਖਾੜਕੂ ਲਹਿਰ ਪੈਦਾ ਹੋਣ ਦੇ ਕਾਰਨ ਕੀ ਸਨ। ਲਹਿਰ ਦੀ ਆਪਸੀ ਫੁੱਟ ਕਿਵੇਂ ਪਈ ਤੇ ਕਿਸ ਤਰ੍ਹਾਂ ਕਈ ਧੜੇ ਬਣ ਗਏ। 'ਬੀ ਕੇ ਖਾਲਸਾ' ਤੇ 'ਦੁਸ਼ਟ ਸੋਧੋ ਫੋਰਸ' ਨੇ ਤੱਤ ਖਾਲਸਾ ਵਿਰੁੱਧ ਐਕਸ਼ਨ ਲਿਆ, ਜੋ ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟਣ ਵਰਗੀਆਂ ਵਾਰਦਾਤਾਂ ਕਰਕੇ ਇਸ ਲਹਿਰ ਦੀ ਬਦਨਾਮੀ ਕਰਵਾ ਰਹੇ ਸਨ। ਆਸ਼ਰਮ ਵਿੱਚ ਰਹਿ ਰਹੇ ਨਿੱਕੂ ਤੇ ਕਾਮਰੇਡ ਦੇ ਜੀਵਨ ਵਿੱਚ ਵੀ ਪਰਿਵਰਤਨ ਆਉਂਦਾ ਹੈ। ਕਾਮਰੇਡ ਜੋ ਕਿ ਕੈਂਸਰ ਦਾ ਮਰੀਜ਼ ਹੈ, ਦਵਾਈ ਨਾ ਮਿਲਣ ਕਰਕੇ ਦਰਦ ਨਾਲ ਕੁਰਲਾਉਂਦਾ ਹੈ। ਉਹ ਕਿਸੇ ਦੀ ਮਦਦ ਨਾਲ ਮੁੱਖ ਮੰਤਰੀ ਨੂੰ ਪੱਤਰ ਰਾਹੀਂ ਆਤਮ ਸਮਰਪਣ ਬਾਰੇ ਤੇ ਨਿੱਕੂ ਬਾਰੇ ਵਿਸਤਾਰ ਵਿੱਚ ਦੱਸਦਾ ਹੈ। ਆਸ਼ਰਮ 'ਤੇ ਪੁਲਸ ਦੀ ਰੇਡ ਹੁੰਦੀ ਹੈ। ਨਿੱਕੂ ਦਾ ਕਾਮਰੇਡ ਦੀ ਕਨਪਟੀ 'ਤੇ ਬੰਦੂਕ ਰੱਖ ਕੇ ਪੁਲਸ ਨੂੰ ਧਮਕੀ ਦੇਣਾ ਤੇ ਕਾਮਰੇਡ ਬੜੀ ਫੁਰਤੀ ਤੇ ਚਲਾਕੀ ਨਾਲ ਨਿੱਕੂ ਨੂੰ ਗ੍ਰਿਫਤਾਰ ਕਰਵਾਉਂਦਾ ਹੈ। ਇਸ ਤਰ੍ਹਾਂ ਇਸ ਖਤਰਨਾਕ ਸੀਨ ਨਾਲ ਨਾਵਲ ਦਾ ਅੰਤ ਹੁੰਦਾ ਹੈ।ਨਿੱਕੂ ਨੂੰ ਸੀ ਏ ਦਫਤਰ ਵਿੱਚ ਲਿਜਾ ਕੇ ਤਸੀਹੇ ਦਿੱਤੇ ਜਾਂਦੇ ਹਨ ਤੇ ਉਸ ਦਾ ਬਿਆਨ ਲਿਆ ਜਾਂਦਾ ਹੈ। ਕਈ ਮਹੀਨਿਆਂ ਬਾਅਦ ਨਿੱਕੂ ਨੂੰ ਉਸ ਦਾ ਪਿਓ ਤੇ ਭੈਣ ਮਿਲਣ ਲਈ ਆਉਂਦੇ ਹਨ। ਸਰਪੰਚ ਬਖ਼ਸ਼ੇ ਨੂੰ ਹੌਸਲਾ ਦਿੰਦਾ ਹੈ ਤੇ ਬਖ਼ਸ਼ੇ ਦਾ ਹੌਸਲਾ ਬੁਲੰਦ ਹੋ ਜਾਂਦਾ ਹੈ। ਨਾਵਲ ਇਹ ਵੀ ਦੱਸਦਾ ਹੈ ਕਿ ਜੇ ਆਸ ਰੱਖੀ ਜਾਵੇ ਤਾਂ ਕੰਮ ਸੰਪੂਰਨ ਹੁੰਦਾ ਹੈ। ਆਸਾ ਜ਼ਿੰਦਗੀ ਦੀਆਂ ਬੇਸਾਖੀਆਂ ਹੁੰਦੀਆਂ ਹਨ। ਕਾਮਰੇਡ ਦੀ ਹਾਲਤ ਦਿਨ ਪ੍ਰਤੀ ਦਿਨ ਖਰਾਬ ਹੁੰਦੀ ਜਾਂਦੀ ਹੈ। ਉਸ ਦਾ ਆਪਰੇਸ਼ਨ, ਸਥਿਤੀ ਡਾਵਾਂਡੋਲ, ਪੈਸੇ ਦੀ ਤੰਗੀ ਤੇ ਮਦਦ ਨਾ ਮਿਲਣ ਕਰਕੇ ਸਾਰਿਆਂ ਦਾ ਪਿੱਛੇ ਹਟ ਜਾਣ ਦਾ ਜ਼ਿਕਰ ਵੀ ਮਿਲਦਾ ਹੈ। ਉਸ ਨੂੰ ਦਿਲ ਦਾ ਦੌਰਾ ਪੈਂਦਾ ਹੈ ਪਰ ਉਹ ਬਚ ਜਾਂਦਾ ਹੈ। ਨਿੱਕੂ ਦੀ ਰਿਹਾਈ ਦੀ ਬੇਨਤੀ ਬਾਰੇ ਐੱਸ.ਐੱਸ.ਪੀ ਕਾਮਰੇਡ ਦੀ ਸਿਫ਼ਤ ਕਰਦਾ ਹੈ, ਜਿਸ ਦੀ ਬਦੌਲਤ ਹੀ ਨਿੱਕੂ ਨੇ ਛੁੱਟਣਾ ਸੀ। ਘਰਦਿਆਂ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਰਹਿੰਦਾ ਤੇ ਉਹਨਾਂ ਦੇ ਅੰਦਰ ਉਸ ਕਾਮਰੇਡ ਨੂੰ ਮਿਲਣ ਦੀ ਇੱਛਾ ਹੁੰਦੀ ਹੈ। ਕਾਮਰੇਡ ਵਰਗੇ ਪਾਤਰ ਰਾਹੀਂ ਖਾੜਕੂ ਬਣੇ ਨਿੱਕੂ ਦਾ ਪੁਨਰ-ਜਨਮ ਹੁੰਦਾ ਹੈ ਤੇ ਕਾਮਰੇਡ ਦੀ ਇਸ ਬਿਮਾਰੀ ਵਾਲੀ ਜ਼ਿੰਦਗੀ ਤੋਂ ਰਿਹਾਈ ਹੁੰਦੀ ਹੈ। ਕਹਾਣੀ ਦਾ ਕਥਾਨਕ ਜਿੱਥੇ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ, ਉੱਥੇ ਪਾਠਕ ਅੰਦਰ ਕਾਲੇ ਦੌਰ ਵਿੱਚ ਵਾਪਰੀਆਂ ਘਟਨਾਵਾਂ ਚੇਤਨਾ ਵਿੱਚ ਸਾਕਾਰ ਹੁੰਦੀਆਂ ਹਨ।ਨਾਵਲ ਦੇ ਅੰਤ ਵਿੱਚ ਇੱਕ ਕੌੜਾ ਸੱਚ ਇਹ ਵੀ ਦੱਸਿਆ ਹੈ ਕਿ ਕਿਸ ਪ੍ਰਕਾਰ ਸਿਆਸੀ ਲੋਕ ਮੌਕੇ ਦਾ ਫਾਇਦਾ ਉਠਾਉਂਦੇ ਹਨ, ਜਿਸ ਕਾਮਰੇਡ ਕਸ਼ਮੀਰਾ ਸਿੰਘ ਦੀ ਬਦੌਲਤ ਨਿੱਕੂ ਛੁੱਟਦਾ ਹੈ ਤੇ ਇਸ ਦਰਿੰਦਗੀ ਭਰੇ ਜੀਵਨ ਵਿੱਚੋਂ ਨਿਕਲਦਾ ਹੈ। ਉਸ ਦੇ ਘਰ ਸ਼ੁਕਰਾਨੇ ਲਈ ਰੱਖੇ ਅਖੰਡ ਪਾਠ ਦੇ ਭੋਗ 'ਤੇ ਉਸ ਦਾ ਜ਼ਿਕਰ ਵੀ ਕਿਤੇ ਨਹੀਂ ਆਉਂਦਾ ਬਲਕਿ ਸਿਆਸੀ ਲੋਕ ਉਸ ਦੀ ਰਿਹਾਈ ਨੂੰ ਆਪਣੀ ਬਦੌਲਤ ਕਹਿ ਕੇ ਇਸ ਦਾ ਸਿਹਰਾ ਆਪਣੇ ਸਿਰ 'ਤੇ ਹੀ ਬੰਨ੍ਹਦੇ ਰਹੇ। ਇੱਕ ਚੰਗੀ ਗੱਲ ਜਿਹੜੀ ਇਹ ਹੋਈ ਕਿ ਹਲਕੇ ਦੇ ਐੱਮ.ਐੱਲ.ਏ. ਨੇ ਐਲਾਨ ਕੀਤਾ ਕਿ ਨਿੱਕੂ ਨੂੰ ਸਮਾਜ ਦੀ ਮੁੱਖਧਾਰਾ ਵਿੱਚ ਸ਼ਾਮਲ ਕਰਕੇ ਸਰਕਾਰੀ ਨੌਕਰੀ ਦਿੱਤੀ ਜਾਵੇਗੀ, ਪਰ ਕਸ਼ਮੀਰਾ ਸਿੰਘ ਵਰਗੇ ਪਾਤਰ ਦਾ ਜ਼ਿਕਰ ਨਾ ਹੋਣਾ ਸਿਆਸਤ ਦੀ ਚਾਲ ਹੈ। ਲੇਖਕ ਆਪਣੀ ਚਿੰਤਾ ਨੂੰ ਜ਼ਾਹਿਰ ਕਰਦਾ ਆਦਿਕਾ ਵਿੱਚ ਲਿਖਦਾ ਹੈ, ਇਹ ਅੱਗ ਸੁਲਘਦੀ ਰਹੇਗੀ, ਜਦੋਂ ਤੱਕ ਸਾਡੇ ਮਨਾਂ ਦਾ ਇਹ ਕੂੜ-ਕਬਾੜ ਸੜ ਕੇ ਸੁਆਹ ਨਹੀਂ ਹੋ ਜਾਂਦਾ। ਇਸ ਦੇ ਧੂੰਏਂ ਵਿੱਚ ਲੋਕਾਂ ਦਾ ਦਮ ਘੁੱਟਦਾ ਰਹੇਗਾ। ਹਾਂ, ਜੇ ਖ਼ੁਦਗਰਜ਼ ਅਤੇ ਸਿਆਸੀ ਲੋਕਾਂ ਨੇ ਇਸੇ ਤਰ੍ਹਾਂ ਇਸ ਸੁਲਘਦੀ ਅੱਗ ਨੂੰ ਹਵਾ ਦੇਣੀ ਜਾਰੀ ਰੱਖੀ ਤਾਂ ਇਹ ਭਾਂਬੜ ਦਾ ਰੂਪ ਵੀ ਧਾਰਨ ਕਰ ਸਕਦੀ ਹੈ। ਫਿਰ ਕੋਈ ਸੰਤਾਲੀ, ਕੋਈ ਚੌਰਾਸੀ ਹੋਰ ਵੀ ਭਿਅੰਕਰ ਰੂਪ ਵਿੱਚ ਆ ਸਕਦੀ ਹੈ। ਦੇਸ਼ ਦੀ ਨਵੀਂ ਪੀੜ੍ਹੀ ਗਲਤ ਰਾਹਾਂ 'ਤੇ ਤੁਰ ਸਕਦੀ ਹੈ। ਨਾਵਲਕਾਰ ਨਾਵਲ ਰਾਹੀਂ ਇਹ ਵੀ ਦੱਸਣਾ ਚਾਹੁੰਦਾ ਹੈ ਕਿ ਕਾਲੇ ਦੌਰ ਦੀਆਂ ਇਹ ਘਟਨਾਵਾਂ ਹਰ ਉਸ ਸ਼ਖ਼ਸ ਦੇ ਅੰਦਰ ਅਜੇ ਵੀ ਜਿਉਂਦੀਆਂ ਹਨ, ਜਿਨ੍ਹਾਂ ਨੇ ਉਸ ਦੌਰ ਨੂੰ ਹੱਡੀਂ ਹੰਢਾਇਆ ਹੈ।ਕਈ ਪਰਵਾਰ ਤਾਂ ਐਸੇ ਸਨ, ਜਿਨ੍ਹਾਂ ਨੂੰ ਪਹਿਲਾਂ ਸੰਤਾਲੀ ਨੇ ਤੇ ਫਿਰ ਚੁਰਾਸੀ ਨੇ ਤਬਾਹ ਕੀਤਾ। ਸੋ ਤਬਾਹੀ ਦਾ ਮੰਜ਼ਰ ਸੰਤਾਲੀ ਤੋਂ ਬਾਅਦ ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਸਾਡੇ ਸਮਾਜ ਵਿੱਚ ਵਸਿਆ ਹੋਇਆ ਹੈ। ਇਹ ਯਥਾਰਥਵਾਦੀ ਨਾਵਲ ਹੈ, ਜਿਸ ਵਿੱਚ ਕਾਮਰੇਡ ਵਰਗੇ ਪਾਤਰ ਨਵੀਂ ਪੀੜ੍ਹੀ ਨੂੰ ਉਸ ਦਰਿੰਦਗੀ ਭਰੇ ਜੀਵਨ ਵਿੱਚੋਂ ਕੱਢ ਕੇ ਪੁਨਰ-ਜਨਮ ਦੇਣ ਦੇ ਲਈ ਸਹਾਈ ਹੁੰਦੇ ਹਨ। ਡਾ. ਧਰਮਪਾਲ ਸਾਹਿਲ ਸੰਤਵੀਰ ਦੀਆਂ ਰਚਨਾਵਾਂ ਦਾ ਮੁਲਾਂਕਣ ਕਰਦੇ ਹੋਏ ਲਿਖਦੇ ਹਨ, ਸੰਤਵੀਰ ਸਾਡੇ ਸਮੇਂ ਦਾ ਇੱਕ ਸਮਰੱਥ ਨਾਵਲਕਾਰ ਹੈ।



ਇਹ ਵੱਖਰੀ ਗੱਲ ਹੈ ਕਿ ਉਸ ਦੇ ਨਾਵਲਾਂ ਦਾ ਉਸ ਪੱਧਰ 'ਤੇ ਮੁਲਾਂਕਣ ਨਹੀਂ ਹੋਇਆ, ਜਿਸ ਦੇ ਲਈ ਉਹ ਹੱਕਦਾਰ ਹੈ। ਪੰਜਾਬ ਦੇ ਕਾਲੇ ਦੌਰ ਦੀ ਸਥਿਤੀ ਦਾ ਜ਼ਮੀਨੀ ਪੱਧਰ ਉੱਤੇ, ਸੰਤੁਲਿਤ ਪਹੁੰਚ ਅਪਣਾਉਂਦਾ ਹੋਇਆ, ਬਿਨਾਂ ਉਲਾਰ ਹੋਇਆਂ, ਨਾਵਲਕਾਰ ਸਟੀਕ ਵਿਸ਼ਲੇਸ਼ਣ ਕਰਦਾ ਹੈ ਅਤੇ ਸੱਚ ਨਾਲ ਖੜੇ ਹੋਣ ਦੀ ਜੁਰਅੱਤ ਵਿਖਾਉਂਦਾ ਹੈ। ਕਾਲੇ ਦੌਰ ਦੀ ਤਸਵੀਰ ਨੂੰ ਪੇਸ਼ ਕਰਨ ਵਾਲਾ ਇਹ ਨਾਵਲ ਜਿੱਥੇ ਹਰ ਇੱਕ ਨੂੰ ਭਾਵੁਕ ਕਰਦਾ ਹੈ, ਉੱਥੇ ਖਾੜਕੂ ਲਹਿਰ ਦੇ ਉਸ ਧੜੇ ਪ੍ਰਤੀ ਮਨ ਵਿੱਚ ਘਿਰਣਾ ਵੀ ਉਪਜਾਉਂਦਾ ਜੋ ਤਬਾਹੀ ਮਚਾਉਂਦਾ ਰਿਹਾ, ਜੋ ਔਰਤਾਂ ਦੀਆਂ ਇੱਜ਼ਤਾਂ ਨਾਲ ਖੇਡਦਾ ਰਿਹਾ। ਸਮੇਂ ਦੇ ਸਮਾਜ ਦੀ ਸੱਚਾਈ ਨੂੰ ਰੂਬਰੂ ਕਰਦਾ ਪੜ੍ਹਨਯੋਗ ਨਾਵਲ ਹੈ। ਪਾਠਕਾਂ ਦੇ ਹੁੰਗਾਰੇ ਦੀ ਉਡੀਕ ਵਿੱਚ ਸਾਹਿਤ ਖੇਤਰ ਵਿੱਚ ਇਸ ਨਾਵਲ ਨੂੰ ਜੀ ਆਇਆਂ।

ਸੰਪਰਕ-98555-95818

## ਫਿਕਰ ਨਾ ਕਰੀਂ

(ਕਾਵਿ-ਸੰਗ੍ਰਹਿ)
ਚਰਨਜੀਤ ਸਮਾਲਸਰ
ਪੰਨੇ-91, ਮੁੱਲ-295 ਰੁਪਏ
ਲੋਕ ਗੀਤ ਪ੍ਰਕਾਸ਼ਨ, ਮੋਹਾਲੀ



ਚਰਨਜੀਤ ਸਮਾਲਸਰ ਸਾਹਿਤਕ ਖੇਤਰ ਵਿੱਚ ਜਾਣਿਆ-ਪਛਾਣਿਆ ਨਾਂਅ ਹੈ। ਹਾਲੇ ਹੀ ਉਸ ਦਾ ਪਹਿਲਾ ਕਾਵਿ ਸੰਗ੍ਰਹਿ 'ਫਿਕਰ ਨਾ ਕਰੀਂ' ਪ੍ਰਕਾਸ਼ਿਤ ਹੋਇਆ ਹੈ। ਇਸ ਕਾਵਿ ਸੰਗ੍ਰਹਿ ਵਿੱਚ ਉਸ ਨੇ 58 ਕਵਿਤਾਵਾਂ ਨੂੰ ਸ਼ਾਮਲ ਕੀਤਾ ਹੈ। ਇਹਨਾਂ ਕਵਿਤਾਵਾਂ ਅੰਦਰ ਚੇਤਨਾ ਹੈ, ਸਮਾਜਿਕ ਵਰਤਾਰਿਆਂ ਦੀ ਸੂਝ ਹੈ। ਕਵੀ ਦੀ ਸੰਵੇਦਨਾ ਸਮਾਜ ਵਿੱਚ ਘਟਿਤ ਵਰਤਾਰਿਆਂ ਨੂੰ ਬੜੀ ਸੂਝ ਨਾਲ ਪਕੜਦੀ ਹੈ। ਇਹਨਾਂ ਕਵਿਤਾਵਾਂ ਵਿੱਚ ਸਮਕਾਲੀ ਜੀਵਨ ਦੇ ਸਰੋਕਾਰਾਂ ਦਾ ਆਉਣਾ, ਕਵੀ ਦੇ ਸਮਾਜ ਪ੍ਰਤੀ ਸੁਹਿਰਦ ਹੋਣ ਦਾ ਪ੍ਰਮਾਣ ਹੈ। ਪੰਜਾਬੀ ਰਹਿਤਲ, ਪੰਜਾਬੀ ਸੁਭਾਅ ਅਤੇ ਧਰਤੀ ਨਾਲ ਜੁੜੇ ਲੋਕਾਂ ਦੀਆਂ ਤਕਲੀਫਾਂ ਸੁਖਦ-ਦੁਖਦ ਅਹਿਸਾਸ ਇਸ ਕਵਿਤਾ ਦਾ ਹਾਸਲ ਹਨ। ਆਪਣੇ ਤਨ, ਮਨ 'ਤੇ ਪੀੜਾਂ ਹੰਢਾਉਣ ਵਾਲਾ ਹੀ ਕਿਸੇ ਗੈਰ ਦੀ ਪੀੜ ਨੂੰ ਮਹਿਸੂਸ ਕਰ ਸਕਦਾ ਹੈ। ਇਸ ਪੀੜ ਦੀ ਟੋਹ ਨੂੰ ਘਟਾਉਣ ਲਈ ਸੋਚ ਸਕਦਾ ਹੈ। ਜ਼ਿੰਦਗੀ ਪੀੜਾਂ ਦਾ ਝਰੋਖਾ ਹੈ। ਦੁਸ਼ਵਾਰੀਆਂ ਇਸ ਝਰੋਖੇ ਦੇ ਅੰਦਰਲੇ ਸੰਤਾਪ ਨੂੰ ਹੋਰ ਪੀੜਾਦਾਇਕ ਬਣਾਉਂਦੀਆਂ ਹਨ। ਕਵੀ ਸ਼ਬਦ ਸਿਰਜਣਾ ਵਿੱਚ ਆਪਣੀ ਨਿੱਜਤਾ ਨੂੰ ਲੁਕਾਉਣ ਬਾਰੇ ਨਹੀਂ ਸੋਚਦਾ, ਸਗੋਂ ਆਪਣੀ ਪੀੜਾਦਾਇਕ ਜ਼ਿੰਦਗੀ ਨੂੰ ਸੰਘਰਸ਼ ਦੇ ਸਮੁੰਦਰ ਦਾ ਪਤਵਾਰ ਬਣਾਉਂਦਾ ਹੈ। ਆਪਣੀ ਜ਼ਿੰਦਗੀ 'ਚ ਦਰਪੇਸ਼ ਚੁਣੌਤੀਆਂ ਵਿੱਚ ਉਹ ਆਪਣੇ-ਆਪ ਨੂੰ ਖੰਡਿਤ ਨਹੀਂ ਹੋਣ ਦਿੰਦਾ।

ਮੇਰੇ ਪੋਟੇ ਪੋਟੇ 'ਚ ਰਚ ਗਿਆ
ਬਚਪਨ ਤੋਂ ਜਵਾਨੀ ਤੱਕ
ਤੈਅ ਕੀਤਾ ਮੇਰਾ ਸਫ਼ਰ
ਨਾ ਬਚਪਨ ਯਾਦ ਹੈ ਮੈਨੂੰ
ਨਾ ਹੀ ਜਵਾਨੀ ਦੀ ਕੋਈ ਨਿਸ਼ਾਨੀ
ਮੇਰੀ ਜਵਾਨੀ ਦੇ ਖਿੜਦੇ ਫੁੱਲ ਨੂੰ
ਗੁਰਬਤ ਦੇ ਅਵਾਰਾ ਪਸ਼ੂਆਂ ਨੇ
ਚਰ ਲਿਆ ਧੁਰ ਅੰਦਰ ਤੱਕ।

ਕਵੀ ਇਨ੍ਹਾਂ ਕਵਿਤਾਵਾਂ ਵਿੱਚ ਦਮਿਤ ਲੋਕਾਂ ਬਾਰੇ ਭਾਵੁਕ ਬੋਲ ਨਹੀਂ ਉਚਾਰਦਾ, ਸਗੋਂ ਦਮਿਤ ਸਥਿਤੀ ਦਾ ਵਿਸ਼ਲੇਸ਼ਣ ਚੇਤਨਾ ਨਾਲ ਕਰਦਾ ਹੈ। ਇਹ ਸਥਿਤੀ ਹੈ, ਜਿੱਥੇ ਬਹੁਤੇ ਕਵੀ ਵਿੱਥ ਸਿਰਜ ਕੇ ਸਾਹਿਤ ਸੰਸਾਰ ਦੇ ਹੋਰ ਮਸਲਿਆਂ ਨਾਲ ਸੰਬੰਧਤ ਲਿਖਣਾ ਸ਼ੁਰੂ ਕਰ ਦਿੰਦੇ ਹਨ। ਚਰਨਜੀਤ ਸਮਾਲਸਰ ਦਮਿਤ ਅਤੇ ਦਲਿਤ ਮੁਕਤੀ ਨੂੰ ਲੋਕ ਮੁਕਤੀ ਦੇ ਪ੍ਰਸੰਗ ਵਿੱਚ ਪੇਸ਼ ਕਰਦਾ ਹੈ। ਉਸ ਦੀ ਪ੍ਰਮੁੱਖ ਸੁਰ ਸਮਾਜ ਦੇ ਲਿਤਾੜੇ ਲੋਕਾਂ ਦੀ ਤਰਾਸਦਿਕ ਸਥਿਤੀ ਨੂੰ ਪੇਸ਼ ਕਰਨਾ ਹੀ ਨਹੀਂ, ਸਗੋਂ ਇਹਨਾਂ ਦੀ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਸਥਿਤੀ ਨੂੰ ਵੀ ਉਭਾਰਨਾ ਹੈ। ਜਾਤੀਗਤ ਵਿਤਕਰੇ ਅਤੇ ਭੇਦ-ਭਾਵ ਦਾ ਵੱਡਾ ਕਾਰਨ ਦਮਿਤ ਲੋਕਾਂ ਦਾ ਆਰਥਿਕ ਤੌਰ 'ਤੇ ਪੱਛੜੇ ਹੋਣਾ ਅਤੇ ਸਾਧਨਹੀਣ ਹੋਣਾ ਮੰਦਾ ਹੈ। ਇਸੇ ਲਈ ਗਿਆਨ ਦੇ ਅੱਖਰਾਂ ਨੂੰ ਅਰਜ਼ ਕਰਦਾ ਹੈ ਕਿ ਤੁਸੀਂ ਉਹਨਾਂ ਕਾਲ ਕੋਠੜੀਆਂ ਤੱਕ ਪਹੁੰਚੋ, ਜਿੱਥੇ ਸਦੀਆਂ ਤੋਂ ਹਨੇਰਾ ਹੈ। ਇਹ ਸ਼ਬਦ ਹਨ ਜੋ ਇਨ੍ਹਾਂ ਨੂੰ ਗਿਆਨ ਦੀ ਮਿਸ਼ਾਲ ਬਣਾ ਕੇ ਸੰਘਰਸ਼ ਵੱਲ ਤੋਰ ਸਕਦੇ ਹਨ। ਗੁਰਬਤ ਮਾਰੀਆਂ ਸੋਚਾਂ ਨੂੰ ਲੋਅ ਨਾਲ ਰੁਸ਼ਨਾ ਸਕਦੇ ਹਨ। ਲਿਖਦਾ ਹੈ-

ਐ ਮੇਰੇ ਸ਼ਬਦ! ਜਾਓ
ਹਨੇਰੇ ਘਰਾਂ 'ਚ ਜਾਓ
ਜਾਓ ਤੇ ਪੁੱਛੋ
ਕਿ ਦੀਵਾਲੀ ਦੀ ਰੌਸ਼ਨੀ
ਤੁਹਾਡੇ ਘਰਾਂ ਤੀਕ ਕਾਹਤੋਂ ਨਹੀਂ ਪਹੁੰਚੀ?

ਇਹ ਕਵਿਤਾ ਦੱਬੇ-ਕੁਚਲੇ, ਅਣਗੌਲੇ ਲੋਕਾਂ ਦੀ ਗੱਲ ਹੀ ਨਹੀਂ ਕਰਦੀ, ਸਗੋਂ ਅਨਿਆਂ, ਵਿਤਕਰਿਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਫੋਕਸ ਕਰਦੀ ਹੈ। ਬਹੁਤੀਆਂ ਕਵਿਤਾਵਾਂ ਇਹਨਾਂ ਲੋਕਾਂ ਦੀ ਮੁਕਤੀ ਦਾ ਹੀ ਏਜੰਡਾ ਹਨ। ਇਸ ਏਜੰਡੇ ਦੇ ਪ੍ਰਵਚਨ ਨੂੰ ਗਾੜ੍ਹਾ ਕਰਨਾ, ਤ੍ਰੀਖਣ ਕਰਨਾ, ਪ੍ਰਚੰਡ ਕਰਨਾ ਹੀ ਕਵੀ ਦੀ ਵਿਚਾਰਧਾਰਕ ਦ੍ਰਿਸ਼ਟੀ ਹੈ। ਕਵੀ ਇਹਨਾਂ ਦੀ ਮੁਕਤੀ ਦਾ ਰਸਤਾ ਸੰਘਰਸ਼ ਵਿੱਚੋਂ ਤਲਾਸ਼ ਕਰਦਾ ਹੈ।

ਕਿਰਤ ਤੇਰੀ ਜੋ ਲੁੱਟੀ ਜਾਂਦੇ
ਹਾਕਮ ਚੋਰ ਲੁਟੇਰੇ
ਆ ਇਹਨਾਂ ਦਾ ਬਣ ਕੇ ਝੱਖੜ
ਕਰੀਏ ਦੀਵਾ ਗੁੱਲ।

ਕਵੀ ਦੀ ਕਵਿਤਾ ਅੰਦਰ ਸਮਾਜਿਕ ਚੇਤਨਾ ਦੇ ਨਾਲ-ਨਾਲ ਰਾਜਸੀ ਚੇਤਨਾ ਦਾ ਸ਼ੁਮਾਰ ਵੀ ਹੈ। ਮੁਕਤੀ ਦੀ ਅਭਿਲਾਸ਼ਾ ਰੱਖਣ ਵਾਲੇ ਅਤੇ ਸਮਾਜਿਕ ਢਾਂਚੇ ਦੇ ਬਦਲਣ ਦੀ ਉਮੀਦ ਰੱਖਣ ਵਾਲੇ ਕਵੀ ਦੀ ਕਵਿਤਾ ਵਿੱਚ ਇਸ ਚੇਤਨਾ ਦਾ ਆਉਣਾ ਸੁਭਾਵਿਕ ਹੈ। ਕਵੀ ਦੀ ਕਲਮ ਤਾਂ ਬੋਲਦੀ ਹੀ ਹੈ, ਉਸ ਦੀ ਚੁੱਪ ਵੀ ਬੋਲਦੀ ਹੈ-

ਅੱਜ ਕੱਲ੍ਹ ਮੇਰੀ ਚੁੱਪ ਤੋਂ
ਬੜਾ ਡਰਦੇ ਨੇ ਉਹ
ਉਹ ਚਾਹੁੰਦੇ ਨੇ ਮੇਰੀ ਕਲਮ ਦੀ
ਸਿਆਹੀ ਸੁੱਕ ਜਾਵੇ
ਅੱਖਰ ਕ੍ਰਾਂਤੀ ਰੁਕ ਜਾਵੇ
'ਲਾਲ' ਤਾਂ ਜਮਾਂ ਹੀ ਮੁੱਕ ਜਾਵੇ
ਸਿਆਸਤ ਦੀ ਸੱਪਣੀ
ਮੇਰੀ ਕਲਮ ਦੀ ਨੋਕ 'ਤੇ ਥੁੱਕ ਜਾਵੇ।

ਕਵੀ ਨੇ ਆਪਣੀ ਕਵਿਤਾ ਵਿੱਚ ਪੇਂਡੂ ਜੀਵਨ ਸ਼ੈਲੀ, ਪੇਂਡੂ ਜੀਵਨ ਯਥਾਰਥ, ਮਲਵਈ ਸ਼ਬਦਾਵਲੀ ਅਤੇ ਬਿੰਬਾਂ, ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਉਸ ਦੀ ਬਿੰਬ ਸਿਰਜਣਾ ਬੜੀ ਕਮਾਲ ਹੈ। ਕਵੀ ਨੂੰ ਸੂਝ ਹੈ ਕਿ ਇਹ ਬਿੰਬ ਮਨੁੱਖ ਦੀਆਂ ਅਨੁਭੂਤੀਆਂ ਅਤੇ ਭਾਵਨਾਵਾਂ ਦਾ ਮੂਰਤੀਕਰਨ ਕਰਦੇ ਹਨ। ਵਿਚਾਰ, ਚੇਤਨਾ ਅਤੇ ਸੂਝ ਨਾਲ ਭਰਪੂਰ ਇਹ ਕਾਵਿ ਸੰਗ੍ਰਹਿ ਦਾ ਸਵਾਗਤ ਕਰਨਾ ਬਣਦਾ ਹੈ।

— ਰਾਮਪਾਲ ਸ਼ਾਹਪੁਰੀ (ਡਾ.)
ਮੋਬਾ. 99148-86310

# ਪੁਸਤਕ ਰੀਵਿਊ

## ਸੰਵਾਦ ਸਮੀਖਿਆ

ਮਲਵਿੰਦਰ
ਪੰਨੇ-224, ਮੁੱਲ-320 ਰੁਪਏ (ਪੇਪਰ ਬੈਕ)
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਮਲਵਿੰਦਰ ਚਰਚਿੱਤ ਸ਼ਾਇਰ ਹੈ। ਕੁਝ ਸਮੇਂ ਤੋਂ ਉਹ ਵਾਰਤਕ ਵਿਚ ਵੀ ਕਈ ਵੰਨਗੀਆਂ ਪੇਸ਼ ਕਰ ਰਿਹਾ ਹੈ। ਜਦੋਂ ਪਿੱਛੇ ਜਿਹੇ ਉਹ ਕੈਨੇਡਾ ਗਿਆ ਤਾਂ ਉਥੇ ਵਿਦੇਸ਼ ਦੀ ਧਰਤੀ 'ਤੇ ਵੀ ਉਹ ਕੈਨੇਡਾ ਦੇ ਸਾਹਿਤਕਾਰਾਂ ਵਿਚ ਇਸ ਮੁਹੱਬਤ ਨਾਲ ਵਿਚਰਿਆ ਕਿ ਉਸ ਨੇ ਆਪਣਾ ਸਾਹਿਤਕ ਦਾਇਰਾ ਸੱਤ ਸਮੁੰਦਰੋਂ ਪਾਰ ਵੀ ਬਣਾ ਲਿਆ। ਕੈਨੇਡਾ ਦੀ ਧਰਤੀ 'ਤੇ ਉਹ ਸਾਹਿਤਕ ਸਮਾਗਮਾਂ ਵਿਚ ਚਾਅ ਨਾਲ ਹਾਜ਼ਰੀ ਭਰਦਾ, ਜਿਸ ਨਾਲ ਉਸ ਨੂੰ ਕੈਨੇਡਾ ਦੇ ਕਈ ਸਾਹਿਤਕਾਰਾਂ ਨਾਲ ਰੂਬਰੂ ਕਰਨ ਦਾ ਮੌਕਾ ਮਿਲਿਆ। ਇਹ ਸੁਭਾਗਾ ਸਮਾਂ ਉਸ ਨੇ ਸਾਹਿਤਕਾਰਾਂ ਦੀ ਸੰਗਤ ਵਿਚ ਮਾਣਿਆ। ਕਿਤਾਬਾਂ ਦਾ ਆਦਾਨ-ਪ੍ਰਦਾਨ ਕੀਤਾ। ਜੋ ਕਿਤਾਬਾਂ ਕੈਨੇਡਾ ਦੇ ਸਾਹਿਤਕਾਰਾਂ ਤੋਂ ਮਿਲੀਆਂ, ਉਨ੍ਹਾਂ ਨੂੰ ਘਰ ਲਿਆ ਕੇ ਦੀਰਘ ਅਧਿਐਨ ਕੀਤਾ ਤੇ ਇਹ ਹਥਲੀ ਕਿਤਾਬ ਵਜੂਦ ਵਿਚ ਆਈ। ਲੇਖਕ ਤੋਂ ਪ੍ਰਾਪਤ ਇਸ ਕਿਤਾਬ ਵਿਚ ਮਲਵਿੰਦਰ ਨੇ 9 ਸਾਹਿਤਕਾਰਾਂ ਨਾਲ ਰੂਬਰੂ ਕਰਕੇ ਮੁਲਾਕਾਤਾਂ ਸ਼ਾਮਲ ਕੀਤੀਆਂ ਹਨ ਤੇ ਇਨ੍ਹਾਂ ਸਾਹਿਤਕਾਰਾਂ ਦੀਆਂ ਕਿਤਾਬਾਂ ਦੇ ਵਿਸ਼ਲੇਸ਼ਣ ਕਿਤਾਬ ਦੇ ਸਮੀਖਿਆ ਭਾਗ ਵਿਚ 19 ਆਲੋਚਨਾਤਮਕ ਲੇਖ ਸ਼ਾਮਲ ਕੀਤੇ ਹਨ। ਕਿਤਾਬ ਦੀ ਪਹਿਲੀ ਮੁਲਾਕਾਤ ਗੁਰਦੇਵ ਚੌਹਾਨ ਨਾਲ ਹੈ। ਮਲਵਿੰਦਰ ਨੇ ਗੁਰਦੇਵ ਚੌਹਾਨ ਨੂੰ 24 ਸਵਾਲ ਕੀਤੇ ਹਨ, ਜਿਸ ਵਿਚ ਗੁਰਦੇਵ ਚੌਹਾਨ ਦਾ ਕੈਨੇਡਾ ਵਿਚ ਇਕ ਅੰਗਰੇਜ਼ੀ ਪਰਚੇ ਦੇ ਸੰਪਾਦਕ ਹੋਣ ਦੀ ਗੱਲ ਹੈ।ਅੰਗਰੇਜ਼ੀ ਵਿਚ ਕਵਿਤਾਵਾਂ ਦੇ ਅਨੁਵਾਦ ਕਰਨ ਦਾ ਅਹਿਮ ਸਵਾਲ ਹੈ। ਇਸ ਸਵਾਲ ਦੇ ਉੱਤਰ ਵਿਚ ਗੁਰਦੇਵ ਸਿੰਘ ਨੇ ਹਿੰਦੀ ਤੇ ਅੰਗਰੇਜ਼ੀ ਕਵੀਆਂ ਦਾ ਹਵਾਲਾ ਦਿੱਤਾ ਹੈ।

ਮੀਡੀਆ ਲੇਖਕ ਪ੍ਰੋ. ਕੁਲਬੀਰ ਸਿੰਘ ਨਾਲ ਕੀਤੀ ਮੁਲਾਕਾਤ ਬਹੁਤ ਰੌਚਿਕ ਤੇ ਦਿਲਚਸਪ ਹੈ। ਇਸ ਵਿਚ ਪ੍ਰੋ. ਕੁਲਬੀਰ ਸਿੰਘ ਦੀ ਕਿਤਾਬ 'ਮੀਡੀਆ ਅਲ਼ੋਚਕ ਦੀ ਆਤਮ ਕਥਾ ਦਾ ਪਿਛੋਕੜ' ਦੀ ਜਾਣਕਾਰੀ ਮਿਲਦੀ ਹੈ। ਮੁਲਾਕਾਤੀ ਮਲਵਿੰਦਰ ਬਹੁਤ ਵਧੀਆ ਸ਼ੈਲੀ ਤੇ ਸੁਹਜਮਈ ਸ਼ਬਦਾਂ ਵਿਚ ਸਾਹਿਤਕਾਰਾਂ ਦੀ ਸਿਰਜਨਾ, ਪਿਛੋਕੜ, ਛਪੀਆਂ ਕਿਤਾਬਾਂ ਦੀ ਗੱਲ ਪੁੱਛ ਕੇ ਮੁਲਾਕਾਤ ਦਾ ਦਾਇਰਾ ਵਸੀਹ ਕਰਦਾ ਹੈ।



ਕਹਾਣੀਕਾਰ ਦੀਪ ਦਵਿੰਦਰ ਸਿੰਘ ਅੰਮ੍ਰਿਤਸਰ ਦਾ ਲੇਖਕ ਦਾ ਗਰਾਈਂ ਹੈ, ਪਰ ਦੀਪ ਦਵਿੰਦਰ ਸਿੰਘ ਦਾ ਨਾਂਅ ਪੰਜਾਬੀ ਕਹਾਣੀ ਵਿਚ ਸਿਖਰ 'ਤੇ ਹੈ। ਇਸ ਮੁਲਾਕਾਤ ਵਿਚ ਦੀਪ ਦਵਿੰਦਰ ਸਿੰਘ ਆਪਣੀ ਕਹਾਣੀ ਸਿਰਜਨਾ ਬਾਰੇ ਰੌਚਿਕ ਗੱਲ ਕਰਦਾ ਹੈ। ਦੀਪ ਦਵਿੰਦਰ ਸਿੰਘ ਮੁਲਾਕਾਤ ਵਿਚ ਆਪਣੇ ਪਿਆਰੇ ਰਿਸ਼ਤੇਦਾਰ ਕਹਾਣੀਕਾਰ ਤਲਵਿੰਦਰ ਸਿੰਘ ਨੂੰ ਬਹੁਤ ਸ਼ਿੱਦਤ ਨਾਲ ਯਾਦ ਕਰਦਾ ਹੈ। ਦੀਪ ਦਵਿੰਦਰ ਦੀ ਕਹਾਣੀ ਕਲਾ ਬਾਰੇ ਵੀ ਬਹੁਤ ਜਾਣਕਾਰੀ ਮਿਲਦੀ ਹੈ।

ਨਿਰਮਲ ਅਰਪਨ ਦੀ ਮੁਲਾਕਾਤ ਵਿਚ ਸਿਰਲੇਖ ਹੈ— ਚੰਗਾ ਪਾਠਕ ਹੀ ਚੰਗਾ ਲੇਖਕ ਬਣਨ ਦੀ ਸਮਰੱਥਾ ਰੱਖਦਾ ਹੈ। ਪਾਠਕ ਨਿਰਮਲ ਅਰਪਨ ਦੇ ਉੱਤਰ ਪੜ੍ਹ ਕੇ ਸੋਚਦਾ ਹੈ ਕਿ ਅਰਪਨ ਦਾਰਸ਼ਨਿਕ ਕਿਸਮ ਦਾ ਕਵੀ ਹੈ। ਉਸ ਨੇ ਜ਼ਿੰਦਗੀ ਵਿਚ ਲੰਮਾ ਤਜਰਬਾ ਹਾਸਲ ਕੀਤਾ ਹੈ। ਨਿਰਮਲ ਅਰਪਨ ਨੇ ਆਪਣੇ ਨਾਵਲ 'ਪੁਲ ਕੰਜਰੀ' ਦਾ ਪਿਛੋਕੜ ਵੀ ਦੱਸਿਆ ਹੈ। ਕੁੱਲ ਸਤਾਰਾਂ ਸਵਾਲ ਹਨ। ਇਸ ਭਾਗ ਵਿਚ ਹੋਰ ਸਾਹਿਤਕਾਰ ਹਨ-ਟੋਰਾਂਟੋ ਦੀ ਚਰਚਿੱਤ ਕਵਿੱਤਰੀ ਸੁਰਜੀਤ, (ਪੰਨੇ-65-89) ਲੰਮੀ ਮੁਲਾਕਾਤ ਵਿਚ ਸੁਰਜੀਤ ਦੀ ਲਿਖਣ ਪ੍ਰਕਿਰਿਆ, ਰੂਹਾਂ ਦੀ ਭਟਕਣ, ਗੁਰਬਾਣੀ ਹਵਾਲੇ, ਕਵਿਤਾ ਤੋਂ ਕਹਾਣੀ ਵੱਲ ਆਉਣ ਦਾ ਸਫਰ ਤੇ ਹੋਰ ਬਹੁਤ ਕੁਝ ਹੈ। ਇਨਾਮਾਂ-ਸਨਮਾਨਾਂ ਦੀ ਚਰਚਾ ਵੀ ਹੈ। ਇਸ ਭਾਗ ਵਿਚ ਡਾ. ਰਵਿੰਦਰ, ਏਕਮ ਮੈਗਜ਼ੀਨ ਦੀ ਸੰਪਾਦਕਾ ਅਰਤਿੰਦਰ ਸੰਧੂ ਨਾਲ ਮੁਲਾਕਾਤਾਂ ਦਾ ਹੁਸੀਨ ਸਾਹਿਤਕ ਰੰਗ ਹੈ।ਅਰਤਿੰਦਰ ਸੰਧੂ ਨੇ ਏਕਮ ਸ਼ੁਰੂ ਕਰਨ ਦੀ ਚਰਚਾ ਕੀਤੀ ਹੈ। ਸਾਹਿਤਕ ਸਭਾਵਾਂ ਬਾਰੇ ਸਵਾਲ ਹਨ। ਦਿਓਲ ਪਰਮਜੀਤ ਨੇ ਕਵਿਤਾ ਨੂੰ ਰੂਹ ਦੀ ਤ੍ਰਿਪਤੀ ਕਿਹਾ ਹੈ। ਦੱਸਿਆ ਹੈ ਕਿ ਕਵਿਤਾ ਨਾਲ ਪਰਮਜੀਤ ਦਾ ਪੁਰਾਣਾ ਰਿਸ਼ਤਾ ਹੈ।ਪ੍ਰਭਜੋਤ ਕੌਰ ਸੰਧੂ ਨੇ ਅੰਮ੍ਰਿਤਸਰ ਦੀ ਵੱਡੀ ਲਾਇਬਰੇਰੀ ਦੇ ਇੰਚਾਰਜ ਹੋਣ ਦੀ ਗਾਥਾ ਲਿਖੀ ਹੈ।ਕਿਵੇਂ ਉਸ ਨੇ ਆਪਣੀ ਮਿਹਨਤ ਨਾਲ ਲਾਇਬਰੇਰੀ ਦਾ ਮੂੰਹ ਮੱਥਾ ਸੰਵਾਰਿਆ ਹੈ। ਵੱਡੀ ਗਿਣਤੀ ਵਿਚ ਕਿਤਾਬਾਂ ਲਾਇਬਰੇਰੀ ਵਿਚ ਹਨ। ਆਪਣੇ ਲਾਇਬਰੇਰੀ ਅਨੁਭਵ ਲਿਖੇ ਹਨ। ਸੋਲਾਂ ਸਵਾਲਾਂ ਵਿਚ ਬਹੁਤ ਵੱਡੀ ਜਾਣਕਾਰੀ ਹੈ।

ਕਿਤਾਬ ਦੇ ਸਮੀਖਿਆ ਭਾਗ ਵਿਚ ਗੁਰਦੇਵ ਚੌਹਾਨ ਦੀ ਰੇਖਾ ਚਿੱਤਰਾਂ ਦੀ ਕਿਤਾਬ ਦਾ ਵਿਸ਼ਲੇਸ਼ਣ ਹੈ। ਗੁਰਦੇਵ ਚੌਹਾਨ ਦੀ ਵਾਰਤਕ ਦਾ ਵੱਖਰਾ ਮੁਹਾਂਦਰਾ ਹੈ। ਪ੍ਰੋ. ਕੁਲਬੀਰ ਸਿੰਘ ਦੀ ਚਰਚਿਤ ਕਿਤਾਬ ਮੀਡੀਆ ਆਲ਼ੋਚਕ ਦੀ ਆਤਮ ਕਥਾ ਦਾ ਅਧਿਐਨ ਹੈ।ਇਨ੍ਹਾਂ ਸਮੀਖਿਆ ਲੇਖਾਂ ਦੀ ਭਾਸ਼ਾ ਸਰਲ ਹੈ। ਕਿਤਾਬ ਦੇ ਲੇਖਕ ਬਾਰੇ ਵੀ ਜਾਣਕਾਰੀ ਪ੍ਰਭਾਵਸ਼ਾਲੀ ਹੈ।

ਸ਼ਮੀਲ ਰਚਿਤ ਧੂਫ ਦੀ ਖੁਸ਼ਬੋ ਦਾ ਕਾਵਿ ਵਿਸ਼ਲੇਸ਼ਣ ਹੈ।ਉਂਕਾਰ ਪ੍ਰੀਤ ਦੀ ਕਿਤਾਬ ਅਣਫਿਰਿਆ ਮੱਕਾ ਦੀ ਮਾਨਵਵਾਦੀ ਸੁਰ ਦੀ ਚਰਚਾ ਹੈ। ਇਸ ਤੋਂ ਇਲਾਵਾ ਅਮਰਜੀਤ ਕੌਰ ਪੰਛੀ ਦੀ ਕਿਤਾਬ ਪਰਵਾਜ਼ ਦਾ ਅੰਬਰ, ਕੁਲਵਿੰਦਰ ਖਹਿਰਾ ਦੀ ਕਿਤਾਬ ਹਨੇਰੇ ਦੀ ਤਲੀ ਤੇ, ਮਲੂਕ ਸਿੰਘ ਰਚਿਤ ਕੂਕ ਫਕੀਰਾ ਕੂਕ, ਸੁਖਿੰਦਰ ਦੀ ਕਿਤਾਬ ਜੰਗਬਾਜ਼ਾਂ ਦੇ ਖਿਲਾਫ ਦੀ ਗਹਿਰੀ ਸਮੀਖਿਆ ਪੁਸਤਕ ਦਾ ਹਾਸਲ ਹਨ। ਪ੍ਰੋ. ਕੰਵਲਜੀਤ ਕੌਰ ਮਹਿਰੋਕ ਦੀ ਕਿਤਾਬ ਟਰਨਿੰਗ ਪੁਆਇੰਟ, ਰਮਿੰਦਰ ਰਮੀ ਦਾ ਕਾਵਿ ਸਫਰ ਕਿਤਾਬ ਕਿਸ ਨੂੰ ਆਖਾਂ ਦੇ ਸੰਦਰਭ ਵਿਚ, ਸੁਰਜੀਤ ਦੀ ਕਵਿਤਾ ਹੇ ਸਖੀ ਦਾ ਵਿਸ਼ਲੇਸ਼ਣ, ਅਰਤਿੰਦਰ ਸੰਧੂ ਦੀ ਕਿਤਾਬ ਘਰ ਘਰ ਤੇ ਘਰ ਵਿਚ ਘਰ ਦਾ ਚਿੰਤਨਮਈ ਅਧਿਐਨ ਹੈ। ਸੁਰਜੀਤ ਦਾ ਨਵਾਂ ਕਹਾਣੀ ਸੰਗ੍ਰਹਿ ਪਾਰਲੇ ਪੁਲ, ਸੁਖਦੇਵ ਸਿੰਘ ਝੰਡ ਦੀ ਕਿਤਾਬ ਪੱਤੇ ਤੇ ਪ੍ਰਛਾਵੇਂ, ਕਿਤਾਬ ਪੁਰਖਿਆਂ ਦਾ ਦੇਸ਼ ਡਾ. ਰਵਿੰਦਰ ਦੀ ਕਾਵਿ ਕਿਤਾਬ ਅੰਦਰ ਖੁੱਲ੍ਹਦੀ ਖਿੜਕੀ, ਬਲਵਿੰਦਰ ਸੰਧੂ ਦੀਆਂ ਮਧੂਕਰੀ ਅਤੇ ਤੀਲ੍ਹਾ ਤੀਲ੍ਹਾ ਧਾਗਾ, ਪਰਮਜੀਤ ਦਿਓਲ ਦੀ ਬਿਰਹਾ ਕੱਤਦੀ ਰਿਸ਼ਮ ਦਾ ਚਿੰਤਨਮਈ ਵਿਸ਼ਲੇਸ਼ਣ ਹੈ। ਕਿਤਾਬ ਵਿਚ ਵਾਰਤਕ ਦੇ ਦੋ ਰੰਗ ਹਨ। ਮਲਵਿੰਦਰ ਇਸ ਕਿਤਾਬ ਨਾਲ ਮਿਆਰੀ ਆਲੋਚਕ ਵਜੋਂ ਸਥਾਪਤ ਹੋਇਆ ਹੈ।ਆਲੋਚਨਾਤਮਿਕ ਪੁਸਤਕ ਦਾ ਨਿੱਘਾ ਸਵਾਗਤ ਹੈ।

— ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਜੰਗ 'ਤੇ ਵਿਚਾਰ-ਚਰਚਾ



**ਜਲੰਧਰ** : ਬੀਤੇ ਦਿਨੀਂ ਪ੍ਰਗਤੀਸ਼ੀਲ ਲੇਖਕ ਸੰਘ (ਜਲੰਧਰ ਇਕਾਈ) ਵੱਲੋਂ ਇਰਾਨ ਇਜ਼ਰਾਈਲ-ਅਮਰੀਕਾ ਜੰਗ ਉੱਤੇ ਵਿਚਾਰ-ਚਰਚਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕਰਵਾਈ ਗਈ। ਇਸ ਚਰਚਾ 'ਦੇਸ਼ਾਂ ਦੀ ਖ਼ੁਦਮੁਖਤਿਆਰੀ ਦਾ ਸਵਾਲ' ਦੇ ਪ੍ਰਸੰਗ ਵਿੱਚ ਹੋਈ। ਇਸ ਵਿਸ਼ੇ ਉੱਤੇ ਬੋਲਣ ਵਾਲੇ ਮੁੱਖ ਬੁਲਾਰੇ ਡਾ. ਜਗਜੀਤ ਸਿੰਘ ਚੀਮਾ ਸਨ। ਜਲੰਧਰ ਇਕਾਈ ਦੇ ਜਨਰਲ ਸਕੱਤਰ ਭਗਵੰਤ ਰਸੂਲਪੁਰੀ ਨੇ ਵਿਚਾਰ ਚਰਚਾ ਵਿੱਚ ਪਹੁੰਚੇ ਸਾਰੇ ਬੁੱਧੀਜੀਵੀਆਂ ਦਾ ਸਵਾਗਤ ਕੀਤਾ। ਇਸ ਵਿਚਾਰ ਚਰਚਾ ਦੇ ਕਨਵੀਨਰ ਡਾ. ਸ਼ੈਲੇਸ਼ ਨੇ ਇਸ ਚਰਚਾ ਦੇ ਉਦੇਸ਼ ਬਾਰੇ ਦੱਸਿਆ। ਮੁੱਖ ਬੁਲਾਰੇ ਡਾ. ਚੀਮਾ ਨੇ ਆਪਣੇ ਇਕ ਘੰਟੇ ਦੇ ਲੈਕਚਰ ਵਿੱਚ ਕਿਹਾ ਕਿ ਇਸ ਜੰਗ ਦਾ ਅਸਲੀ ਕਾਰਨ ਕੁਦਰਤੀ ਸਰੋਤਾਂ ਉੱਤੇ ਅਮਰੀਕਾ ਵੱਲੋਂ ਕਾਬਜ਼ ਹੋਣਾ ਹੈ । ਉਨ੍ਹਾਂ ਅੱਗੇ ਕਿਹਾ ਕਿ ਅਮਰੀਕਾ ਅਸਿੱਧੇ ਤੌਰ 'ਤੇ ਭਾਰਤ ਦੇ ਕੁਦਰਤੀ ਸਰੋਤਾਂ ਨੂੰ ਵੀ ਆਪਣੇ ਹੱਥਾਂ ਵਿੱਚ ਲੈਣ ਲਈ ਭਾਰਤ ਉੱਤੇ ਦਬਾਅ ਪਾ ਰਿਹਾ ਹੈ । ਉਨ੍ਹਾਂ ਅਮਰੀਕਾ ਖਿਲਾਫ਼ ਸਭ ਨੂੰ ਡੱਟ ਕੇ ਵਿਰੋਧ ਕਰਨ ਦਾ ਐਲਾਨ ਕੀਤਾ। ਚਰਚਾ ਨੂੰ ਅੱਗੇ ਤੋਰਦਿਆਂ ਡਾ. ਸ਼ੈਲੇਸ਼ ਨੇ ਕਿਹਾ ਕਿ ਜੰਗ ਨਾਲ ਮਨੁੱਖਤਾ ਦੀ ਤਬਾਹੀ ਤਾਂ ਹੁੰਦੀ ਹੈ ਨਾਲ ਨਾਲ ਜਨ ਸਧਾਰਨ ਲੋਕਾਂ ਉੱਤੇ ਵੀ ਬੋਝ ਪੈਂਦਾ ਹੈ ਤਸਕੀਨ ਨੇ ਬਹਿਸ ਨੂੰ ਅੱਗੇ ਤੋਰਦਿਆਂ ਦੋ ਮਹਾਂ ਸ਼ਕਤੀਆਂ ਬਣ ਬੈਠੇ ਦੇਸ਼ਾਂ ਅਮਰੀਕਾ-ਚੀਨ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆਂਦਾ। ਹਰਵਿੰਦਰ ਭੰਡਾਲ ਨੇ ਜੰਗ ਬਾਰੇ ਆਪਣੀਆਂ ਧਾਰਨਾਵਾਂ ਦਿੰਦਿਆਂ ਕਿਹਾ ਕਿ ਜੰਗਾਂ ਹਰ ਤਰ੍ਹਾਂ ਦੀ ਤਬਾਹੀ ਦਾ ਕਾਰਨ ਬਣਦੀਆਂ ਹਨ। ਚਰਚਾ ਵਿੱਚ ਡਾ. ਗੋਪਾਲ ਬੁੱਟਰ, ਜੋਗਿੰਦਰ ਸਿੰਘ ਸੰਧੂ ਤੇ ਹੋਰਨਾ ਨੇ ਭਾਗ ਲਿਆ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਇਕਾਈ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਨੇ ਕਿਹਾ ਕਿ ਸਾਡਾ ਮੀਡੀਆ ਇਰਾਨ-ਇਜ਼ਰਾਇਲ ਜੰਗ ਸਬੰਧੀ ਜੋ ਬਿਰਤਾਂਤ ਘੜ ਰਿਹਾ ਹੈ ਉਹ ਪੂਰਾ ਸੱਚਾ ਨਹੀਂ । ਇਰਾਨ ਧਾਰਮਿਕ ਤੌਰ ਤੇ ਕੱਟੜ ਹੁੰਦਾ ਹੋਇਆ ਸਿੱਖਿਆ ਤੇ ਜੰਗੀ ਹਥਿਆਰ ਬਣਾਉਣ ਵਿੱਚ ਅਮਰੀਕਾ ਦੀ ਬਰਾਬਰ ਟੱਕਰ ਦੇ ਰਿਹਾ ਹੈ। ਉੱਥੋਂ ਦੀਆਂ ਯੂਨੀਵਰਸਿਟੀਆਂ ਦਾ ਵਿਸ਼ਵ ਵਿੱਚ ਉੱਚਾ ਮਿਆਰ ਹੈ। ਉਨ੍ਹਾਂ ਅੱਗੇ ਕਿਹਾ ਕਿ ਅਮਰੀਕਾ ਨੂੰ ਪਤਾ ਲੱਗ ਗਿਆ ਹੈ ਕਿ ਇਰਾਨ ਨੂੰ ਹਰਾਉਣਾ ਐਨਾ ਆਸਾਨ ਨਹੀਂ ਹੈ। ਫਿਰ ਵੀ ਪਿੱਛੇ ਨਹੀਂ ਹੱਟ ਰਿਹਾ। ਸੰਘ ਦੇ ਸੀ. ਵਾਇਸ ਪ੍ਰਧਾਨ ਮੱਖਣ ਮਾਨ ਨੇ ਧਨਵਾਦੀ ਸ਼ਬਦ ਕਹਿੰਦਿਆਂ ਕਿਹਾ ਕਿ ਜੰਗ ਨਾਲ ਪੀੜਤ ਦੇਸ਼ ਦੇ ਕਲਚਰ, ਇਤਿਹਾਸ, ਮਨੁੱਖਤਾ ਦਾ ਘਾਣ ਹੁੰਦਾ ਹੈ। ਇਸ ਵਿਚਾਰ-ਚਰਚਾ ਦਾ ਸਟੇਜ ਸੰਚਾਲਨ ਰਾਕੇਸ਼ ਆਨੰਦ ਨੇ ਕੀਤਾ। ਵਿਚਾਰ ਚਰਚਾ ਵਿੱਚ ਹੋਰਨਾ ਤੋਂ ਇਲਾਵਾ ਗੁਰਮੀਤ, ਤਰਲੋਕ ਬੀਰ, ਨਰਿੰਦਰ ਸੱਤੀ, ਕੇਸਰ, ਰਮੇਸ਼ ਚੋਹਕਾ, ਨਰਿੰਦਰ ਲੇਖ, ਜੀਵਤ ਰਾਏ ਤੇ ਹੋਰਨਾਂ ਨੇ ਭਾਗ ਲਿਆ।

# ਗੁਰਬਖ਼ਸ਼ ਭੰਡਾਲ ਦੀ ਪੁਸਤਕ The Emotions 'ਤੇ ਚਰਚਾ



**ਟੋਰਾਂਟੋ**-ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ ਦੀ 25 ਅਪ੍ਰੈਲ 2026 ਨੂੰ ਹੋਈ ਮੀਟਿੰਗ ਡਾਕਟਰ ਗੁਰਬਖ਼ਸ਼ ਸਿੰਘ ਭੰਡਾਲ ਹੁਰਾਂ ਦੀ ਪੁਸਤਕ The Emotions ਨੂੰ ਸਮਰਪਿਤ ਰਹੀ। ਭੰਡਾਲ ਹੁਰਾਂ ਦੇ 31 ਵਾਰਤਕ ਲੇਖਾਂ ਨੂੰ ਇਸ ਪੁਸਤਕ ਵਿੱਚ ਪ੍ਰਿੰਸੀਪਲ ਰਣਜੀਤ ਕੌਰ ਹੁਰਾਂ ਵੱਲੋਂ ਅੰਗਰੇਜ਼ੀ ਵਿੱਚ ਉਲਥਾਇਆ ਗਿਆ ਹੈ। ਵਿਚਾਰ ਚਰਚਾ ਦੀ ਸ਼ੁਰੂਆਤ ਉਂਕਾਰਪ੍ਰੀਤ ਦੇ ਕਿਤਾਬ ਬਾਰੇ ਲਿਖੇ ਪੇਪਰ ਨਾਲ ਹੋਈ। ਇਹ ਪਹਿਲੀ ਵੇਰ ਸੀ ਕਿ ਕਾਫ਼ਲੇ ਦੇ ਮੰਚ ਤੋਂ ਕਿਸੇ ਅੰਗਰੇਜ਼ੀ ਪੁਸਤਕ ਬਾਰੇ ਅੰਗਰੇਜ਼ੀ 'ਚ ਲਿਖੇ ਪਰਚੇ ਨਾਲ ਪੁਸਤਕ ਦੀ ਵਿਚਾਰ ਗੋਸ਼ਟੀ ਸ਼ੁਰੂ ਕੀਤੀ ਗਈ। ਉਂਕਾਰਪ੍ਰੀਤ ਨੇ ਜਿੱਥੇ ਇਸ ਪੁਸਤਕ ਦੇ ਲੇਖਾਂ ਵਿਚਲੇ ਪ੍ਰਮੁੱਖ ਵਿਚਾਰਾਂ, ਉਹਨਾਂ ਦੀ ਲਿਖਣ ਸ਼ੈਲੀ ਅਤੇ ਸਮੁੱਚੇ ਪ੍ਰਭਾਵਾਂ ਬਾਰੇ ਆਪਣਾ ਵਿਸ਼ਲੇਸ਼ਣ ਪੇਸ਼ ਕੀਤਾ, ਉੱਥੇ ਇਸ ਵਿਚਲੇ ਦਰਸ਼ਨ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਵੀ ਰੌਸ਼ਨੀ 'ਚ ਲਿਆਂਦਾ। ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਪਿਆਰਾ ਸਿੰਘ ਕੁੱਦੋਵਾਲ ਨੇ ਡਾਕਟਰ ਭੰਡਾਲ ਨੂੰ ਬਹੁਪੱਖੀ ਪ੍ਰਤਿਭਾ ਵਾਲਾ ਲੇਖਕ ਦੱਸਦਿਆਂ ਕਿਹਾ ਕਿ ਡਾਕਟਰ ਭੰਡਾਲ ਆਪਣੀਆਂ ਲਿਖਤਾਂ 'ਚ ਇੱਕੋ ਸਮੇਂ ਵਿਗਿਆਨਕ ਅਤੇ ਕਾਵਿਕ ਹਨ। ਪ੍ਰਸਿੱਧ ਪੰਜਾਬੀ ਲੋਕਧਾਰਾ ਵਿਗਿਆਨੀ ਡਾਕਟਰ ਨਾਹਰ ਸਿੰਘ ਹੁਰਾਂ ਨੇ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾਕਟਰ ਭੰਡਾਲ ਨੂੰ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵਾਰਤਕ ਧਾਰਾ ਵਿੱਚ ਅਗਲਾ ਪੰਜਾਬੀ ਵਾਰਤਕ ਸੈਲੀਕਾਰ ਕਿਹਾ। ਜਗੀਰ ਕਾਹਲੋਂ ਨੇ ਇਸ ਮੌਕੇ ਬੋਲਦਿਆਂ ਡਾਕਟਰ ਗੁਰਬਖਸ਼ ਭੰਡਾਲ ਦੀ ਲਿਖਤ ਤੇ ਸ਼ਖਸੀਅਤ ਵਿਚਲੇ ਸੁਮੇਲ ਨੂੰ ਉਜਾਗਰ ਕੀਤਾ। ਉੱਘੇ ਖੇਡ ਵਾਰਤਾਕਾਰ ਪ੍ਰਿੰਸੀਪਲ ਸਰਵਣ ਸਿੰਘ ਹੁਰਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾਕਟਰ ਗੁਰਬਖਸ਼ ਭੰਡਾਲ ਹੁਰਾਂ ਨੂੰ ਬਹੁਤ ਵਧੀਆ ਕਵੀ, ਵਾਰਤਾਕਾਰ, ਵਿਗਿਆਨੀ ਅਤੇ ਮੰਡ ਇਲਾਕੇ ਦਾ 'ਮੋਤੀ ਕਿਸਾਨ' ਆਖਿਆ।ਹੋਰ ਪ੍ਰਮੁੱਖ ਬੁਲਾਰਿਆਂ ਵਿੱਚ ਭੁਪਿੰਦਰ ਦੂਲੇ, ਅੰਮ੍ਰਿਤ ਢਿੱਲੋਂ, ਕਰਨਲ ਅਜਾਇਬ ਸੰਘਾ, ਕੇਵਲ ਸਿੰਘ, ਦੀਪ ਪੱਡਾ, ਰਸ਼ਪਾਲ ਗਿੱਲ ਅਤੇ ਇੰਦਰਜੀਤ ਬੱਲ ਦੇ ਨਾਂਅ ਖਾਸ ਵਰਨਣਯੋਗ ਹਨ। ਇਸ ਦੌਰਾਨ ਕਿਤਾਬ ਦੇ ਲੇਖਕ ਗੁਰਬਖ਼ਸ਼ ਭੰਡਾਲ ਨੇ ਕਿਤਾਬ 'ਤੇ ਚਰਚਾ ਕਰਨ ਵਾਲੇ ਵਿਦਵਾਨਾਂ ਦਾ ਧੰਨਵਾਦ ਕੀਤਾ। ਅਗਲੇ ਦੌਰ 'ਚ ਹਾਜ਼ਰ ਸ਼ਾਇਰਾਂ ਨੇ ਕਵਿਤਾਵਾਂ ਪੜ੍ਹੀਆਂ। ਸਾਰੇ ਸਮਾਗਮ ਦੀ ਸੰਚਾਲਨਾ ਕੁਲਵਿੰਦਰ ਖਹਿਰਾਂ ਹੁਰਾਂ ਨੇ ਬਾਖ਼ੂਬੀ ਨਿਭਾਈ।

# ਹਿਮਾਚਲ ਪ੍ਰਦੇਸ਼ ਦੇ ਅੰਦਰੇਟਾ ਵਿਖੇ ਮਿੰਨੀ ਕਹਾਣੀ ਗੋਸ਼ਟੀ

**ਅੰਦਰੇਟਾ** : ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਅੰਮ੍ਰਿਤਸਰ ਪੰਜਾਬ ਅਤੇ ਅਦਾਰਾ ਮਿੰਨੀ ਮੈਗਜ਼ੀਨ ਵੱਲੋਂ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿਚ ਸਥਿਤ ਕਾਂਗੜਾ ਜ਼ਿਲ੍ਹੇ ਦੇ ਪਿੰਡ ਅੰਦਰੇਟਾ ਵਿਖੇ ਇਕ ਰੋਜ਼ਾ ਰਾਸ਼ਟਰੀ ਮਿੰਨੀ ਕਹਾਣੀ ਗੋਸ਼ਟੀ ਆਯੋਜਿਤ ਕੀਤੀ ਗਈ, ਜਿਸ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ



ਲੇਖਕਾਂ ਨੇ ਵੀ ਹਿੱਸਾ ਲਿਆ। ਇਸ ਗੋਸ਼ਟੀ ਦੇ ਪ੍ਰਧਾਨਗੀ ਮੰਡਲ ਵਿਚ ਪ੍ਰੋ. ਚੰਦਰ ਕਾਂਤ ਸਿੰਘ, ਕੇਂਦਰੀ ਯੂਨੀਵਰਸਿਟੀ ਧਰਮਸ਼ਾਲਾ (ਹਿਮਾਚਲ ਪ੍ਰਦੇਸ਼), ਅਸ਼ੋਕ ਦਰਦ (ਬਨੀਖੇਤ, ਡਲਹੌਜ਼ੀ), ਡਾ. ਨਾਇਬ ਸਿੰਘ ਮੰਡੇਰ, ਡਾ. ਹਰਪ੍ਰੀਤ ਸਿੰਘ ਰਾਣਾ ਅਤੇ ਜਗਦੀਸ਼ ਰਾਏ ਕੁਲਰੀਆਂ ਨੇ ਗੋਸ਼ਟੀ ਦੇ ਮਕਸਦ ਬਾਰੇ ਜਾਣਕਾਰੀ ਦਿੱਤੀ। ਮੰਚ ਦੇ ਆਗੂ ਬੀਰ ਇੰਦਰ ਬਨਭੌਰੀ ਨੇ ਕਿਹਾ ਕਿ ਸੱਭਿਆਚਾਰ ਅਤੇ ਸਾਹਿਤਕ ਪ੍ਰਫੁੱਲਤਾ ਲਈ ਅਜਿਹੇ ਪ੍ਰੋਗਰਾਮਾਂ ਦੀ ਬਹੁਤ ਲੋੜ ਹੈ। ਇਸ ਤੋਂ ਬਾਅਦ ਪ੍ਰਧਾਨਗੀ ਮੰਡਲ ਵੱਲੋਂ 'ਮਿੰਨੀ ਮੈਗਜ਼ੀਨ ਦਾ ਨਵਾਂ ਅੰਕ', ਡਾ. ਹਰਪ੍ਰੀਤ ਸਿੰਘ ਰਾਣਾ ਦੀ ਆਲੋਚਨਾਤਮਕ ਪੁਸਤਕ 'ਪੰਜਾਬੀ ਮਿੰਨੀ ਕਹਾਣੀ ਦਾ ਇਤਿਹਾਸ', ਡਾ. ਸ਼ਿਆਮ ਸੁੰਦਰ ਦੀਪਤੀ ਦਾ ਮਿੰਨੀ ਕਹਾਣੀ ਸੰਗ੍ਰਹਿ 'ਸੱਤਰਵਾਂ ਬਸੰਤ', ਮੰਗਤ ਕੁਲਜਿੰਦ ਦਾ ਮਿੰਨੀ ਕਹਾਣੀ ਸੰਗ੍ਰਹਿ 'ਐਮਬਾਮਿੰਗ', ਦਰਸ਼ਨ ਸਿੰਘ ਬਰੇਟਾ ਦੇ ਮਿੰਨੀ ਕਹਾਣੀ ਸੰਗ੍ਰਹਿ ਦਾ ਦੂਜਾ ਸੰਸਕਰਣ 'ਰੂਹ ਦੀਆਂ ਤੰਦਾਂ', ਡਾ. ਨਾਇਬ ਸਿੰਘ ਮੰਡੇਰ ਦੇ ਮਿੰਨੀ ਕਹਾਣੀ ਸੰਗ੍ਰਹਿ ਦਾ ਦੂਜਾ ਸੰਸਕਰਣ 'ਦਿਲਾਂ ਦੀ ਸਾਂਝ' ਅਤੇ ਤ੍ਰਿਪਤ ਭੱਟੀ, ਦਵਿੰਦਰ ਪਟਿਆਲਵੀ, ਹਰਦੀਪ ਸੱਭਰਵਾਲ ਵੱਲੋਂ ਸੰਪਾਦਿਤ 'ਛਿਣ' ਮੈਗਜ਼ੀਨ ਦਾ ਨਵਾਂ ਅੰਕ ਰਿਲੀਜ਼ ਕੀਤੇ ਗਏ।ਸਮਾਗਮ ਦੇ ਦੂਜੇ ਸੈਸ਼ਨ ਵਿਚ ਮਿੰਨੀ ਕਹਾਣੀਆਂ ਪੜ੍ਹੀਆਂ ਗਈਆਂ ਤੇ ਪੜ੍ਹੀਆਂ ਮਿੰਨੀ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ। ਡਾ. ਹਰਪ੍ਰੀਤ ਸਿੰਘ ਰਾਣਾ ਨੇ ਮਿੰਨੀ ਕਹਾਣੀ ਦੇ ਇਤਿਹਾਸ ਦੇ ਹਵਾਲੇ ਨਾਲ ਗੱਲ ਕਰਦੇ ਹੋਏ ਕਿਹਾ ਕਿ ਵਰਤਮਾਨ ਸਮੇਂ ਦੀ ਮਿੰਨੀ ਕਹਾਣੀ ਨਵੀਆਂ ਮੰਜ਼ਿਲਾਂ ਸਰ ਕਰ ਰਹੀ ਹੈ ਅਤੇ ਕਈ ਯੂਨੀਵਰਸਿਟੀਆਂ ਦੇ ਪਾਠਕ੍ਰਮ ਦਾ ਹਿੱਸਾ ਬਣ ਚੁੱਕੀ ਹੈ। ਪ੍ਰੋ. ਚੰਦਰ ਕਾਂਤ ਸਿੰਘ ਨੇ ਸਫ਼ਲ ਸਮਾਗਮ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਾਹਿਤ ਦੇ ਖੇਤਰ ਵਿਚ ਲਘੂਕਥਾ ਵਿਧਾ ਵਿਚ ਬਹੁਤ ਸੰਭਾਵਨਾਵਾਂ ਹਨ। ਇਹ ਵਿਧਾ ਘੱਟ ਸ਼ਬਦਾਂ ਵਿਚ ਵੱਡੀ ਗੱਲ ਕਰਦੀ ਹੋਈ ਸੂਖ਼ਮ ਅਹਿਸਾਸਾਂ ਨੂੰ ਪੇਸ਼ ਕਰਦੀ ਹੈ। ਉਨ੍ਹਾ ਕਿਹਾ ਕਿ ਪੜ੍ਹੀਆਂ ਰਚਨਾਵਾਂ ਵਿਸ਼ੇ ਅਤੇ ਰੂਪਕ ਪੱਖੋਂ ਮਜ਼ਬੂਤ ਸਨ।ਸਮਾਗਮ ਦਾ ਤੀਜਾ ਸੈਸ਼ਨ 'ਓਪਨ ਸੈਸ਼ਨ' ਸੀ, ਜਿਸ ਵਿਚ ਦੇਰ ਰਾਤ ਤੱਕ ਮਿੰਨੀ ਕਹਾਣੀ ਲੇਖਕਾਂ ਨੇ ਆਪਣੀ ਸਿਰਜਣ ਪ੍ਰਕ੍ਰਿਆ ਦੇ ਹਵਾਲੇ ਨਾਲ ਆਪਣੀ ਗੱਲ ਰੱਖੀ ਅਤੇ ਸਵਾਲਾਂ ਦੇ ਜਵਾਬ ਦਿੱਤੇ। ਮੰਚ ਵੱਲੋਂ ਪ੍ਰਧਾਨਗੀ ਮੰਡਲ ਦਾ ਸਨਮਾਨ ਕੀਤਾ ਗਿਆ ਅਤੇ ਭਾਗੀਦਾਰਾਂ ਨੂੰ ਪ੍ਰਮਾਣ ਪੱਤਰ ਭੇਟ ਕੀਤੇ ਗਏ।

# ਡਾ. ਜੇ ਬੀ ਸੇਖੋਂ ਤੇ ਅਜਮੇਰ ਸਿੱਧੂ ਗ਼ਦਰੀ ਬਾਬਿਆਂ ਦੇ ਯਾਦਗਾਰੀ ਇਨਾਮ ਨਾਲ ਸਨਮਾਨਤ

**ਜਲੰਧਰ** : ਪੰਜਾਬੀ ਦੇ ਸਿਰਮੌਰ ਗਲਪ ਲੇਖਕ ਅਜਮੇਰ ਸਿੱਧੂ ਨੂੰ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਯਾਦਗਾਰੀ ਪੁਰਸਕਾਰ ਨਾਲ ਅਤੇ ਉੱਘੇ ਸਾਹਿਤ ਚਿੰਤਕ ਡਾ. ਜੇ ਬੀ ਸੇਖੋਂ ਨੂੰ ਗ਼ਦਰੀ ਭਾਈ ਸੰਤੋਖ ਸਿੰਘ ਧਰਦਿਓ ਯਾਦਗਾਰੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਇਪਸਾ ਆਸਟ੍ਰੇਲੀਆ ਅਤੇ ਸਾਹਿਤ ਕਲਾ ਕੇਂਦਰ ਜਲੰਧਰ ਵੱਲੋਂ ਦਿੱਤੇ ਜਾਣ ਵਾਲੇ ਇਹ ਸਲਾਨਾ



ਪੁਰਸਕਾਰ ਹਰ ਸਾਲ ਪੰਜਾਬੀ ਦੇ ਅਗਾਂਹਵਧੂ ਲੇਖਕਾਂ, ਚਿੰਤਕਾਂ ਅਤੇ ਕਲਾਕਾਰਾਂ ਨੂੰ ਦਿੱਤੇ ਜਾਂਦੇ ਹਨ। ਇਸ ਵਾਰੀ ਇਹ ਦਸਵੇਂ ਪੁਰਸਕਾਰ ਅਜਮੇਰ ਸਿੰਘ ਸਿੱਧੂ ਅਤੇ ਡਾ. ਜੇ ਬੀ ਸੇਖੋਂ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਕਰਵਾਈ ਗਏ ਸਾਹਿਤਕ ਸਮਾਗਮ ਵਿੱਚ ਪ੍ਰਦਾਨ ਕੀਤੇ ਗਏ। ਪ੍ਰੋ. ਬਰਕਤਉੱਲਾ ਹਾਲ ਵਿੱਚ ਕਰਵਾਏ ਗਏ ਇਸ ਸਮਾਗਮ ਵਿੱਚ ਡਾ. ਜਸਪਾਲ ਸਿੰਘ, ਸਾਬਕਾ ਪ੍ਰਿੰਸੀਪਲ ਲਾਇਲਪੁਰ ਖਾਲਸਾ ਕਾਲਜ ਜਲੰਧਰ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਦੋਨੋਂ ਸਨਮਾਨਿਤ ਲੇਖਕ ਪੰਜਾਬੀ ਦੇ ਸ਼੍ਰੋਮਣੀ ਸ਼ਾਇਰ ਸੁਰਜੀਤ ਜੱਜ, ਕਹਾਣੀਕਾਰ ਭਗਵੰਤ ਰਸੂਲਪੁਰੀ ਅਤੇ ਸਾਹਿਤ ਕਲਾ ਕੇਂਦਰ ਦੇ ਸਰਪ੍ਰਸਤ ਇੰਜੀ: ਸੀਤਲ ਸਿੰਘ ਸੰਘਾ, ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਇਸ ਮੌਕੇ 'ਤੇ ਅਜਮੇਰ ਸਿੱਧੂ ਦੀ ਕਹਾਣੀ ਕਲਾ ਬਾਰੇ ਦੀਪਕ ਮਹਿਤਾ ਅਤੇ ਡਾ. ਜੇ ਬੀ ਸੇਖੋਂ ਦੇ ਸਾਹਿਤ ਚਿੰਤਨ ਬਾਰੇ ਭਗਵੰਤ ਰਸੂਲਪੁਰੀ ਨੇ ਮੁੱਲਵਾਨ ਗੱਲਬਾਤ ਕੀਤੀ। ਇਸ ਸਨਮਾਨ ਸਮਾਰੋਹ ਵਿੱਚ ਬਾਬਾ ਜਵਾਲਾ ਸਿੰਘ ਠੱਠੀਆਂ ਦੇ ਪਰਿਵਾਰਾਂ ਦੀਆਂ ਧੀਆਂ ਅਤੇ ਭਾਈ ਸੰਤੋਖ ਸਿੰਘ ਧਰਦਿਓ ਦੇ ਪਿੰਡ ਦੇ ਉੱਘੇ ਆਗੂ ਮਨਦੀਪ ਸਿੰਘ ਧਰਦਿਓ ਅਤੇ ਉਨ੍ਹਾਂ ਦੇ ਸਾਥੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਇਪਸਾ ਆਸਟ੍ਰੇਲੀਆ ਦੇ ਸਰਬਜੀਤ ਸੋਹੀ ਤੇ ਸਾਹਿਤ ਕਲਾ ਕੇਂਦਰ ਦੇ ਪ੍ਰਧਾਨ ਡਾ. ਗੋਪਾਲ ਸਿੰਘ ਬੁੱਟਰ ਨੇ ਇਸ ਸਫ਼ਲ ਸਮਾਗਮ ਵਿੱਚ ਦੱਸਦਿਆਂ ਕਿਹਾ ਕਿ ਇਸ ਵਿੱਚ ਪੰਜਾਬੀ ਦੇ ਵੱਡੇ ਲੇਖਕ ਮੱਖਣ ਮਾਨ, ਬਲਦੇਵ ਸਿੰਘ ਬੱਦਨ,ਨਰਿੰਦਰਪਾਲ ਸਿੰਘ ਕੰਗ, ਕਵਿਤਰੀ ਬਲਜੀਤ ਕੌਰ ਬੱਲ ਨੇ ਆਪਣੀਆਂ ਕਾਵਿ-ਰਚਨਾਵਾਂ ਪ੍ਰਸਤੁਤ ਕੀਤੀਆਂ। ਕੈਨੇਡਾ ਤੋਂ ਭੁਪਿੰਦਰ ਸਿੰਘ ਮੱਲੀ ਨੇ ਸਨਮਾਨਤ ਲੇਖਕਾਂ ਨੂੰ ਲਿਖਤੀ ਵਧਾਈ ਅਤੇ ਸ਼ੁੱਭਕਾਮਨਾਵਾਂ ਭੇਜੀਆਂ। ਸਮਾਗਮ ਵਿੱਚ ਡਾ. ਸੁਖਵਿੰਦਰ ਸਿੰਘ ਸੰਘਾ, ਸੁਰਿੰਦਰ ਕੁਮਾਰੀ ਕੋਛੜ, ਕਾ. ਗੁਰਮੀਤ, ਪ੍ਰਿੰਸੀਪਲ ਸੋਮਦੱਤ ਭਗਤ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਤੇ ਦੋਨੋਂ ਲੇਖਕਾਂ ਨੇ ਇਸ ਇਨਾਮ ਨੂੰ ਇੱਕ ਵੱਡੀ ਜ਼ਿੰਮੇਵਾਰੀ ਵਾਲਾ ਕਾਰਜ ਦੱਸਦਿਆਂ ਪੂਰੀ ਵਚਨਬੱਧਤਾ ਨਾਲ ਕੰਮ ਕਰਨ ਦਾ ਵਾਧਾ ਕੀਤਾ। ਸਮਾਗਮ ਦੇ ਆਖਰੀ ਵਿੱਚ ਮੁੱਖ ਮਹਿਮਾਨ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਅਜਮੇਰ ਸਿੱਧੂ ਅਤੇ ਡਾ. ਜੇ.ਬੀ.ਸੇਖੋਂ ਨੂੰ ਵਧਾਈਆਂ ਦਿੰਦਿਆਂ ਉਨ੍ਹਾਂ ਦੇ ਕਾਰਜ ਦੇ ਸ਼ਲਾਘਾ ਕੀਤੀ। ਸਮਾਗਮ ਦੇ ਆਖਰੀ ਤੇ ਕੇਂਦਰ ਦੇ ਪ੍ਰਧਾਨ ਡਾ. ਬੁੱਟਰ ਨੇ ਆਏ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ ਹੈ।

## ਡਾ. ਰਵਿੰਦਰ ਰਵੀ ਯਾਦਗਾਰੀ ਸਮਾਗਮ 17 ਨੂੰ



**ਲੁਧਿਆਣਾ** : ਪ੍ਰਗਤੀਸ਼ੀਲ ਲੇਖਕ ਸੰਗ ਇਕਾਈ ਜਿਲਾ ਲੁਧਿਆਣਾ ਵੱਲੋਂ ਸ਼ਹੀਦ ਡਾ. ਰਵਿੰਦਰ ਰਵੀ ਯਾਦਗਾਰੀ ਸਮਾਗਮ, ਸਰਕਾਰੀ ਕਾਲਜ ਕਰਮਸਰ (ਰਾੜਾ ਸਾਹਿਬ) ਵਿਖੇ ਭਾਸ਼ਾ ਵਿਭਾਗ ਜ਼ਿਲ੍ਹਾ ਲੁਧਿਆਣਾ ਅਤੇ ਸਰਕਾਰੀ ਕਾਲਜ ਕਰਮਸਰ ਦੇ ਪੁਰਾਣੇ ਵਿਦਿਆਰਥੀਆਂ ਦੇ ਸਹਿਯੋਗ ਨਾਲ਼ 17 ਮਈ ਨੂੰ ਸਵੇਰੇ 10 ਵਜੇ ਕਾਲਜ ਦੇ ਗੁਰੂ ਨਾਨਕ ਭਵਨ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਦੇ ਬਾਰੇ ਜਾਣਕਾਰੀ ਦਿੰਦੇ ਹੋਏ ਇਕਾਈ ਦੇ ਪ੍ਰਧਾਨ ਡਾ. ਗੁਲਜਾਰ ਸਿੰਘ ਪੰਧੇਰ, ਜਨਰਲ ਸਕੱਤਰ ਜਸਵੀਰ ਝੱਜ, ਕਮਸਰ ਕਾਲਜ ਦੇ ਪ੍ਰਿੰਸੀਪਲ ਡਾਕਟਰ ਮੁਹੰਮਦ ਇਰਫ਼ਾਨ, ਪ੍ਰੋ. ਇੰਦਰਪਾਲ ਸਿੰਘ ਅਤੇ ਭਾਸ਼ਾ ਵਿਭਾਗ ਜ਼ਿਲ੍ਹਾ ਅਫਸਰ ਡਾ. ਸੰਦੀਪ ਸ਼ਰਮਾ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਡਾਕਟਰ ਸੁਖਦੇਵ ਸਿਰਸਾ ਕਰਨਗੇ।ਇਸ ਸਮੇਂ ਮੁੱਖ ਬੁਲਾਰੇ ਡਾਕਟਰ ਸਰਬਜੀਤ ਸਿੰਘ, 'ਰਵੀ ਚਿੰਤਨ ਅਤੇ ਪ੍ਰਸੰਗਤਾ' ਬਾਰੇ ਪੇਪਰ ਪੜ੍ਹਨਗੇ। ਹਾਜ਼ਰ ਸ਼ਾਇਰਾਂ ਦਾ ਕਵੀ ਦਰਬਾਰ ਕਰਵਾਇਆ ਜਾਵੇਗਾ।




'ਕਾਵਿਲੋਕ ਪੁਰਸਕਾਰ - 2026' ਉੱਘੇ ਕਵੀ ਅਮਰਜੀਤ ਕੌਂਕੇ ਨੂੰ ਮਿਲੇਗਾ। ਡਾ. ਲਖਵਿੰਦਰ ਸਿੰਘ ਜੌਹਲ ਨੇ ਦੱਸਿਆ ਕਿ ਇਸ ਪੁਰਸਕਾਰ ਵਿੱਚ 21000 ਰੁਪਏ ਨਗਦ, ਸਨਮਾਨ ਚਿੰਨ੍ਹ ਅਤੇ ਦੁਸ਼ਾਲਾ ਦਿੱਤਾ ਜਾਵੇਗਾ।

## ਪੰਜਾਬੀ ਸਾਹਿਤ ਸਭਾ ਵੱਲੋਂ ਤਿੰਨ ਕਿਤਾਬਾਂ ਰਿਲੀਜ਼

**ਗੁਰਦਾਸਪੁਰ**-ਪੰਜਾਬੀ ਸਾਹਿਤ ਸਭਾ ਗੁਰਦਾਸਪੁਰ ਵੱਲੋਂ ਤਿੰਨ ਪੁਸਤਕਾਂ, 'ਪੰਜਾਬੀ ਮਾਂ ਬੋਲੀ ਦੇ ਆਲਮ-ਬਰਦਾਰ' ਲੇਖਕ ਤਰਸੇਮ ਸਿੰਘ ਭੰਗੂ, 'ਗ਼ਜ਼ਲ ਜ਼ਿੰਦਗੀ ਦੀ' ਸੁਭਾਸ਼ ਦੀਵਾਨਾ, 'ਜੀਵਨ ਇੱਕ ਕਲਾ' ਰਾਜਨ ਤਰੇੜੀਆ ਦਾ ਲੋਕ ਅਰਪਣ ਕੀਤਾ ਗਿਆ।ਬਲਦੇਵ ਸਿੰਘ ਬੱਦਨ, ਨੂਰ ਸੰਤੋਖਪੁਰੀ, ਸਨੇਹਇੰਦਰ ਮੀਲੂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਫੈਸਰ ਰਾਜ ਕੁਮਾਰ ਨੇ ਤਰਸੇਮ ਸਿੰਘ ਭੰਗੂ ਦੀ ਪੁਸਤਕ, ਸੁਭਾਸ਼ ਦੀਵਾਨਾ ਦੀ ਪੁਸਤਕ ਸੀਤਲ ਸਿੰਘ ਗੁੰਨੋਪੁਰੀ ਨੇ ਅਤੇ ਰਾਜਨ ਤਰੇੜੀਆ ਦੀ ਪੁਸਤਕ 'ਤੇ ਸੁਭਾਸ਼ ਦੀਵਾਨਾ ਵੱਲੋਂ ਪਰਚੇ ਪੜ੍ਹੇ ਗਏ।

# 'ਮੁਹੱਬਤ ਨੇ ਕਿਹਾ' ਪੁਸਤਕ ਉੱਪਰ ਸੰਵਾਦ



**ਰਾਜਸਥਾਨ**-ਸਰਕਾਰੀ ਕਾਲਜ, ਲਾਲਗੜ੍ਹ ਜਾਟਾਨ ਅਤੇ 'ਪੈੜਾਂ' ਪੰਜਾਬੀ ਸਾਹਿਤਕ ਮੈਗਜ਼ੀਨ ਰਾਜਸਥਾਨ ਦੇ ਸਾਂਝੇ ਯਤਨਾਂ ਸਦਕਾ ਸਰਕਾਰੀ ਕਾਲਜ ਲਾਲਗੜ੍ਹ ਜਾਟਾਨ ਵਿਖੇ ਪੁਸਤਕ ਚਰਚਾ ਅਤੇ ਕਵੀ ਦਰਬਾਰ ਸਮਾਗਮ ਦਾ ਸਫ਼ਲ ਆਯੋਜਨ ਕੀਤਾ ਗਿਆ।

ਸਮਾਗਮ ਦੀ ਪ੍ਰਧਾਨਗੀ ਡਾ. ਕੁਲਦੀਪ ਸਿੰਘ ਨੇ ਕੀਤੀ। ਇਸ ਮੌਕੇ ਪ੍ਰਸਿੱਧ ਕਵੀ, ਸਮੀਖਿਅਕ ਅਤੇ ਚਿੰਤਕ ਡਾ. ਦੇਵਿੰਦਰ ਸੈਫ਼ੀ ਦੀ ਪੁਸਤਕ 'ਮੁਹੱਬਤ ਨੇ ਕਿਹਾਜ 'ਤੇ ਗੋਸ਼ਟੀ ਕੀਤੀ ਗਈ। ਇਸ ਮੌਕੇ ਡਾ. ਸੈਫ਼ੀ ਨੇ ਇਸ ਪੁਸਤਕ ਵਿੱਚੋਂ 'ਮੁਹੱਬਤੀ ਸਿਖ਼ਰ, ਮੁਹੱਬਤੀ ਸ਼ੰਕਾਬੰਦੀ, ਮੁਹੱਬਤੀ ਇਤਿਹਾਸਕਾਰੀ, ਮੁਹੱਬਤੀ ਪ੍ਰਗਤੀ, ਜੋ ਮੁਹੱਬਤ ਨਹੀਂ ਕਰਦੇ ਆਦਿ ਕਵਿਤਾਵਾਂ ਦਾ ਪਾਠ ਕਰਕੇ ਭਰਪੂਰ ਦਾਦ ਹਾਸਲ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਸਿਰਜਣਾ ਸੰਬੰਧੀ ਕੁੱਝ ਅਹਿਮ ਨੁਕਤਿਆਂ ਬਾਰੇ ਵੀ ਡੂੰਘੀ ਵਿਚਾਰ-ਚਰਚਾ ਕੀਤੀ।

ਜਸਗੀਰ ਜੀਦਾ, ਸਿਮਰਜੀਤ ਕੌਰ ਤੇ ਪ੍ਰਿੰਸੀਪਲ ਬਲਵਿੰਦਰ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਸਰਦੂਲ ਸਿੰਘ, ਰਾਜਿੰਦਰ ਸਿੰਘ ਸਹੂ ਅਤੇ ਸੁਖਦੇਵ ਸਿੰਘ ਬਰਾੜ ਨੇ 'ਮੁਹੱਬਤ ਨੇ ਕਿਹਾ' ਪੁਸਤਕ ਦੀ ਸਮੀਖਿਆ ਕਰਦਿਆਂ ਖੋਜ ਪੱਤਰ ਪੜ੍ਹੇ ਅਤੇ ਆਪਣੀਆਂ ਮੌਲਿਕ ਰਚਨਾਵਾਂ ਸਾਂਝੀਆਂ ਕੀਤੀਆਂ। ਅੰਤ ਵਿੱਚ ਡਾ. ਕੁਲਦੀਪ ਸਿੰਘ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

## 'ਊੜਾ' ਦਾ ਪਹਿਲਾ ਅੰਕ ਲੋਕ ਅਰਪਣ



**ਮੋਗਾ**-ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਸਥਾਨਕ ਸੁਤੰਤਰਤਾ ਸੰਗਰਾਮੀ ਭਵਨ ਵਿੱਚ ਕਰਾਏ ਸਾਹਿਤਕ ਸਮਾਗਮ ਸਮੇਂ ਨਵੇਂ ਮੈਗਜ਼ੀਨ 'ਊੜਾ' ਦਾ ਪਲੇਠਾ ਅੰਕ ਲੋਕ ਅਰਪਣ ਕੀਤਾ ਗਿਆ। ਲੋਕ ਅਰਪਣ ਕਰਨ ਦੀ ਰਸਮ ਕੇ ਐੱਲ ਗਰਗ, ਹਰਮੀਤ ਵਿਦਿਆਰਥੀ, ਜਤਿੰਦਰ ਸਿੰਘ ਹਾਂਸ, ਜਸਵੀਰ ਸਿੰਘ ਰਾਣਾ, ਗੁਰਮੀਤ ਕੜਿਆਲਵੀ, ਡਾ. ਸੁਰਜੀਤ ਬਰਾੜ, ਮਨਜੀਤ ਪੁਰੀ, ਗੁਰਪ੍ਰੀਤ ਮਾਨਸਾ, ਨਵਨੀਤ ਸਿੰਘ ਸੇਖਾ, ਧਾਮੀ ਗਿੱਲ, ਅਵਤਾਰ ਮੰਗਾ ਅਤੇ ਹਾਜ਼ਰ ਸਾਹਿਤਕਾਰਾਂ ਵੱਲੋਂ ਕੀਤੀ ਗਈ।

# ਸਾਹਿਤ ਚਿੰਤਨ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ

**ਚੰਡੀਗੜ੍ਹ** : ਸਾਹਿਤ ਚਿੰਤਨ ਚੰਡੀਗੜ੍ਹ ਵੱਲੋਂ ਹਰਿਆਣਾ ਦੀਆਂ 41 ਮਹਿਲਾ ਸਫਾਈ ਕਰਮੀਆਂ ਦੀ ਆਪ ਬੀਤੀ ਪੁਸਤਕ 'ਜ਼ਹਿਰ ਜੋ ਹਮ ਨੇ ਪੀਆ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਜਗਦੀਸ਼ ਚੰਦਰ ਨੇ ਕਿਹਾ ਕਿ ਸਾਡੇ ਮੁਲਕ ਵਿੱਚ ਲੜਕੀਆਂ ਦੇ ਪੈਦਾ ਹੋਣ 'ਤੇ ਖੁਸ਼ੀ ਨਹੀਂ ਮਨਾਈ




ਜਾਂਦੀ। ਉਨ੍ਹਾਂ ਵਿੱਚ ਕੁਪੋਸ਼ਣ, ਅਨਪੜ੍ਹਤਾ ਤੇ ਘਰੇਲੂ ਕਲੇਸ਼ ਹਨ। ਗੁਰਬਤ ਕਾਰਨ ਮਜਬੂਰੀਵੱਸ ਉਨ੍ਹਾਂ ਨੂੰ ਮੈਲਾ ਢੋਣ ਤੇ ਗਲੀਆਂ, ਨਾਲੀਆਂ/ਸੀਵਰ ਦੀ ਸਫ਼ਾਈ ਵਰਗੇ ਕੰਮ ਕਰਨੇ ਪੈਂਦੇ ਹਨ। ਲੋੜਾਂ-ਥੁੜਾਂ ਕਰਕੇ ਸਰੀਰਕ ਸ਼ੋਸ਼ਣ ਵੀ ਹੁੰਦਾ ਹੈ। ਠੇਕਾ ਪ੍ਰਣਾਲੀ ਅਧੀਨ ਘੱਟ ਵੇਤਨ ਮਿਲਦਾ ਹੈ। ਪੱਛੜੀਆਂ ਜਾਤੀਆਂ ਨਾਲ ਹੋਰ ਵੀ ਨਫਰਤ ਤੇ ਦੁਰਵਿਹਾਰ ਕੀਤਾ ਜਾਂਦਾ ਹੈ। ਇਹ ਸਮਾਜ ਦੀਆਂ ਚੂਲਾਂ ਹਿਲਾ ਦੇਣ ਵਾਲਾ ਦਸਤਾਵੇਜ਼ ਹੈ। ਅਜ਼ਾਦੀ ਪਿੱਛੋਂ ਦੂਜੀ ਜੰਗ ਜਾਤੀ ਭੇਦ-ਭਾਵ ਖਿਲਾਫ ਲੜਨੀ ਪਵੇਗੀ।ਮੁੱਖ ਮਹਿਮਾਨ ਕਰਮਵੀਰ ਸਿੰਘ ਬੋਧ ਨੇ ਕਿਹਾ ਕਿ ਉਨ੍ਹਾਂ ਨੂੰ ਵੀ ਸਕੂਲ ਵਿੱਚ ਸਾਂਝੇ ਘੜੇ ਵਿੱਚੋਂ ਪਾਣੀ ਪੀਣ ਦੀ ਮਨਾਹੀ ਸੀ। ਦਲਿਤਾਂ ਦੀ ਜ਼ਿੰਦਗੀ ਸਨਮਾਨਯੋਗ ਨਹੀਂ ਹੈ।ਡਾ. ਰਾਜੇਸ਼ ਜੈਸਵਾਲ ਨੇ ਕਿਹਾ ਕਿ ਸਾਡਾ ਸਮਾਜ ਜਾਤ, ਜਮਾਤ ਤੇ ਜੈਂਡਰ ਦੇ ਦਬਾਅ ਅਧੀਨ ਕੰਮ ਕਰਦਾ ਹੈ। ਪੁਸਤਕ ਸਾਡੀ ਸਮਝ ਦਾ ਵਿਸਥਾਰ ਕਰਦੀ ਹੈ।ਜਸਵੰਤ ਸਿੰਘ ਨੇ ਕਿਹਾ ਕਿ ਸਾਡੇ ਮੁਲਕ ਵਿੱਚ ਕੂੜਾ ਖਿਲਾਰਨ ਵਾਲੇ ਸਨਮਾਨਤ ਅਤੇ ਕੂੜਾ ਸਾਫ ਕਰਨ ਵਾਲੇ ਅਪਮਾਨਿਤ ਹੁੰਦੇ ਹਨ। ਕਿੰਨੇ ਮਜ਼ਦੂਰ ਲੇਬਰ ਚੌਂਕ ਤੋਂ ਬਿਨਾਂ ਕੰਮ ਮਿਲੇ ਘਰੀਂ ਮੁੜਦੇ ਹਨ। ਉਨ੍ਹਾਂ ਦੇ ਸੁਪਨਿਆਂ ਦਾ ਮਰ ਜਾਣਾ ਸਭ ਤੋਂ ਖ਼ਤਰਨਾਕ ਹੁੰਦਾ ਹੈ।ਡਾ. ਕਾਂਤਾ ਇਕਬਾਲ ਨੇ ਕਿਹਾ ਕਿ ਪੁਸਤਕ ਵਰਨ ਵਿਵਸਥਾ ਧਰਮ ਤੇ ਸਮਾਜ ਦਾ ਕਰੂਪ ਚਿਹਰਾ ਹੈ। ਪਿੱਤਰ ਸੱਤਾ ਦੀਆਂ ਇੱਟਾਂ ਨੂੰ ਵੀ ਤੋੜਨਾ ਲਾਜ਼ਮੀ ਹੈ। ਜ਼ਿੰਦਾ ਰਹਿਣ ਲਈ ਜਥੇਬੰਦ ਹੋਣਾ ਬਹੁਤ ਜ਼ਰੂਰੀ ਹੈ।ਅਭੈ ਸਿੰਘ ਨੇ ਕਿਹਾ ਕਿ ਸਿਰਾਂ ਉੱਤੇ ਮੈਲਾ ਢੋਣ ਦੀ ਪ੍ਰਥਾ ਅਣਮਨੁੱਖੀ ਹੈ। ਮਹਾਤਮਾ ਗਾਂਧੀ ਆਪਣੇ ਪਖ਼ਾਨੇ ਆਪ ਸਾਫ ਕਰਦੇ ਸਨ। ਪਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਸਾਡੇ ਹਾਕਮ ਮਨੂੰਵਾਦੀ ਸੋਚ ਦੇ ਧਾਰਨੀ ਹਨ। ਹੇਠਲਾ ਤਬਕਾ ਬਹੁ ਗਿਣਤੀ ਵਿੱਚ ਹੈ, ਪਰ ਉਪਰਲੇ ਵਰਗ ਦਾ ਤਕੜੇ ਹੋਈ ਜਾਣਾ ਫਿਕਰ ਵਾਲੀ ਗੱਲ ਹੈ। ਵਿਸ਼ੇਸ਼ ਮਹਿਮਾਨ ਡਾ. ਮਨੋਜ ਛਾਬੜਾ ਨੇ ਕਿਹਾ ਕਿ ਅਸੀਂ ਚੰਦਰਮਾ ਤੇ ਮੰਗਲ ਉੱਤੇ ਪਹੁੰਚ ਚੁੱਕੇ ਹਾਂ, ਪਰ ਧਰਤੀ ਉੱਤੇ ਵਸਦੇ ਮਜ਼ਦੂਰਾਂ ਵੱਲ ਨਹੀਂ ਦੇਖਦੇ। ਕਮਿਸ਼ਨਰ ਅਸ਼ੋਕ ਕੁਮਾਰ ਗਰਗ (ਆਈ.ਏ.ਐੱਸ.) ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਸਾਨੂੰ ਧਾਰਮਿਕ ਗ੍ਰੰਥਾਂ ਨਾਲੋਂ ਲੋਕ ਸੰਘਰਸ਼ਾਂ ਉੱਤੇ ਟੇਕ ਰੱਖਣੀ ਚਾਹੀਦੀ ਹੈ। ਵਿੱਦਿਆ ਇੱਕ ਕਾਰਗਰ ਹਥਿਆਰ ਹੈ।ਡਾ. ਅਰੀਤ ਕੌਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਠੇਕੇਦਾਰ ਕਿਰਤੀਆਂ ਦਾ ਸ਼ੋਸ਼ਣ ਕਰਨ ਵਾਲੇ ਦਲਾਲ ਹਨ। ਸਰਕਾਰਾਂ ਦਾ ਕਿਰਦਾਰ ਲੋਕ ਦੁਸ਼ਮਣ ਵਾਲਾ ਹੈ। ਦਲਿਤਾਂ ਤੇ ਮਹਿਲਾਵਾਂ ਨੂੰ ਕੁੱਟਣ ਵਾਲੀ ਸਿਆਸਤ ਨੂੰ ਠੁੱਡੇ ਮਾਰਨੇ ਪੈਣਗੇ। ਚਿੱਤਰਕਾਰ ਅਭੈ ਮੁਨਸ਼ੀ ਨੇ ਪੁਸਤਕ ਵਿੱਚ ਖ਼ੂਬਸੂਰਤ ਰੇਖਾ ਚਿੱਤਰ ਬਣਾਏ ਹਨ।ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ। ਇਹ ਮੀਟਿੰਗ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਨੂੰ ਸਮਰਪਿਤ ਸੀ।

# ਪਾਠਕਾਂ ਦੇ ਝਰੋਖੇ 'ਚੋਂ

## ਗਿਆਨੀ ਕਾਹਲਾ ਸਿੰਘ

3 ਮਈ ਦੇ 'ਐਤਵਾਰਤਾ' ਵਿੱਚ ਮੁੱਖ ਪੰਨੇ 'ਤੇ ਸੁਤੰਤਰਤਾ ਸੰਗਰਾਮੀ ਗਿਆਨੀ ਕਾਹਲਾ ਸਿੰਘ ਦੀ ਸਾਧਾਰਨ ਜ਼ਿੰਦਗੀ ਬਾਰੇ ਡਾ. ਹਰਪ੍ਰੀਤ ਸਿੰਘ ਨੇ ਬਹੁਤ ਸੋਹਣੀ ਰੌਸ਼ਨੀ ਪਾਈ ਹੈ । ਗਿਆਨੀ ਜੀ ਨੂੰ ਆਜ਼ਾਦੀ ਘੁਲਾਟੀਆ ਪੈਨਸ਼ਨ ਮਿਲਦੀ ਰਹੀ, ਪਰ ਸ਼੍ਰੋਮਣੀ ਕਮੇਟੀ ਦੀ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ।ਇਕ ਘਟਨਾ ਹੋਰ ਪੜ੍ਹੀ ਕਿ ਕਿਸੇ ਨੇ ਗਿਆਨੀ ਜੀ ਦਾ ਪੁੱਤਰ ਹੋਣ ਦੇ ਲਿਖੇ ਜਾਅਲੀ ਕਾਗਜ਼ ਤਿਆਰ ਕੀਤੇ ਤੇ ਸਰਕਾਰ ਤੋਂ ਵਿੱਤੀ ਲਾਭ ਲੈਂਦਾ ਰਿਹਾ। ਜਦੋਂ ਪੁਲਸ ਵੇਖਣ ਆਈ ਤਾਂ ਗਿਆਨੀ ਜੀ ਦੁਨੀਆ ਤੋਂ ਰੁਖਸਤ ਹੋ ਚੁੱਕੇ ਸਨ ।ਸ਼ਹੀਦ ਰੋਡਾ ਸਿੰਘ ਦੀ ਵੀ ਬਹੁਤ ਕੁਰਬਾਨੀ ਹੈ । ਰੋਡੇ ਪਿੰਡ ਤਾਂ ਵੈਸੇ ਵੀ ਸੰਘਰਸ਼ਸ਼ੀਲ ਲੋਕਾਂ ਦਾ ਹੈ ।ਭੁਪਿੰਦਰ ਸਿੰਘ ਮਾਨ ਨੇ ਆਪਣੇ ਪੰਜ ਸਾਥੀਆਂ ਸਮੇਤ ਕੀਤੀ ਖਜੁਰਾਹੋ ਦੀ ਯਾਤਰਾ ਦਾ ਬਿਰਤਾਂਤ ਪੇਸ਼ ਕੀਤਾ ਹੈ। ਯਾਤਰਾ ਦੇ ਕਈ ਨਿੱਕੇ-ਨਿੱਕੇ ਪਲਾਂ ਨੂੰ ਲਿਖਿਆ ਹੈ। ਜਿਵੇਂ ਪੰਜੇ ਸਾਥੀ ਵੱਖ-ਵੱਖ ਥਾਂਵਾਂ ਤੋਂ ਰੇਲ 'ਤੇ ਚੜ੍ਹੇ ।ਖਜੁਰਾਹੋ ਦੀਆਂ ਮੂਰਤਾਂ ਵੇਖੀਆਂ, ਵੱਖ-ਵੱਖ ਮੰਦਰਾਂ ਦੇ ਦਰਸ਼ਨ ਕੀਤੇ। ਹੋਰ ਵੀ ਕਈ ਕੁਝ ਹੈ, ਵਿਚ ਓਸ਼ੋ ਦੀ ਖਿਤਾਬ ਸੰਭੋਗ ਤੋਂ ਸਮਾਧੀ ਤੱਕ ਦਾ ਜ਼ਿਕਰ ਹੈ । ਇਹ ਮੂਰਤਾਂ ਅਸਲ ਵਿਚ ਸਾਡੀ ਪੁਰਾਣੀ ਸੰਸਕ੍ਰਿਤੀ ਹੈ। ਨੰਗੀਆਂ ਤਸਵੀਰਾਂ ਵੇਖ ਕੇ ਬੰਦਾ ਕਈ ਕੁਝ ਸੋਚ ਜਾਂਦਾ ਹੈ। ਕਾਮੀ ਮੂਰਤਾ ਦਾ ਇਤਿਹਾਸ ਹੈ, ਪਰ ਇਕ ਗੱਲ ਖਟਕੀ ਕਿ ਇਸ ਯਾਤਰਾ ਦਾ ਪ੍ਰਿੰਟ ਬਹੁਤ ਬਾਰੀਕ ਹੈ। ਨਾਲ ਦੀਆਂ ਹੋਰ ਰਚਨਾਵਾਂ ਸੌਖੀਆਂ ਪੜ੍ਹੀਆਂ ਜਾ ਸਕਦੀਆਂ ਹਨ ।ਇਹ ਬਿਰਤਾਂਤ ਪੜ੍ਹਨ ਵਿਚ ਸਮਾਂ ਵੀ ਲੱਗਦਾ ਹੈ ਤੇ ਅੱਖਾਂ ਦੀ ਵੀ ਕਸਰਤ ਹੁੰਦੀ ਹੈ ।ਇਕ ਕਿਸ਼ਤ ਵਾਧੂ ਕਰ ਦਿਆ ਕਰੋ, ਪਰ ਅਖਬਾਰ ਦਾ ਪ੍ਰਿੰਟ ਬਾਰੀਕ ਨਾ ਕਰਿਆ ਕਰੋ। ਡਾ. ਗੁਰਬਖਸ਼ ਸਿੰਘ ਭੰਡਾਲ ਨੇ ਮਨ ਦੀ ਸੂਖਮਤਾ ਦਾ ਜ਼ਿਕਰ ਲੇਖ ਵਿਚ ਕੀਤਾ ਹੈ, ਤਾਂ ਹੀ ਕਿਹਾ ਗਿਆ ਹੈ ਕਿ ਦਿਲ ਦਰਿਆ ਸਮੁੰਦਰੋਂ ਡੂੰਘੇ ।ਕੌਣ ਦਿਲਾਂ ਦੀਆਂ ਜਾਣੇ ।ਮਨ ਦੇ ਫੁਰਨੇ ਸਕਿੰਟ ਵਿਚ ਦੂਰ-ਦੁਰਾਡੇ ਦਾ ਚੱਕਰ ਲਾ ਆਉਂਦੇ ਹਨ ।ਮਨੋ ਵਿਗਿਆਨਕ ਲੇਖ ਨੀਝ ਨਾਲ ਪੜ੍ਹਿਆ । ਅਵਤਾਰ ਜੀਤ ਦੀਆਂ ਕਵਿਤਾਵਾਂ ਬੌਧਿਕ ਪੱਧਰ ਦੀਆਂ ਹਨ। ਸੁਰਜੀਤ ਸੁਮਨ ਨੇ ਕਾਲਮ ਵਿਚ ਹੋਰ ਗੱਲਾਂ ਦੇ ਨਾਲ ਸਿਆਸੀ ਲੋਕਾਂ ਦੀ ਬੇਕਦਰੀ ਦਾ ਸੂਖਮ ਜ਼ਿਕਰ ਕੀਤਾ ਹੈ । 'ਦ੍ਰਿਸ਼ਟੀਕੋਣ' ਨੇ ਦੇਸ਼ ਵਿਚ ਵਧ ਰਹੇ ਫਿਰਕੂ ਮਾਹੌਲ ਦੀ ਗੱਲ ਕੀਤੀ ਹੈ। ਫਿਰਕੂ ਲੋਕਾਂ ਦੀ ਜਿੱਤ ਦੇ ਕਈ ਮਾਅਨੇ ਹਨ। ਇਹ ਕੋਈ ਲਹਿਰ ਨਹੀਂ ਹੈ। ਕੇਵਲ ਵਕਤੀ ਲਾਲਚ ਤੇ ਵੋਟਰ ਸੂਚੀਆਂ ਦੀ ਕੋਈ ਗੜਬੜ ਹੈ, ਜਿਸ ਨਾਲ ਕਈ ਸੂਬਿਆਂ ਵਿਚ ਅਣਕਿਆਸੇ ਨਤੀਜੇ ਆਏ ਹਨ । ਹੈਰਾਨੀ ਹੈ ਕਿ ਪੰਜਾਬ ਵਿਚ ਵੀ ਕਈ ਸਿਆਸਤਦਾਨਾਂ ਨੇ ਫਿਰਕੂ ਪਾਰਟੀ ਦਾ ਪੱਲਾ ਪਕੜ ਲਿਆ ਹੈ । ਉਹ ਪਾਰਟੀ ਜਿਸ ਨੇ ਕਦੇ ਵੀ ਪੰਜਾਬ ਦਾ ਭਲਾ ਨਹੀਂ ਕੀਤਾ ।ਪੰਜਾਬ ਦੇ ਬਣਦੇ ਹੱਕ ਖੋਹੇ ਤੇ ਇਹ ਸਿਲਸਿਲਾ ਜਾਰੀ ਹੈ। ਕਿਤਾਬਾਂ ਉੱਚਾ ਬੁਰਜ ਲਾਹੌਰ ਦਾ, ਪੱਥਰ 'ਚ ਵਗਦੀ ਨਦੀ, ਮਨ ਵਣਜਾਰਾ ਬਾਰੇ ਸਮੀਖਿਆ ਲੇਖ ਪੜ੍ਹ ਕੇ ਕਿਤਾਬਾਂ ਦੀ ਜਾਣਕਾਰੀ ਮਿਲੀ। ਰਮਨ ਜੈਪੁਰ ਦਾ ਲੇਖ 'ਰਾਤ ਦੀ ਖਮੋਸ਼ੀ' ਸਾਨੂੰ ਕੁਦਰਤ ਨਾਲ ਜੋੜਦਾ ਹੈ। ਦਰਸ਼ਨ ਸਿੰਘ ਆਸ਼ਟ ਦੀਆਂ ਦੋ ਨਵੀਆਂ ਕਿਤਾਬਾਂ ਰਿਲੀਜ਼ ਹੋਣ ਦੀ ਆਸ਼ਟ ਜੀ ਨੂੰ ਮੁਬਾਰਕ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**'ਬੰਗਾਲ-26 ਰਾਹੀਂ ਪੰਜਾਬ-27 ਨੂੰ ਤੱਕਦਿਆਂ' : ਡਾ. ਜਸਬੀਰ ਸਿੰਘ ਔਲਖ**

**ਯਾਤਰਾ ਬਿਰਤਾਂਤ-3 : ਭੁਪਿੰਦਰ ਸਿੰਘ ਮਾਨ**

**'ਰੱਬ ਰੋਟੀ ਭਾਸ਼ਾ ਤੇ ਰਾਗ' : ਸੁਰਜੀਤ ਪਾਤਰ (ਫੋਕਸ) ਡਾ. ਰਾਮਪਾਲ ਸ਼ਾਹਪੁਰੀ**

**ਮਹਿੰਦਰ ਸਿੰਘ ਮਾਨ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**

# ਸਮਕਾਲ

---- ਭਗਵੰਤ ਰਸੂਲਪੁਰੀ----

## ਆਲੋਚਨਾ : ਇਕ ਪੁਸਤਕ ਇਕ ਸੰਵਾਦ ਵਿਸ਼ੇਸ਼ ਅੰਕ




ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ 'ਆਲੋਚਨਾ' ਦਾ ਅਪ੍ਰੈਲ-ਜੂਨ, 2026 ਅੰਕ 'ਇਕ ਪੁਸਤਕ ਇਕ ਸੰਵਾਦ ਵਿਸ਼ੇਸ਼ ਅੰਕ' ਛਪ ਕੇ ਆਇਆ ਹੈ। ਇਸ ਅੰਕ ਦੇ ਸਫ਼ੇ : 156, ਮੁੱਲ : 200 ਰੁਪਏ ਹੈ। ਇਹ ਨਵੀਂ ਟੀਮ ਦਾ ਪਲੇਠਾ ਅੰਕ ਹੈ। ਜਰਨਲ ਦੇ ਸਰਪ੍ਰਸਤ ਡਾ. ਸਰਬਜੀਤ ਸਿੰਘ ਨੇ ਆਪਣੇ 'ਮੁੱਢਲੇ ਸ਼ਬਦ' ਵਿੱਚ ਇਹ ਮੁੱਦਾ ਉਭਾਰਿਆ ਹੈ ਕਿ ਖਰਾ ਸਾਹਿਬ ਬਹੁਤ ਘੱਟ ਬਚਦਾ ਹੈ। ਅਤੇ ਜਿਹੜਾ ਸਾਹਿਤ ਵਿਚਾਰਧਾਰਾ ਪ੍ਰਵਾਹ 'ਚੋਂ ਨਹੀਂ ਲੰਘਦਾ, ਉਹ ਪ੍ਰਤਿਕਰਮ, ਉਪਭਾਵਕ ਅਤੇ ਤਬਸਰਾ ਬਣ ਜਾਂਦਾ ਹੈ। ਮੁੱਖ ਸੰਪਾਦਕੀ ਵਿੱਚ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪੁਸਤਕ ਸੱਭਿਆਚਾਰ ਦਾ ਮੁੱਦਾ ਉਭਾਰਿਆ ਹੈ। ਪਰਚੇ ਦੇ ਸੰਪਾਦਕ ਡਾ. ਹਰਵਿੰਦਰ ਸਿੰਘ ਸਿਰਸਾ ਹਨ।

ਹੱਥਲੇ ਅੰਕ ਵਿੱਚ 'ਇਕ ਪੁਸਤਕ ਇਕ ਸੰਵਾਦ' ਤਹਿਤ ਜੋ ਅਕਾਡਮੀ ਨੇ ਕਿਤਾਬਾਂ ਉੱਤੇ ਗੋਸ਼ਟੀਆਂ ਕਰਵਾਈਆਂ ਸਨ। ਗੋਸ਼ਟੀਆਂ ਵਿੱਚ ਪੜ੍ਹੇ ਖੋਜ ਪੇਪਰਾਂ ਨੂੰ ਹੱਥਲੇ ਅੰਕ ਵਿੱਚ ਪ੍ਰਕਾਸ਼ਤ ਕੀਤਾ ਹੈ। ਸਵਰਨਜੀਤ ਸਵੀ ਦੀ ਕਿਤਾਬ 'ਮਨ ਦੀ ਚਿੱਪ' ਉੱਤੇ ਡਾ. ਅਮਰਜੀਤ ਸਿੰਘ ਤੇ ਡਾ. ਅਕਾਲ ਅੰਮ੍ਰਿਤ ਕੌਰ ਦੇ ਪੇਪਰ, ਮਨਦੀਪ ਔਲਖ ਦੀ ਕਿਤਾਬ 'ਗਰਲਜ਼ ਹੋਸਟਲ' ਉੱਤੇ ਗੁਰਦੀਪ ਸਿੰਘ ਤੇ ਅਰਵਿੰਦਰ ਕੌਰ ਕਾਕੜਾ ਦੇ ਪੇਪਰ, ਕੁਲਵਿੰਦਰ ਦੇ ਗ਼ਜ਼ਲ ਸੰਗ੍ਰਹਿ 'ਸਾਮ ਦੀ ਸ਼ਾਖ਼ 'ਤੇ' ਉੱਤੇ ਡਾ. ਹਰਪ੍ਰੀਤ ਸਿੰਘ ਤੇ ਸ਼ਮਸ਼ੇਰ ਮੋਹੀ ਦੇ ਪੇਪਰ, ਸੰਦੀਪ ਜਸਵਾਲ ਦੀ ਕਿਤਾਬ 'ਸਮੁੰਦਰ ਨੂੰ ਪੁੱਛੇ ਨਹੀਂ' ਉੱਤੇ ਡਾ. ਜਤਿੰਦਰ ਸਿੰਘ ਤੇ ਰਮਨਪ੍ਰੀਤ ਕੌਰ ਦੇ ਖੋਜ ਪੇਪਰ, ਨਵਤੇਜ ਗੜ੍ਹਦੀਵਾਲ ਦੀ ਕਿਤਾਬ 'ਅੰਮ੍ਰਿਤ ਕਾਲ ਤੱਕ' ਉੱਤੇ ਡਾ. ਗੁਰਪ੍ਰੀਤ ਸਿੰਘ ਤੇ ਡਾ. ਮੋਹਨ ਸਿੰਘ ਤਿਆਗੀ ਦੇ ਖੋਜ ਪੇਪਰ, ਨਛੱਤਰ ਦੇ ਨਾਵਲ 'ਮੁਹਾਜ਼' ਉੱਤੇ ਡਾ. ਜੇ. ਬੀ. ਸੇਖੋਂ ਤੇ ਡਾ. ਹਰਪ੍ਰੀਤ ਕੌਰ ਦੇ ਪੇਪਰ, ਮਨਦੀਪ ਕੌਰ ਰਾਏ ਦੀ ਪੁਸਤਕ 'ਇਹ ਰਾਹ ਜਾਂਦੇ ਕਿਹੜੇ ਪਾਸੇ' ਉੱਤੇ ਜਸਵੀਰ ਸਿੰਘ ਰਾਣਾ ਤੇ ਡਾ. ਹਰਪ੍ਰੀਤ ਸਿੰਘ ਦੇ ਪੇਪਰ, ਜਸਵੰਤ ਸਿੰਘ ਜ਼ਫ਼ਰ ਦੀ ਕਿਤਾਬ 'ਪਿਆਰੇ ਆਓ ਘਰੇ' ਉੱਤੇ ਡਾ. ਦਵਿੰਦਰ ਸਿੰਘ ਬੋਹਾ ਤੇ ਮਨਪ੍ਰੀਤ ਜਸ ਦੇ ਪੇਪਰ, ਡਾ. ਸਾਹਿਬ ਸਿੰਘ ਦੀਆਂ ਦੋ ਪੁਸਤਕਾਂ 'ਰਾਸ ਰੰਗ' ਤੇ 'ਰੰਗਮੰਚ ਵੱਲ ਖੁੱਲ੍ਹਦੀ ਖਿੜਕੀ' ਉੱਤੇ ਡਾ. ਕੁਲਦੀਪ ਸਿੰਘ ਦੀਪ ਤੇ ਡਾ. ਦੇਵਿੰਦਰ ਕੁਮਾਰ ਦੀ ਪੇਪਰ ਅਤੇ ਅੰਤ ਵਿੱਚ ਸੋਮਾ ਸਬਲੋਕ ਦੀ ਕਿਤਾਬ 'ਸਕੂਨ ਭਾਲ਼ਦਾ ਮਨੁੱਖ' ਉੱਤੇ ਨਿਰੰਜਣ ਬੋਹਾ ਤੇ ਡਾ. ਸਰਬਜੋਤ ਸਿੰਘ ਦੇ ਪੇਪਰ ਛਪੇ ਹਨ। ਅਕਾਡਮੀ ਨੇ ਕੁਝ ਚੋਣਵੀਆਂ ਕਿਤਾਬਾਂ ਉੱਤੇ ਪੇਪਰ ਲਿਖਵਾ ਕੇ ਉਨ੍ਹਾਂ ਨੂੰ ਇਕ ਥਾਂ ਪ੍ਰਕਾਸ਼ਤ ਕਰਨ ਦਾ ਉਪਰਾਲਾ ਕੀਤਾ ਹੈ। ਨਵੀਂ ਪੰਜਾਬੀ ਆਲੋਚਨਾ ਦੇ ਨਕਸ਼ ਵੀ ਅੰਕ ਵਿੱਚ ਪਛਾਣੇ ਜਾ ਸਕਦੇ ਹਨ।


'ਆਲੋਚਨਾ' (ਮੁਬਾਇਲ : 94645-68905) ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

## ਪ੍ਰਤਿਮਾਨ : ਅਪ੍ਰੈਲ-ਜੂਨ, 2026




ਪ੍ਰਤਿਮਾਨ ਦਾ ਨਵਾਂ ਅੰਕ ਛਪ ਗਿਆ ਹੈ। 'ਪ੍ਰਤਿਮਾਨ' ਦਾ ਸੰਪਾਦਕ ਅਮਰਜੀਤ ਕੌਂਕੇ ਬੜੇ ਸਿਰੜ ਨਾਲ ਕਈ ਸਾਲਾਂ ਤੋਂ ਰਸਾਲਾ ਪ੍ਰਕਾਸ਼ਤ ਕਰਦਾ ਆ ਰਿਹਾ ਹੈ। ਹੱਥਲੇ ਅੰਕ ਦੇ ਸਫ਼ੇ 48 ਅਤੇ ਮੁੱਲ 75 ਰੁਪਏ ਹੈ। 'ਜੰਗ ਦੇ ਡਰਾਉਣੇ ਬੱਦਲ' ਉੱਤੇ ਸੰਪਾਦਕ ਅਮਰਜੀਤ ਕੌਂਕੇ ਨੇ ਸੰਪਾਦਕੀ ਲਿਖ ਕੇ ਜੰਗ ਪ੍ਰਤੀ ਚਿੰਤਾ ਪ੍ਰਗਟ ਕੀਤੀ ਹੈ। ਅੰਕ ਵਿੱਚ ਗੁਰਦੇਵ ਚੌਹਾਨ ਦਾ ਵਿਸ਼ੇਸ਼ ਲੇਖ 'ਕਵਿਤਾ, ਭਾਸ਼ਾ ਤੇ ਚੁੱਪ' ਕਈ ਮੁੱਦੇ ਉਭਾਰਨ ਵਾਲਾ ਹੈ। ਹੱਥਲੇ ਅੰਕ ਵਿੱਚ ਮਿਆਰੀ ਕਵਿਤਾ-ਕਹਾਣੀ ਪੜ੍ਹਨ ਨੂੰ ਮਿਲ ਜਾਂਦੀ ਹੈ। ਭੁਪਿੰਦਰ ਸਿੰਘ ਸੱਗੂ, ਜਗਤਾਰ ਢਾਅ ਤੇ ਜਸਬੀਰ ਮਾਹਲ ਆਦਿ ਸ਼ਾਇਰਾ ਦੀ ਕਵਿਤਾ ਹੈ। ਮਨਮੋਹਨ ਨੇ 'ਮਾਂ ਦੀ ਆਖ਼ਰੀ ਨਿਸ਼ਾਨੀ' ਕਵਿਤਾ ਲਿਖ ਕੇ ਮਾਂ ਨੂੰ ਚੇਤੇ ਕੀਤਾ ਹੈ। ਗ਼ਜ਼ਲਗੋ ਅਜੈ ਤਨਵੀਰ ਦੀਆਂ 'ਅੰਨ ਦਾਤਾ' ਤੇ 'ਤਰੱਕੀ' ਕਵਿਤਾਵਾਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਅੰਕ ਵਿੱਚ ਕੁਲਵੰਤ ਸਿੰਘ ਵਿਰਕ ਦੀ ਪ੍ਰਸਿੱਧ ਕਹਾਣੀ 'ਸਾਬਣ ਦੀ ਚਿੱਪਰ' ਦੇ ਨਾਲ ਕਿਰਪਾਲ ਕਜ਼ਾਕ ਦੀ ਕਹਾਣੀ 'ਮਾਤ' ਵੀ ਛਪੀ ਹੈ। ਬਲਵੀਰ ਕੌਰ ਰੀਹਲ 'ਉਲਝੇ ਰਿਸ਼ਤਿਆਂ ਦੀਆਂ ਤੰਦਾਂ' ਅਤੇ ਮੁਹੰਮਦ ਇਮਤਿਆਜ਼ 'ਖੱਟਾ ਰੰਗ' ਆਦਿ ਕਹਾਣੀਆਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਹਰਵਿੰਦਰ ਕੌਰ, ਸੁਰਜੀਤ ਕੈਨੇਡਾ, ਸਿਮਰਤ ਗਗਨ, ਮਾਲਵਿੰਦਰ ਸ਼ਾਇਰ, ਜਸ਼ਨਪ੍ਰੀਤ ਕੌਰ ਸਿੱਧੂ, ਅਮਨਜੀਤ ਕੌਰ ਸ਼ਰਮਾ, ਡਾ. ਜਤਿੰਦਰ ਕੁਮਾਰ ਸੋਨੀ, ਪਰਮਜੀਤ ਸੋਹਲ, ਨਵਦੀਪ ਸਿੰਘ ਮੁੰਡੀ, ਜਸਪ੍ਰੀਤ ਕੌਰ ਆਦਿ ਦੀ ਸ਼ਾਇਰੀ ਵੀ ਪੜ੍ਹਨ ਨੂੰ ਮਿਲ ਜਾਂਦੀ ਹੈ। ਅਗਲੇ ਪੰਨਿਆਂ ਉੱਤੇ ਅਮਰਜੀਤ ਕੌਂਕੇ ਦੀ ਕਵਿਤਾ ਬਾਰੇ (ਜਗਸੀਰ ਸਿੰਘ), ਪਾਨਿਨੀ ਵਿਆਕਰਨ ਦਾ ਅਧਿਐਨ (ਡਾ. ਲਖਵਿੰਦਰ ਸਿੰਘ), ਮੇਜਰ ਮਾਂਗਟ ਦੀ ਕਹਾਣੀ (ਨੀਰੂ ਗੁਪਤਾ), ਸੋਹਣ ਸਿੰਘ ਸੀਤਲ ਦੇ ਨਾਵਲ ਬਦਲਾ (ਡਾ. ਗੁਰਵੰਤ ਸਿੰਘ), ਅਰਤਿੰਦਰ ਸੰਧੂ ਦੀ ਕਵਿਤਾ (ਨਕਸ਼ਦੀਪ ਪੰਜਕੋਹਾ), ਧਰਮ ਤੇ ਗਿਆਨ ਪਰੰਪਰਾ (ਡਾ. ਰੁਪਿੰਦਰ ਕੌਰ) ਸੂਫ਼ੀਵਾਦ (ਸ਼ਹਿਜੀਤ ਸਿੰਘ ਕੰਗ), ਪਿੰਡ ਤਾਂ ਗੁਆਚ ਗਿਆ' (ਡਾ. ਜਸਪਾਲਜੀਤ) ਆਦਿ ਵਿਸ਼ਿਆ ਉੱਤੇ ਖੋਜ ਪੇਪਰ ਪ੍ਰਕਾਸ਼ਤ ਕੀਤੇ ਗਏ ਹਨ। 'ਪ੍ਰਤਿਮਾਨ' 718, ਰਣਜੀਤ ਨਗਰ-ਏ, ਪਟਿਆਲਾ (ਮੁ. 98142-31698) ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਰਚਨਾਵਾਂ ਭੇਜਣ ਲਈ email: pratimaan@yahoo.co.in

## ਸੁਰਖ਼ ਲੀਹ : ਮਾਰਚ-ਅਪ੍ਰੈਲ,2026




ਹੱਥਲੇ ਅੰਕ ਦੇ ਟਾਇਟਲ ਉੱਤੇ ਇਰਾਨ-ਇਜ਼ਰਾਇਲੀ ਜੰਗ ਦੀ ਤ੍ਰਾਸਦੀ ਦੀ ਤਸਵੀਰ ਹੈ। ਇਸ ਅੰਕ ਦੇ ਸਫ਼ੇ 68 ਤੇ ਮੁੱਲ 30 ਰੁਪਏ ਹੈ। ਅੰਕ ਵਿੱਚ ਇਸ ਜੰਗ ਨਾਲ ਸਬੰਧਤ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਲਿਖਤਾਂ ਵਿੱਚ ਅਮਰੀਕਾ ਤੇ ਮੋਦੀ ਨੂੰ ਵੀ ਲਪੇਟਿਆ ਗਿਆ ਹੈ। ਇਸ ਤੋਂ ਇਲਾਵਾ ਭਾਰਤ ਅਮਰੀਕਾ ਵਾਪਰ ਸਮਝੌਤਾ, ਜਿਉਂਦ ਦਾ ਪੁਲਿਸ ਜਬਰ, ਲੈਨਿਨਵਾਦ, ਔਰਤ ਦਿਹਾੜਾ, ਪਾਸ਼, ਸਾਥੀ ਰਣਜੀਤ ਲਹਿਰਾ, ਪਾਣੀਪਤ ਰਿਫ਼ਾਇਨਰੀ, ਬੱਬਰ ਅਕਾਲੀ ਲਹਿਰ, ਠੇਕਾ ਮੁਲਾਜ਼ਮ ਆਦਿ-ਆਦਿ ਮੁੱਦਿਆਂ ਉੱਤੇ ਸਮੱਗਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਸੁਰਖ਼ ਲੀਹ ਦੇ ਮੁੱਖ ਸੰਪਾਦਕ ਜਸਪਾਲ ਜੱਸੀ ਤੇ ਸੰਪਾਦਕ : ਪਵੇਲ ਹਨ। ਚਿੱਠੀ ਪੱਤਰ ਲਈ-ਸੁਰਖ਼ ਲੀਹ, ਨਕਈ ਵਾਲੀ ਪਹੀ, ਪੁੱਡਾ ਕਲੋਨੀ, ਗਾਂਧੀ ਨਗਰ, ਰਾਮਪੁਰਾ ਫੂਲ, ਬਠਿੰਡਾ-3, ਰਚਨਾਵਾਂ ਭੇਜਣ ਲਈ email: surkhleeh@gmail.com

## ਸੰਗਰਾਮੀ ਲਹਿਰ : ਅਪ੍ਰੈਲ, 2026




ਸੰਗਰਾਮੀ ਲਹਿਰ ਦੇ ਇਸ ਅੰਕ ਦੇ ਸਫ਼ੇ 42 ਤੇ ਮੁੱਲ 20 ਰੁਪਏ ਹੈ। ਹੱਥਲਾ ਅੰਕ ਦਾ ਟਾਇਟਲ ਜੰਗ ਦੀ ਤ੍ਰਾਸਦੀ ਬਿਆਨ ਕਰਦਾ ਹੈ। ਖਾੜੀ ਜੰਗ ਬਾਰੇ ਮੰਗਤ ਰਾਮ ਪਾਸਲਾ ਦੀ ਲਿਖਤਾ ਹੈ। ਰਵੀ ਕੰਵਰ ਨੇ ਇਜ਼ਰਾਈਲ ਦੀ ਕਮਿਊਨਿਸਟ ਪਾਰਟੀ ਦੇ ਮਤੇ ਬਾਰੇ ਲਿਖਿਆ ਹੈ। ਜੈ ਪਾਲ ਸਿੰਘ (ਡਬਲ ਇੰਜਣ ਸਰਕਾਰ), ਦਿਹਾਤੀ ਮਜ਼ਦੂਰ ਸਭਾ (ਦਰਸ਼ਨ ਨਾਹਰ), ਭਗਤ ਸਿੰਘ (ਸੁਖਦੇਵ ਸਿੰਘ ਸੋਹਲ), ਚੀਨ ਦੀ ਸਿੱਖਿਆ ਪ੍ਰਣਾਲੀ (ਬਲਵਿੰਦਰ ਟਿਵਾਣਾ) ਲਿਖਤਾਂ ਪੜ੍ਹਨ ਨੂੰ ਮਿਲਦੀਆਂ ਹਨ। ਅੰਕ ਵਿੱਚ ਰਸ਼ੀਦ ਜਹਾਂ ਦੀ ਕਹਾਣੀ 'ਚੋਰ' ਵੀ ਛਪੀ ਹੈ। ਬਾਕੀ ਕੌਮਾਂਤਰੀ ਪਿੜ ਤੇ ਜਨਤਕ ਲਾਮਬੰਦੀ ਤੇ ਸਮੱਗਰੀ ਵੀ ਹੈ।

ਸੰਗਰਾਮੀ ਲਹਿਰ, ਸੰਪਾਦਕ : ਮੰਗਤ ਰਾਮ ਪਾਸਲਾ, ਰਚਨਾਵਾਂ ਭੇਜਣ ਲਈ email: mahipalsathi806@gmail.com (99153-12806

## ਪ੍ਰਾਇਮਰੀ ਸਿੱਖਿਆ : ਅਪ੍ਰੈਲ, 2026




ਪ੍ਰਾਇਮਰੀ ਸਿੱਖਿਆ ਦੇ ਇਸ ਅੰਕ ਵਿੱਚ ਹਰਦੇਵ ਸਿੰਘ ਭੁੱਲਰ (ਸੱਚਾ ਮਿੱਤਰ), ਪਰਮਿੰਦਰ ਕੌਰ (ਅਨਮੁੱਲੀ ਭਾਨ), ਤਰਸੇਮ ਸਿੰਘ ਭੰਗੂ (ਚੰਗੇ ਇਨਸਾਨ ਬਣੋ), ਪ੍ਰਿੰ. ਵਿਜੈ ਕੁਮਾਰ (ਬਜਟ), ਜਤਿੰਦਰ ਮੋਹਨ (ਦਿਆਲੂ ਦੁਕਾਨਦਾਰ ਤੇ ਚੂਹਾ), ਹਰੀ ਕ੍ਰਿਸ਼ਨ ਮਾਇਰ (ਕਿਹੜੀ ਖੇਡ ਖੇਡੀਏ) ਕਹਾਣੀਆਂ ਤੋਂ ਇਲਾਵਾ ਕੁਝ ਕਵਿਤਾਵਾਂ ਤੇ ਲੇਖ ਪ੍ਰਕਾਸਤ ਹੋਏ ਹਨ। ਇਸ ਅੰਕ ਦੇ ਸਫ਼ੇ : 36, ਮੁੱਲ: 20 ਰੁਪਏ ਹੈ। 'ਪ੍ਰਾਇਮਰੀ ਸਿੱਖਿਆ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227-395, ਪਤਾ-ਪ੍ਰਾਇਮਰੀ ਸਿੱਖਿਆ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲੀ-160062, ਰਚਨਾਵਾਂ ਭੇਜਣ ਲਈ email: pankhrianpseb@gmail.com

ਮਨ ਮਾਨ ਚਿਰਾਂ ਤੋਂ ਗ਼ਜ਼ਲ ਦੇ ਅੰਬਰ-ਕਿਨਾਰੇ 'ਤੇ ਆਪਣੀ ਰੌਸ਼ਨ ਮੌਜੂਦਗੀ ਦਰਜ ਕਰ ਰਹੀ ਹੈ। ਉਸ ਦੀ ਸ਼ਾਇਰੀ ਵਿੱਚ ਭਾਵਨਾ ਦੀ ਪਕਿਆਈ, ਵਿਚਾਰਾਂ ਦੀ ਡੂੰਘਾਈ ਅਤੇ ਕਲਪਨਾ ਦੀ ਉਡਾਣ ਇਕ ਅਜਿਹੀ ਰੂਹਾਨੀ ਲਹਿਰ ਬਣ ਜਾਂਦੀ ਹੈ, ਜੋ ਪਾਠਕ ਦੇ ਅੰਤਰਮਨ ਤੱਕ ਉਤਰਦੀ ਹੈ। ਉਹ ਸਿਰਫ਼ ਬਹਿਰ, ਕਾਫ਼ੀਆ ਅਤੇ ਰਦੀਫ਼ ਦੀ ਪਾਬੰਦੀ ਹੀ ਨਹੀਂ ਨਿਭਾਉਂਦੀ, ਸਗੋਂ ਹਰ ਸ਼ਿਅਰ ਨੂੰ ਸੁਤੰਤਰ ਅਰਥਵਤਾ ਅਤੇ ਡੂੰਘੀ ਗੰਭੀਰਤਾ ਨਾਲ ਰੌਸ਼ਨ ਕਰਦੀ ਹੈ। ਉਸ ਦੇ ਸ਼ਿਅਰ ਕੇਂਦਰੀ ਮਨੋਭਾਵ ਨਾਲ ਜੁੜੇ ਹੋਏ ਵੀ ਹਨ ਅਤੇ ਆਪਣੀ ਆਜ਼ਾਦ ਪਰਵਾਜ਼ ਵੀ ਰੱਖਦੇ ਹਨ। ਪੇਸ਼ ਹਨ ਉਸ ਦੀ ਗ਼ਜ਼ਲ!! - **ਮੱਖਣ ਮਾਨ**



# ਮਨ ਮਾਨ ਦੀਆਂ ਨਵੀਆਂ ਗ਼ਜ਼ਲਾਂ

(1)

ਇਹ ਜਾਣ ਲਿਆ ਜਿਸ ਦਿਨ ਅਪਣਾ ਹੀ ਨਹੀਂ ਕੋਈ।
ਉਸ ਦਰ ਤੋਂ ਬਿਨਾਂ ਹੁਣ ਤਾਂ ਦਿਸਦਾ ਹੀ ਨਹੀਂ ਕੋਈ।

ਖਲਕਤ ਦੀ ਬਜਾਏ ਤੂੰ ਖਾਲਿਕ ਨੂੰ ਮੁਹੱਬਤ ਕਰ,
ਸਮਝਾਇਆ ਬਥੇਰਾ ਮੈਂ ਮੰਨਿਆ ਹੀ ਨਹੀਂ ਕੋਈ।

ਜਿਸ ਵਕਤ ਜ਼ਰੂਰੀ ਸੀ ਉਸ ਵਕਤ ਮਨਾ ਲੈਂਦੀ,
ਹੁਣ ਕਿਸ ਨੂੰ ਮਨਾਵਾਂ ਮੈਂ ਰੁੱਸਦਾ ਹੀ ਨਹੀਂ ਕੋਈ।

ਕੋਈ ਤਾਂ ਮੇਰੀ ਸੁਣਦਾ ਧਰਵਾਸ ਕੋਈ ਦਿੰਦਾ,
ਇੱਕ ਬਾਝ ਤੇਰੇ ਮੈਨੂੰ ਸੁਣਦਾ ਹੀ ਨਹੀਂ ਕੋਈ।

ਕਿੰਨੀ ਕੁ ਕਸ਼ਿਸ਼ ਹੋਣੀ ਉਸ ਮੌਤ ਦੀ ਬੁੱਕਲ ਵਿਚ,
ਇੱਕ ਵਾਰ ਗਿਆ ਏਥੋਂ ਮੁੜਦਾ ਹੀ ਨਹੀਂ ਕੋਈ।

ਅਪਣੇ ਹੀ ਸਤਾਉਂਦੇ ਨੇ, ਤੇ ਰੋਜ਼ ਰਵਾਉਂਦੇ ਨੇ,
ਇਸ ਗੀਤ ਨੂੰ ਇਉਂ ਮੰਨਿਆਂ ਸ਼ਿਕਵਾ ਹੀ ਨਹੀਂ ਕੋਈ।

ਹਰ ਸ਼ਖਸ ਦੇ ਮਸਤਕ ਵਿਚ ਰੱਖਿਆ ਹੈ ਚਿਰਾਗ਼ ਉਸਨੇ,
ਇੱਕ ਨੂਰ ਦੇ ਬਾਝੋਂ ਪਰ ਜਗਦਾ ਹੀ ਨਹੀਂ ਕੋਈ।

ਭਟਕਣ ਦੇ ਚੁਰਸਤੇ ਦੀ ਮਾਯੂਸ ਮੁਸਾਫ਼ਿਰ ਹਾਂ,
ਮੰਜ਼ਿਲ 'ਤੇ ਲਿਜਾਵੇ ਜੋ ਰਸਤਾ ਹੀ ਨਹੀਂ ਕੋਈ।

ਇਹ ਦੀਨ ਤੇ ਦੁਨੀਆ ਦਾ ਤਾਣਾ ਵੀ ਮੁਸੀਬਤ ਹੈ,
ਕੀ ਹੱਲ ਹੈ ਗੁੰਝਲ ਦਾ ਦੱਸਦਾ ਹੀ ਨਹੀਂ ਕੋਈ

ਉਸ ਯਾਰ ਦੀ ਸਰਦਲ 'ਤੇ ਮਨ ਕੌਣ ਬੁਲਾਉਂਦਾ ਹੈ,
ਲੇਖਾਂ ਤੋਂ ਬਿਨਾਂ ਉੱਥੇ ਪੁੱਜਦਾ ਹੀ ਨਹੀਂ ਕੋਈ।

(2)

ਇਹ ਝੀਲ, ਨਦੀਆਂ ਤੇ ਰੰਗ, ਖੁਸ਼ਬੂ ਸਭੇ ਨਜ਼ਾਰੇ ਤੇਰੇ ਹਵਾਲੇ।
ਇਹ ਸਾਰਾ ਅੰਬਰ, ਇਹ ਚੰਦ, ਸੂਰਜ ਅਤੇ ਸਿਤਾਰੇ ਤੇਰੇ ਹਵਾਲੇ।

ਕਲੀ ਕਲੀ ਜੋ ਨਿਖ਼ਰ ਗਈ ਹੈ ਗੁਲਾਬ ਮਹਿਕੇ ਤਾਂ ਬਾਗ ਚਹਿਕੇ,
ਖੁਸ਼ੀ ਦੁਆਰੇ ਜੋ ਲੈ ਕੇ ਜਾਵਣ ਸਭੇ ਪਿਆਰੇ ਤੇਰੇ ਹਵਾਲੇ ।

ਹਜ਼ਾਰ ਸ਼ਿਕਵੇ, ਹਜ਼ਾਰ ਸੰਸੇ, ਜੋ ਮਨ 'ਚ ਉੱਠਦੇ ਟਿਕਣ ਨਾ ਦਿੰਦੇ,
ਇਹ ਚੈਨ ਮੇਰਾ, ਜੋ ਖੋਹ ਰਹੇ ਨੇ ਸੁਆਲ ਸਾਰੇ ਤੇਰੇ ਹਵਾਲੇ ।

ਮੈਂ ਸੋਚਦੀ ਹਾਂ ਕਿ ਤੇਰੀ ਹਸਰਤ ਨੂੰ ਤੇਰੇ ਕੋਲੋਂ ਮੈਂ ਕਿੰਝ ਲੁਕਾਵਾਂ,
ਅਜੀਬ ਸੋਚਾਂ ਤੇ ਉਲਝਣਾਂ ਦੇ ਭਰੇ ਦੁਆਰੇ ਤੇਰੇ ਹਵਾਲੇ ।

ਸਮਾਂ ਇਹ ਡਾਹਢਾ ਮਿਟਾ ਸਕੇਗਾ ਨਾ ਖਾਕ ਅੰਦਰ ਮਿਲਾ ਸਕੇਗਾ,
ਸਫ਼ਰ ਦੇ ਸਾਰੇ ਹੀ ਰੋੜ, ਕਿਰਚਾਂ ਅਤੇ ਸ਼ਰਾਰੇ ਤੇਰੇ ਹਵਾਲੇ ।

ਮੈਂ ਤੇਰੇ ਕੋਲੋਂ ਹੈ, ਜੋ ਵੀ ਪਾਇਆ, ਉਹ ਤੇਰੇ ਕਦਮਾਂ 'ਚ ਰੱਖ ਰਹੀ ਹਾਂ,
ਤਮਾਮ ਪੀੜਾਂ, ਇਹ ਮੁਸਕਰਾਹਟ ਤੇ ਹੰਝੂ ਖਾਰੇ ਤੇਰੇ ਹਵਾਲੇ।

ਹਵਾ ਨਾ ਰੁਮਕੀ, ਘਟਾ ਨਾ ਬਰਸੀ, ਨਾ ਸ਼ੈ ਕਿਸੇ 'ਤੇ ਨਿਖਾਰ ਆਇਆ,
ਉਦਾਸ ਮੌਸਮ ਨੇ ਰੰਗ ਜਿੰਨੇ ਵੀ ਹਨ ਖਿਲਾਰੇ ਤੇਰੇ ਹਵਾਲੇ ।

ਮੇਰੇ ਖਿਆਲਾਂ 'ਚ ਰੁਮਕਦਾ ਸੀ ਬਹਾਰ ਬਣ ਕੇ ਤੂੰ ਆ ਗਿਆ ਹੈਂ,
ਉਡੀਕ ਤੇਰੀ 'ਚ 'ਮਨ' ਨੇ ਜਿੰਨੇ ਵੀ ਪਲ ਗੁਜ਼ਾਰੇ ਤੇਰੇ ਹਵਾਲੇ।

(3)

ਇਨਸਾਨੀਅਤ, ਰੂਹਾਨੀਅਤ, ਦੀਵਾਨਗੀ ਦਾ ਝਲਕਣਾ
ਵੈਰਾਗ ਅੰਦਰ ਚੇਤਿਆਂ 'ਚੋਂ ਹੰਝੂਆਂ ਦਾ ਬਿਨਸਣਾ

ਲਹਿਰਾਂ ਦੀ ਜੋ ਆਵਾਰਗੀ, ਇਹ ਦਿਲਲਗੀ ਤੇ ਖੁਦਸਰੀ
ਸਾਗਰ ਦਾ ਹੈ, ਵਿਸਥਾਰ ਖਾਤਿਰ ਉਛਲਣਾ ਤੇ ਮਚਲਣਾ

ਕੁਝ ਗੀਤ, ਗ਼ਜ਼ਲਾਂ ਸ਼ਾਇਰੀ ਇਹ ਤਲਖ਼ੀਆਂ ਤੇ ਤਿਸ਼ਨਗੀ
ਬਸ ਕੱਲਿਆਂ ਦਾ ਬੈਠ ਕੇ ਹੈ ਯਾਦ ਤੇਰੀ ਮਨਸਣਾ

ਤੂੰ ਦਿਲਲਗੀ ਖਾਤਿਰ ਸੀ ਔਝੜ ਰਸਤਿਆਂ 'ਤੇ ਤੁਰ ਪਿਆਂ
ਤੈਨੂੰ ਪਵੇਗਾ ਉਮਰ ਭਰ, ਹੁਣ ਤਾਂ ਗ਼ਮਾਂ ਨਾਲ ਵਰਚਣਾ

ਤੂੰ ਤਾਂ ਖ਼ੁਦੀ ਦੀ ਖੋਜ ਵਿਚ ਗੌਤਮ ਦੇ ਰਾਹ 'ਤੇ ਤੁਰ ਗਿਓਂ
ਤੇ ਰਹਿ ਗਿਆ ਮੇਰੇ ਨਸੀਬਾਂ ਵਿੱਚ ਪਲ ਪਲ ਤੜਪਣਾ

ਜੋ ਮੋਤੀਆਂ ਨੂੰ ਪਾਉਣ ਖਾਤਰ, ਘੋਗਿਆਂ ਸਿੱਪੀਆਂ ਦੀ ਚਾਹ
ਨਿਰਵਾਣ ਰਾਹੇ ਬਣਦੀਆਂ ਨੇ ਚਾਹਤਾਂ ਹੀ ਅੜਚਣਾ
ਮੁਰਸ਼ਦ ਮੇਰੇ ਉਪਕਾਰ ਕਰ ਤੇ ਸਾਧਨਾ ਨੂੰ ਦੇ ਦਿਸ਼ਾ
ਜੋ ਫਿਰ ਕਦੀ ਹੋਵੇ ਨਾ 'ਮਨ' ਦਾ ਗਰਭ ਜੂਨੇ ਪਰਤਣਾ

(4)

ਤੇਰਾ ਦੀਦਾਰ ਕਰਨਾ ਹੈ ਤੇ ਵਾਰੋ ਵਾਰ ਕਰਨਾ ਹੈ ।
ਮੈਂ ਤਪਦੇ ਮਨ ਦਾ ਰੇਗਿਸਤਾਨ ਠੰਡਾ ਠਾਰ ਕਰਨਾ ਹੈ

ਤੜਪ, ਅਹਿਸਾਸ, ਹੰਝੂ, ਜ਼ਖ਼ਮ ਤੇ ਖਾਮੋਸ਼ੀਆਂ ਦਿੰਦਾ
ਨਿਰਾਲੀ ਰੀਤ ਇਸ਼ਕੇ ਦੀ ਇਨ੍ਹੇ ਬੇਜਾਰ ਕਰਨਾ ਹੈ

ਜੇ ਮੈਂ ਆਵਾਜ਼ ਨਾ ਦਿੱਤੀ, ਨਾ ਉਸ ਨੇ ਵੇਖਣਾ ਮੁੜ ਕੇ
ਵਫ਼ਾ ਦੀ ਇਸ ਕਸੌਟੀ 'ਤੇ ਵੀ ਕੀ ਇਤਬਾਰ ਕਰਨਾ ਹੈ

ਮਿਲੇ ਤੇਰਾ ਹੁੰਗਾਰਾ ਜੇ ਰਵਾਂ ਇਹ ਜ਼ਿੰਦਗੀ ਹੋਵੇ
ਜੇ ਇਹ ਉਪਕਾਰ ਹੈ ਤੇਰਾ ਤਾਂ ਮੈਂ ਇਨਕਾਰ ਕਰਨਾ ਹੈ

ਬੜਾ ਹੀ ਘੋਰ ਕਲਯੁਗ ਹੈ ਹਨੇਰਾ ਹੋ ਰਿਹੈ ਗੂੜ੍ਹਾ
ਅਜੇ ਹੈ ਫੈਲਣਾ ਇਸਨੇ ਅਜੇ ਵਿਸਥਾਰ ਕਰਨਾ ਹੈ

ਮੇਰਾ ਸਿਰ ਸੀਸ ਹੋ ਜਾਂਦਾ ਗੁਰਾਂ ਦੀ ਨਦਰਿ ਦੇ ਸਦਕੇ
ਅਤੇ ਇਸ ਨਦਰਿ ਨੂੰ ਸਜਦਾ ਮੈਂ ਆਪਾ ਵਾਰ ਕਰਨਾ ਹੈ

ਇਸੇ ਕਾਇਨਾਤ ਦੇ ਅੰਦਰ ਇਸੇ ਸੰਸਾਰ ਵਿਚ ਰਹਿੰਦੇ
ਇਸੇ ਪਿੰਜਰੇ ਦੇ ਅੰਦਰ ਹੀ ਮੈਂ ਸਾਗਰ ਪਾਰ ਕਰਨਾ ਹੈ

ਸਦਾ ਗਮ ਦਰਦ ਜੋ ਦਿੱਤੇ ਤੂੰ ਸਾਰੀ ਜ਼ਿੰਦਗੀ ਮੈਨੂੰ
ਸਜਾ ਕੇ ਤਮਗਿਆਂ ਵਾਂਗੂੰ, ਮੈਂ 'ਮਨ' ਸ਼ਿੰਗਾਰ ਕਰਨਾ ਹੈ

(5)

ਰਿਸ਼ਤਿਆਂ ਦੀ ਡੋਰ ਮੈਨੂੰ ਇਸ ਤਰ੍ਹਾਂ ਉਲਝਾ ਗਈ
ਜ਼ਿੰਦਗੀ ਜਿੱਥੋਂ ਤੁਰੀ ਸੀ ਮੁੜ ਕੇ ਉੱਥੇ ਆ ਗਈ

ਦਰਦ ਦਿਲ ਦਾ ਮੈਂ ਗ਼ਜ਼ਲ ਵਿਚ ਜਿਸ ਤਰ੍ਹਾਂ ਹੈ ਢਾਲਿਆ
ਸ਼ਿਅਰ ਸੁਣਦੇ ਸਾਰ ਹੀ ਉਸ 'ਤੇ ਉਦਾਸੀ ਛਾ ਗਈ

ਅਲਵਿਦਾ ਤੂੰ ਆਖਿਆ ਜਦ ਸੁਣ ਕੇ ਦਿਲ ਸੀ ਕੰਬਿਆ
ਗੂੰਜ ਤੇਰੇ ਅੱਖਰਾਂ ਦੀ ਰੂਹ ਮੇਰੀ ਤੜਪਾ ਗਈ

ਦੌਲਤਾਂ ਤੇ ਸ਼ੁਹਰਤਾਂ ਬਸ ਕੁਝ ਪਲਾਂ ਦੀ ਖੇਡ ਨੇ
ਇਕ ਸਤਰ ਹੀ ਜ਼ਿੰਦਗੀ ਦਾ ਫ਼ਲਸਫ਼ਾ ਦਰਸਾ ਗਈ

ਆਪ ਬੀਤੀ ਲਿਖਦਿਆਂ, ਇਹ ਮਨ ਬੜਾ ਗ਼ਮਗੀਨ ਹੈ
ਸ਼ਬਦ ਬੋਝਿਲ, ਨੈਣ ਸਿੱਲ੍ਹੇ ਤੇ ਜ਼ੁਬਾਂ ਥਥਲਾ ਗਈ

ਰੋਜ਼ ਸ਼ੀਸ਼ਾ ਪੁੱਛ ਰਿਹੈ, ਉਸ ਨੂੰ ਕੋਈ ਉੱਤਰ ਤਾਂ ਦੇ
ਕਿਉਂ ਤੇਰੀ ਮਾਸੂਮੀਅਤ ਤੇ ਸਾਦਗੀ ਪਥਰਾ ਗਈ

ਮੰਨਿਆ 'ਮਨ' ਇਸ ਨੇ ਤੈਨੂੰ ਤੋੜ ਕੇ ਹੀ ਸਾਹ ਲਿਆ
ਜ਼ਿੰਦਗੀ ਤੈਨੂੰ ਮਗਰ ਇਉਂ ਸਬਕ ਤਾਂ ਸਮਝਾ ਗਈ

ਨਾਮ ਤੇਰਾ ਲਿਸ਼ਕਿਆ ਅੱਜ ਜ਼ਿਹਨ ਵਿਚ ਫਿਰ ਆਣ ਕੇ
'ਮਨ' ਦੀ ਬੰਜਰ ਧਰਤ ਉੱਤੇ ਮੁੜ ਕੇ ਵੱਤਰ ਆ ਗਈ

(6)

'ਜਿਸਮ ਵੀ ਤੇਰਾ, ਜਾਨ ਵੀ ਤੇਰੀ' ਮੇਰੇ ਕੋਲ ਅਮਾਨਤ, ਹੈ ਸਭ
ਹੰਝੂ, ਹੌਂਕੇ, ਦਰਦ ਤੇ ਚੀਸਾਂ ਤੇਰੀ ਬਖਸ਼ੀ ਦੌਲਤ ਹੈ ਸਭ

ਸੱਜਣ ਦੇ ਬਿਨ ਪਲ-ਪਲ ਮਰਨਾ, ਇਸ਼ਕੇ ਦਾ ਦਸਤੂਰ ਰਿਹਾ ਏ
ਯਾਦਾਂ ਸੰਗ ਜਿਉਂਦੇ ਰਹਿਣਾ ਏਸੇ ਦੀ ਤਾਂ ਬਰਕਤ ਹੈ ਸਭ

ਮੈਨੂੰ ਪੱਥਰ ਕਰ ਦੇਵਣ ਵਿਚ ਤੁੰਹੀਓਂ ਹਿੱਸਾ ਪਾਇਆ ਹੈ
ਤੇਰੀ ਸੂਰਤ, ਤੇਰੀ ਸੁਹਬਤ, ਤੇਰੀ ਹੀ ਉਲਫ਼ਤ ਹੈ ਸਭ

ਤਾਰੇ ਟੁੱਟਣ, ਮੰਨਤ ਮੰਗਾਂ, ਮੱਥੇ ਰਗੜਾਂ ਪੀਰ ਧਿਆਵਾਂ
ਚੱਤੇ ਪਹਿਰ ਇਬਾਦਤ ਹੈ ਜੋ ਤੇਰੀ ਹੀ ਤਾਂ ਹਸਰਤ ਹੈ ਸਭ

ਮੇਰੇ ਦਿਲ ਨੂੰ ਰੋਸੇ, ਸ਼ਿਕਵੇ, ਤੇ ਫੁਰਕਤ ਨੇ ਸੁੰਨਾ ਕੀਤਾ
ਗ਼ਜ਼ਲਾਂ, ਨਜ਼ਮਾਂ ਤੇ ਨਾਵਲ ਨੂੰ ਮੈਂ ਕਰ ਦਿੱਤਾ ਅਰਪਨ ਹੈ ਸਭ

ਅਹੁਦੇ, ਰੁਤਬੇ, ਦੌਲਤ, ਸ਼ੁਹਰਤ ਬੰਦੇ ਨੂੰ ਭੁਚਲਾ ਲੈਂਦੇ ਨੇ
ਏਸ ਨਸ਼ੇ ਵਿਚ ਅੰਨ੍ਹੇ ਹੋਣਾ ਸੱਚ ਕਹਾਂ ਤਾਂ ਗ਼ਫ਼ਲਤ ਹੈ ਸਭ

ਮਨ ਦੇ ਵਿੱਚ ਖ਼ਿਆਲ ਖਿੜੇ ਨੇ ਖੁਸ਼ਬੂ ਚਾਰ ਚੁਫੇਰੇ ਫੈਲ਼ੀ
ਇਸ ਰੁੱਤੇ ਰੂਹਾਂ ਦਾ ਖਿੜਨਾ ਕੁਦਰਤ ਦੀ ਹੀ ਰਹਿਮਤ ਹੈ ਸਭ

ਹੰਝੂ, ਹਾਸੇ, ਰੋਸੇ, ਸ਼ਿਕਵੇ ਜਿਸ ਦੇ ਹਿੱਸੇ ਜੋ ਵੀ ਆਇਆ
ਕੋਈ ਕਰਮਾਂ ਦਾ ਫਲ ਸਮਝੇ ਕੋਈ ਆਖੇ ਕਿਸਮਤ ਹੈ ਸਭ

ਇਹ ਜੱਗ ਕੀ ਹੈ, ਕੀ ਹਾਸਿਲ ਹੈ ਖ਼ਾਲੀ ਆਉਣਾ ਖ਼ਾਲੀ ਜਾਣਾ
'ਮਨ' ਇਸ ਬੰਦੇ ਦੀ ਹਸਤੀ ਤਾਂ ਇੱਕੋ ਸਾਹ ਦੀ ਮੁਹਲਤ ਹੈ ਸਭ

# ਮੇਰੇ ਮਾਸੜ-ਮਾਸੀ

ਦੁਖਦਾ ਪੰਨਾ-4

**ਨਿੰਦਰ ਘੁਗਿਆਣਵੀ**

ਆਪਣਿਆਂ ਦਾ ਵਿਛੋੜਾ ਬੰਦੇ ਦਾ ਮਰਨ ਤੀਕ ਖਹਿੜਾ ਨਹੀਂ ਛਡਦਾ, ਵਿਛੋੜਾ ਬੜੀ ਭੈੜੀ ਬਲਾ ਹੈ,ਨਾਲ ਨਾਲ ਹੀ ਤੁਰਿਆ ਰਹਿੰਦਾ ਹੈ ਪਰਛਾਵੇਂ ਵਾਂਗਰ। ਮੈਨੂੰ ਮਾਸੜ ਮਾਸੀ ਯਾਦ ਆ ਰਹੇ ਸਨ ਤਾਂ ਦੁਖਦਾ ਪੰਨਾ ਲਿਖ ਹੋ ਗਿਆ। ਸਾਡੇ ਸੇਠਾਂ (ਮਹਾਜਨਾਂ) ਦੇ ਤਿੰਨ ਘਰ ਤੇ ਵੱਡੀਆਂ ਖੁੱਲ੍ਹੀਆਂ ਹਵੇਲੀਆਂ ਬਿਲਕੁਲ ਨਾਲ-ਨਾਲ ਸਨ, ਤੇ ਇੱਕ ਘਰ ਸਾਡੇ ਤੋਂ ਕੁਝ ਹਟਵਾਂ ਸੀ, ਕੁਲ ਛੇ ਘਰ ਸਨ ਸਾਰੇ ਪਿੰਡ ਵਿਚ ਸਾਡੇ।

ਮੇਰਾ ਬਚਪਨ ਮੇਰੇ ਮਾਸੜ ਮਾਸੀ ਕੋਲ ਤੇ ਸਾਡੇ ਸਾਂਝੇ ਪਰਿਵਾਰਾਂ ਵਿਚ ਬੀਤਿਆ। ਨਾਲ-ਨਾਲ ਘਰ ਹੋਣ ਕਰਕੇ ਇਹ ਪਤਾ ਹੀ ਨਹੀ ਸੀ ਹੁੰਦਾ ਕਿ ਕਿੱਥੇ ਰੋਟੀ ਖਾਧੀ ਤੇ ਕਿਥੇ ਸੌਂ ਗਏ। ਖੇਤ ਵੀ ਨਾਲ- ਨਾਲ ਸਨ। ਪਾਣੀਆਂ ਤੇ ਠੀਕਰੀ ਪਹਿਰੇ ਦੀਆਂ ਵਾਰੀਆਂ ਇਕੱਠੀਆਂ ਸਨ। ਖੇਤਾਂ ਤੇ ਖੱਡਾਂ ਦੀਆਂ ਜਮ੍ਹਾਬੰਦੀਆਂ ਤੇ ਗਰਦੌਰੀਆਂ ਇਕੱਠੀਆਂ ਸਨ।

ਅਸੀਂ ਵੱਡੇ ਹੋਏ। ਸਮੇਂ ਨੇ ਰੰਗ ਬਦਲੇ। ਪਰ ਦਿਲ ਭੋਰਾ ਨਾ ਬਦਲੇ। ਕਿਸੇ ਦਿਲ ਦਾ ਮੈਨੂੰ ਨਹੀਂ ਪਤਾ ਪਰ ਮੇਰੇ ਦਿਲ ਨੂੰ ਖੋਹ ਜਿਹੀ ਪੈਂਦੀ ਰਹਿੰਦੀ ਸੀ ਕਿ ਛੇਤੀ-ਛੇਤੀ ਮਾਸੜ ਮਾਸੀ ਕੋਲ ਭੱਜਿਆ ਜਾਵਾਂ। ਦਿਨ ਵਿਚ ਦੋ-ਦੋ ਵਾਰੀ ਮੈਂ ਆਪਣੇ ਮਾਸੜ ਮਾਸੀ ਕੋਲ ਭੱਜਿਆ ਜਾਂਦਾ, ਸਵੇਰੇ ਵੀ ਤੇ ਆਥਣੇ ਵੀ ਕਦੇ ਦੁਪਹਿਰੇ ਵੀ। ਜੇ ਕਿਤੇ ਦੋ ਦਿਨ ਨਾ ਵੀ ਜਾਇਆ ਜਾਣਾ, ਤਾਂ ਮਾਸੀ ਨੇ ਮੋਹ ਭਰਿਆ ਸ਼ਿਕਵਾ ਜਿਹਾ ਜ਼ਾਹਿਰ ਕਰਨਾ, ਤੇ ਆਖਣਾ, 'ਤੂੰ ਆਇਆ ਨਾ, ਕਿਥੇ ਗਿਆ ਸੀ ? ਮੈਂ ਰਾਹ ਵੇਖਦੀ ਰਹੀ ਸੀ, ਸ਼ੁਕਰ ਐ ਮੇਰਾ ਪੁੱਤ ਆ ਗਿਐ, ਬਹਿਜਾ ਹੈਥੇ ਮੇਰੇ ਕੋਲ।'

ਮੈਂ ਮਾਸੀ ਦੇ ਗੋਡੇ ਉਤੇ ਸਿਰ ਧਰ ਲੈਣਾ।(ਹੁਣ ਮਾਸੀ ਨੂੰ ਆਂਟੀ ਤੇ ਮਾਸੜ ਨੂੰ ਅੰਕਲ ਆਖਣ ਵਾਲਿਓ, ਤੁਸੀਂ ਕੀ ਜਾਣਨਾ ਹੈ ਉਨਾਂ ਵੇਲਿਆਂ ਨੂੰ ? ਜਿਸ ਨੇ ਆਪਣੇ ਮਾਸੜ-ਮਾਸੀ ਦੇ ਗੋਡੇ ਦਾ ਨਿਘ ਨਹੀਂ ਮਾਣਿਆ)

ਮਾਸੀ-ਮਾਸੜ ਨਾਲ ਵਾਹਵਾ ਹੱਸੀ ਖੇਡੀ ਜਾਣਾ। ਨਾਲ- ਨਾਲ ਹਲਕੇ ਫੁਲਕੇ ਮਜਾਕ ਜਿਹੇ ਵੀ ਕਰੀ ਜਾਣੇ। ਉਨਾਂ ਕੋਲ ਬੈਠ ਕੇ ਚਾਹ ਪੀਣੀ ਤੇ ਅਨੰਦ ਲੈਣਾ। ਮੇਰਾ ਪਿਓ ਤੇ ਮੇਰਾ ਮਾਸੜ ਸਕੇ ਤਾਏ ਚਾਚੇ ਦੇ ਪੁੱਤ ਸਨ। ਮੇਰੇ ਮਾਂ ਪਿਓ ਦਾ ਵਿਚੋਲਾ ਤੇ ਵਿਚੋਲਣ ਮੇਰੇ ਮਾਸੀ ਮਾਸੜ ਹੀ ਸਨ, ਇਓਂ ਸਾਡੀ ਦੂਹਰੀ ਸਕੀਰੀ ਸੀ। ਮੈਨੂੰ ਮੇਰੀ ਮਾਂ ਤੇ ਮਾਸੀ ਨੇ ਹੀ ਦੱਸਿਆ ਸੀ ਕਿ ਮਾਸੀ ਨੇ ਮੈਨੂੰ ਸੁੱਖਣਾ ਸੁਖ-ਸੁਖ ਕੇ ਤੇ ਬਾਬੇ ਦੇ ਨਾਂ ਦੀਆਂ ਕੜਾਹੀਆਂ ਕਰ-ਕਰ ਕੇ ਲਿਆ ਸੀ, ਮੇਰੇ ਤੋਂ ਪਹਿਲਾਂ ਬੀਬੀ ਨੂੰ ਦੋ ਮੁੰਡੇ ਹੋ ਕੇ ਗੁਜਰ ਗਏ ਸਨ, ਮਾਸੀ ਨੂੰ ਚਿੰਤਾ ਸੀ ਕਿ ਉਹਦੀ ਛੋਟੀ ਭੈਣ ਦੀ ਜੜ ਲਗ ਜਾਵੇ, ਤੇ ਉਹ ਸੁਖੀ ਵਸੇ। ਮੇਰੇ ਜੰਮਣ ਬਾਅਦ ਭਰਾ ਸ਼ਿੰਦਰ ਪੈਦਾ ਹੋਇਆ ਫਿਰ ਭੈਣ ਜਿੰਦਰ ਪੈਦਾ ਹੋਈ ਸੀ।

* * * *

ਮੈਂ ਦੇਖਿਆ ਕਿ ਮਾਸੜ ਮਾਸੀ ਦਾ ਆਪਸ ਵਿਚ ਮੋਹ ਬਹੁਤ ਸੀ। ਮੇਰਾ ਮਾਸੜ ਸੁਭਾਓ ਦਾ ਬਹੁਤ ਠੰਢਾ ਸੀ ਪਰ ਜੇ ਉਹਦੀ @ਸੂਈ@ ਚੱਕੀ ਜਾਂਦੀ ਸੀ, ਫਿਰ ਕੋਈ ਹਿਸਾਬ-ਕਿਤਾਬ ਹੀ ਨਾ ਰਹਿੰਦਾ, ਵੈਸੇ ਮੈਂ ਆਪਣੀ ਉਮਰ ਵਿਚ ਮਾਸੜ ਨੂੰ ਸਿਰਫ ਤਿੰਨ ਕੁ ਵਾਰੀ ਤੱਤੇ ਹੋਏ ਦੇਖਿਆ ਸੀ। ਮਾਸੜ ਦੀ ਮਾਂ ਬੇਬੇ ਸੁਹਾਗਵੰਤੀ ਦੀ ਉਮਰ ਸੌ ਸਾਲ ਤੋਂ ਉਤੇ ਹੋ ਗਈ ਸੀ, ਮਾਸੜ ਮਾਸੀ ਆਪਣੀ ਮਾਂ ਜੀ ਨੂੰ ਫੁੱਲਾਂ ਵਾਂਗ ਸਾਂਭਦੇ ਰਹੇ ਸਨ । ਮਾਂ ਜੀ ਆਪਣੀ ਉਮਰ ਦੇ ਆਖਰੀ ਵੇਲੇ ਤੀਕ ਚਰਖਾ ਕੱਤਦੀ ਰਹੀ ਸੀ।

ਮੇਰੀ ਮਾਂ ਤੇ ਮਾਸੀ ਆਪੋ ਵਿੱਚ ਕਈ ਕਈ ਦਿਨ ਮੂੰਹ ਵੱਟੀ ਰੱਖਦੀਆਂ ਸਨ, ਤੇ ਫਿਰ ਆਪੇ ਹੀ ਨੌਰਮਲ ਹੋ ਜਾਂਦੀਆਂ ਪਰ ਮੇਰੇ ਪਿਓ ਤੇ ਮਾਸੜ ਨੇ ਕਦੀ ਆਪਸ ਵਿਚ ਮੱਥੇ ਵੱਟ ਨਹੀ ਸੀ ਪਾਇਆ ਤੇ ਨਾ ਹੀ ਕਦੀ ਕੋਈ ਇਕ ਦੂਜੇ ਨੂੰ ਗਿਲਾ ਸ਼ਿਕਵਾ ਹੀ ਕਰਿਆ ਸੀ। ਛੋਟਾ ਦਿਓਰ ਹੋਣ ਕਰਕੇ ਮੇਰਾ ਪਿਓ ਮੇਰੀ ਮਾਸੀ ਨੂੰ ਮਖੌਲਾਂ ਕਰਦਾ ਰਹਿੰਦਾ,ਤੇ ਉਹਦੀ ਗੀਸ ਵੀ ਲਾਹੁੰਦਾ, ਅਸੀਂ ਨਿਆਣੇ ਬੜਾ ਹਸਦੇ ਸੀ। ਜਦ ਮੇਰਾ ਪਿਓ ਕੈਂਸਰ ਦਾ ਮਰੀਜ ਹੋਕੇ ਮੰਜੇ ਨਾਲ ਚਿੰਬੜ ਗਿਆ, ਤਾਂ ਮਾਸੀ ਬੜਾ ਰੋਈ, ÷ਵੇ ਬਿੱਲੂ, ਮੈਂ ਤਾਂ ਆਪਣੇ ਹੱਥੀਂ ਤੈਨੂੰ ਵਿਆਹਿਆ ਵਰਿਆ, ਰੱਬ ਰਾਜੀ ਰੱਖੂਗਾ, ਕੁਛ ਨੀ ਹੁੰਦਾ ਤੈਨੂੰ, ਹਾਲੇ ਕੇਹੜੀ ਉਮਰ ਐ, ਰਬ ਆਪਣੇ ਨਾਲ ਐ, ਹੌਸਲਾ ਨਾ ਢਾਹ।÷

ਮਾਸੀ ਨੇ ਮੇਰੇ ਪਿਓ ਦੇ ਮੱਥੇ ਉਤੇ ਹੱਥ ਧਰ ਕੇ ਧਰਵਾਸਾ ਦੇਣਾ, ਤਾਂ ਪਿਤਾ ਦੀਆਂ ਅੱਖਾਂ ਵਹਿ ਪੈਣੀਆਂ। ਉਸਨੇ ਏਨਾ ਹੀ ਆਖਣਾ, 'ਹਾਂ ਭਰਜਾਈ---।' ਤੇ ਫਿਰ ਮੂੰਹ ਦੂਜੇ ਪਾਸੇ ਫੇਰ ਲੈਣਾ, ਤਾਂ ਕਿ ਹੰਝੂ ਨਾ ਦਿਸ ਪੈਣ।



* * * *

ਮੈਂ ਬਚਪਨ ਵਿਚ ਦੇਖਦਾ ਆਇਆ ਸਾਂ ਕਿ ਉਹ ਬੜੇ ਨੇਕ ਤੇ ਸਾਦੇ ਸਮੇਂ ਸਨ, ਹਰ ਘਰ ਵਿੱਚੋਂ ਹਾਸਿਆਂ ਦੀ ਚਹਿਕਾਰ ਸੁਣਦੀ ਸੀ। ਪਰਿਵਾਰ ਵਿਹੜੇ ਵਿਚ ਮੰਜੇ ਡਾਹ ਕੇ ਤੇ ਇੱਕਠੇ ਹੋਕੇ ਬੜੇ ਮੋਹ ਨਾਲ ਬਹਿੰਦੇ ਸਨ ਤੇ ਦੁਖ ਸੁਖ ਕਰਦੇ ਸਨ। ਇਕ ਘਰ ਤੰਦੂਰ ਤਪਿਆ ਹੋਣਾ, ਤਾਂ ਬੁੜੀਆਂ ਇਕ ਦੂਜੀ ਨਾਲ ਹੱਥ- ਪੜੱਥੀ ਕਰਵਾਉਂਦੀਆਂ ਰੋਟੀਆਂ ਥੱਪੀ ਜਾਂਦੀਆਂ। ਕੋਈ ਪੇੜੇ ਕਰਦੀ। ਕੋਈ ਰੋਟੀ ਲਾਉਂਦੀ ਤੇ ਕੋਈ ਲਾਹੀ ਜਾਂਦੀ, ਕੋਈ ਕੋਲ ਬੈਠੀ ਘਿਓ ਵਾਲੇ ਭਾਂਡੇ 'ਚੋਂ ਲੀਰ ਭਿਉਂਕੇ ਰੋਟੀਆਂ ਚੋਪੜੀ ਜਾਂਦੀ। ਤੱਤੀਆਂ ਤੱਤੀਆਂ ਤੇ ਰੜੀਆਂ ਰੜੀਆਂ ਰੋਟੀਆਂ ਦੀ ਖੁਸ਼ਬੂ ਆਸੇ-ਪਾਸੇ ਫੈਲਰਦੀ ਤੇ ਮੱਲੋ- ਮੱਲੀ ਭੁੱਖ ਜਾਗ ਜਾਂਦੀ। ਹਾਰੇ ਵਿਚ ਭਖਦੇ ਗੋਹਿਆਂ ਉਤੇ ਮੂੰਗੀ ਤੇ ਛੋਲਿਆਂ ਦੀ ਦਾਲ ਦਾ ਕੁੱਜਾ ਉਬਲਦਾ ਹੁੰਦਾ। ਸਲਾਦ ਵਜੋਂ ਵੀ ਗੰਢਾ ਹੀ ਭੰਨਿਆ ਜਾਂਦਾ, ਜਾਂ ਅੰਬ ਦਾ ਅਚਾਰ ਹੁੰਦਾ। ਕੂੰਡੇ ਵਿਚ ਚਟਣੀ ਰਗੜੀ ਜਾਂਦੀ, ਅੱਧੇ ਪਿੰਡ 'ਚ ਸੁਣਦਾ ਸੀ ਕੂੰਡਾ ਘੋਟਣਾ ਖੜਕਦਾ।

* * * *

ਮਾਸੜ ਦੀ ਹੱਟੀ ਸਾਡੇ ਬੂਹੇ ਮੂਹਰੇ ਸੀ। ਅਸੀਂ ਮਾਸੜ ਤੋਂ ਵੰਨ ਸੁਵੰਨੀਆਂ ਚੀਜੀਆਂ ਲੈ ਲੈ ਖਾਂਦੇ।ਮਿੱਠੀਆਂ ਤੇ ਸਲੂਣੀਆਂ ਪਕੌੜੀਆਂ ਦਾ ਸੁਆਦ ਹਾਲੇ ਵੀ ਮਰਿਆ ਨਹੀਂ, ਕਿਥੇ ਰੀਸ ਕਰਨਗੇ ਕੁਰਕੇ ਤੇ ਚਿਪਸਾਂ ਕਰਾਰੀਆਂ ਸਲੂਣੀਆਂ ਪਕੌੜੀਆਂ ਦੀ। ਮਾਸੜ ਤੋਂ ਉਂਗਲਾਂ ਜਿਡੇ ਪਕੌੜੇ ਲੈਕੇ ਮੇਰੀ ਦਾਦੀ ਸਬਜੀ ਧਰਦੀ, ਸ਼ੁੱਧ ਵੇਸਣ ਦੇ ਬਣੇ ਪਕੌੜੇ ਤੇ ਆਲੂਆਂ ਦੀ ਸਬਜੀ ਅਸੀਂ ਕੌਲੀਆਂ ਭਰ ਭਰ ਖਾਂਦੇ।

ਮਾਸੜ ਦਾ ਪੱਕਾ ਨਾਂ ਲੇਖ ਰਾਜ ਸੀ ਪਰ ਸਾਰੇ ਲੇਖੂ ਸੇਠ ਜਾਂ ਲੇਖੂ ਸ਼ਾਹ ਆਖਦੇ। ਮਾਸੜ ਲੰਡਿਆਂ ਦੀ ਲਿਖਤ ਕਰਦਾ। ਉਰਦੂ ਵੀ ਲਿਖ ਪੜ ਲੈਂਦਾ। ਸੌਦੇ ਪੱਤੇ ਦਾ ਹਿਸਾਬ ਕਿਤਾਬ ਤੇ ਵਹੀ ਖਾਤੇ ਉਤੇ ਲੰਡੇ ਲਿਖਦਾ। ਮਾਸੜ ਸਾਰੇ ਪਿੰਡ ਦੀ ਲਿਖਤ ਕਰਦਾ, ਕਿਸੇ ਨੇ ਕਿਸੇ ਨਾਲ ਸੌਦਾ ਕੀਤਾ, ਵਹੀ ਲੈਕੇ ਮਾਸੜ ਕੋਲ ਆਉਂਦੇ ਤੇ ਲਿਖਤ ਕਰਵਾਉਂਦੇ। ਬੜਾ ਪੱਕਾ ਵਿਸ਼ਵਾਸ਼ ਸੀ ਲੋਕਾਂ ਨੂੰ ਮਾਸੜ ਦੀ ਲਿਖਤ ਉਤੇ। ਮਾਸੜ ਕੋਲ ਜੰਤਰੀ ਪਈ ਹੁੰਦੀ, ਲੋਕੀ ਤਿੱਥ ਤਿਉਹਾਰ, ਦਿਨ ਵਾਰ ਤੇ ਪੁੰਨਿਆ,ਮੱਸਿਆ, ਪੈਚਕਾਂ, ਨਰਾਤੇ ਤੇ ਕਈ ਕੁਝ ਪੁਛਣ ਤੁਰੇ ਆਉਂਦੇ। ਮਾਸੜ ਦੀ ਹੱਟੀ ਬੜੀ ਮਸ਼ਹੂਰ ਸੀ ਤੇ ਕੰਮ ਵੀ ਬੜਾ ਸੀ। ਬੀੜ ਵਿੱਚ ਬੈਠੀ ਫੌਜ ਵੀ ਸੌਦਾ ਪੱਤਾ ਲਿਜਾਂਦੀ। ਬੀੜ ਵਿਚ ਚਾਂਦਮਾਰੀ ਹੁੰਦੀ, ਡਿਗਦੇ ਬੰਬਾਂ ਦਾ ਲੋਹਾ ਚੁਗਣ ਲਈ ਆਸੇ ਪਾਸੇ ਦੇ ਪਿੰਡਾਂ ਦੇ ਲੋਕ ਬਹੁਤ ਜਾਂਦੇ। ਲੋਹੇ ਤੋਂ ਇਲਾਵਾ ਤਾਂਬਾ, ਜਿਸਤ, ਪਿੱਤਲ ਤੇ ਸਿਲਵਰ ਵੀ ਨਿਕਲਦਾ ਸੀ ਤੇ ਖੂਬ ਪੈਸੇ ਵੱਟੇ ਜਾਂਦੇ। ਫਿਰ ਕੁਝ ਦਿਨਾਂ ਬਾਅਦ ਲੋਹੇ ਦੇ ਵਪਾਰੀਆਂ ਦਾ ਟਰੱਕ ਆਉਂਦਾ, ਮਾਸੜ ਸਾਰਾ ਲੋਹਾ ਚੁਕਵਾ ਦਿੰਦਾ। ਮਾਸੜ ਦੇ ਮੁੰਡੇ ਦਿਆਲ ਤੇ ਦੀਪਾ ਖੇਤ ਦਾ ਕੰਮ ਸਾਂਭਦੇ ਸਨ ਤੇ ਬੜਾ ਖ਼ੂਬਸੂਰਤ ਵੇਲਾ ਲੰਘ ਰਿਹਾ ਸੀ।

**ਸੰਪਰਕ** : 94174-21700

## ਸਫ਼ਾ 3 ਦੀ ਬਾਕੀ

## ਸਮਾਜਿਕ ਮਸਲਿਆਂ ਦਾ ਪਾਤਰ-ਕੇਂਦਰਤ ਬਿਰਤਾਂਤ ...

ਕਹਾਣੀ ਹੈ। ਇਸ ਕਹਾਣੀ ਵਿਚ ਕਹਾਣੀਕਾਰ ਨੇ ਜਿਸ ਪਾਤਰ ਨੂੰ ਬਿਰਤਾਂਤਕਾਰ ਵਜੋਂ ਸਥਾਪਤ ਕੀਤਾ ਹੈ, ਉਸ ਦੇ ਚੇਤੰਨ ਜ਼ਿਹਨ ਵਿਚਲੀ ਖ਼ੁਸ਼ੀ ਅਤੇ ਅਵਚੇਤਨ ਵਿਚਲਾ ਮਾਨਸਿਕ ਤਣਾਅ ਦੋਹਾਂ ਨੂੰ ਕਹਾਣੀ ਵਿਚ ਚਿਤਰਿਤ ਕੀਤਾ ਹੈ। ਇਸ ਦੇ ਨਾਲ ਹੀ ਬਿਰਤਾਂਤਕਾਰ ਪੇਂਡੂ ਰਹਿਤਲ ਦੀ ਮਾਨਸਿਕਤਾ ਵਿੱਚ ਡੂੰਘੀ ਬੈਠ ਚੁੱਕੀ ਸਥਾਪਤ ਪਿੱਤਰ ਸੱਤਾ ਅਤੇ ਜਾਇਦਾਦ ਦਾ ਅਸਲ ਵਾਰਸ ਪੁੱਤਰ ਨੂੰ ਸਾਬਤ ਕਰਨ ਦੀ ਗੱਲ ਵੀ ਕਰਦਾ ਹੈ। ਉਸ ਦਾ ਆਪਣੇ ਨਾਨਕੇ ਘਰ ਪਲਣ ਦਾ ਕਾਰਨ ਨਾਨੇ ਦਾ ਕੋਈ ਪੁੱਤ ਨਾ ਹੋਣਾ ਸੀ, ਪਰ ਬਾਅਦ ਵਿੱਚ ਪਿੰਡ ਵਿੱਚ ਆਪਣਾ ਨਾਂਅ ਕਾਇਮ ਰੱਖਣ ਲਈ ਉਸ ਦਾ ਨਾਨਾ ਅੱਧੀ ਜ਼ਮੀਨ ਆਪਣੇ ਭਤੀਜੇ ਨਾਂਅ ਵੀ ਕਰ ਦਿੰਦਾ ਹੈ, ਜਿਸ ਕਾਰਨ ਬਿਰਤਾਂਤਕਾਰ ਵਾਪਸ ਆਪਣੇ ਪਿੰਡ ਆ ਜਾਂਦਾ ਹੈ। ਹੁਣ ਇੰਨੇ ਸਾਲਾਂ ਬਾਅਦ ਜਦ ਉਸ ਦਾ ਉਹ ਮਾਮਾ ਉਸ ਜ਼ਮੀਨ ਦੇ ਨਾਲ ਲੱਗਦੀ ਹੋਰ ਜ਼ਮੀਨ ਖ਼ਰੀਦਦਾ ਹੈ ਤਾਂ ਇੱਕ ਪਾਸੇ ਤਾਂ ਉਸ ਨੂੰ ਆਪਣੇ ਨਾਨਕਿਆਂ ਦੁਆਰਾ ਹੋਰ ਜ਼ਮੀਨ ਖ਼ਰੀਦਣ 'ਤੇ ਖ਼ੁਸ਼ੀ ਹੁੰਦੀ ਹੈ, ਪਰ ਨਾਲ ਹੀ ਉਸ ਨੂੰ ਇਸ ਗੱਲ ਦਾ ਤਣਾਅ ਵੀ ਹੈ ਕਿ ਉਹਨਾਂ ਦੇ ਹੱਥ ਇੰਨੇ ਪੈਸੇ ਕਿੱਥੋਂ ਆ ਗਏ। ਉਹ ਕਹਾਣੀ ਦੇ ਵੱਖਰੇ ਬਿਰਤਾਂਤਕ ਪਾਸਾਰਾਂ ਵਿੱਚ ਵਾਰ-ਵਾਰ ਇਸ ਗੱਲ ਦਾ ਜ਼ਿਕਰ ਕਰਦਾ ਹੈ ਕਿ ਉਹਨਾਂ ਕੋਲ ਕਾਰੂੰ ਦਾ ਖਜ਼ਾਨਾ ਕਿੱਥੋਂ ਆਇਆ ? ਕਹਾਣੀਕਾਰ ਨੇ ਬੜੇ ਕਲਾਤਮਿਕ ਢੰਗ ਨਾਲ ਇਕ ਸ਼ਖ਼ਸੀਅਤ ਦੇ ਦੋ ਪੱਖ ਪੇਸ਼ ਕੀਤੇ ਹਨ। ਇਸ ਸੰਬੰਧ ਵਿੱਚ ਕਹਾਣੀ ਦਾ ਅੰਤਿਮ ਉਪ ਬਿਰਤਾਂਤ ਵੇਖਿਆ ਜਾ ਸਕਦਾ ਹੈ। ਬੱਸ 'ਚ ਆਉਂਦੇ ਹੋਏ ਮੈਂ ਸੋਚਣ ਲੱਗਾ, 'ਜਿਹੜੇ ਬੰਦੇ ਨੂੰ ਇੱਕ ਡੰਗ ਰੋਟੀ ਦਾ ਫ਼ਿਕਰ ਸੀ, ਉਹ ਜ਼ਮੀਨਾਂ ਖਰੀਦਦਾ। ਕੁਦੇਸਣ ਦਾ ਮੁੰਡਾ, ਜੀਹਨੂੰ ਕੋਈ ਸਾਕ ਨਹੀਂ ਸੀ ਕਰਦਾ। ਪਿੰਡ ਦੇ ਲੋਕ ਬੰਦਾ ਨਹੀਂ ਸੀ ਮੰਨਦੇ। ਪਿੰਡ ਦਾ ਲੰਬੜਦਾਰ ਬਣ ਗਿਆ। ਲੰਬੜਦਾਰੀ ਤਾਂ ਦਾਦੇ ਲਾਹੀ ਹੁੰਦੀ ਆ। ਪਿੰਡ 'ਚ ਵੀ ਚੌਧਰ ਹੋ ਗਈ ਪੂਰੀ। ਮੈਂ ਤਾਂ ਯੁੱਗ ਬਦਲਦੇ ਦੇਖ-ਲੇ।... ਬਿੰਦਰ ਮਾਮੇ ਨੂੰ ਪਤਾ ਨਹੀਂ ਕਿੱਥੋਂ ਕਾਰੂੰ ਦਾ ਖਜ਼ਾਨਾ ਮਿਲ ਗਿਆ ? ਗਿੱਦੜ ਸਿੰਗੀ ਵੀ ਇਹਦੇ ਹੱਥ ਲੱਗਗੀ... ਦੋ ਨੰਬਰ ਦੇ ਪੈਸੇ ਬਿਨਾਂ ਜ਼ਮੀਨਾਂ ਕਿੱਥੇ ਖਰੀਦ ਹੁੰਦੀਆਂ।' (ਪੰਨਾ 75) ਕਹਾਣੀ 'ਮਾਇਆ' ਪਿੰਡ ਦੇ ਇੱਕ ਆਮ ਕਾਰੋਬਾਰੀ ਮਨੁੱਖ ਦੇ ਆਪਣੀ ਕਮਾਈ ਨਾਲ ਕੀਤੇ ਮੋਹ ਦੀ ਕਹਾਣੀ ਹੈ। ਉਸ ਦੇ ਸੂਮਪੁਣੇ ਦੇ ਕਿੱਸੇ ਪੂਰੇ ਪਿੰਡ ਵਿੱਚ ਮਸ਼ਹੂਰ ਸਨ। ਕਹਾਣੀਕਾਰ ਨੇ ਬੀਰੂ ਮੱਲ ਦੇ ਰੂਪ ਵਿੱਚ ਇਕ ਯਥਾਰਥਕ ਪਾਤਰ ਘੜਿਆ ਹੈ, ਜੋ ਸਾਰੀ ਜ਼ਿੰਦਗੀ ਕਮਾਈ ਕਰ-ਕਰ ਪੈਸਾ ਜੋੜਦਾ ਰਹਿੰਦਾ ਹੈ, ਪਰ ਇਹੀ ਜੋੜੀ ਹੋਈ ਕਮਾਈ ਹੀ ਉਸ ਦੀ ਮੌਤ ਦਾ ਕਾਰਨ ਵੀ ਬਣਦੀ ਹੈ। ਉਸ ਦਾ ਆਪਣਾ ਭਰਾ ਮੂਰਤੀ ਮੱਲ ਉਸ ਦੀ ਮੌਤ ਤੋਂ ਬਾਅਦ ਉਸ ਦੀ ਜਮ੍ਹਾਂ ਪੂੰਜੀ ਦਾ ਹੱਕਦਾਰ ਬਣਦਾ ਹੈ। ਕਹਾਣੀ 'ਡਾਇਣ' ਇੱਕ ਚਰਿੱਤਰਹੀਣ ਔਰਤ ਦੀ ਕਹਾਣੀ ਹੈ, ਜਿਸ ਦੇ ਬੁਰੇ ਅਮਲਾਂ ਦਾ ਖ਼ਮਿਆਜ਼ਾ ਉਸ ਦੀ ਔਲਾਦ ਨੂੰ ਭੁਗਤਣਾ ਪੈਂਦਾ ਹੈ। ਇਸ ਕਹਾਣੀ ਵਿੱਚ ਰਾਣੋ ਨਾਂਅ ਦੀ ਕੁੜੀ ਦੀ ਸੰਘਰਸ਼ਸ਼ੀਲ ਜ਼ਿੰਦਗੀ ਨੂੰ ਚਿਤਰਤ ਕੀਤਾ ਗਿਆ ਹੈ। ਉਸ ਦੀ ਮਾਂ ਦੇ ਬੁਰੇ ਕਰਮਾਂ ਕਰਕੇ ਉਹ ਸਾਰੀ ਜ਼ਿੰਦਗੀ ਦੁੱਖ ਝੱਲਦੀ ਹੈ, ਪਰ ਇਸ ਕਹਾਣੀ ਵਿੱਚ ਅਨੈਤਿਕ ਵਰਤਾਰਿਆਂ ਬਦਲੇ ਆਰਥਿਕਤਾ ਨੂੰ ਵੀ ਕਾਰਨ ਬਣਾ ਕੇ ਪੇਸ਼ ਕੀਤਾ ਗਿਆ ਹੈ। ਇਹ ਕਹਾਣੀ ਕਹਾਣੀਕਾਰ ਨੇ ਵੱਖਰੇ ਸਿਰਲੇਖਾਂ ਅਧੀਨ ਲਿਖ ਕੇ ਇਕ ਨਿਵੇਕਲੀ ਜੁਗਤ ਨੂੰ ਅਪਣਾਇਆ ਹੈ। ਇਸ ਕਹਾਣੀ ਸੰਗ੍ਰਹਿ ਦੀ ਅੰਤਿਮ ਕਹਾਣੀ 'ਅੱਗ ਦੀ ਲਾਟ' ਪਰਵਾਰ ਕਾਰਨ ਆਪਣਾ ਆਪ ਦਾਅ 'ਤੇ ਲਾਉਣ ਵਾਲੀ ਔਰਤ ਦੀ ਕਹਾਣੀ ਹੈ। ਆਪਣੇ ਘਰ ਪਰਵਾਰ ਅਤੇ ਪਤੀ ਲਈ ਕੀਤੇ ਸਮਝੌਤਿਆਂ ਕਾਰਨ ਉਸ ਦਾ ਬਾਹਰੀ ਸੁਹੱਪਣ ਅਤੇ ਸੁੰਦਰਤਾ ਸਥਾਪਤ ਪੈਮਾਨਿਆਂ ਦੇ ਬਰਾਬਰ ਨਹੀਂ ਰਹਿੰਦੇ, ਜਿਸ ਕਾਰਨ ਉਸ ਦੇ ਪਤੀ ਦੀ ਉਸ ਵਿੱਚ ਦਿਲਚਸਪੀ ਘਟ ਜਾਂਦੀ ਹੈ। ਕਹਾਣੀਕਾਰ ਨੇ ਇਸ ਕਹਾਣੀ ਨੂੰ ਸਿਖਰ ਵੱਲ ਲੈ ਜਾਂਦਿਆਂ ਉਸ ਦੀ ਲਿਆਕਤ ਅਤੇ ਉਸ ਦੇ ਅੰਦਰੂਨੀ ਸੁਹੱਪਣ ਨੂੰ ਪੇਸ਼ ਕੀਤਾ ਹੈ। ਇਕ ਨਰਸ ਦੀ ਨੌਕਰੀ ਦੌਰਾਨ ਕੀਤੇ ਕੰਮਾਂ ਕਾਰਨ ਉਸ ਦੀ ਸਿਫ਼ਤ ਦਰਸਾਉਂਦੀਆਂ ਸਤਰਾਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਕਿਸੇ ਪ੍ਰਸ਼ੰਸਕ ਦਾ ਸੰਵਾਦ ਹੈ, ... ਮੈਂ ਮਾਫੀ ਚਾਹੁੰਨਾਂ ਉਸ ਦਿਨ ਤੋਂ ਬਾਅਦ ਮੈਂ ਇੱਕ ਮਿੰਟ ਵੀ ਤੁਹਾਨੂੰ ਭੁਲਾ ਨਹੀਂ ਸਕਿਆ।... ਇੰਨਾ ਹਸੀਨ ਮੈਂ ਕਦੇ ਕੋਈ ਦੇਖਿਆ ਨਹੀਂ।... ਜਦੋਂ ਮੇਰੇ ਅੰਦਰਲਾ 'ਮਜਨੂੰ' ਦੁਨੀਆ ਦੀ ਸਭ ਤੋਂ ਸੋਹਣੀ ਸੂਰਤ ਨੂੰ ਦੇਖਣਾ ਚਾਹੁੰਦਾ ਤਾਂ ਮੈਂ ਪਟਿਆਲੇ ਤੋਂ ਬੱਸ ਚੜ੍ਹ ਕੇ ਤੁਹਾਡੇ ਹਸਪਤਾਲ ਆ ਜਾਂਦਾ। ਚੋਰੀ-ਚੋਰੀ ਦੂਰੋਂ ਦੇਖਦਾ ਰਹਿੰਦਾ। ਸਾਲ 'ਚ ਕਈ-ਕਈ ਵਾਰ ਮੈਂ ਤੁਹਾਨੂੰ ਦੇਖ ਕੇ ਜਾਂਦਾ। ਕਦੀ ਇਹ ਗੁਨਾਹ ਲੱਗਦਾ, ਪਰ ਹਟ ਨਾ ਹੁੰਦਾ।... ਤੁਹਾਨੂੰ ਦੇਖ ਕੇ ਮੈਨੂੰ ਨਵੀਂ ਊਰਜਾ ਮਿਲਦੀ। ... ਫਿਰ ਮੈਂ ਪਟਿਆਲੇ ਜਾ ਕੇ ਕੰਮ 'ਚ ਜੁਟ ਜਾਂਦਾ । .. ਅੱਜ ਫਿਰ ਤੁਸੀਂ ਰੱਬ ਬਣ ਕੇ ਬਹੁੜੇ ਓ... ਮੇਰੀ ਬੱਚੀ ਤੇ ਦੋਹਤੀ ਦੀ ਜਾਨ ਬਚਾ ਕੇ। (ਪੰਨਾ 119)

ਕਹਾਣੀ ਸੰਗ੍ਰਹਿ ਵਿੱਚ ਕਹਾਣੀਕਾਰ ਨੇ ਮੁਹਾਵਰੇਦਾਰ ਭਾਸ਼ਾ ਦੀ ਵਰਤੋਂ ਕੀਤੀ ਹੈ। ਠੇਠ ਇਲਾਕਾਈ ਬੋਲੀ ਹੋਣ ਕਾਰਨ ਕਹਾਣੀ ਦੀ ਰਵਾਨੀ ਵੀ ਅੰਤ ਤੱਕ ਕਾਇਮ ਰਹਿੰਦੀ ਹੈ। ਕਹਾਣੀਕਾਰ ਵੱਲੋਂ ਬਿਆਨੀਆ ਸ਼ੈਲੀ, ਪਿਛਲਝਾਤ ਸ਼ੈਲੀ ਅਤੇ ਆਤਮ ਚਿੰਤਨ ਢੰਗ ਵਰਤ ਕੇ ਬਿਰਤਾਂਤ ਸਿਰਜਿਆ ਗਿਆ ਹੈ ਅਤੇ ਲੋੜ ਅਨੁਸਾਰ ਵਰਣਨਾਤਮਕ ਅਤੇ ਵਾਰਤਾਲਾਪੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਇਸ ਢੰਗ ਨਾਲ ਕਹਾਣੀਕਾਰ ਇਸ ਨਵੇਂ ਕਹਾਣੀ-ਸੰਗ੍ਰਹਿ ਨਾਲ ਕਹਾਣੀ ਦੇ ਖੇਤਰ ਵਿੱਚ ਆਪਣੀ ਸਥਾਪਤ ਹੋਂਦ ਨੂੰ ਹੋਰ ਪੁਖਤਾ ਕਰਦਾ ਹੈ।

***ਸੰਪਰਕ***-98728-87551

## ਸਫ਼ਾ 1 ਦੀ ਬਾਕੀ

## ਮਜ਼ਦੂਰ ਸੰਘਰਸ਼ਾਂ ਨੂੰ ਕੁਚਲਣ ਲਈ ਭਗਵਾਂ...

ਮਜ਼ਦੂਰਾਂ ਦੀ ਜਾਨ ਦੀ ਸੁਰੱਖਿਆ ਦੀ ਪ੍ਰਵਾਹ ਕੀਤੀ ਜਾਂਦੀ ਹੈ। ਮਜ਼ਦੂਰਾਂ ਨੂੰ ਸਰਕਾਰ ਵੱਲੋਂ ਤੈਅ ਘੱਟੋ-ਘੱਟ ਉਜਰਤ ਵੀ ਨਹੀਂ ਦਿੱਤੀ ਜਾਂਦੀ।

ਵਧੇਰੇ ਜੋਖ਼ਮ ਵਾਲੇ ਉਦਯੋਗਾਂ ਵਿਚ ਸੇਫਟੀ ਉਪਾਵਾਂ ਦੀ ਅਣਹੋਂਦ ਕਾਰਨ ਕੰਮ ਦੇ ਹਾਲਾਤ ਹੋਰ ਵੀ ਜ਼ਿਆਦਾ ਖ਼ਤਰਨਾਕ ਹਨ। ਹਾਲ ਹੀ ਵਿਚ ਛੱਤੀਸਗੜ੍ਹ ਵਿਚ ਵੇਦਾਂਤ ਸਮੂਹ ਦੇ ਪਾਵਰ ਪਲਾਂਟ ਦਾ ਬੋਇਲਰ ਫਟਣ ਨਾਲ 24 ਮਜ਼ਦੂਰ ਅਤੇ ਫਿਰ 21 ਅਪ੍ਰੈਲ ਨੂੰ ਕੇਰਲਾ ਦੀ ਇਕ ਪਟਾਖਾ ਫੈਕਟਰੀ ਵਿਚ ਘੱਟੋ-ਘੱਟ 13 ਮਜ਼ਦੂਰ ਮਾਰੇ ਗਏ। ਫੈਕਟਰੀਆਂ ਵਿਚ ਅਜਿਹੇ ਹੌਲਨਾਕ ਕਾਂਡ ਅਤੇ ਆਏ ਦਿਨ ਠੇਕੇਦਾਰਾਂ ਵੱਲੋਂ ਬਿਨਾਂ ਸੇਫਟੀ ਸੀਵਰ ਵਿਚ ਉਤਾਰੇ ਜਾਂਦੇ ਸਫ਼ਾਈ ਮਜ਼ਦੂਰਾਂ ਦੀਆਂ ਦਰਦਨਾਕ ਮੌਤਾਂ ਕੰਮ ਦੇ ਅਤਿਅੰਤ ਅਸੁਰੱਖਿਅਤ ਹਾਲਾਤ ਦੀ ਗਵਾਹੀ ਦਿੰਦੇ ਹਨ।

ਰਾਜ ਮਸ਼ੀਨਰੀ ਅਤੇ ਕਾਰਪੋਰੇਟਾਂ ਦੇ ਲੱਠਮਾਰਾਂ ਵੱਲੋਂ ਮਜ਼ਦੂਰਾਂ ਵਿਰੁੱਧ ਦਿਨ-ਰਾਤ ਕੀਤੀ ਜਾਣ ਵਾਲੀ ਕਰੂਰ ਤੋਂ ਕਰੂਰ ਹਿੰਸਾ ਕਾਨੂੰਨੀ ਮੰਨੀ ਜਾਂਦੀ ਹੈ, ਪਰ ਜੇਕਰ ਮਜ਼ਦੂਰ ਇਸ ਹਿੰਸਾ ਤੋਂ ਆਪਣੀ ਰਾਖੀ ਲਈ ਕੋਈ ਜਵਾਬੀ ਕਾਰਵਾਈ ਕਰਦੇ ਹਨ ਤਾਂ ਅਜਿਹੀ 'ਬਦਅਮਨੀ' ਨੂੰ ਕੁਚਲਣ ਲਈ ਸਟੇਟ ਪੂਰੀ ਤਾਕਤ ਝੋਕ ਦਿੰਦਾ ਹੈ। ਜੁਡੀਸ਼ਰੀ ਵੀ ਕਾਰਪੋਰੇਟਾਂ ਦੇ ਹੱਕ ਵਿਚ ਭੁਗਤਦੀ ਹੈ। 2011-12 ਵਿਚ ਗੁੜਗਾਓਂ-ਮਾਨੇਸਰ ਦੇ ਮਾਰੂਤੀ-ਸੁਜ਼ੂਕੀ ਪਲਾਂਟ ਦੇ ਮਜ਼ਦੂਰਾਂ ਦੇ ਜੁਝਾਰੂ ਸੰਘਰਸ਼ ਨੂੰ ਸਰਕਾਰ ਅਤੇ ਕਾਰਪੋਰੇਟ ਮੈਨੇਜਮੈਂਟ ਵੱਲੋਂ ਮਿਲ ਕੇ ਬੇਕਿਰਕੀ ਨਾਲ ਕੁਚਲ ਦਿੱਤਾ ਗਿਆ ਸੀ ਅਤੇ ਸੰਘਰਸ਼ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਆਗੂਆਂ ਨੂੰ ਝੂਠੇ ਕੇਸਾਂ ਤਹਿਤ ਲੰਮੀਆਂ ਸਖ਼ਤ ਸਜ਼ਾਵਾਂ ਕਰਵਾਈਆਂ ਗਈਆਂ ਸਨ। ਹਾਲਾਂਕਿ ਉਹ ਕਿਰਤ ਕਾਨੂੰਨਾਂ ਨੂੰ ਲਾਗੂ ਕਰਨ ਦੀ ਮੰਗ ਕਰ ਰਹੇ ਸਨ।

ਅਜਿਹੀ ਵਿਆਪਕ ਬੇਚੈਨੀ ਪੂਰੇ ਮੁਲਕ ਵਿਚ ਹੈ, ਜੋ ਮਜ਼ਦੂਰਾਂ ਦੀ ਘੋਰ ਲੁੱਟ ਅਤੇ ਦਾਬੇ ਦਾ ਨਤੀਜਾ ਹੈ। ਸਟੇਟ ਨੇ ਸਰਮਾਏਦਾਰੀ ਨੂੰ ਮਜ਼ਦੂਰਾਂ ਦੀ ਬੇਕਿਰਕ ਲੁੱਟਖਸੁੱਟ ਲਈ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ। ਇਹ ਸੰਘਰਸ਼ ਕਿਸੇ ਵੱਲੋਂ ਚੁਆਤੀ ਲਾ ਕੇ ਭੜਕਾਈ ਹਿੰਸਾ ਨਹੀਂ, ਸਗੋਂ ਵਧ ਰਹੀ ਮਹਿੰਗਾਈ, ਉਜਰਤ ਵਿਚ ਲਗਾਤਾਰ ਖੜੋਤ, ਅਸਥਾਈ ਰੁਜ਼ਗਾਰ ਅਤੇ ਉਮੀਦ ਖਤਮ ਹੋਣ ਨਾਲ ਲੰਮੇ ਸਮੇਂ ਤੋਂ ਜਮ੍ਹਾਂ ਹੋ ਰਹੀ ਵਿਆਪਕ ਬੇਚੈਨੀ ਦਾ ਪ੍ਰਗਟਾਵਾ ਹੈ ਅਤੇ ਮਜ਼ਦੂਰਾਂ ਦਾ ਸੰਘਰਸ਼ ਪੂਰੀ ਤਰ੍ਹਾਂ ਜਾਇਜ਼ ਹੈ। ਮੰਗਾਂ ਲੱਗਭੱਗ ਸਭ ਥਾਈਂ ਇੱਕੋ ਜਹੀਆਂ ਹਨ : ਘੱਟੋ-ਘੱਟ ਤਨਖ਼ਾਹ ਵਿਚ ਲੋੜੀਂਦਾ ਵਾਧਾ ਕੀਤਾ ਜਾਵੇ, ਹਰ ਮਹੀਨੇ ਨਿਸ਼ਚਿਤ ਤਾਰੀਕ ਨੂੰ ਤਨਖ਼ਾਹ ਦਿੱਤੀ ਜਾਵੇ, ਕੰਮ ਦੇ ਘੰਟੇ ਤੈਅ ਕੀਤੇ ਜਾਣ, ਯਾਨੀ ਅੱਠ ਘੰਟੇ ਦੀ ਕੰਮ ਦਿਹਾੜੀ ਲਾਗੂ ਕੀਤੀ ਜਾਵੇ, ਓਵਰਟਾਈਮ ਦਾ ਦੁੱਗਣਾ ਭੁਗਤਾਨ ਤੇ ਹੋਰ ਬਕਾਏ ਸਮੇਂ ਸਿਰ ਦਿੱਤੇ ਜਾਣ, ਕੰਮ ਦੇ ਹਾਲਾਤ ਸੁਧਾਰ ਕੇ ਬੁਨਿਆਦੀ ਮਨੁੱਖੀ ਸਹੂਲਤਾਂ ਜਿਵੇਂ ਪੀਣ ਵਾਲਾ ਪਾਣੀ, ਕੰਟੀਨ ਵਿਚ ਚੰਗਾ ਖਾਣਾ, ਟਾਇਲਟਾਂ ਦਾ ਪ੍ਰਬੰਧ ਆਦਿ ਸਹੂਲਤਾਂ ਮੁਹੱਈਆ ਕਰਾਈਆਂ ਜਾਣ।

ਸਰਮਾਏਦਾਰੀ ਮੂਲ ਰੂਪ 'ਚ ਬੇਕਿਰਕ ਲੁੱਟ ਉੱਪਰ ਆਧਾਰਤ ਹੈ। ਇਸ ਵੱਲੋਂ ਆਪਣੇ ਮੁਨਾਫ਼ੇ ਵਧਾਉਣ ਲਈ ਕੀਤੀ ਜਾਣ ਵਾਲੀ ਮਨਮਾਨੀ ਲੁੱਟਖਸੁੱਟ ਨੂੰ ਨਕੇਲ ਪਾਉਣ ਅਤੇ ਆਪਣੇ ਹੱਕ ਲੈਣ ਲਈ ਮਜ਼ਦੂਰਾਂ ਨੇ ਬੇਸ਼ੁਮਾਰ ਸੰਘਰਸ਼ ਕੀਤੇ। ਮਈ ਦਿਵਸ ਸਮੇਤ ਲਹੂ-ਡੋਲ੍ਹਵੇਂ ਮਜ਼ਦੂਰ ਸੰਘਰਸ਼ਾਂ ਦਾ ਬਹੁਤ ਲੰਮਾ ਸ਼ਾਨਾਮੱਤਾ ਇਤਿਹਾਸ ਹੈ। ਦੁਨੀਆ ਭਰ 'ਚ ਸਰਕਾਰਾਂ ਨੂੰ ਮਜ਼ਦੂਰ ਸੰਘਰਸ਼ਾਂ ਦੇ ਦਬਾਅ ਹੇਠ ਕਿਰਤ ਕਾਨੂੰਨ ਬਣਾਉਣੇ ਪਏ। ਸਰਕਾਰਾਂ ਵੱਲੋਂ ਸਰਮਾਏਦਾਰੀ ਦੇ ਹਿੱਤਾਂ ਲਈ ਇਨ੍ਹਾਂ ਕਾਨੂੰਨਾਂ ਨੂੰ ਕਮਜ਼ੋਰ ਤੇ ਬੇਅਸਰ ਕਰਨ ਜਦਕਿ ਮਜ਼ਦੂਰਾਂ ਤੇ ਟਰੇਡ ਯੂਨੀਅਨਾਂ ਵੱਲੋਂ ਇਨ੍ਹਾਂ ਦੀ ਰਾਖੀ ਤੇ ਅਮਲਦਾਰੀ ਲਈ ਯਤਨਾਂ ਦਰਮਿਆਨ ਹਮੇਸ਼ਾ ਜ਼ੋਰ-ਅਜ਼ਮਾਈ ਹੁੰਦੀ ਰਹੀ ਹੈ। ਇਕ ਪਾਸੇ ਸਾਮਰਾਜੀ ਤੇ ਸਥਾਨਕ ਅਜਾਰੇਦਾਰ ਸਰਮਾਏਦਾਰੀ ਵੱਲੋਂ ਮਜ਼ਦੂਰ ਜਮਾਤ ਦੀ ਸਮੂਹਿਕ ਤਾਕਤ ਨੂੰ ਸੱਟ ਮਾਰਨ ਲਈ ਸਮੁੱਚੇ ਕਾਰੋਬਾਰੀ ਖੇਤਰ ਦੀ ਨਵੀਂ ਢਾਂਚਾਬੰਦੀ ਕੀਤੀ ਜਾਂਦੀ ਰਹੀ ਹੈ, ਜਿਸ ਕਾਰਨ ਸਥਾਈ ਮਜ਼ਦੂਰ ਤਾਕਤ ਘਟਦੀ ਗਈ ਅਤੇ ਟਰੇਡ ਯੂਨੀਅਨਾਂ ਕਮਜ਼ੋਰ ਹੁੰਦੀਆਂ ਗਈਆਂ। ਦੂਜੇ ਪਾਸੇ ਦੁਨੀਆ ਭਰ 'ਚ ਸਮਾਜਵਾਦੀ ਕੈਂਪ ਦੇ ਟੁੱਟਣ ਨਾਲ ਮਜ਼ਦੂਰ ਜਮਾਤ ਦੀ ਮੁਕਤੀ ਦੇ ਕਾਜ ਨੂੰ ਵੱਡੀ ਪਛਾੜ ਦਾ ਸਾਹਮਣਾ ਕਰਨਾ ਪਿਆ। ਇਸ ਪਛਾੜ ਦਾ ਲਾਹਾ ਲੈ ਕੇ ਸਾਮਰਾਜੀ ਸਰਮਾਏਦਾਰੀ ਵਕਤੀ ਤੌਰ 'ਤੇ ਇਹ ਬਿਰਤਾਂਤ ਸਥਾਪਤ ਕਰਨ 'ਚ ਸਫ਼ਲ ਹੋ ਗਈ ਕਿ ਸਮਾਜਵਾਦ ਹਮੇਸ਼ਾ ਲਈ ਗ਼ੈਰਵਿਹਾਰਕ ਸਾਬਤ ਹੋ ਚੁੱਕਾ ਹੈ। ਇਹ ਧੂੰਆਂਧਾਰ ਪ੍ਰਚਾਰ ਕੀਤਾ ਗਿਆ ਕਿ 'ਸਰਮਾਏਦਾਰੀ ਦਾ ਕੋਈ ਬਦਲ ਨਹੀਂ ਹੈ' ਅਤੇ ਇੱਕੋ-ਇਕ ਟਿਕਾਊ ਪ੍ਰਬੰਧ ਦੇ ਤੌਰ 'ਤੇ ਸਰਮਾਏਦਾਰੀ ਹੀ ਮਨੁੱਖਤਾ ਦਾ ਭਵਿੱਖ ਹੈ। ਸਾਮਰਾਜੀ ਸਰਮਾਏਦਾਰੀ ਦਾ ਤਾਬੜਤੋੜ ਹਮਲਾ ਹਰ ਪਾਸਿਓਂ ਹੈ। ਮਜ਼ਦੂਰ ਸ਼ਕਤੀ ਟੁਕੜਿਆਂ ਵਿਚ ਵੰਡ ਦਿੱਤੀ ਗਈ ਹੈ ਅਤੇ ਟਰੇਡ ਯੂਨੀਅਨਾਂ ਦਾ ਲੜਾਕੂ ਮਨੋਬਲ ਕਮਜ਼ੋਰ ਹੋਇਆ ਹੈ। ਜਦੋਂ ਸਾਮਰਾਜੀ ਤੇ ਸਥਾਨਕ ਕਾਰਪੋਰੇਟ ਸਰਮਾਏ ਦੇ ਹਿੱਤ 'ਚ ਵੱਖ-ਵੱਖ ਮੁਲਕਾਂ ਵਿਚ ਨਵਉਦਾਰ ਆਰਥਿਕ ਮਾਡਲ ਥੋਪਣ ਜ਼ਰੀਏ ਮਜ਼ਦੂਰ ਜਮਾਤ ਦੀਆਂ ਇਤਿਹਾਸਕ ਪ੍ਰਾਪਤੀਆਂ ਨੂੰ ਪੁੱਠਾ ਗੇੜਾ ਦੇਣਾ ਸ਼ੁਰੂ ਕਰ ਦਿੱਤਾ ਗਿਆ ਅਤੇ ਮਜ਼ਦੂਰ ਹਿੱਤਾਂ ਉੱਪਰ ਹੋਰ ਵੀ ਤਿੱਖੇ ਹਮਲੇ ਵਿੱਢ ਦਿੱਤੇ ਗਏ ਤਾਂ ਟਰੇਡ ਯੂਨੀਅਨਾਂ ਇਸ ਨੂੰ ਠੱਲ੍ਹ ਪਾਉਣ ਲਈ ਕਾਰਗਰ ਲੜਾਈ ਨਹੀਂ ਲੜ ਸਕੀਆਂ।

ਇਸ ਦਰਮਿਆਨ ਡਿਜੀਟਲ ਤਕਨਾਲੋਜੀ ਦੇ ਤੇਜ਼ੀ ਨਾਲ ਫੈਲਾਅ ਕਾਰਨ ਕਈ ਤਬਦੀਲੀਆਂ ਵੀ ਹੋ ਰਹੀਆਂ ਹਨ। ਕਾਰੋਬਾਰੀ ਅਤੇ ਸੇਵਾਵਾਂ ਦੇ ਖੇਤਰ ਵਿਚ ਕੰਪਿਊਟਰ/ਆਈ.ਟੀ. ਪ੍ਰੋਫੈਸ਼ਨਲਾਂ ਦਾ ਮਹੱਤਵ ਅਤੇ ਗਿਣਤੀ ਦੋਵੇਂ ਵਧੇ ਹਨ। ਇਨ੍ਹਾਂ ਚਿੱਟ-ਕਾਲਰੀ ਕੈਟੇਗਰੀਆਂ ਨੂੰ ਇਹ ਤਾਂ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀ ਮਿਹਨਤ ਬੇਕਿਰਕੀ ਨਾਲ ਲੁੱਟੀ ਜਾ ਰਹੀ ਹੈ, ਪਰ ਉਹ ਮਜ਼ਦੂਰਾਂ ਵਾਂਗ ਸਮੂਹਿਕ ਲੜਾਈ ਲੜਨ ਵਿਚ ਰੁਚੀ ਨਹੀਂ ਲੈਂਦੇ। ਗਿਗ ਵਰਕਰਾਂ ਸਮੇਤ ਮਜ਼ਦੂਰੀ ਦੇ ਕੁਝ ਹੋਰ ਰੂਪ ਵੀ ਉੱਭਰੇ ਹਨ। ਕੰਮ ਦੇ ਲੱਕਤੋੜ ਬੋਝ ਅਤੇ ਅੰਨ੍ਹੀ ਲੁੱਟ-ਖਸੁੱਟ ਕਾਰਨ ਉਨ੍ਹਾਂ ਵੱਲੋਂ ਆਪਣੇ ਹਿੱਤਾਂ ਲਈ ਸਮੂਹਿਕ ਸੰਘਰਸ਼ ਕਰਨ ਦੀਆਂ ਕੁਝ ਮਿਸਾਲਾਂ ਵੀ ਦੇਖਣ 'ਚ ਆਈਆਂ ਹਨ।

ਮਜ਼ਦੂਰ ਜਮਾਤ ਦੇ ਫ਼ਲਸਫ਼ੇ ਦੀਆਂ ਹਾਰਾਂ ਤੋਂ ਮਾਯੂਸ ਕੁਝ ਮਜ਼ਦੂਰ ਹਿਤੈਸ਼ੀ ਬੁੱਧੀਮਾਨਾਂ ਵਿਚ ਟਰੇਡ ਯੂਨੀਅਨਾਂ ਦੇ ਗ਼ੈਰਪ੍ਰਸੰਗਿਕ ਹੋਣ ਦੀ ਸੋਚ ਵੀ ਉੱਭਰੀ ਹੈ। ਅਜਿਹੀਆਂ ਦਲੀਲਾਂ ਦੇਣ ਵਾਲੇ ਇਸ ਹਕੀਕਤ ਨੂੰ ਨਹੀਂ ਸਮਝ ਰਹੇ ਕਿ ਕਿਰਤ ਸ਼ਕਤੀ ਦੇ ਰੂਪ ਅਤੇ ਬਣਤਰ ਵਿਚ ਤਬਦੀਲੀਆਂ ਹੋਈਆਂ ਹਨ। ਜਦੋਂ ਸਰਮਾਏਦਾਰੀ ਦੀ ਮੂਲ ਲੋਟੂ ਖ਼ਸਲਤ ਨਹੀਂ ਬਦਲੀ ਤਾਂ ਉਸ ਵਿਰੁੱਧ ਸਮੂਹਿਕ ਸੰਘਰਸ਼ਾਂ ਦੀ ਲੋੜ ਅਤੇ ਟਰੇਡ ਯੂਨੀਅਨਾਂ ਦੀ ਮਹੱਤਤਾ ਕਿਵੇਂ ਖ਼ਤਮ ਹੋ ਜਾਵੇਗੀ। ਮੌਜੂਦਾ ਸੰਘਰਸ਼ਾਂ ਨੇ ਜਿੱਥੇ ਆਪ-ਮੁਹਾਰੇ ਸੰਘਰਸ਼ ਦੀ ਸੀਮਤਾਈ ਦਿਖਾ ਕੇ ਟਰੇਡ ਯੂਨੀਅਨਾਂ ਦੀ ਪ੍ਰਸੰਗਿਕਤਾ ਦੀ ਪੁਸ਼ਟੀ ਕੀਤੀ ਹੈ, ਉੱਥੇ ਰਵਾਇਤੀ ਟਰੇਡ ਯੂਨੀਅਨਾਂ ਵੱਲੋਂ ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਧੜੱਲੇ ਨਾਲ ਪਹਿਲਕਦਮੀ ਕਰਨ ਅਤੇ ਵਿਉਂਤਬੱਧ ਰੂਪ 'ਚ ਸੰਘਰਸ਼ ਵਿੱਢ ਕੇ ਮਜ਼ਦੂਰ ਤਾਕਤ ਨੂੰ ਸਹੀ ਦਿਸ਼ਾ ਦੇਣ ਦੀ ਘਾਟ ਕਾਫ਼ੀ ਰੜਕਵੀਂ ਹੈ। ਸਥਾਪਤ ਟਰੇਡ ਯੂਨੀਅਨ ਸੈਂਟਰਾਂ ਵੱਲੋਂ ਕਿਰਤ ਕਾਨੂੰਨਾਂ ਵਿਚ ਰੱਦੋਬਦਲ ਵਿਰੁੱਧ ਅਤੇ ਹੋਰ ਮੁੱਦੇ ਉਠਾ ਕੇ ਸਮੇਂ-ਸਮੇਂ 'ਤੇ ਹੜਤਾਲ ਜਾਂ ਹੋਰ ਰੂਪਾਂ ਵਿਚ ਅੰਦੋਲਨ ਦੇ ਸੱਦੇ ਦਿੱਤੇ ਜਾਂਦੇ ਹਨ। ਇਨ੍ਹਾਂ ਸੱਦਿਆਂ ਨੂੰ ਬਹੁਤ ਸੀਮਤ ਹੁੰਗਾਰਾ ਮਿਲਦਾ ਹੈ। ਇਸੇ ਦੌਰਾਨ ਉਦਯੋਗਿਕ ਖੇਤਰਾਂ ਵਿਚ ਵਿਆਪਕ ਸੰਘਰਸ਼ਾਂ ਦਾ ਆਪਮੁਹਾਰੇ ਉੱਠਣਾ ਦੱਸਦਾ ਹੈ ਕਿ ਹਾਲਾਤ ਉੱਪਰ ਲੀਡਰਸ਼ਿੱਪ ਦੀ ਲੋੜੀਂਦੀ ਪਕੜ ਨਹੀਂ ਹੈ ਅਤੇ ਰਵਾਇਤੀ ਟਰੇਡ ਯੂਨੀਅਨਾਂ ਦੀ ਮਜ਼ਦੂਰ ਜਮਾਤ ਵਿਚ ਸਾਖ ਬੇਹੱਦ ਕਮਜ਼ੋਰ ਹੋ ਚੁੱਕੀ ਹੈ।

ਇਹ ਸੀਮਤਾਈ ਭਾਰਤ ਵਿਚ 1990ਵਿਆਂ ਦੇ ਸ਼ੁਰੂ ਤੋਂ ਲੈ ਕੇ ਪੜਾਅਵਾਰ ਤਰੀਕੇ ਨਾਲ ਲਾਗੂ ਕੀਤੀਆਂ 'ਨਵੀਆਂ ਆਰਥਿਕ ਨੀਤੀਆਂ' ਦੇ ਲਗਾਤਾਰ ਹਮਲੇ ਵਿਰੁੱਧ ਮਜ਼ਦੂਰ ਜਮਾਤ ਅਤੇ ਮੁਲਾਜ਼ਮਾਂ ਦੀਆਂ ਟਰੇਡ ਯੂਨੀਅਨਾਂ ਵੱਲੋਂ ਲਗਾਤਾਰ ਲੜੇ ਗਏ ਸੰਘਰਸ਼ਾਂ ਵਿਚ ਸਪੱਸ਼ਟ ਦੇਖੀ ਜਾ ਸਕਦੀ ਹੈ। ਕੁਝ ਸਮਿਆਂ 'ਤੇ ਖ਼ਾਸ ਖੇਤਰਾਂ ਵਿਚ ਕੁਝ ਅੰਸ਼ਕ ਪ੍ਰਾਪਤੀਆਂ ਵੀ ਹੁੰਦੀਆਂ ਰਹੀਆਂ, ਪਰ ਕਾਰਪੋਰੇਟ ਹਿਤੈਸ਼ੀ ਆਰਥਿਕ ਮਾਡਲ ਨੂੰ ਸਮੁੱਚੇ ਤੌਰ 'ਤੇ ਰੱਦ ਕਰਾਉਣ ਲਈ ਅਸਰਦਾਰ ਲੜਾਈ ਨਹੀਂ ਲੜੀ ਜਾ ਸਕੀ। ਨਤੀਜੇ ਵਜੋਂ, ਪੱਕੇ ਮਜ਼ਦੂਰਾਂ ਦੀ ਥਾਂ ਮੁੱਖ ਤੌਰ 'ਤੇ ਠੇਕਾ ਮਜ਼ਦੂਰੀ ਨੇ ਲੈ ਲਈ। ਠੇਕਾ ਮਜ਼ਦੂਰਾਂ ਦਾ ਕੱਚੀ ਨੌਕਰੀ ਦੇ ਤਹਿਤ ਬੇਹੱਦ ਨਿਗੂਣੀ ਤਨਖ਼ਾਹ ਉੱਪਰ ਬੇਕਿਰਕੀ ਨਾਲ ਲਹੂ ਨਿਚੋੜਿਆ ਜਾਂਦਾ ਹੈ। ਮਜ਼ਬੂਤ ਟਰੇਡ ਯੂਨੀਅਨਾਂ ਨਾ ਹੋਣ ਕਾਰਨ ਅਤੇ ਕਾਨੂੰਨਾਂ ਦਾ ਕੋਈ ਡਰ ਨਾ ਹੋਣ ਕਾਰਨ ਜਥੇਬੰਦ ਖੇਤਰ ਦੀ ਅਫ਼ਸਰਸ਼ਾਹੀ ਅਤੇ ਨਿੱਜੀ ਖੇਤਰ ਵਿਚ ਫੈਕਟਰੀ ਮੈਨੇਜਮੈਂਟਾਂ ਵਧੇਰੇ ਕਰੂਰਤਾ ਨਾਲ ਪੇਸ਼ ਆ ਰਹੀਆਂ ਹਨ। ਲੁੱਟਖਸੁੱਟ ਅਤੇ ਕੰਮ ਦੇ ਹਾਲਾਤ ਅਸਹਿ ਹੋ ਚੁੱਕੇ ਹਨ। ਮਜ਼ਦੂਰਾਂ ਦੀ ਕਿਰਤ ਵਿਭਾਗ ਕੋਲ ਨਾਮਨਿਹਾਦ ਸੁਣਵਾਈ ਵੀ ਖ਼ਤਮ ਕਰ ਦਿੱਤੀ ਗਈ ਹੈ। ਇਨ੍ਹਾਂ ਹਾਲਤਾਂ ਵਿਚ ਘੋਰ ਲੁੱਟਖਸੁੱਟ ਅਤੇ ਦਾਬੇ ਦੇ ਮਧੋਲੇ ਮਜ਼ਦੂਰਾਂ ਨੇ ਇਕ ਦਿਨ ਇਸ ਤੋਂ ਨਾਬਰ ਹੋਣਾ ਹੀ ਸੀ।

ਹਕੂਮਤ ਭਲੀਭਾਂਤ ਜਾਣਦੀ ਸੀ ਕਿ ਅਸੁਰੱਖਿਅਤ ਮਜ਼ਦੂਰਾਂ ਨੇ ਕਿਸੇ ਨਾ ਕਿਸੇ ਵਕਤ ਆਪਣੇ ਹਿੱਤਾਂ ਤੇ ਹੱਕਾਂ ਲਈ ਲੜਨ ਦੀ ਲੋੜ ਮਹਿਸੂਸ ਕਰਕੇ ਸਮੂਹਿਕ ਤਾਕਤ ਬਣ ਕੇ ਉੱਠਣਾ ਹੀ ਹੈ, ਇਸੇ ਦੀ ਪੇਸ਼ਬੰਦੀ ਵਜੋਂ ਪਿੱਛੇ ਜਹੇ ਭਗਵਾਂ ਹਕੂਮਤ ਵੱਲੋਂ ਕਾਰਪੋਰੇਟ ਸਰਮਾਏ ਦੀ ਸੇਵਾ ਲਈ ਕਿਰਤ ਕਾਨੂੰਨਾਂ ਨੂੰ ਬਦਲਿਆ ਗਿਆ ਹੈ। ਸਥਾਪਤ ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ ਚਾਰ ਕਿਰਤ ਕੋਡਾਂ ਦੇ ਨਾਂਅ ਹੇਠ ਬੇਹੱਦ ਖ਼ਤਰਨਾਕ ਕਾਨੂੰਨੀ ਰੱਦੋਬਦਲ ਕੀਤੀ ਗਈ ਹੈ, ਜਿਨ੍ਹਾਂ ਦੇ ਤਹਿਤ ਮਜ਼ਦੂਰਾਂ ਦੀ ਸੁਰੱਖਿਆ ਦੀ ਰਸਮੀ ਕਾਨੂੰਨੀ ਵਿਵਸਥਾ ਨੂੰ ਖ਼ਤਮ ਕਰਕੇ ਸਰਮਾਏਦਾਰੀ ਨੂੰ ਮਨਮਾਨੀਆਂ ਕਰਨ ਦੀ ਹੋਰ ਜ਼ਿਆਦਾ ਖੁੱਲ੍ਹ ਦੇ ਦਿੱਤੀ ਗਈ ਹੈ। ਕੇਂਦਰ ਸਰਕਾਰ ਦਾ ਇਹ ਕਿਰਤ ਕੋਡ ਬਣਾਉਣ ਅਤੇ ਲਾਗੂ ਕਰਨ ਪਿੱਛੇ ਅਸਲ ਮਕਸਦ ਮਜ਼ਦੂਰਾਂ ਦੇ ਹੜਤਾਲ ਦੇ ਹੱਕ ਅਤੇ ਆਪਣੇ ਹਿੱਤਾਂ ਲਈ ਸਮੂਹਿਕ ਸੌਦੇਬਾਜ਼ੀ ਕਰਨ ਦੇ ਹੱਕ ਨੂੰ ਕਾਨੂੰਨੀ ਤੌਰ 'ਤੇ ਬੇਅਸਰ ਬਣਾਉਣਾ ਅਤੇ ਸਰਮਾਏਦਾਰ ਕਾਰੋਬਾਰੀਆਂ ਦੀਆਂ ਮਨਮਾਨੀਆਂ ਨੂੰ ਕਾਨੂੰਨੀ ਰੂਪ ਦੇਣਾ ਹੈ। ਇਸ ਨਾਲ ਕਾਰਪੋਰੇਟ ਮੈਨੇਜਮੈਂਟਾਂ ਦੀਆਂ ਮਨਮਾਨੀਆਂ ਹੋਰ ਵੀ ਵਧ ਗਈਆਂ ਹਨ।

ਹਾਲੀਆ ਵਿਰੋਧ ਪ੍ਰਦਰਸ਼ਨ ਮੁੱਖ ਤੌਰ 'ਤੇ ਭਾਜਪਾ/ਐੱਨ.ਡੀ.ਏ. ਗੱਠਜੋੜ ਦੀਆਂ ਸਰਕਾਰਾਂ ਵਾਲੇ ਰਾਜਾਂ ਵਿੱਚ ਹੋਏ ਹਨ। ਭਾਜਪਾ ਸਰਕਾਰਾਂ ਨੇ ਨਵੇਂ ਲੇਬਰ ਕੋਡਾਂ ਦੇ ਆਧਾਰ 'ਤੇ ਨਵੇਂ ਕਿਰਤ ਨਿਯਮ (ਜੋ ਰਾਜ ਸਰਕਾਰਾਂ ਦਾ ਵਿਸ਼ਾ ਹਨ) ਤੁਰੰਤ ਭਾਜਪਾ/ਐੱਨ.ਡੀ.ਏ. ਸ਼ਾਸਨ ਵਾਲੇ ਰਾਜਾਂ ਵਿੱਚ ਲਾਗੂ ਕਰ ਦਿੱਤੇ। ਵਿਰੋਧੀ-ਧਿਰ ਵਾਲੇ ਰਾਜਾਂ ਵਿਚ ਨਵੇਂ ਕਿਰਤ ਨਿਯਮ ਬਣਾ ਕੇ ਨੋਟੀਫਾਈ ਕਰਨ ਦਾ ਅਮਲ ਭਾਜਪਾਈ ਰਾਜਾਂ ਜਿੰਨਾ ਤੇਜ਼ ਰਫ਼ਤਾਰ ਨਹੀਂ ਹੈ। ਇਸ ਦਾ ਕਾਰਨ ਇਹ ਨਹੀਂ ਹੈ ਕਿ ਕਿ ਉਹ ਇਨ੍ਹਾਂ ਕਾਨੂੰਨਾਂ ਨਾਲ ਅਸਹਿਮਤ ਹਨ। ਵਿਰੋਧੀ-ਧਿਰ ਦੀਆਂ ਸਰਕਾਰਾਂ ਵਾਲੇ ਰਾਜਾਂ ਵਿਚ ਵੀ ਮਜ਼ਦੂਰਾਂ ਦੇ ਹਾਲਾਤ ਭਾਜਪਾਈ ਸਰਕਾਰਾਂ ਵਾਲੇ ਹਨ। ਉੱਥੇ ਵੀ ਮਜ਼ਦੂਰਾਂ ਨੇ ਇਸੇ ਤਰ੍ਹਾਂ ਉੱਠਣਾ ਹੀ ਹੈ। ਕਈ ਰਾਜ ਸਰਕਾਰਾਂ ਨੇ 10-12 ਘੰਟਿਆਂ ਦੀ ਕੰਮ ਦਿਹਾੜੀ ਲਾਗੂ ਕਰ ਦਿੱਤੀ ਹੈ। ਸਤੰਬਰ 2025 ਵਿੱਚ ਆਂਧਰਾ ਪ੍ਰਦੇਸ਼ ਵਿਧਾਨ ਸਭਾ ਨੇ ਫੈਕਟਰੀਜ਼ (ਆਂਧਰਾ ਪ੍ਰਦੇਸ਼ ਸੋਧ) ਬਿੱਲ ਪਾਸ ਕੀਤਾ, ਜਿਸ ਵਿੱਚ ਕੰਮ ਦਿਹਾੜੀ 12 ਘੰਟੇ ਤੱਕ ਵਧਾ ਦਿੱਤੀ ਗਈ ਅਤੇ ਔਰਤ ਕਰਮਚਾਰੀਆਂ ਲਈ ਰਾਤ ਦੀ ਡਿਊਟੀ ਦੀ ਇਜਾਜ਼ਤ ਦੇ ਦਿੱਤੀ ਗਈ। ਇਸੇ ਤਰ੍ਹਾਂ, ਦਸੰਬਰ ਵਿੱਚ ਰਾਜਸਥਾਨ ਵਿਚ ਦੁਕਾਨਾਂ ਅਤੇ ਵਪਾਰਕ ਅਦਾਰੇ (ਸੋਧ) ਆਰਡੀਨੈਂਸ 2025 ਦੁਆਰਾ ਕੰਮ ਦਿਨ ਦੀ ਸੀਮਾ 10 ਘੰਟੇ ਅਤੇ ਤਿਮਾਹੀ ਓਵਰਟਾਈਮ ਸੀਮਾ 144 ਘੰਟੇ ਤੱਕ ਵਧਾ ਦਿੱਤੀ ਗਈ। ਪੰਜਾਬ ਸਰਕਾਰ ਵੱਲੋਂ ਵੀ 12 ਘੰਟੇ ਦੀ ਕੰਮ ਦਿਹਾੜੀ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ। ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ ਦੇ ਖਲੇਗਾਓਂ (ਬਿਹਾਰ) ਪਲਾਂਟ ਦੇ ਮੁਲਾਜ਼ਮਾਂ ਨੇ 8 ਘੰਟੇ ਦੀ ਕੰਮ ਦਿਹਾੜੀ ਲਈ ਹੜਤਾਲ ਕੀਤੀ ਸੀ, ਉੱਥੇ ਵੀ ਕੰਮ ਦਿਹਾੜੀ 12 ਘੰਟੇ ਕਰ ਦੇਣ ਦੀ ਰਿਪੋਰਟ ਹੈ।

ਆਉਣ ਵਾਲੇ ਸਮੇਂ 'ਚ ਮਜ਼ਦੂਰਾਂ ਦੇ ਹਾਲਾਤ ਹੋਰ ਖ਼ਰਾਬ ਹੋਣੇ ਹਨ ਅਤੇ ਉਨ੍ਹਾਂ ਦੇ ਸੰਘਰਸ਼ ਵੀ ਵਧਣੇ ਹਨ। ਹਾਲੀਆ ਸੰਘਰਸ਼ ਪਹਿਲੀ ਮਈ (ਕੌਮਾਂਤਰੀ ਮਜ਼ਦੂਰ ਦਿਵਸ) ਤੋਂ ਕੁਝ ਹਫ਼ਤੇ ਪਹਿਲਾਂ ਹੋਏ ਹਨ, ਜੋ ਇਹ ਚੇਤੇ ਕਰਾਉਂਦੇ ਹਨ ਕਿ ਸ਼ਿਕਾਗੋ ਦੇ ਮਜ਼ਦੂਰਾਂ ਦੇ ਇਤਿਹਾਸਕ ਸੰਘਰਸ਼ ਤੋਂ 140 ਸਾਲ ਬਾਅਦ ਵੀ ਮਜ਼ਦੂਰਾਂ ਦੇ ਹਾਲਾਤ ਉਸੇ ਤਰ੍ਹਾਂ ਅਸੁਰੱਖਿਅਤ ਹਨ, ਜਿਨ੍ਹਾਂ ਨੂੰ ਬਦਲਣ ਲਈ ਵਿਉਂਤਬੱਧ ਤਰੀਕੇ ਨਾਲ ਫ਼ੈਸਲਾਕੁਨ ਸੰਘਰਸ਼ ਲੜਨੇ ਪੈਣਗੇ। ਸਵਾਲ ਇਹ ਹੈ ਕਿ ਕੀ ਮਜ਼ਦੂਰ ਹਿੱਤਾਂ ਦੀਆਂ ਝੰਡਾਬਰਦਾਰ ਕਹਾਉਣ ਵਾਲੀਆਂ ਤਾਕਤਾਂ ਮਜ਼ਦੂਰਾਂ ਵਿਚ ਫੈਲ ਰਹੀ ਬੇਚੈਨੀ ਨੂੰ ਬੱਝਵੇਂ ਟਰੇਡ ਯੂਨੀਅਨ ਸੰਘਰਸ਼ਾਂ ਵਿਚ ਬਦਲਣ ਲਈ ਤਿਆਰ ਹਨ ?

# ਰਾਨੇਹ ਫਾਲ ਤੇ ਪਾਂਡਵ ਗੁਫਾਵਾਂ ਦਾ ਸਫ਼ਰ

ਖਜੁਰਾਹੋ ਯਾਤਰਾ ਦਾ ਦੂਜਾ ਦਿਨ ਸੀ।ਅਸੀਂ ਰਾਨੇਹ ਫਾਲ ਅਤੇ ਪਾਂਡਵ ਗੁਫਾਵਾਂ ਦੇਖ ਕੇ ਆਨੰਦਤ ਹੋਏ ਮੁੜੇ ਸੀ।ਸਾਡੀ ਟੈਕਸੀ ਹਾਲੇ ਥੋੜ੍ਹੀ ਦੂਰ ਹੀ ਗਈ ਸੀ ਕਿ ਮੇਰਾ ਹੇਠਲਾ ਸਾਹ ਹੇਠਾਂ ਤੇ ਉੱਪਰਲਾ ਉੱਪਰ ਹੀ ਰਹਿ ਗਿਆ ਸੀ।ਮੈਨੂੰ ਲੱਗਿਆ ਕਿ ਅੱਜ ਵੱਡਾ ਘਾਟਾ ਪੈ ਗਿਆ ।ਮੇਰਾ ਆਈਫੋਨ ਤੇ ਪਾਵਰ ਬੈਂਕ ਮਿਠਾਈ ਵਾਲੀ ਦੁਕਾਨ 'ਤੇ ਹੀ ਰਹਿ ਗਏ ਸੀ। ਅੱਜ ਦੇ ਸਮੇਂ ਵਿੱਚ ਮੋਬਾਇਲ ਤੋਂ ਬਿਨਾਂ ਹਰ ਕੋਈ ਅਧੂਰਾ ਮਹਿਸੂਸ ਕਰਦਾ ਹੈ। ਯਾਤਰਾ ਦੇ ਅੱਧ ਵਿੱਚ ਫੋਨ ਦਾ ਗਵਾਚਣਾ ਸਫਰ ਦਾ ਸਵਾਦ ਖਰਾਬ ਕਰਨ ਵਾਲੀ ਗੱਲ ਸੀ। ਅਸੀਂ ਕਾਹਲੀ ਨਾਲ ਗੱਡੀ ਮੋੜੀ। ਸਾਡੀ ਖੁਸ਼ਕਿਸਮਤੀ ਇਹ ਰਹੀ ਕਿ ਫੋਨ ਉਵੇਂ ਹੀ ਦੁਕਾਨ ਦੇ ਬਾਹਰ ਪਾਵਰ ਬੈਂਕ ਨਾਲ ਜੁੜਿਆ ਪਿਆ ਸੀ ।ਕਿਸੇ ਨੇ ਪਿਛਲੇ ਪੰਦਰਾਂ ਮਿੰਟ ਵਿੱਚ ਉਸ ਨੂੰ ਛੇੜਿਆ ਨਹੀਂ ਸੀ। ਅਸੀਂ ਸਾਰੇ ਖੁਸ਼ ਹੋ ਗਏ ਕਿ ਵੱਡਾ ਨੁਕਸਾਨ ਹੋਣ ਤੋਂ ਬਚ ਗਿਆ। ਇਕਦਮ ਵੈਰਾਨ ਹੋਈ ਯਾਤਰਾ ਵਿੱਚ ਰੰਗੀਨੀ ਭਰ ਗਈ ਸੀ।

ਸਾਡੀ ਖਜੁਰਾਹੋ ਯਾਤਰਾ ਦੇ ਦੂਜੇ ਦਿਨ ਦੀ ਸ਼ੁਰੂਆਤ ਸਾਡੇ ਡਰਾਈਵਰ ਰਾਜੀਵ ਵੱਲੋਂ ਚਾਹ ਲੈ ਕੇ ਆਉਣ ਨਾਲ ਹੋਈ। ਉਸ ਨੇ ਦੱਸਿਆ ਕਿ ਅੱਜ ਟੋਇਟਾ ਦੀ ਬਜਾਏ ਦੂਜੀ ਗੱਡੀ ਵਿੱਚ ਉਸ ਦੇ ਪਿਤਾ ਸਾਨੂੰ ਲੈ ਕੇ ਜਾਣਗੇ । ਬਗੇਸ਼ਵਰ ਧਾਮ ਦੇ ਪੰਡਤ ਉਸ ਦੇ ਪਿਤਾ ਜੀ ਨੇ ਮੱਥੇ 'ਤੇ ਲੰਬਾ ਤਿਲਕ ਤੇ ਮੂੰਹ ਸੁਪਾਰੀ ਨਾਲ ਭਰਿਆ ਹੋਇਆ ਸੀ । ਜਦੋਂ ਉਹ ਗੱਲ ਕਰਦੇ ਤਾਂ ਮੂੰਹ ਵਿੱਚੋਂ ਸੁਪਾਰੀ ਤੇ ਪਾਨ ਨਿਕਲ ਕੇ ਵਗ ਤੁਰਦਾ ਸੀ ।ਸਾਡੇ ਲਈ ਇਹ

## ਯਾਤਰਾ ਬਿਰਤਾਂਤ-2

ਭੁਪਿੰਦਰ ਸਿੰਘ ਮਾਨ

ਬਹੁਤ ਅਜੀਬ ਜਿਹਾ ਸੀ ।ਸਭ ਤੋਂ ਪਹਿਲਾਂ ਅਸੀਂ ਰਾਨੇਹ ਫਾਲ ਜਾਣ ਦਾ ਫ਼ੈਸਲਾ ਕੀਤਾ। ਸਾਡਾ ਰਾਤ ਵਾਲਾ ਟਿਕਾਣਾ ਛੋਟੀਆਂ-ਛੋਟੀਆਂ ਝੌਂਪੜੀਆਂ ਵਰਗੇ ਘਰ ਵਾਲਾ ਪਿੰਡ ਸੀ। ਲੋਕ ਆਪਣੇ ਸਵੇਰ ਦੇ ਕੰਮ-ਕਾਜ ਵਿੱਚ ਰੁੱਝੇ ਹੋਏ ਸਨ। ਸ਼ਹਿਰ ਤੋਂ ਬਾਹਰ ਆਏ ਤਾਂ ਚਾਰੇ ਪਾਸੇ ਕਣਕ ਦੀ ਫ਼ਸਲ ਸੀ। ਕਈ ਥਾਵਾਂ 'ਤੇ ਉੱਚੀ-ਨੀਵੀਂ ਜਗ੍ਹਾ ਆ ਜਾਂਦੀ ਸੀ, ਪਰ ਫਿਰ ਵੀ ਕਾਫੀ ਵਧੀਆ ਖੇਤੀ ਵਾਲੀ ਜ਼ਮੀਨ ਚੱਲ ਰਹੀ ਸੀ। ਅੱਧੇ ਘੰਟੇ ਦੇ ਸਫ਼ਰ ਤੋਂ ਬਾਅਦ ਅਸੀਂ ਰਾਨੇਹ ਫ਼ਾਲ ਗੇਟ 'ਤੇ ਜਾ ਪਹੁੰਚੇ। ਲਖੀਮਪੁਰ ਖੀਰੀ ਤੋਂ ਆਏ ਹੋਏ ਪੰਜਾਬੀ ਕੰਬਾਈਨ ਲਈ ਖੜ੍ਹੇ ਸਨ। ਸਾਨੂੰ ਦੇਖ ਕੇ ਉਹ ਖੁਸ਼ ਹੋ ਗਏ।ਅਸੀਂ ਥੋੜ੍ਹਾ ਸਮਾਂ ਉਹਨਾਂ ਨਾਲ ਗੱਲਬਾਤ ਕੀਤੀ ਤੇ ਫੇਰ ਅਸੀਂ ਟਿਕਟਾਂ ਖ਼ਰੀਦ ਕੇ ਅੰਦਰ ਚਲੇ ਗਏ। ਟਿਕਟ ਦੇ ਨਾਲ ਹੀ ਗਾਈਡ ਦੀ ਸੁਵਿਧਾ ਮਿਲਦੀ ਹੈ। ਸਾਨੂੰ ਅੱਧਖੜ ਉਮਰ ਦਾ ਗਾਈਡ ਪ੍ਰੀਤਮ ਸਿੰਘ ਫਾਲ਼ ਦਿਖਾਉਣ ਲਈ ਨਾਲ ਤੁਰ ਪਿਆ। ਉਸ ਨੂੰ ਇਸ ਸਥਾਨ ਬਾਰੇ ਡੂੰਘੀ ਜਾਣਕਾਰੀ ਸੀ। ਸਾਡੇ ਸਾਹਮਣੇ ਥੋੜ੍ਹਾ ਜਿਹਾ ਉੱਚਾ ਸਥਾਨ ਸੀ।ਅਸੀ ਉੱਪਰ ਨੂੰ ਚੜ੍ਹ ਕੇ ਪਹੁੰਚੇ ਤਾਂ ਦੇਖਿਆ ਲੰਬੀ ਰੇਲਿੰਗ ਲੱਗੀ ਹੋਈ ਸੀ ।ਇੱਕ ਪਾਸੇ ਪੌੜੀਆਂ ਬਣੀਆਂ ਹੋਈਆਂ ਸਨ। ਉਸ ਦੇ ਨਾਲ ਹੀ ਸੈਲਾਨੀਆਂ ਦੀ ਟਰੈਕਿੰਗ ਲਈ ਲੰਬਾ ਟਰੈਕ ਬਣਿਆ ਹੋਇਆ ਸੀ। ਅਸੀਂ ਬਿਲਕੁੱਲ ਉਪਰ ਜਾ ਕੇ ਨਜ਼ਰ ਮਾਰੀ ਤਾਂ ਸਾਹਮਣੇ ਪਹਾੜੀ ਤੋਂ ਡਿੱਗਦੇ ਪਾਣੀ ਵਾਲੇ ਝਰਨੇ ਨੇ ਸਾਡੇ ਮਨ ਨੂੰ ਇੱਕਦਮ ਮੋਹ ਲਿਆ।



ਸਾਨੂੰ ਜਿਸ ਚੀਜ਼ ਨੇ ਸਭ ਤੋਂ ਜ਼ਿਆਦਾ ਟੁੰਬਿਆ, ਉਹ ਖਾਮੋਸ਼ੀ ਸੀ। ਕੋਈ ਭੀੜ ਨਹੀਂ, ਕੋਈ ਰੌਲਾ ਨਹੀਂ, ਸਿਰਫ਼ ਪੱਥਰਾਂ ਦੀ ਇੱਕ ਵਿਸ਼ਾਲ ਦੁਨੀਆ ਤੇ ਉਸ ਉੱਪਰ ਵਹਿ ਰਿਹਾ ਨੀਲਾ ਪਾਣੀ ਸੀ। ਸਤਵੀਰ ਨੇ ਮੇਰਾ ਧਿਆਨ ਪੱਥਰਾਂ ਵੱਲ ਦਿਵਾਇਆ।ਇਹ ਪੱਥਰ ਆਮ ਨਹੀਂ ਸਨ। ਲਾਲ, ਨੀਲੇ, ਕਾਲੇ ਅਤੇ ਸਲੇਟੀ ਰੰਗਾਂ ਵਿੱਚ ਰੰਗੇ ਹੋਏ ਇਹ ਗ੍ਰੇਨਾਈਟ ਦੇ ਪੱਥਰ ਇੱਕ ਡੂੰਘੀ ਖੱਡ ਦੀ ਸ਼ਕਲ ਵਿੱਚ ਸਜੇ ਹੋਏ ਸਨ। ਇਹ ਦ੍ਰਿਸ਼ ਇੰਨਾ ਵਿਲੱਖਣ ਸੀ ਕਿ ਕੁਝ ਪਲਾਂ ਲਈ ਅਸੀਂ ਬਿਨਾਂ ਕੁਝ ਬੋਲੇ ਸਿਰਫ਼ ਖੜ੍ਹੇ ਹੀ ਰਹੇ।

ਪ੍ਰੀਤਮ ਸਿੰਘ ਨੇ ਦੱਸਿਆ, 'ਇਹ ਸਿਰਫ਼ ਪੱਥਰ ਨਹੀਂ, ਅੱਗ ਦੀ ਯਾਦ ਹਨ, ਹਜ਼ਾਰਾਂ ਸਾਲ ਪਹਿਲਾਂ ਇੱਥੇ ਜਵਾਲਾਮੁਖੀ ਫਟਿਆ ਸੀ। ਲਾਵਾ ਠੰਢਾ ਹੋ ਕੇ ਇਹ ਰੰਗ-ਬਿਰੰਗੇ ਪੱਥਰ ਬਣੇ ਸਨ। ਸਮੇਂ ਦੇ ਨਾਲ ਕੇਨ ਨਦੀ ਨੇ ਇਨ੍ਹਾਂ ਨੂੰ ਕੱਟ ਕੇ ਇੱਕ ਖੂਬਸੂਰਤ ਘਾਟੀ ਦਾ ਰੂਪ ਦੇ ਦਿੱਤਾ ਹੈ, ਸਰਦਾਰ ਜੀ ਇਹ ਆਪਣੇ ਆਪ ਵਿੱਚ ਅਜੂਬਾ ਹੈ।'

ਉਸ ਨੇ ਅੱਗੇ ਦੱਸਿਆ ਕਿ ਇਹ ਥਾਂ ਮਨੁੱਖੀ ਇਤਿਹਾਸ ਨਾਲੋਂ ਘੱਟ ਸਗੋਂ ਧਰਤੀ ਦੀਆਂ ਪ੍ਰਾਚੀਨ ਭੂਗੋਲਿਕ ਪ੍ਰਕਿਰਿਆਵਾਂ ਨਾਲ ਵੱਧ ਜੁੜੀ ਹੋਈ ਹੈ। ਰਾਨੇਹ ਫ਼ਾਲ ਦਾ ਜਨਮ ਲੱਖਾਂ ਸਾਲ ਪਹਿਲਾਂ ਹੋਈਆਂ ਜਵਾਲਾਮੁਖੀ ਗਤੀਵਿਧੀਆਂ ਨਾਲ ਸੰਬੰਧਤ ਹੈ। ਉਸ ਸਮੇਂ ਧਰਤੀ ਦੇ ਅੰਦਰ ਹੋਈ ਹਿਲਜੁਲ ਅਤੇ ਤਾਪਮਾਨ ਦੇ ਪ੍ਰਭਾਵ ਨਾਲ ਵੱਖ-ਵੱਖ ਕਿਸਮ ਦੇ ਗ੍ਰੇਨਾਈਟ ਪੱਥਰ ਸਨ।ਇਸ ਖੇਤਰ ਵਿੱਚ ਵਹਿਣ ਵਾਲਾ ਕੇਨਜ਼ ਦਰਿਆ ਸਮੇਂ ਦੇ ਨਾਲ-ਨਾਲ ਆਪਣਾ ਰਸਤਾ ਬਣਾਉਂਦਾ ਹੋਇਆ, ਇਨ੍ਹਾਂ ਸਖ਼ਤ ਚੱਟਾਨਾਂ ਨੂੰ ਕੱਟਦਾ ਗਿਆ। ਲੰਬੇ ਸਮੇਂ ਦੀ ਇਸ ਕੁਦਰਤੀ ਕਟਾਅ ਨੇ ਇੱਥੇ ਇੱਕ ਡੂੰਘੀ ਕੈਨਯਨ ਦੀ ਰਚਨਾ ਕੀਤੀ। ਇਹ ਕੈਨਯਨ ਹੀ ਅੱਜ ਰਾਨੇਹ ਫ਼ਾਲ ਦੀ ਸੁੰਦਰਤਾ ਦਾ ਮੁੱਖ ਕੇਂਦਰ ਹੈ।ਬਰਸਾਤ ਦੇ ਮੌਸਮ ਵਿੱਚ ਜਦੋਂ ਕੇਨ ਦਰਿਆ ਦਾ ਪਾਣੀ ਤੇਜ਼ੀ ਨਾਲ ਵਗਦਾ ਹੈ ਤਾਂ ਇਹ ਕੈਨਯਨ ਝਰਨਿਆਂ ਵਿੱਚ ਬਦਲ ਜਾਂਦੀ ਹੈ। ਪਾਣੀ ਦੀਆਂ ਧਾਰਾਂ ਜਦੋਂ ਰੰਗ-ਬਿਰੰਗੀਆਂ ਚੱਟਾਨਾਂ ਉੱਤੇ ਡਿੱਗਦੀਆਂ ਹਨ ਤਾਂ ਇੱਕ ਮਨਮੋਹਕ ਦ੍ਰਿਸ਼ ਪੈਦਾ ਹੁੰਦਾ ਹੈ, ਜੋ ਹਰ ਦਰਸ਼ਕ ਨੂੰ ਮੋਹ ਲੈਂਦਾ ਹੈ। ਬਰਸਾਤ ਵਿੱਚ ਇਹੀ ਪਾਣੀ ਜ਼ੋਰ ਨਾਲ ਡਿੱਗਦਾ ਹੈ ।ਉਸ ਸਮੇਂ ਇਸ ਦੀ ਖੂਬਸੂਰਤੀ ਦੇਖਣ ਵਾਲੀ ਹੁੰਦੀ ਹੈ। ਸੈਂਕੜੇ ਝਰਨੇ ਉੱਪਰੋਂ ਡਿਗ ਰਹੇ ਹੁੰਦੇ ਹਨ। ਇਸ ਸਮੇਂ ਦੀ ਸ਼ਾਂਤੀ ਵਿੱਚ ਵੀ ਇੱਕ ਖੂਬਸੂਰਤੀ ਸੀ। ਗੁਰਵਿੰਦਰ ਕਿਨਾਰੇ 'ਤੇ ਖੜ੍ਹ ਕੇ ਤਸਵੀਰ ਖਿਚਾਉਣ ਲੱਗਾ ਤਾਂ ਸਤਵੀਰ ਨੇ ਆਖਿਆ, 'ਦੇਖੀਂ, ਹੇਠਾਂ ਨਾ ਡਿੱਗ ਪਈਂ।'

ਉਹ ਹੱਸ ਕੇ ਬੋਲਿਆ, 'ਫਿਰ ਕੀ ਹੈ, ਮੈਂ ਤੈਰ ਕੇ ਨਿਕਲ ਆਵਾਂਗਾ।'

ਪ੍ਰੀਤਮ ਸਿੰਘ ਨੇ ਕਿਹਾ, 'ਸਰਦਾਰ ਜੀ ਧਿਆਨ ਸੇ, ਨਦੀ ਕਮ ਸੇ ਕਮ 45-50 ਫ਼ੀਟ ਸੇ ਜ਼ਿਆਦਾ ਗਹਿਰੀ ਹੈ।'

ਫੇਰ ਅਸੀਂ ਸਾਰੇ ਸੰਭਲ ਕੇ ਤੁਰਨ-ਫਿਰਨ ਲੱਗੇ।

ਇੱਥੇ ਸਾਨੂੰ ਇੱਕ ਜਪਾਨੀ ਸੈਲਾਨੀ ਮਿਲਿਆ, ਜਿਸ ਦਾ ਨਾਂਅ ਤਾਕੇ ਨਗੋਚਾ ਸੀ । ਉਹ ਬਹੁਤ ਮਿਲਣਸਾਰ ਸੁਭਾਅ ਦਾ ਸੀ। ਸਾਡੇ ਨਾਲ ਉਸ ਨੇ ਲੰਬੀ ਗੱਲਬਾਤ ਕੀਤੀ।ਥੋੜ੍ਹੇ ਸਮੇਂ ਵਿੱਚ ਹੀ ਸਾਡੀ ਵਧੀਆ ਦੋਸਤੀ ਹੋ ਗਈ। ਉਸ ਨੇ ਸਾਡੇ ਨਾਲ ਪੰਜਾਬ ਆਉਣ ਦਾ ਵਾਅਦਾ ਕੀਤਾ। ਪ੍ਰੀਤਮ ਸਿੰਘ ਨੇ ਦੱਸਿਆ ਕਿ ਇੱਥੇ ਰੇਖਾ ਦੀ ਮਸ਼ਹੂਰ ਫ਼ਿਲਮ 'ਕਾਮਸੂਤਰ' ਦੀ ਸ਼ੂਟਿੰਗ ਵੀ ਹੋਈ ਸੀ । ਉਸ ਨੇ ਹੋਰ ਵੀ ਕਈ ਫ਼ਿਲਮਾਂ ਦੀ ਸ਼ੂਟਿੰਗ ਸੰਬੰਧੀ ਜਾਣਕਾਰੀ ਦਿੱਤੀ। ਉੱਥੇ ਉਸ ਨੇ ਇੱਕ ਦਰੱਖਤ ਦਿਖਾਇਆ, ਜਿਸ ਨੂੰ ਭੂਤੀਆ ਦਰੱਖਤ ਆਖਿਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਦਰੱਖਤ ਰਾਤ ਨੂੰ ਚਮਕਦਾ ਹੈ। ਉਸ ਤੋਂ ਇਲਾਵਾ ਗੂੰਦ ਅਤੇ ਮਾਚਸ ਬਣਾਉਣ ਵਾਲੇ ਦਰੱਖਤ ਵੀ ਦੇਖਣ ਨੂੰ ਮਿਲੇ।

ਇਸ ਤੋਂ ਬਾਅਦ ਅਸੀਂ ਰਾਨੇਹ ਫਾਲਜ਼ ਦੀ ਖਾਮੋਸ਼ੀ ਨੂੰ ਅਲਵਿਦਾ ਕਿਹਾ ਤੇ ਆਪਣੀ ਅਗਲੀ ਮੰਜ਼ਲ ਪਾਂਡਵ ਗੁਫਾਵਾਂ ਵੱਲ ਤੁਰ ਪਏ। ਕਾਰ ਹੌਲੀ-ਹੌਲੀ ਜੰਗਲਾਂ ਵਿੱਚ ਦਾਖਲ ਹੋ ਰਹੀ ਸੀ। ਦਰੱਖ਼ਤਾਂ ਦੀ ਘਣਤਾ ਵਧ ਰਹੀ ਸੀ, ਹਵਾ ਠੰਢੀ ਹੋ ਰਹੀ ਸੀ ।ਸੂਰਜ ਦੀ ਰੌਸ਼ਨੀ ਪੱਤਿਆਂ ਵਿੱਚੋਂ ਆ ਰਹੀ ਸੀ। ਕਦੇ ਰਸਤੇ ਵਿੱਚ ਛੋਟੇ-ਛੋਟੇ ਪਿੰਡ ਆ ਜਾਂਦੇ । ਛਤਰਪੁਰ ਵਾਲੀ ਮੁੱਖ ਸੜਕ 'ਤੇ ਪਹੁੰਚ ਕੇ ਅਸੀਂ ਇੱਕ ਢਾਬੇ 'ਤੇ ਨਾਸ਼ਤਾ ਕਰਨ ਲਈ ਰੁਕ ਗਏ। ਇਸ ਢਾਬੇ ਨੂੰ ਚਲਾਉਣ ਵਾਲੇ ਪੰਡਿਤ ਜੀ ਸਨ। ਸਾਡੀਆਂ ਪੱਗਾਂ ਦੇਖ ਕੇ ਉਹਨਾਂ ਨੇ ਦੱਸਿਆ ਕਿ 1984 ਵਿੱਚ ਉਹਨਾਂ ਨੇ ਸਿੱਖ ਟਰੱਕਾਂ ਵਾਲਿਆਂ ਦੀ ਬਹੁਤ ਮਦਦ ਕੀਤੀ ਸੀ ।ਉਹਨਾਂ ਨੇ ਅੱਗ ਲਾ ਰਹੀ ਭੀੜ ਤੋਂ ਬਚਾਉਣ ਲਈ ਟਰੱਕ ਆਪਣੇ ਖੇਤ ਲਿਜਾ ਕੇ ਖੜ੍ਹੇ ਕਰ ਲਏ ਸਨ। ਉਸ ਭਿਆਨਕ ਸਮੇਂ ਲੱਗਭੱਗ ਅੱਧੀ ਦਰਜਨ ਟਰੱਕਾਂ ਵਾਲਿਆਂ ਨੂੰ ਉਹ ਬਚਾਉਣ ਵਿੱਚ ਕਾਮਯਾਬ ਰਹੇ ਸਨ।ਉਹਨਾਂ ਤੋਂ ਇਹ ਗੱਲ ਸੁਣ ਕੇ ਮਨ ਨੂੰ ਬਹੁਤ ਤਸੱਲੀ ਪਹੁੰਚੀ ਕਿ ਮਨੁੱਖਤਾ ਦੀ ਕਦਰ ਕਰਨ ਵਾਲੇ ਲੋਕ ਹਰ ਥਾਂ 'ਤੇ ਹਨ। ਅਸੀਂ ਉਹਨਾਂ ਦੇ ਨੇਕ ਕਾਰਜ ਦੀ ਪ੍ਰਸ਼ੰਸਾ ਕਰਦੇ ਹੋਏ ਸਾਰੇ ਪੰਜਾਬੀਆਂ ਵੱਲੋਂ ਧੰਨਵਾਦ ਕੀਤਾ। ਉੱਥੇ ਬੈਠੇ ਲੋਕਲ ਬੰਦਿਆਂ ਵਿੱਚ ਪਰੌਂਠੇ ਖਾਣ ਦੀ ਸ਼ਰਤ ਲੱਗੀ ਹੋਈ ਸੀ। ਇੱਕ ਬੰਦਾ 17 ਪਰੌਂਠੇ ਖਾ ਕੇ ਸਿਰਫ ਇੱਕ ਪਰੌਂਠੇ ਤੋਂ ਮੁਕਾਬਲਾ ਹਾਰ ਗਿਆ। ਇਸ ਨਾਲ ਮਾਹੌਲ ਹਾਸੇ ਖੇਡੀਆਂ ਅਤੇ ਸ਼ੁਗਲ ਮੇਲੇ ਵਾਲਾ ਰਿਹਾ। ਅਸੀਂ ਉਥੋਂ ਨਾਸ਼ਤਾ ਕਰਕੇ ਅੱਗੇ ਤੁਰ ਪਏ।ਲੱਗਭੱਗ 30 ਕਿਲੋਮੀਟਰ ਦਾ ਸਫ਼ਰ ਕਰਨ ਤੋਂ ਬਾਅਦ ਅਸੀਂ ਪਾਂਡਵ ਗੁਫਾਵਾਂ ਵਾਲੇ ਸਥਾਨ 'ਤੇ ਜਾ ਪਹੁੰਚੇ। ਇੱਥੇ ਵੀ ਪੈਦਲ ਤੇ ਕਾਰ ਲਈ ਵੱਖਰੀ-ਵੱਖਰੀ ਟਿਕਟ ਹੈ। ਅਸੀਂ ਵੀ ਕਾਰ ਵਾਲੀ ਟਿਕਟ ਲੈ ਲਈ ਸੀ। ਗੱਡੀ ਪਾਰਕਿੰਗ ਵਿੱਚ ਰੋਕ ਕੇ ਹੇਠਾਂ ਵੱਲ ਆਏ। ਦ੍ਰਿਸ਼ ਮਨ ਮੋਹਣ ਵਾਲਾ ਸੀ।

ਉੱਚੇ ਪਹਾੜਾਂ ਤੋਂ ਡਿੱਗਦਾ ਪਾਣੀ, ਹਰੇ-ਭਰੇ ਦਰੱਖ਼ਤਾਂ ਨਾਲ ਘਿਰਿਆ ਖੇਤਰ ਅਤੇ ਹੇਠਾਂ ਕੁਦਰਤੀ ਝੀਲ ਦਿਖਾਈ ਦੇ ਰਹੀ ਸੀ। ਇਹ ਦ੍ਰਿਸ਼ ਇੰਨਾ ਸੁੰਦਰ ਸੀ ਕਿ ਲੱਗਦਾ ਸੀ ਜਿਵੇਂ ਕੋਈ ਚਿੱਤਰ ਦੇਖ ਰਹੇ ਹੋਈਏ। ਇਹ ਪੰਨਾ ਜੰਗਲ ਦਾ ਕੋਰ ਇਲਾਕਾ ਹੈ। ਇਥੇ ਜੰਗਲੀ ਜਾਨਵਰ ਅਕਸਰ ਹੀ ਪਾਣੀ ਪੀਣ ਲਈ ਆ ਜਾਂਦੇ ਹਨ। ਲੱਗਭੱਗ 200 ਪੌੜੀਆਂ ਉਤਰਨ ਤੋਂ ਬਾਅਦ ਅਸੀਂ ਬਿਲਕੁਲ ਝੀਲ ਕੋਲ ਪਹੁੰਚ ਗਏ। ਇਸ ਅਸਥਾਨ ਦੀ ਅਸਲੀ ਖੂਬਸੂਰਤੀ ਇਸ ਦਾ ਪਾਣੀ ਨਹੀਂ, ਸਗੋਂ ਇਸ ਦੀਆਂ ਗੁਫਾਵਾਂ ਹਨ। ਉੱਥੇ ਰੇਲਿੰਗ ਨਾਲ ਇੱਕ ਛੋਟਾ ਜਿਹਾ ਸੱਪ ਵੀ ਲਿਪਟਿਆ ਹੋਇਆ ਸੀ, ਜਿਸ ਨੂੰ ਉੱਥੋਂ ਦੇ ਕਰਮਚਾਰੀ ਨੇ ਆਰਾਮ ਨਾਲ ਉਤਾਰ ਕੇ ਪਾਸੇ ਰੱਖ ਦਿੱਤਾ। ਜਾਨਵਰਾਂ ਨੂੰ ਇੱਥੋਂ ਦੇ ਸਥਾਨਕ ਲੋਕ ਬਹੁਤ ਪਿਆਰ ਕਰਦੇ ਹਨ।

ਅਸੀਂ ਹੌਲੀ-ਹੌਲੀ ਗੁਫਾਵਾਂ ਵੱਲ ਵਧੇ। ਅੰਦਰ ਦਾਖਲ ਹੋਣ ਨਾਲ ਹੀ ਇੱਕ ਅਜੀਬ ਜਿਹਾ ਸੰਨਾਟਾ ਮਹਿਸੂਸ ਹੋਇਆ। ਦੰਦ ਕਥਾ ਵਿੱਚ ਪ੍ਰਚੱਲਤ ਹੈ ਕਿ ਪਾਂਡਵਾਂ ਨੇ ਆਪਣੇ ਬਨਵਾਸ ਦੌਰਾਨ ਇੱਥੇ ਆਸਰਾ ਲਿਆ ਸੀ।ਇਤਿਹਾਸਕਾਰਾਂ ਦੇ ਅਨੁਸਾਰ ਇਹਨਾਂ ਦੀ ਰਚਨਾ ਆਮ ਤੌਰ 'ਤੇ ਸੰਨਿਆਸੀ, ਯੋਗੀ ਜਾਂ ਬੋਧ/ਜੈਨ ਸਾਧੂਆਂ ਵੱਲੋਂ ਕੀਤੀ ਗਈ ਸੀ, ਜੋ ਇਕਾਂਤ ਅਤੇ ਸ਼ਾਂਤੀ ਵਾਲੇ ਸਥਾਨਾਂ 'ਤੇ ਧਿਆਨ ਲਗਾਉਣ ਲਈ ਇਸ ਤਰ੍ਹਾਂ ਦੀਆਂ ਗੁਫਾਵਾਂ ਤਿਆਰ ਕਰਦੇ ਸਨ। ਇਹ ਗੁਫਾਵਾਂ ਪੱਥਰ ਕੱਟ ਕੇ ਬਣਾਈਆਂ ਗਈਆਂ ਹਨ, ਜੋ ਸਾਦਗੀ ਅਤੇ ਅਧਿਆਤਮਿਕ ਜੀਵਨ-ਸ਼ੈਲੀ ਦਾ ਪ੍ਰਤੀਕ ਹਨ। ਇਨ੍ਹਾਂ ਗੁਫਾਵਾਂ ਦੀ ਬਣਤਰ ਅਤੇ ਖੇਤਰ ਦੀ ਇਤਿਹਾਸਕ ਪਿਛੋਕੜ ਦੇ ਆਧਾਰ 'ਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਗੁਫਾਵਾਂ ਸੰਭਵਤ : 9ਵੀਂ ਤੋਂ 11ਵੀਂ ਸਦੀ ਦੇ ਦਰਮਿਆਨ ਬਣੀਆਂ ਹੋਣਗੀਆਂ।

ਅਸੀਂ ਕੁਝ ਸਮੇਂ ਲਈ ਚੁੱਪ ਬੈਠ ਗਏ। ਕੋਈ ਗੱਲ ਨਹੀਂ ਕੀਤੀ। ਸਿਰਫ਼ ਉਸ ਮਾਹੌਲ ਨੂੰ ਮਹਿਸੂਸ ਕੀਤਾ।ਉਸ ਪਲ ਵਿੱਚ ਲੱਗਾ ਕਿ ਅਸੀਂ ਸਿਰਫ਼ ਯਾਤਰੀ ਨਹੀਂ-ਅਸੀਂ ਉਸ ਕਹਾਣੀ ਦਾ ਹਿੱਸਾ ਬਣ ਗਏ ਹਾਂ। ਇਹ ਕਿਹਾ ਜਾ ਸਕਦਾ ਹੈ ਕਿ ਖਜੁਰਾਹੋ ਦੀਆਂ ਪਾਂਡਵ ਗੁਫਾਵਾਂ ਸਿਰਫ਼ ਇੱਕ ਸੈਲਾਨੀ ਥਾਂ ਨਹੀਂ, ਸਗੋਂ ਮੱਧਕਾਲੀਨ ਭਾਰਤ ਦੀ ਅਧਿਆਤਮਿਕ ਜੀਵਨ-ਸ਼ੈਲੀ ਦੇ ਮਹੱਤਵਪੂਰਨ ਨਿਸ਼ਾਨ ਹਨ।



ਇਸ ਸਮੇਂ ਦੌਰਾਨ ਇੱਕ ਘਟਨਾ ਲਗਾਤਾਰ ਵਾਪਰ ਰਹੀ ਸੀ। ਸਾਡੇ ਨਾਲ ਜੋ ਡਰਾਈਵਰ ਸੀ, ਉਹ ਸੁਭਾਅ ਦਾ ਮਾੜਾ ਨਹੀਂ ਸੀ, ਪਰ ਉਸ ਦੀਆਂ ਕੁਝ ਆਦਤਾਂ ਸਫ਼ਰ ਨੂੰ ਔਖਾ ਬਣਾ ਰਹੀਆਂ ਸਨ। ਉਹ ਲਗਾਤਾਰ ਸੁਪਾਰੀ ਖਾ ਰਿਹਾ ਸੀ। ਜਦੋਂ ਵੀ ਉਹ ਬੋਲਦਾ, ਉਸ ਦੇ ਮੂੰਹ ਤੋਂ ਆਉਂਦੀ ਦੁਰਗੰਧ ਅਤੇ ਆਵਾਜ਼ ਦਾ ਅੰਦਾਜ਼ ਸਾਨੂੰ ਅਸਹਿਜ ਕਰ ਰਿਹਾ ਸੀ। ਡਰਾਈਵਰ ਤੋਂ ਸਤਵੀਰ ਬੁਰੀ ਤਰ੍ਹਾਂ ਤੰਗ ਆ ਗਿਆ ਸੀ ।ਇੱਕ ਵਾਰ ਤਾਂ ਉਸ ਨੇ ਵੱਤ ਲੈ ਕੇ ਉਲਟੀ ਕਰ ਦਿੱਤੀ ਸੀ।

ਅਸੀਂ ਕਾਰ ਬਦਲਣ ਦਾ ਫੈਸਲਾ ਕੀਤਾ। ਮੇਰੇ ਕੋਲ ਖਜੁਰਾਹੋ ਦੇ ਟੈਕਸੀ ਸਟੈਂਡ ਦਾ ਨੰਬਰ ਸੀ ।ਉਥੋਂ ਵੱਡੀ ਸੱਤ ਸੀਟਰ ਗੱਡੀ ਮੰਗਵਾ ਲਈ ।ਉਸ ਨੂੰ ਛਤਰਪੁਰ ਆਉਣ ਲਈ ਕਹਿ ਦਿੱਤਾ। ਉਸ ਨੇ ਮਿਠਾਈ ਵਾਲੀ ਦੁਕਾਨ 'ਤੇ ਮਿਲਣ ਦਾ ਵਾਅਦਾ ਕੀਤਾ।ਇਹ ਉਹੀ ਦੁਕਾਨ ਸੀ, ਜਿੱਥੇ ਮੈਂ ਅੱਗੇ ਜਾ ਕੇ ਆਪਣਾ ਫੋਨ ਭੁੱਲਣਾ ਸੀ। ਥੋੜ੍ਹੇ ਸਮੇਂ ਵਿੱਚ ਅਸੀਂ ਵੀ ਮਿਠਾਈ ਵਾਲੀ ਦੁਕਾਨ 'ਤੇ ਪਹੁੰਚ ਗਏ। ਉੱਥੇ ਪਹੁੰਚ ਕੇ ਅਸੀਂ ਪੰਡਿਤ ਜੀ ਨੂੰ ਮਜਬੂਰੀ ਦੱਸ ਦਿੱਤੀ। ਉਹਨਾਂ ਨਾਲ ਓਰਛਾ ਤੱਕ ਦਾ 150 ਕਿਲੋਮੀਟਰ ਲੰਬਾ ਸਫ਼ਰ ਕਰਨਾ ਮੁਸ਼ਕਿਲ ਹੈ। ਪੰਡਿਤ ਜੀ ਨੇ ਇਸ ਗੱਲ ਦਾ ਫਾਇਦਾ ਉਠਾਇਆ ਤੇ ਰੌਲਾ ਪਾ ਕੇ ਕਾਫੀ ਜ਼ਿਆਦਾ ਪੈਸੇ ਸਾਡੇ ਤੋਂ ਵਸੂਲ ਕਰ ਲਏ। ਅਜਿਹੀਆਂ ਘਟਨਾਵਾਂ ਅਕਸਰ ਹੀ ਯਾਤਰਾ ਦੌਰਾਨ ਹੋ ਜਾਂਦੀਆਂ ਹਨ।ਇਹਨਾਂ ਨੂੰ ਬਹੁਤਾ ਮਨ 'ਤੇ ਨਹੀਂ ਲੈਣਾ ਚਾਹੀਦਾ। ਜਿਸ ਦੁਕਾਨ 'ਤੇ ਅਸੀਂ ਰੁਕੇ ਸੀ। ਉਹ ਮਿਠਾਈ ਦੀ ਦੁਕਾਨ ਸਧਾਰਨ ਸੀ, ਪਰ ਤਾਜ਼ਾ ਬਣੀਆਂ ਜਲੇਬੀਆਂ, ਪੇੜੇ ਅਤੇ ਰਸ ਮਲਾਈ ਬਹੁਤ ਸਵਾਦ ਸਨ। ਅਸੀਂ ਚਾਹ ਨਾਲ ਉਹਨਾਂ ਦਾ ਲੁਤਫ ਲਿਆ।

ਅਸੀਂ ਗਵਾਚਿਆ ਫੋਨ ਕਾਬੂ ਕਰਕੇ ਓਰਛਾ ਵੱਲ ਚੱਲ ਪਏ। ਥੋੜ੍ਹੇ ਸਮੇਂ ਬਾਅਦ ਸਾਰੇ ਸਾਥੀ ਸੌਣ ਲੱਗੇ। ਸਵੇਰੇ ਤੇ ਤੋਰੇ ਫੇਰੇ ਨੇ ਉਹਨਾਂ ਨੂੰ ਥਕਾ ਦਿੱਤਾ ਸੀ। ਮੈਂ ਜਾਗਦਾ ਆਸੇ-ਪਾਸੇ ਦੇ ਦ੍ਰਿਸ਼ਾਂ ਨੂੰ ਦੇਖਦਾ ਰਿਹਾ। ਕਣਕ ਦੀ ਵਾਢੀ ਸ਼ੁਰੂ ਸੀ। ਬਹੁਤੇ ਲੋਕ ਹੱਥੀਂ ਕਣਕ ਵੱਢ ਰਹੇ ਸਨ।ਇਹ ਦ੍ਰਿਸ਼ ਤੀਹ ਸਾਲ ਪਹਿਲਾਂ ਦੇ ਪੰਜਾਬ ਵਾਂਗ ਦਿਖਾਈ ਦੇ ਰਿਹਾ ਸੀ। ਸਾਡੇ ਤਾਂ ਹੁਣ ਹੱਥ ਨਾਲ ਕੰਮ ਕਰਨ ਦਾ ਕਲਚਰ ਹੀ ਖਤਮ ਹੋ ਗਿਆ ਹੈ। ਬਾਹਰਲੇ ਸੂਬਿਆਂ ਵਿੱਚ ਵੀ ਕੰਬਾਈਨ ਲੈ ਕੇ ਸਾਡੇ ਹੀ ਲੋਕ ਜਾਂਦੇ ਹਨ।ਲੱਗਭਗ 100 ਕਿਲੋਮੀਟਰ ਤੋਂ ਬਾਅਦ ਅਸੀਂ ਇੱਕ ਢਾਬੇ 'ਤੇ ਚਾਹ ਪੀਣ ਲਈ ਰੁਕੇ ਤਾਂ ਉਥੇ ਪੰਜਾਬ ਦੇ ਕੰਬਾਈਨ ਵਾਲੇ ਸਾਥੀ ਮਿਲ ਗਏ। ਇਹ ਬੰਦੇ ਸਤਵੀਰ ਦੇ ਬਿਲਕੁਲ ਨੇੜਲੇ ਪਿੰਡ ਦੇ ਸਨ। ਸਾਡਾ ਹਾਸਾ-ਮਜ਼ਾਕ ਲਗਾਤਾਰ ਉੱਥੇ ਵੀ ਚੱਲਦਾ ਰਿਹਾ। ਪਰਗਟ ਸਤੌਜ ਅਤੇ ਗੁਰਵਿੰਦਰ ਦੀ ਨੋਕ-ਝੋਕ ਨਾਲ ਮਾਹੌਲ ਹਮੇਸ਼ਾ ਰੰਗੀਲਾ ਬਣਿਆ ਰਹਿੰਦਾ ਹੈ। ਗੁਰਸੇਵਕ ਚਹਿਲ ਹੋਰੀਂ ਵੀ ਚੰਗਾ ਹਾਸਾ ਮਜ਼ਾਕ ਕਰਦੇ ਹਨ।ਝਾਂਸੀ ਤੋਂ ਬਾਈ ਕਿਲੋਮੀਟਰ ਪਹਿਲਾਂ ਸੜਕ ਓਰਛਾ ਵੱਲ ਨੂੰ ਮੁੜ ਗਈ। ਸਾਨੂੰ ਦੂਰੋਂ ਹੀ ਸ਼ਹਿਰ ਦੇ ਇਤਿਹਾਸਕ ਹੋਣ ਦੇ ਸਬੂਤ ਮਿਲਣ ਲੱਗੇ। ਓਰਛਾ ਮੱਧ ਪ੍ਰਦੇਸ਼ ਦਾ ਇੱਕ ਪ੍ਰਸਿੱਧ ਇਤਿਹਾਸਕ ਅਤੇ ਸੈਰ-ਸਪਾਟੇ ਵਾਲਾ ਸਥਾਨ ਹੈ। ਇਹ ਨਿਵਾੜੀ ਜ਼ਿਲ੍ਹੇ (ਪਹਿਲਾਂ ਟੀਕਮਗੜ੍ਹ ਜ਼ਿਲ੍ਹਾ) ਵਿੱਚ ਬੇਤਵਾ ਨਦੀ ਦੇ ਕੰਢੇ ਸਥਿਤ ਹੈ। ਇਸ ਦਾ ਨਾਂਅ ਓਰਛਾ ਦਾ ਅਰਥ ਲੁਕਿਆ ਹੋਇਆ ਜਾਂ ਛੁਪਿਆ ਹੋਇਆ ਹੈ, ਕਿਉਂਕਿ ਵੱਸਣ ਸਮੇਂ ਇਹ ਚਾਰੇ ਪਾਸਿਓਂ ਟਿੱਲਿਆਂ ਅਤੇ ਜੰਗਲਾਂ ਨਾਲ ਘਿਰਿਆ ਹੋਇਆ ਸੀ। ਇਹ ਬੁੰਦੇਲਖੰਡ ਖੇਤਰ ਦਾ ਮਹੱਤਵਪੂਰਨ ਹਿੱਸਾ ਅਤੇ ਬੁੰਦੇਲਾ ਰਾਜਪੂਤ ਰਾਜਵੰਸ਼ ਦੀ ਰਾਜਧਾਨੀ ਰਿਹਾ ਹੈ।

ਓਰਛਾ ਦੀ ਸਥਾਪਨਾ 1501 ਈਸਵੀ ਵਿੱਚ ਬੁੰਦੇਲਾ ਰਾਜਪੂਤ ਮੁਖੀ ਰੁਦਰ ਪ੍ਰਤਾਪ ਸਿੰਘ (1501-1531) ਨੇ ਕੀਤੀ। ਉਨ੍ਹਾਂ ਨੇ ਪਹਿਲੀ ਰਾਜਧਾਨੀ ਗੜ੍ਹ ਕੁੰਡਰ ਤੋਂ ਰਾਜਧਾਨੀ ਓਰਛਾ ਤਬਦੀਲ ਕਰ ਦਿੱਤੀ ਅਤੇ ਓਰਛਾ ਦਾ ਕਿਲ੍ਹਾ ਬਣਾਇਆ। ਉਨ੍ਹਾਂ ਦੇ ਪੁੱਤਰ ਭਰਤੀ ਚੰਦ (1531-1554) ਤੇ ਮਧੁਕਰ ਸ਼ਾਹ (1554-1591) ਨੇ ਰਾਜਾ ਰਾਮ ਮੰਦਰ ਅਤੇ ਹੋਰ ਇਮਾਰਤਾਂ



ਬਣਵਾਈਆਂ। ਇਸ ਦੌਰਾਨ ਮੁਗਲ ਸਾਮਰਾਜ ਨਾਲ ਟਕਰਾਅ ਵੀ ਹੋਏ ।ਓਰਛਾ ਉਪਰ ਅਕਬਰ ਦੀ ਫ਼ੌਜ ਨੇ ਹਮਲਾ ਕੀਤਾ, ਪਰ ਬੁੰਦੇਲਾ ਰਾਜੇ ਆਪਣੀ ਆਜ਼ਾਦੀ ਬਣਾਈ ਰੱਖਣ ਵਿੱਚ ਸਫ਼ਲ ਰਹੇ। ਓਰਛਾ ਦਾ ਸਭ ਤੋਂ ਚਮਕਦਾਰ ਦੌਰ ਬੀਰ ਸਿੰਘ ਦੇਵ (1605-1627) ਦਾ ਸੀ।ਉਹ ਮੁਗਲ ਯੁਵਰਾਜ ਸਲੀਮ (ਬਾਅਦ ਵਿੱਚ ਜਹਾਂਗੀਰ) ਨਾਲ ਨੇੜਤਾ ਰੱਖਦਾ ਸੀ। 1602 ਵਿੱਚ ਉਸ ਨੇ ਅਕਬਰ ਦੇ ਮੰਤਰੀ ਅਬੁਲ ਫਜ਼ਲ ਦੀ ਹੱਤਿਆ ਵਿੱਚ ਮਦਦ ਕੀਤੀ ਸੀ। ਇਸ ਲਈ ਅਕਬਰ ਨੇ ਓਰਛਾ 'ਤੇ ਹਮਲਾ ਕੀਤਾ ਤੇ ਬੀਰ ਸਿੰਘ ਦੇਵ ਨੂੰ ਭੱਜਣਾ ਪਿਆ। ਜਹਾਂਗੀਰ ਦੇ ਤਖ਼ਤ 'ਤੇ ਬੈਠਣ ਤੋਂ ਬਾਅਦ ਉਸ ਨੂੰ ਦੁਬਾਰਾ ਓਰਛਾ ਦਾ ਰਾਜਾ ਬਣਾ ਦਿੱਤਾ ਗਿਆ। ਬੀਰ ਸਿੰਘ ਦੇਵ ਇੱਕ ਮਹਾਨ ਆਰਕੀਟੈਕਟ ਸੀ। ਉਸ ਨੇ ਜਹਾਂਗੀਰ ਮਹਿਲ, ਦਤੀਆ, ਝਾਂਸੀ ਦੇ ਕਿਲ੍ਹੇ, ਮਥੁਰਾ ਅਤੇ ਵਾਰਾਨਸੀ ਵਿੱਚ ਮੰਦਰ ਬਣਵਾਏ।ਉਸ ਨੇ ਬੁੰਦੇਲੀ ਆਰਕੀਟੈਕਚਰ ਨੂੰ ਉੱਤਰੀ ਭਾਰਤ ਵਿੱਚ ਫੈਲਾਇਆ।

1635 ਵਿੱਚ ਔਰੰਗਜ਼ੇਬ ਨੇ ਓਰਛਾ 'ਤੇ ਕਬਜ਼ਾ ਕਰ ਲਿਆ ਸੀ। 18ਵੀਂ ਸਦੀ ਵਿੱਚ ਇਹ ਇੱਕੋ-ਇੱਕ ਬੁੰਦੇਲਾ ਰਾਜ ਸੀ, ਜੋ ਮਰਾਠਿਆਂ ਦੇ ਪੂਰੀ ਤਰ੍ਹਾਂ ਅਧੀਨ ਨਾ ਹੋਇਆ। 1783 ਵਿੱਚ ਇੱਥੋਂ ਰਾਜਧਾਨੀ ਟੀਕਮਗੜ੍ਹ ਤਬਦੀਲ ਕਰ ਦਿੱਤੀ ਗਈ ਅਤੇ ਓਰਛਾ ਦਾ ਪ੍ਰਭਾਵ ਘਟ ਗਿਆ। ਬ੍ਰਿਟਿਸ਼ ਰਾਜ ਵਿੱਚ ਇਹ ਇੱਕ ਅਧੀਨ ਰਿਆਸਤ ਰਹੀ। 1948 ਵਿੱਚ ਇਸ ਨੂੰ ਭਾਰਤੀ ਯੂਨੀਅਨ ਵਿੱਚ ਮਿਲਾ ਲਿਆ ਗਿਆ ਅਤੇ ਵਿੰਧਿਆ ਪ੍ਰਦੇਸ਼ (ਬਾਅਦ ਵਿੱਚ ਮੱਧ ਪ੍ਰਦੇਸ਼) ਦਾ ਹਿੱਸਾ ਬਣਾਇਆ ਗਿਆ। ਇਸ ਦੀਆਂ ਇਮਾਰਤਾਂ ਦੇ ਸਮੂਹ ਨੂੰ ਯੂਨੈਸਕੋ ਨੇ ਅਸਥਾਈ ਵਿਸ਼ਵ ਵਿਰਾਸਤ ਦਾ ਦਰਜਾ ਦਿੱਤਾ ਹੋਇਆ ਹੈ ।

ਓਰਛਾ ਪਹੁੰਚਦੇ ਹੀ ਸਾਡਾ ਡਰਾਈਵਰ ਸਾਨੂੰ ਇੱਕ ਘਟੀਆ ਜਿਹੇ ਹੋਟਲ ਵਿੱਚ ਲੈ ਗਿਆ ।ਅਸਲ ਵਿੱਚ ਡਰਾਈਵਰਾਂ ਦਾ ਵੀ ਹੋਟਲ ਵਾਲਿਆਂ ਨਾਲ ਕਮਿਸ਼ਨ ਹੁੰਦਾ ਹੈ। ਸਾਨੂੰ ਇਹ ਹੋਟਲ ਪਸੰਦ ਨਾ ਆਇਆ ਤਾਂ ਅਸੀਂ ਇੱਕ ਆਟੋ ਰਿਕਸ਼ਾ ਵਾਲੇ ਦੀ ਮਦਦ ਨਾਲ ਸ਼ਹਿਰ ਦੇ ਬਾਹਰ-ਬਾਹਰ ਨਵੇਂ ਬਣੇ ਹੋਟਲ ਓਰਛਾ ਹਿਲ ਵਿੱਚ ਜਾ ਡੇਰੇ ਲਾਏ। ਇਸ ਹੋਟਲ ਵਿੱਚ ਸਾਨੂੰ ਬਹੁਤ ਆਰਾਮਦੇਹ ਅਤੇ ਸੁੰਦਰ ਕਮਰੇ ਸਸਤੇ ਹੀ ਮਿਲ ਗਏ ਸਨ। ਜੇਕਰ ਤੁਸੀਂ ਆਪਣੀ ਯਾਤਰਾ ਬਜਟ ਵਿੱਚ ਰੱਖਣੀ ਚਾਹੁੰਦੇ ਹੋ ਤਾਂ ਹੋਟਲ ਨੂੰ ਸ਼ਹਿਰ ਦੇ ਬਾਹਰੀ ਇਲਾਕੇ ਵਿੱਚ ਚੁਣੋ।ਜਦੋਂ ਅਸੀਂ ਹੋਟਲ ਵੱਲ ਜਾ ਰਹੇ ਸਾਂ ਤਾਂ ਸਾਨੂੰ ਦੂਰ ਇੱਕ ਬਹੁਤ ਵਿਸ਼ਾਲ ਦਰੱਖਤ ਦਿਖਾਈ ਦਿੱਤਾ। ਅਸੀਂ ਹੋਟਲ ਵਾਲਿਆਂ ਨੂੰ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਇਹ ਇਥੋਂ ਦਾ ਪ੍ਰਸਿੱਧ ਕਲਪ ਬ੍ਰਿਖ ਹੈ ।ਇਹ ਕਲਪ ਬ੍ਰਿਖ ਦਾ ਨਾਂਅ ਸੁਣ ਕੇ ਮੇਰੇ ਮਨ ਵਿੱਚ ਦੇਵਤਿਆਂ ਤੇ ਰਾਕਸ਼ਸਾਂ ਵੱਲੋਂ ਸੁਮੇਰ ਪਰਬਤ ਨੂੰ ਮਧਾਣੀ ਅਤੇ ਸ਼ੇਸ਼ਨਾਗ ਨੂੰ ਨੇਤਰਾ ਬਣਾ ਕੇ ਸਮੁੰਦਰ ਮੰਥਨ ਦੀ ਮਿਥਿਹਾਸਕ ਦੰਦ ਕਥਾ ਯਾਦ ਆ ਗਈ ।ਇਸ ਮੰਥਨ ਵਿੱਚੋਂ ਜਿੱਥੇ ਅੰਮ੍ਰਿਤ ਵਰਗੀਆਂ ਬੇਸ਼ਕੀਮਤੀ ਚੀਜ਼ਾਂ ਨਿਕਲੀਆਂ ਸਨ, ਉਥੇ ਕਲਪ ਬ੍ਰਿਖ ਵੀ ਨਿਕਲਿਆ ਸੀ। ਜਿਹੜਾ ਸਾਰਿਆਂ ਦੀਆਂ ਮਨੋਕਾਮਨਾਂ ਪੂਰੀਆਂ ਕਰਦਾ ਸੀ। ਅਸੀਂ ਥੋੜ੍ਹਾ ਜਿਹਾ ਸੁਸਤਾ ਕੇ ਆਟੋ 'ਤੇ ਕਲਪ ਬ੍ਰਿਖ ਵੱਲ ਨੂੰ ਚਲੇ ਗਏ। ਉੱਥੇ ਚੰਗੀ ਰੌਣਕ ਲੱਗੀ ਹੋਈ ਸੀ। ਉੱਥੇ ਬੈਠੇ ਦੁਕਾਨਦਾਰ ਦੱਸ ਰਹੇ ਸਨ ਕਿ ਦਰੱਖਤ ਪੰਜ ਹਜ਼ਾਰ ਸਾਲ ਪੁਰਾਣਾ ਹੈ। ਇਹ ਨਰ ਤੇ ਮਾਦਾ ਇਕੱਠੇ ਹਨ। ਉਸ ਦੇ ਆਸੇ-ਪਾਸੇ ਮੌਲੀਆਂ ਬੰਨ੍ਹੀਆਂ ਹੋਈਆਂ ਸਨ। ਉੱਥੇ ਪ੍ਰਸ਼ਾਦ ਚੜ੍ਹ ਰਿਹਾ ਸੀ ਤੇ ਮੱਥਾ ਟੇਕਿਆ ਜਾ ਰਿਹਾ ਸੀ। ਅਸਲ ਵਿੱਚ ਇਹ ਇਮਲੀ ਦਾ ਦਰੱਖਤ ਹੈ। ਇਸ ਦਾ ਵਿਗਿਆਨਕ ਨਾਂਅ ਐਡਾਨਸੋਨੀਆ ਡਿਜੀਟਾਟਾ ਹੈ। ਇਹ ਫੈਬੇਸੀ ਪਰਵਾਰ ਨਾਲ ਸੰਬੰਧਤ ਇੱਕ ਸਦਾਬਹਾਰ ਰੁੱਖ ਹੈ। ਇਹ ਦਰੱਖਤ ਆਪਣੇ ਮਿੱਠੇ ਅਤੇ ਖੱਟੇ ਫਲਾਂ ਲਈ ਜਾਣਿਆ ਜਾਂਦਾ ਹੈ, ਇਹ ਗਰਮ ਖੰਡੀ ਖੇਤਰਾਂ ਵਿੱਚ ਬਹੁਤ ਮਸ਼ਹੂਰ ਹੈ।ਉਥੋਂ ਦੇ ਹੀ ਇੱਕ ਸਥਾਨਕ ਵਾਸੀ ਨੇ ਦੱਸਿਆ ਕਿ ਅੱਜ ਤੋਂ 10 ਸਾਲ ਪਹਿਲਾਂ ਇਥੇ ਕੁਝ ਨਹੀਂ ਹੁੰਦਾ ਸੀ। ਹੌਲੀ-ਹੌਲੀ ਆਸੇ-ਪਾਸੇ ਦੇ ਲੋਕ ਮੱਥਾ ਟੇਕਣ ਲੱਗੇ ਆ ਤੇ ਲੋਕ ਇਸ ਨੂੰ ਸਭ ਦਾਤਾਂ ਦੇਣ ਵਾਲਾ ਦਰੱਖਤ ਮੰਨਣ ਲੱਗੇ। ਧਾਰਮਿਕ ਸਥਾਨ ਕਿਵੇਂ ਹੌਲੀ-ਹੌਲੀ ਵਿਕਾਸ ਕਰਕੇ ਵੱਡੇ ਕੇਂਦਰ ਬਣ ਜਾਂਦੇ ਹਨ। ਉਸ ਦੀ ਇਹ ਵੱਡੀ ਉਦਾਹਰਣ ਸੀ।

ਇਸ ਤੋਂ ਬਾਅਦ ਅਸੀਂ ਛਤਰੀਆਂ ਵਾਲੇ ਪਾਸੇ ਨੂੰ ਤੁਰ ਪਏ। ਇੱਥੇ ਛਤਰੀਆਂ ਤੋਂ ਭਾਵ ਰਾਜਿਆਂ ਦੀਆਂ ਸਮਾਧੀਆਂ ਹਨ। ਮੁਸਲਿਮ ਰਾਜਿਆਂ ਦੇ ਸਮਾਧੀ ਨੂੰ ਮਕਬਰਾ ਆਖਿਆ ਜਾਂਦਾ ਹੈ। ਰਾਜਪੂਤ ਰਾਜਿਆਂ ਦੀਆਂ ਸਮਾਧੀਆਂ ਨੂੰ ਛਤਰੀ ਆਖਿਆ ਜਾਂਦਾ ਹੈ। ਇਹ ਇਸਲਾਮਿਕ ਹਿੰਦੂ ਆਰਕੀਟੈਕਟ ਦਾ ਸੋਹਣਾ ਨਮੂਨਾ ਹਨ।

ਥੋੜ੍ਹੇ ਸਮੇਂ ਬਾਅਦ ਅਸੀਂ ਪ੍ਰਸਿੱਧ ਨਦੀ ਬੇਤਵਾ ਦੇ ਕਿਨਾਰੇ ਜਾ ਪਹੁੰਚੇ।ਇਹ ਵਿੰਧਿਆਚਲ ਪਹਾੜੀਆਂ (ਰੈਸੇਨ ਇਲਾਕੇ) ਤੋਂ ਜਨਮ ਲੈ ਕੇ ਜਮੁਨਾ ਵਿੱਚ ਜਾ ਮਿਲਦੀ।ਨਦੀ ਦੇ ਕਿਨਾਰੇ ਬਣੀਆਂ ਛਤਰੀਆਂ ਇਸ ਦੇ ਕਿਨਾਰੇ ਤੋਂ ਬਹੁਤ ਸੁੰਦਰ ਦਿਖਾਈ ਦਿੰਦੀਆਂ ਹਨ। ਸੂਰਜ ਡੁੱਬਣ ਅਤੇ ਨਿਕਲਣ ਵੇਲੇ ਨਦੀ ਉੱਤੇ ਇਨ੍ਹਾਂ ਇਮਾਰਤਾਂ ਦਾ ਪ੍ਰਤੀਬਿੰਬ ਬਹੁਤ ਖੂਬਸੂਰਤ ਲੱਗਦਾ ਹੈ। ਇਹ ਨਦੀ ਓਰਛਾ ਨੂੰ ਇੱਕ ਸ਼ਾਂਤ ਅਤੇ ਰੋਮਾਂਟਿਕ ਮਾਹੌਲ ਦਿੰਦੀ ਹੈ।

ਅਸੀਂ ਬੋਟਿੰਗ ਕਰਨ ਦਾ ਫ਼ੈਸਲਾ ਕੀਤਾ। ਉਥੇ ਰਾਫਟਿੰਗ ਅਤੇ ਸਪੀਡ ਬੋਟ ਦੋ ਤਰ੍ਹਾਂ ਨਾਲ ਬੋਟਿੰਗ ਕਰਵਾਈ ਜਾ ਰਹੀ ਸੀ। ਰਾਫਟਿੰਗ ਵਾਲੇ ਪਾਸੇ ਭੀੜ ਹੋਣ ਕਰਕੇ ਅਸੀਂ ਮੋਟਰ ਬੋਟ ਉਪਰ ਘੁੰਮਣ ਦਾ ਫੈਸਲਾ ਕੀਤਾ।ਮੈਨੂੰ ਵਧੀਆ ਤੈਰਨਾ ਆਉਂਦਾ ਹੈ । ਫਿਰ ਵੀ ਮੇਰਾ ਅਸੂਲ ਹੈ ਕਿ ਡੂੰਘੇ ਪਾਣੀ ਵਾਲੀ ਜਗ੍ਹਾ ਵਿੱਚ ਹਮੇਸ਼ਾ ਲਾਈਫ ਜੈਕਟ ਪਹਿਨ ਕੇ ਜਾਵੋ । ਜੇਕਰ ਤੁਸੀਂ ਇਸ ਦਾ ਖਿਆਲ ਨਹੀਂ ਰੱਖਦੇ ਤਾਂ ਮਥੁਰਾ ਅਤੇ ਨਰਮਦਾ ਨਦੀ ਵਰਗੀਆਂ ਘਟਨਾਵਾਂ ਕਿਸੇ ਸਮੇਂ ਵੀ ਹੋ ਸਕਦੀਆਂ ਹਨ।ਅਸੀਂ ਲਾਈਫ ਜੈਕਟਾਂ ਪਾਈਆਂ ਤੇ ਕਿਸ਼ਤੀ ਵਿੱਚ ਬੈਠ ਗਏ। ਸਪੀਡ ਬੋਟ ਪਾਣੀ ਉਛਾਲਦੀ ਅੱਗੇ ਵਧ ਰਹੀ ਸੀ। ਬੋਟ ਦੇ ਡਰਾਈਵਰ ਨੂੰ ਵੱਧ ਪੈਸੇ ਦੇ ਕੇ ਅਸੀਂ ਲੰਬਾ ਸਮਾਂ ਬੋਟਿੰਗ ਕਰਦੇ ਰਹੇ। ਤੇਜ਼ ਸਪੀਡ ਨਾਲ ਚਲਦੀ ਮੋਟਰਬੋਟ ਮਨ ਨੂੰ ਆਨੰਦਿਤ ਕਰ ਰਹੀ ਸੀ ।

ਉਸ ਤੋਂ ਬਾਅਦ ਅਸੀਂ ਫਾਸਟ ਫੂਡ ਖਾਧਾ। ਅਸੀਂ ਥੋੜ੍ਹਾ ਸਮਾਂ ਹੋਰ ਸੈਰ ਕੀਤੀ ਤੇ ਜਹਾਂਗੀਰ ਮਹਿਲ ਦੇ ਸਾਹਮਣੇ ਬੈਠ ਕੇ ਖਾਣਾ ਖਾਣ ਦਾ ਫ਼ੈਸਲਾ ਕੀਤਾ। ਰੌਸ਼ਨੀ ਵਿੱਚ ਜਹਾਂਗੀਰ ਮਹਿਲ ਚਮਕ ਰਿਹਾ ਸੀ। ਉਸ ਦੇ ਨਾਲ ਹੀ ਬਣੇ ਮਾਡਰਨ ਢਾਬੇ 'ਤੇ ਬੈਠ ਕੇ ਖਾਣਾ ਖਾਣ ਲੱਗੇ। ਮੇਰੀ ਬਾਹਰ ਘੁੰਮਣ ਸਮੇਂ ਇੱਛਾ ਹੁੰਦੀ ਹੈ ਕਿ ਸਥਾਨਕ ਖਾਣਾ ਹੀ ਖਾਧਾ ਜਾਵੇ। ਪਰ ਸਾਡੇ ਲਈ ਹੈਰਾਨੀ ਦੀ ਗੱਲ ਸੀ ਕਿ ਓਰਛਾ ਵਿਚ ਕੋਈ ਵੀ ਪੁਰਾਤਨ ਭੋਜਨ ਉਪਲੱਬਧ ਨਹੀਂ ਸੀ। ਪ੍ਰਚੱਲਤ ਖਾਣਿਆਂ ਨਾਲ ਹੀ ਪੇਟ ਪੂਜਾ ਕਰਕੇ ਅਸੀਂ ਰਾਜਾ ਰਾਮ ਚੰਦਰ ਮੰਦਰ ਵੱਲ ਪਏ।

ਅਸੀਂ ਮੰਦਰ ਦੇ ਨੇੜੇ ਪਹੁੰਚੇ ਤਾਂ ਦੇਖਿਆ ਕਿ ਬਾਜ਼ਾਰ ਸਜੇ ਹੋਏ ਸਨ। ਭਿਖਾਰੀਆਂ ਦਾ ਜਮਘਟਾ ਲੱਗਿਆ ਹੋਇਆ ਸੀ। ਦੁਕਾਨਦਾਰ ਆਵਾਜ਼ਾਂ ਮਾਰ ਕੇ ਪੂਜਾ ਦਾ ਸਾਮਾਨ ਅਤੇ ਜੁੱਤੇ ਰੱਖਣ ਲਈ ਆਖ ਰਹੇ ਸਨ। ਅਸੀਂ ਸਭ ਨੂੰ ਅਣਦੇਖਿਆ ਕਰਦੇ ਅੰਦਰ ਵੱਲ ਵਧਦੇ ਗਏ। ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਓਰਛਾ ਵਿਚ ਰਾਜਾ ਰਾਮ ਮੰਦਰ ਵਿਸ਼ਵ ਦਾ ਇੱਕੋ-ਇੱਕ ਅਜਿਹਾ ਮੰਦਰ ਹੈ, ਜਿੱਥੇ ਭਗਵਾਨ ਰਾਮ ਨੂੰ ਰਾਜਾ ਵਜੋਂ ਪੂਜਿਆ ਜਾਂਦਾ ਹੈ। ਇਹ ਮੰਦਰ ਮੂਲ ਰੂਪ ਰਾਣੀ ਕਮਲਾ ਦੇਵੀ ਦਾ ਮਹਿਲ ਸੀ। ਰਾਜਾ ਮਧੁਕਰ ਸ਼ਾਹ ਕ੍ਰਿਸ਼ਨ ਭਗਤ ਸਨ, ਜਦਕਿ ਉਨ੍ਹਾਂ ਦੀ ਰਾਣੀ ਕਮਲਾ ਦੇਵੀ ਰਾਮ ਭਗਤਣੀ ਸੀ।ਰਾਣੀ ਨੇ ਮਧੁਕਰ ਸਾਹ ਕੋਲ ਅਯੁੱਧਿਆ ਤੋਂ ਬਾਲ ਰਾਮ (ਰਾਮ ਲੱਲਾ) ਲਿਆਉਣ ਲਈ ਪ੍ਰਾਰਥਨਾ ਕੀਤੀ। ਉਹ ਰਾਮ ਚੰਦਰ ਜੀ ਦੀ ਮੂਰਤੀ ਲਾਉਣ ਲਈ ਅਯੁੱਧਿਆ ਗਈ। ਇਹ ਦੰਦ ਕਥਾ ਹੈ ਕਿ ਸੁਪਨੇ ਵਿੱਚ ਭਗਵਾਨ ਰਾਮ ਨੇ ਸ਼ਰਤ ਰੱਖੀ ਕਿ ਉਹ ਜਿੱਥੇ ਵੀ ਪਹਿਲੀ ਵਾਰ ਬੈਠਣਗੇ, ਉੱਥੇ ਹੀ ਰਹਿਣਗੇ ਅਤੇ ਉੱਥੇ ਉਨ੍ਹਾਂ ਨੂੰ ਰਾਜਾ ਵਜੋਂ ਪੂਜਿਆ ਜਾਵੇਗਾ। ਰਾਜੇ ਨੇ ਉਹਨਾਂ ਲਈ ਚਤੁਰਭੁਜ ਮੰਦਰ ਦੀ ਉਸਾਰੀ ਕਰਵਾਉਣੀ ਸ਼ੁਰੂ ਕੀਤੀ।ਰਾਣੀ ਓਰਛਾ ਪਹੁੰਚੀ ਤਾਂ ਚਤੁਰਭੁਜ ਮੰਦਰ ਅਧੂਰਾ ਸੀ। ਰਾਣੀ ਨੇ ਆਪਣੇ ਮਹਿਲ ਵਿੱਚ ਰਾਮ ਲੱਲਾ ਨੂੰ ਬਿਠਾਇਆ। ਉਨ੍ਹਾਂ ਨੂੰ ਫਿਰ ਉੱਥੋਂ ਹਿਲਾਇਆ ਨਾ ਗਿਆ, ਇਸ ਲਈ ਉਹੀ ਮਹਿਲ ਰਾਮ ਰਾਜਾ ਮੰਦਰ ਬਣ ਗਿਆ।ਹਰ ਰਾਤ ਅੱਠ ਵਜੇ ਆਰਤੀ ਹੁੰਦੀ ਹੈ।ਇਹ ਬਹੁਤ ਖਾਸ ਅਤੇ ਦੁਰਲੱਭ ਦ੍ਰਿਸ਼ ਹੈ। ਮੱਧ ਪ੍ਰਦੇਸ਼ ਪੁਲਸ ਦਾ ਇੱਕ ਦਸਤਾ ਰਾਜਾ ਰਾਮ ਚੰਦਰ ਨੂੰ ਸਲਾਮੀ ਦਿੰਦਾ ਹੈ। ਮੰਦਰ ਵਿੱਚ ਰੋਸ਼ਨੀਆਂ, ਧੂਫ, ਦੀਵੇ ਸੁਗੰਧ ਖਿਲਾਰ ਰਹੇ ਹੁੰਦੇ ਹਨ। ਸੰਖ ਵਜਾਏ ਜਾਂਦੇ ਹਨ।ਫੁੱਲਾਂ ਨਾਲ ਸ਼ਿੰਗਾਰੀ ਭਗਵਾਨ ਰਾਮ ਚੰਦਰ ਜੀ ਦੀ ਮੂਰਤੀ ਬਹੁਤ ਸੁੰਦਰ ਲੱਗਦੀ ਹੈ।ਆਰਤੀ ਤੋਂ ਬਾਅਦ ਭਗਵਾਨ ਰਾਮ ਨੂੰ ਸੌਣ ਕਮਰੇ ਵਿੱਚ ਲੈ ਜਾਇਆ ਜਾਂਦਾ ਹੈ।ਇਹ ਵੀ ਇੱਕ ਦੇਖਣ ਵਾਲਾ ਦ੍ਰਿਸ਼ ਹੁੰਦਾ ਹੈ। ਅਸੀਂ ਆਪਣੇ ਜੁੱਤੇ ਬਾਹਰ ਉਤਾਰੇ ਅਤੇ ਮੰਦਰ ਦੇ ਅੰਦਰ ਚਲੇ ਗਏ। ਇੱਥੇ ਦਿਖਾਈ ਦੇ ਰਹੇ ਦ੍ਰਿਸ਼ ਬਹੁਤ ਭਾਵੁਕ ਅਤੇ ਯਾਦਗਾਰ ਸਨ। ਮੰਦਰ ਦੇ ਅੰਦਰ ਫੋਟੋ ਖਿੱਚਣ ਦੀ ਪਾਬੰਦੀ ਹੈ। ਅਸੀਂ ਲੱਗਭੱਗ ਡੇਢ ਘੰਟਾ ਮੰਦਰ ਵਿੱਚ ਬਿਤਾਅ ਕੇ ਬਾਹਰ ਨਿਕਲੇ।ਅਸੀਂ ਥੋੜ੍ਹੀ-ਬਹੁਤੀ ਖਰੀਦਦਾਰੀ ਬਾਹਰਲੀਆਂ ਦੁਕਾਨਾਂ ਤੋਂ ਕੀਤੀ। ਅਸੀਂ ਮੰਦਰ ਦੇ ਨੇੜੇ ਪ੍ਰਸਿੱਧ ਮਿਠਾਈਆਂ ਦੀ ਦੁਕਾਨ ਤਿਵਾਰੀ ਮਿਸ਼ਠਾਣ ਭੰਡਾਰ ਤੋਂ ਦੁੱਧ ਪੀਤਾ ਤੇ ਹੋਟਲ ਵੱਲ ਤੁਰ ਪਏ। ਅੱਜ ਦਾ ਸਫ਼ਰ ਬਹੁਤ ਅਦਭੁੱਤ ਰਿਹਾ ਸੀ। ਕੱਲ੍ਹ ਨੂੰ ਅਸੀਂ ਜਹਾਂਗੀਰ ਮਹਿਲ, ਰਾਜ ਮਹਿਲ, ਸ਼ਹੀਦ ਚੰਦਰਸ਼ੇਖਰ ਆਜ਼ਾਦ ਦੀ ਕੁਟੀਆ ਅਤੇ ਝਾਂਸੀ ਦੇ ਇਤਿਹਾਸਿਕ ਸਥਾਨਾਂ ਦੀ ਯਾਤਰਾ ਕਰਨੀ ਸੀ। ਸਾਨੂੰ ਸਫਰ ਹੀ ਸਿਖਾਉਂਦਾ ਹੈ ਕਿ ਯਾਤਰਾ ਵਿਚ ਸਬਰ, ਸਹੀ ਸਾਥ ਅਤੇ ਖੁੱਲ੍ਹੀ ਨਜ਼ਰ ਬਹੁਤ ਜ਼ਰੂਰੀ ਹੈ। ਕੁਦਰਤ ਚੁੱਪ ਕਰਕੇ ਸਾਨੂੰ ਆਪਣੇ ਆਪ ਨੂੰ ਸੁਣਨ ਦਾ ਮੌਕਾ ਦਿੰਦੀ ਹੈ। ਖਜੁਰਾਹੋ ਤੋਂ ਓਰਛਾ ਤੱਕ ਦਾ ਇਹ ਰਸਤਾ ਸਾਡੇ ਲਈ ਜੀਵਨ ਦਾ ਇੱਕ ਨਵਾਂ ਦਰਸ਼ਨ ਬਣ ਗਿਆ। ਜੇ ਤੁਸੀਂ ਮੱਧ ਪ੍ਰਦੇਸ਼ ਜਾ ਰਹੇ ਹੋ ਤਾਂ ਇਹ ਥਾਵਾਂ ਲਾਜ਼ਮੀ ਵੇਖੋ-ਇਹ ਤੁਹਾਨੂੰ ਸਦੀਆਂ ਪਿੱਛੇ ਲੈ ਜਾਣਗੀਆਂ ਅਤੇ ਤੁਹਾਡੇ ਮਨ ਵਿਚ ਹਮੇਸ਼ਾ ਲਈ ਵੱਸ ਜਾਣਗੀਆਂ।ਫੇਰ ਅਸੀਂ ਅਗਲੇ ਸਫਰ ਦੇ ਸੁਪਨੇ ਦੇਖਦੇ ਨੀਂਦ ਦੇ ਅਗੋਸ਼ ਵਿੱਚ ਚਲੇ ਗਏ।

(ਚਲਦਾ)

ਮੋਬਾ. 9417081419

## ਬਾਲ ਕੋਨਾ

### ਪੀਹੂ

ਸਾਡੀ ਬੜੀ ਪਿਆਰੀ ਪੀਹੂ।
ਘਰ ਦੀ ਰਾਜਕੁਮਾਰੀ ਪੀਹੂ॥

ਖੰਡ ਦਾ ਜਿਵੇਂ ਖਿਡੌਣਾ ਹੋਵੇ।
ਹੱਥ ਲਾਇਆਂ ਭੁਰ ਜਾਣਾ ਹੋਵੇ॥



ਬੋਲੇ ਤਾਂ ਉਹ ਜਿਵੇਂ ਕਿ ਹਿਬਰੂ।
ਸਭ ਦੇ ਕੰਨੀਂ ਫਿਰਦਾ ਝਿਬਰੂ॥
ਪੀਹੂ ਇਕ ਪੰਛੀ ਦਾ ਨਾਂਅ ਹੈ।
ਜਿਸ ਦੇ ਵਿਚ ਸਾਡੀ ਜਿੰਦ ਜਾਂ ਹੈ॥

ਚਿਉਂ ਚਿਉਂ ਚੀਹੂ ਵੀ ਕਰਦੀ ਹੈ।
ਘਰ ਦੇ ਅੰਬਰ ਵਿਚ ਤਰਦੀ ਹੈ॥

ਜਦੋਂ ਸਕੂਲੋਂ ਘਰ ਆ ਜਾਵੇ।
ਸਣੇ ਵਰਦੀ ਦੇ ਹੀ ਸੌਂ ਜਾਵੇ॥

ਛੁੱਟੀ ਵਾਲੇ ਦਿਨ ਨਹੀਂ ਪੜ੍ਹਦੀ।
ਆਪਣੇ ਮਨ ਦੀ ਮਰਜ਼ੀ ਕਰਦੀ॥

ਓ ਐਸੀ ਚੰਦਨ ਬਾੜੀ ਹੈ।
ਕਿ ਹਰ ਖੂੰਜਾ ਫੁਲਵਾੜੀ ਹੈ॥

- ਮੋਹਨ ਮਤਿਆਲਵੀ

### ਪਿਆਰੀ ਤਿੱਤਲੀ

ਫੁੱਲਾਂ 'ਤੇ ਪਿਆਰੀ ਤਿੱਤਲੀ ਮੰਡਰਾਉਂਦੀ ਹੈ।
ਹੱਸਦੀ ਨੱਚਦੀ ਗੀਤ ਖੁਸ਼ੀ ਦੇ ਗਾਉਂਦੀ ਹੈ॥

ਬਹੁਤ ਹੀ ਸੋਹਣੀ ਹੈ ਬਾਗ਼ਾਂ ਦੀ ਰਾਣੀ।
ਇੱਧਰ ਉੱਧਰ ਉੱਡਦੀ ਲੱਗੇ ਬੜੀ ਸਿਆਣੀ॥

ਪਤਾ ਨਹੀਂ ਏਨੇ ਰੰਗ ਕਿੱਥੋਂ ਭਰ ਲਿਆਉਂਦੀ।
ਵੇਖ ਖੂਬਸੂਰਤੀ ਖੁਸ਼ੀ ਚਿਹਰੇ 'ਤੇ ਆਉਂਦੀ॥

ਫੁੱਲਾਂ ਸੰਗ ਰਹਿੰਦੀ ਫੁੱਲਾਂ ਨੂੰ ਕਰੇ ਪਿਆਰ।
ਸੋਹਣੇ ਫੁੱਲ ਸੋਹਣੀ ਤਿੱਤਲੀ ਬਾਗ਼ਾਂ ਦਾ ਸ਼ਿੰਗਾਰ॥


ਸੁੰਦਰਤਾ ਦੀ ਮੂਰਤ ਤਿੱਤਲੀ ਰੱਬ ਨੇ ਬਣਾਈ।
ਕੁਦਰਤ ਨੇ ਜਿਵੇਂ ਦੁਕਾਨ ਰੰਗਾਂ ਦੀ ਸਜਾਈ॥


ਚੰਗੀ ਇੱਕ ਗੱਲ ਸਾਨੂੰ ਤਿੱਤਲੀ ਸਿਖਾਉਂਦੀ ਹੈ।
ਚੁੱਪ ਚਾਪ ਰਹਿੰਦੀ ਰੌਲਾ ਜ਼ਰਾ ਨਾ ਪਾਉਂਦੀ ਹੈ॥

ਆਪਣੀ ਸੋਹਣੀ ਇਸ ਦੁਨੀਆ ਨੂੰ ਬਚਾਈਏ।
ਫੁੱਲਾਂ ਕਲੀਆਂ ਨਾਲ ਪਿਆਰ ਵਧਾਈਏ॥

ਤਿੱਤਲੀ ਤੇਰੀ ਬੜੀ ਹੋਵੇਗੀ ਮੇਹਰਬਾਨੀ।
ਖੁਸ਼ੀ ਦੇ ਰੰਗਾਂ ਨਾਲ ਭਰ ਵਿਵੇਕ ਦੀ ਜ਼ਿੰਦਗਾਨੀ॥

- ਵਿਵੇਕ





ਸੁਜਲ ਕੁਮਾਰ, ਦਸਵੀਂ, ਸਕੂਲ ਆਫ ਐਮੀਨੈਂਸ, ਪੱਟੀ (ਤਰਨ ਤਾਰਨ)



ਏਕਮਜੋਤ ਸਿੰਘ, ਚੌਥੀ, ਸਰਕਾਰੀ ਪ੍ਰਾਇਮਰੀ ਸਕੂਲ, ਉੱਭਤ